Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Travelopod
Flights Lower Than Online
Discounted Flights To INDIA
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:
SALE: $350 OFF
For Special Sale Fares
Call Now: 1-800-674-3868
5* Ratings & 24x7 Service
EXTRA $50 OFF with Promo Code: FLY50
HURRY! Book Now & Save Big on Your Flights to India!

COVERED CALIFORNIA
Certified Insurance Agent
Global Green
INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼


Punjab Times, Vol 26, Issue 23; June 7, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਪੰਜਾਬ ਸਰਕਾਰ ਵਲੋਂ ਨਵੀਂ ਲੈਂਡ ਪੂਲਿੰਗ ਨੀਤੀ ਨੂੰ ਪ੍ਰਵਾਨਗੀ

### ਕਿਸਾਨਾਂ ਨੂੰ ਆਪਣੀ ਜ਼ਮੀਨ ਬਾਰੇ ਫ਼ੈਸਲਾ ਲੈਣ ਦਾ ਹੋਵੇਗਾ ਪੂਰਾ ਅਧਿਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਯੋਜਨਾਬੱਧ ਸ਼ਹਿਰੀਕਰਨ ਨੂੰ ਉਤਸ਼ਾਹਤ ਕਰਨ ਲਈ ਲੈਂਡ ਪੂਲਿੰਗ ਪਾਲਸੀ (ਨਵੀਂ ਜ਼ਮੀਨ ਨੀਤੀ) 'ਤੇ ਮੋਹਰ ਲਗਾ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ 'ਚ ਪਾਸ ਕੀਤੀ ਨਵੀ ਜ਼ਮੀਨ ਨੀਤੀ 'ਤੇ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਨਵੀਂ ਨੀਤੀ ਦਾ ਉਦੇਸ਼ ਜ਼ਮੀਨ ਮਾਲਕਾਂ, ਪ੍ਰਮੋਟਰਾਂ ਤੇ ਕੰਪਨੀਆਂ ਨੂੰ ਵਿਕਾਸ ਪ੍ਰਕਿਰਿਆ 'ਚ ਭਾਈਵਾਲ ਬਣਾਉਣਾ ਹੈ। ਸੋਧੀ ਹੋਈ ਯੋਜਨਾ ਵਿਸ਼ੇਸ਼ ਤੌਰ 'ਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਤਿਆਰ ਕੀਤੀ ਗਈ ਹੈ, ਜਿਸ ਨਾਲ ਜ਼ਮੀਨ ਮਾਲਕਾਂ ਨੂੰ ਹੋਰ ਬਦਲ ਮਿਲਣਗੇ। ਇਹ ਸਮੂਹ ਰਿਹਾਇਸ਼ ਤੇ ਯੋਜਨਾਬੱਧ ਵਿਕਾਸ ਨੂੰ ਉਤਸ਼ਾਹਿਤ ਕਰੇਗਾ। ਪੁਰਾਣੀ ਜ਼ਮੀਨ ਪੂਲਿੰਗ ਯੋਜਨਾ 'ਚ ਇਕ ਏਕੜ ਜ਼ਮੀਨ ਵਾਲੇ ਕਿਸਾਨ ਨੂੰ 1000 ਗਜ਼ ਦਾ ਵਿਕਸਤ ਰਿਹਾਇਸ਼ੀ ਪਲਾਟ ਤੇ 200 ਗਜ਼ ਦਾ ਵਪਾਰਕ ਪਲਾਟ ਮਿਲਦਾ ਸੀ।

ਇਹ ਸਾਰਿਆਂ ਲਈ ਇੱਕੋ ਜਿਹਾ ਸੀ, ਯਾਨੀ ਇਕ ਏਕੜ ਜ਼ਮੀਨ ਤੇ ਪੰਜਾਹ ਏਕੜ ਵਾਲੇ ਕਿਸਾਨ ਨੂੰ ਰਿਹਾਇਸ਼ੀ ਤੇ ਕਰਮਸ਼ੀਅਲ ਪਲਾਟ ਇੱਕੋ ਜਿਹਾ ਮਿਲਦਾ ਸੀ। ਨਵੀਂ ਨੀਤੀ 'ਚ 9 ਏਕੜ ਤੋਂ 50 ਏਕੜ ਜ਼ਮੀਨ ਵਾਲੇ ਕਿਸਾਨਾਂ




ਲਈ ਇਕ ਵੱਖਰੀ ਲੈਂਡ ਪੂਲਿੰਗ ਸਕੀਮ ਤਿਆਰ ਕੀਤੀ ਗਈ ਹੈ।ਇਸ ਤਹਿਤ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਮੁਤਾਬਕ ਵਿਕਸਤ ਜ਼ਮੀਨ ਦਿੱਤੀ ਜਾਵੇਗੀ, ਜਿਸ 'ਚ ਉਹ ਜਾਂ ਤਾਂ ਆਪਣੀ ਸਮੂਹ ਰਿਹਾਇਸ਼ ਯੋਜਨਾ ਤਿਆਰ ਕਰ ਸਕਦੇ ਹਨ ਜਾਂ ਕਿਸੇ ਬਿਲਡਰ ਤੋਂ ਕਰਵਾ ਸਕਦੇ ਹਨ। ਨੌਂ (9) ਏਕੜ ਜ਼ਮੀਨ ਵਾਲੇ ਕਿਸਾਨ ਨੂੰ ਤਿੰਨ ਏਕੜ ਵਿਕਸਤ ਜ਼ਮੀਨ ਦਿੱਤੀ ਜਾਵੇਗੀ। ਇਸੇ ਤਰ੍ਹਾਂ, 50 ਏਕੜ ਜ਼ਮੀਨ ਵਾਲੇ ਕਿਸਾਨ ਨੂੰ ਇਕ ਜਗ੍ਹਾ 'ਤੇ 30 ਏਕੜ ਵਿਕਸਤ ਜ਼ਮੀਨ ਦਿੱਤੀ ਜਾਵੇਗੀ, ਜਿਸ ਦੀਆਂ ਬਾਹਰੀ ਸੜਕਾਂ ਤੇ ਹੋਰ ਬੁਨਿਆਦੀ ਢਾਂਚਾ ਸਬੰਧਤ ਅਥਾਰਟੀ ਦੁਆਰਾ ਤਿਆਰ ਕੀਤਾ ਜਾਵੇਗਾ ਤੇ ਅੰਦਰੂਨੀ ਸੜਕਾਂ, ਪਾਰਕ ਤੇ ਹੋਰ ਬੁਨਿਆਦੀ ਢਾਂਚਾ ਜ਼ਮੀਨ ਮਾਲਕਾਂ ਦੁਆਰਾ ਤਿਆਰ ਕੀਤਾ ਜਾਵੇਗਾ। ਕਿਸਾਨਾਂ ਨੂੰ ਪੂਰੇ ਅਧਿਕਾਰ ਹੋਣਗੇ ਤੇ ਇਹ ਉਨ੍ਹਾਂ ਦਾ ਫ਼ੈਸਲਾ ਹੋਵੇਗਾ ਕਿ ਉਹ ਆਪਣੀ ਜ਼ਮੀਨ ਸਰਕਾਰ ਨੂੰ ਦੇਣਾ ਚਾਹੁੰਦੇ ਹਨ ਜਾਂ ਨਹੀਂ। ਕਿਸਾਨ ਆਪਣੀ ਮਰਜ਼ੀ ਅਨੁਸਾਰ ਖੇਤੀ ਜਾਰੀ ਰੱਖ ਸਕਦੇ ਹਨ ਜਾਂ ਜ਼ਮੀਨ ਵੇਚ ਸਕਦੇ ਹਨ। ਪਹਿਲਾਂ ਵਾਂਗ ਕੋਈ ਜ਼ਬਰਦਸਤੀ ਜ਼ਮੀਨ ਐਕਵਾਇਰ ਨਹੀਂ ਹੋਵੇਗੀ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨਵੀਂ ਲੈਂਡ ਪੂਲਿੰਗ ਨੀਤੀ ਬਾਰੇ ਦਾਅਵਾ ਕੀਤਾ ਹੈ ਕਿ ਕਿਸਾਨ ਦੀ ਲਿਖਤੀ ਸਹਿਮਤੀ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਤੇ ਜ਼ਮੀਨ ਸਿੱਧਾ ਸਰਕਾਰ ਨੂੰ ਦਿੱਤੀ ਜਾਵੇਗੀ, ਨਾ ਕਿ ਕਿਸੇ ਕਿਸੇ ਨਿੱਜੀ ਡੈਵਲਪਰ ਨੂੰ। ਸਰਕਾਰ ਜ਼ਮੀਨ ਨੂੰ ਡੈਵਪਲ ਕਰੇਹੀ ਕੇ ਕਿਸਾਨਾਂ ਨੂੰ ਵਿਕਸਤ ਪਲਾਟ ਕਿਸਾਨਾਂ ਨੂੰ ਵਾਪਸ ਕਰੇਗੀ ਜਿਸ 'ਚ ਸੜਕਾਂ, ਬਿਜਲੀ, ਪਾਣੀ ਦਾ ਕੁਨੈਕਸ਼ਨ, ਸੀਵਰੇਜ ਪਾਈਪ, ਸਟਰੀਟ ਲਾਈਟਾਂ ਤੇ ਪਾਰਕ ਵਰਗੀਆਂ ਸਾਰੀਆਂ ਸਹੂਲਤਾਂ ਹੋਣਗੀਆਂ।



*ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਕਰਵਾਏ ਗਏ ਕਬੱਡੀ ਕੱਪ ਦੇ ਫਾਈਨਲ ਮੁਕਾਬਲੇ ਵਿਚ ਨਿਊਯਾਰਕ ਕਿੰਗਜ਼ ਕਬੱਡੀ ਕਲੱਬ ਦੀ ਟੀਮ ਨੇ ਬਾਬਾ ਸੰਗ ਜੀ ਕਬੱਡੀ ਕਲੱਬ ਨੂੰ 39.5 ਦੇ ਮੁਕਾਬਲੇ 46 ਅੰਕਾਂ ਨਾਲ ਹਰਾ ਕੇ ਕੱਪ 'ਤੇ ਕਬਜ਼ਾ ਕੀਤਾ। ਤਸਵੀਰ ਵਿਚ ਜੇਤੂ ਟਰਾਫੀ ਅਤੇ ਕਲੱਬ ਦੇ ਪ੍ਰਬੰਧਕਾਂ ਨਾਲ ਨਜ਼ਰ ਆ ਰਹੀ ਜੇਤੂ ਟੀਮ। -ਤਸਵੀਰ (ਏਸ਼ੀਅਨ ਮੀਡੀਆ ਯੂ.ਐਸ.ਏ.)* *-ਵੇਰਵਾ ਅਤੇ ਤਸਵੀਰਾਂ ਅਗਲੇ ਅੰਕ ਵਿਚ।*

## ਜੀ-7 ਸਿਖ਼ਰ ਸੰਮੇਲਨ ਲਈ ਕੈਨੇਡਾ ਨਹੀਂ ਜਾਣਗੇ ਮੋਦੀ



**ਨਵੀਂ ਦਿੱਲੀ:** ਕੈਨੇਡਾ ਦੇ ਅਲਬਰਟਾ 'ਚ 15 ਤੋਂ 17 ਜੂਨ ਦਰਮਿਆਨ ਹੋ ਰਹੇ ਜੀ-7 ਸਿਖ਼ਰ ਸੰਮੇਲਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਾਮਿਲ ਨਹੀਂ ਹੋਣਗੇ। ਛੇ ਸਾਲਾਂ 'ਚ ਇਹ ਪਹਿਲੀ ਵਾਰ ਹੋਵੇਗਾ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਜੀ-7 ਸਿਖ਼ਰ ਸੰਮੇਲਨ' 'ਚ ਹਿੱਸਾ ਨਹੀਂ ਲੈਣਗੇ। ਸਿਖਰ ਸੰਮੇਲਨ 'ਚ ਸ਼ਾਮਿਲ ਨਾ ਹੋਣ ਪਿੱਛੇ ਭਾਰਤ-ਕੈਨੇਡਾ ਤਣਾਅ ਅਤੇ ਸੁਰੱਖਿਆ ਸਰੋਕਾਰਾਂ ਨੂੰ ਦੱਸਿਆ ਜਾ ਰਿਹਾ ਹੈ। ਹਲਕਿਆਂ ਮੁਤਾਬਿਕ ਕੈਨੇਡਾ ਵਲੋਂ ਅਧਿਕਾਰਕ ਤੌਰ 'ਤੇ ਸੱਦਾ ਨਹੀਂ ਦਿੱਤਾ ਗਿਆ ਅਤੇ ਨਾ ਹੀ ਭਾਰਤ ਵਲੋਂ ਕੋਈ ਅਜਿਹੀ ਇੱਛਾ ਪ੍ਰਗਟਾਈ ਗਈ ਹੈ। ਕੈਨੇਡਾ ਵਲੋਂ ਮਹਿਮਾਨਾਂ ਦੀ ਸੂਚੀ ਨੂੰ ਲੈ ਕੇ ਕੋਈ-ਐਲਾਨ ਨਹੀਂ ਕੀਤਾ ਗਿਆ ਕਿ ਉਸ ਨੇ ਕਿਸ-ਕਿਸ ਦੇਸ਼ ਨੂੰ ਸੱਦਾ ਦਿੱਤਾ ਹੈ, ਜਦਕਿ ਅਪੁਸ਼ਟ ਮੈਂਬਰਾਂ 'ਚ ਦੱਖਣੀ ਅਫਰੀਕਾ, ਯੂਕਰੇਨ, ਆਸਟ੍ਰੇਲੀਆ ਅਤੇ ਬ੍ਰਾਜ਼ੀਲ ਨੂੰ ਸੱਦਾ ਭੇਜੇ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸਾਲ 2023 'ਚ ਕੈਨੇਡਾ ਦੀ ਉਸ ਵੇਲੇ ਦੀ ਟਰੂਡੋ ਸਰਕਾਰ ਨੇ ਹਰਦੀਪ ਸਿੰਘ ਨਿੱਜਰ ਦੀ ਹੱਤਿਆ 'ਚ ਭਾਰਤ ਦਾ ਹੱਥ ਹੋਣ ਦਾ ਦੋਸ਼ ਲਾਇਆ ਸੀ, ਜਿਸ ਨੂੰ ਭਾਰਤ ਨੇ ਖਾਰਜ ਕੀਤਾ ਸੀ। ਹੁਣ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਹੈ, ਪਰ ਸਰਕਾਰ ਦਾ ਭਾਰਤ ਨੂੰ ਲੈ ਕੇ ਰੁਖ਼ ਸਪੱਸ਼ਟ ਨਹੀਂ ਹੈ।

GOLDEN STATE REALITY
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਕਾਫ਼ਲੇ ਵੱਲੋਂ ਵਿੱਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਅਤੇ ਮਹਿਮਾਨਾਂ ਨਾ.ਲ ਗੱਲਬਾਤ

**ਬਰੈਂਪਟਨ: (ਰਛਪਾਲ ਕੌਰ ਗਿੱਲ):** 'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮਹੀਨੇਵਾਰ ਮੀਟਿੰਗ ਵਿਚ ਜਿੱਥੇ ਤਜੱਮਲ ਕਲੀਮ ਅਤੇ ਰਤਨ ਸਿੰਘ ਜੱਗੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਓਥੇ ਹੀ ਡਾ. ਨਵਜੋਤ ਕੌਰ ਨਾ.ਲ ਗੱਲਬਾਤ ਕੀਤੀ ਗਈ, ਸ਼ਮੀਲ ਵੱਲੋਂ ਆਪਣੀ ਸ਼ਾਇਰੀ ਸਾਂਝੀ ਕੀਤੀ ਗਈ। ਇਸ ਮੌਕੇ ਤਜੱਮਲ ਕਲੀਮ ਅਤੇ ਨਿਰੰਜਨ ਸਿੰਘ ਨੂੰ ਸਮਰਪਿਤ ਕਵੀ ਦਰਬਾਰ ਵੀ ਕਰਵਾਇਆ ਗਿਆ।

ਡਾ. ਨਾਹਰ ਸਿੰਘ ਨੇ ਰਤਨ ਸਿੰਘ ਜੱਗੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ 98 ਸਾਲ ਦੀ ਉਮਰ ਤੱਕ ਸਾਹਿਤ ਨੂੰ ਸਮਰਪਿਤ ਰਹੇ ਖ਼ਾਸ ਕਰਕੇ ਧਰਮ ਦੇ ਮਾਮਲੇ ਵਿਚ ਸਿੱਖ ਚਿੰਤਨ ਨੂੰ ਜਾਗਰੂਕ ਕਰਦੇ ਰਹੇ। ਉਹ 1987 ਵਿਚ ਰਿਟਾਇਰ ਹੋਏ ਅਤੇ ਉਨ੍ਹਾਂ ਦਾ ਵਧੇਰੇ ਕੰਮ ਸੇਵਾ-ਮੁਕਤੀ ਤੋਂ ਬਾਅਦ ਹੀ ਹੋਇਆ। 'ਦਸਮ ਗ੍ਰੰਥ ਦਾ ਰਚਨਾਕਾਰ ਕੌਣ' ਵਿਸ਼ੇ 'ਤੇ ਪੀਐੱਚਡੀ ਕਰਦਿਆਂ ਉਨ੍ਹਾਂ ਉਦਾਹਰਣਾਂ ਨਾ.ਲ ਸਾਬਤ ਕੀਤਾ ਕਿ ਦਸਮ ਗ੍ਰੰਥ ਦਾ ਰਚੇਤਾ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ ਪਰ ਬਾਅਦ ਵਿਚ ਵਿਵਾਦ ਪੈਦਾ ਹੋਣ ਕਰਕੇ ਉਨ੍ਹਾਂ ਨੂੰ ਕੁਝ ਤਬਦੀਲੀਆਂ ਕਰਨੀਆਂ ਪਈਆਂ। ਉਨ੍ਹਾਂ ਨੇ ਦਸਮ ਗ੍ਰੰਥ ਅਤੇ ਸਮੁੱਚੇ ਗ੍ਰੰਥ ਸਾਹਿਬ ਦਾ ਟੀਕਾ ਵੀ ਤਿਆਰ ਕੀਤਾ। ਡਾ. ਨਾਹਰ ਸਿੰਘ ਨੇ ਉਨ੍ਹਾਂ ਨੂੰ ਉਸ ਪੀੜ੍ਹੀ ਦਾ ਆਖਰੀ ਚਿਰਾਗ਼ ਦੱਸਿਆ ਜੋ ਸਾਹਿਤਕ ਖੋਜ ਨੂੰ ਸ਼ੌਕੀਆ ਤੌਰ 'ਤੇ ਨਹੀਂ ਸਗੋਂ ਵਚਨਬੱਧਤਾ ਵਜੋਂ ਲੈ ਕੇ ਕੰਮ ਕਰਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਡਾ. ਮੋਹਨ ਸਿੰਘ ਦੀਵਾਨਾ ਤੋਂ ਬਾਅਦ ਡਾ. ਜੱਗੀ ਦੂਸਰੇ ਵਿਅਕਤੀ ਸਨ ਜਿਨ੍ਹਾਂ ਨੇ ਡੀ.ਲਿਟ. ਕੀਤੀ ਸੀ। ਡਾ. ਜੱਗੀ ਦਾ ਜੀਵਨ ਸਫ਼ਰ ਬੰਦੂਕ ਚਲਾਉਣ (ਸਿਪਾਹੀ ਵਜੋਂ) ਤੋਂ ਕਲਮ ਚਲਾਉਣ ਵੱਲ ਵਧਿਆ ਸੀ।



ਕਾਫ਼ਲਾ ਸੰਚਾਲਕ ਰਛਪਾਲ ਕੌਰ ਗਿੱਲ ਨੇ ਲਾਇਲਪੁਰ ਖ਼ਾਲਸਾ ਕਾਲਜ ਫਾਰ ਵਿਮੈਨ (ਜਲੰਧਰ) ਦੇ ਰਿਟਾਇਰਡ ਪ੍ਰਿੰਸੀਪਲ ਨਵਜੋਤ ਕੌਰ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਉਨ੍ਹਾਂ ਨੇ ਆਲੋਚਨਾ ਦੀਆਂ ਸੱਤ ਕਿਤਾਬਾਂ, ਇੱਕ ਵਾਰਤਕ ਦੀ ਅਤੇ ਇੱਕ ਕਿਤਾਬ ਕਵਿਤਾ ਦੀ ਲਿਖੀ ਤੇ ਅੱਜ-ਕਲ੍ਹ ਆਪਣੀ ਬੇਟੀ ਕੋਲ ਕੇਨੈਡਾ ਆਏ ਹੋਏ ਹਨ। ਡਾ. ਨਵਜੋਤ ਕੌਰ ਨੇ ਆਪਣੇ ਦੇਸ਼ ਦੇ ਸਿਸਟਮ ਵਿਚ ਆਈਆਂ ਕਮਜ਼ੋਰੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਲਿਆਕਤ ਦੀ ਕਦਰ ਨਹੀਂ ਹੈ, ਨੌਜਵਾਨ ਪੀੜ੍ਹੀ 'ਚੋਂ ਸਹਿਜਤਾ ਗਵਾਚ ਗਈ ਹੈ ਤੇ ਉਸ ਦੀ ਥਾਂ ਕਾਹਲ ਤੇ ਭੇਡ-ਚਾਲ ਨੇ ਲੈ ਲਈ ਹੈ। ਉੱਚ ਸਿੱਖਿਆ 'ਤੇ ਕਾਰਪੋਰੇਟ ਨੇ ਕਬਜ਼ਾ ਕਰ ਲਿਆ ਹੈ। ਪੈਸੇ ਖਰਚ ਕੇ ਜਦੋਂ ਬੱਚੇ ਡਿਗਰੀਆਂ ਲੈ ਕੇ ਨਿਕਲਦੇ ਹਨ ਤਾਂ ਰੁਜ਼ਗਾਰ ਨਾ ਮਿਲਣ 'ਤੇ ਆਪਣੇ ਆਪ ਨੂੰ ਠੱਗੇ ਮਹਿਸੂਸ ਕਰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਵੱਲ ਜਾਣਾ ਪੈਂਦਾ ਹੈ। ਡਾ. ਨਵਜੋਤ ਕੌਰ ਨੇ ਆਪਣੀ ਕਿਤਾਬ 'ਚੋਂ ਆਪਣੀ ਧੀ ਨੂੰ ਲਿਖਿਆ ਖ਼ਤ 'ਧੀ ਦੀ ਪਰਵਾਜ਼' ਸਾਂਝਾ ਕੀਤਾ ਅਤੇ ਆਪਣੀ ਇੱਕ ਕਵਿਤਾ ਵੀ ਸਾਂਝੀ ਕੀਤੀ।





ਸ਼ਮੀਲ ਨੇ ਸਿੱਖ ਫਲਸਫ਼ੇ ਨਾਲ ਸੰਬੰਧਤ ਆਪਣੇ ਕਾਵਿ-ਸੰਗ੍ਰਹਿ 'ਤੇਗ਼' ਬਾਰੇ ਗੱਲ ਕਰਦਿਆਂ ਦੱਸਿਆ ਕਿ ਉਸ ਨੇ ਇਹ ਕਾਵਿ-ਸੰਗ੍ਰਹਿ ਗੁਰੂ ਗੋਬਿੰਦ ਸਿੰਘ ਦੇ ਫ਼ਲਸਫੇ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ, ਜਿਨ੍ਹਾਂ ਬਾਰੇ ਪੜ੍ਹਦਿਆਂ ਉਸ 'ਤੇ ਬਹੁਤ ਅਸਰ ਹੋਇਆ ਹੈ। ਉਸ ਨੇ ਇਸ ਕਾਵਿ-ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ।

ਕੁਲਵਿੰਦਰ ਖਹਿਰਾ ਨੇ ਤਜੱਮਲ ਕਲੀਮ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੱਸਿਆ ਕਿ ਉਹ ਸ਼ਾਇਰੀ ਦੀ ਸ਼ਿਲਪਕਾਰੀ ਨਹੀਂ ਸੀ ਕਰਦਾ ਸਗੋਂ ਸ਼ਾਇਰੀ ਜਿਉਂਦਾ ਸੀ। ਉਹ ਸਮੁੱਚੀ ਪੰਜਾਬੀ ਸ਼ਾਇਰੀ ਤੇ ਖ਼ਾਸ ਕਰਕੇ ਪਾਕਿਸਤਾਨੀ ਪੰਜਾਬੀ ਸ਼ਾਇਰੀ ਨੂੰ ਬਹੁਤ ਉਚਾਈ 'ਤੇ ਲੈ ਕੇ ਗਿਆ ਹੈ। ਛੋਟੇ ਹੁੰਦਿਆਂ ਹੀ ਯਤੀਮ ਹੋ ਜਾਣ ਅਤੇ ਸ਼ਰੀਕੇਬਾਜ਼ੀ ਦਾ ਸ਼ਿਕਾਰ ਹੋਣ ਦੇ ਬਾਵਜੂਦ ਕਲੀਮ ਦੀ ਸ਼ਾਇਰੀ ਵਿਚ ਕੁੜੱਤਣ ਨਹੀਂ ਕਲਾ ਦੀ ਭਰਮਾਰ ਰਹੀ ਤੇ ਉਸਨੇ ਹਮੇਸ਼ਾਂ ਕਲਾਤਮਕ ਤਰੀਕੇ ਨਾ.ਲ ਪ੍ਰਗਤੀਵਾਦੀ ਸ਼ਾਇਰੀ ਰਚੀ।

ਉਂਕਾਰਪ੍ਰੀਤ ਨੇ ਨਰਿੰਜਨ ਸਿੰਘ ਨੂਰ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸ ਨੇ ਭੁਪਿੰਦਰ ਸਿੰਘ ਸੱਗੂ ਦੀ ਸੰਪਾਦਿਤ ਕੀਤੀ ਕਿਤਾਬ 'ਨਰਿੰਜਨ ਸਿੰਘ ਨੂਰ ਸਿਮ੍ਰਤੀ ਗ੍ਰੰਥ' ਵਿਚੋਂ ਉਨ੍ਹਾਂ ਬਾਰੇ ਲਿਖਿਆ ਆਪਣਾ ਆਰਟੀਕਲ ਸਾਂਝਾ ਕੀਤਾ।


ਨਰਿੰਜਨ ਸਿੰਘ ਨੂਰ ਨੂੰ ਸਮਰਪਿਤ ਕਵੀ ਦਰਬਾਰ ਵਿਚ ਸਭ ਤੋਂ ਪਹਿਲਾਂ ਉਨ੍ਹਾਂ ਦੇ ਭਤੀਜੇ ਕਿਰਪਾਲ ਕੰਵਲ ਨੇ ਉਨ੍ਹਾਂ ਦੀ ਇੱਕ ਰਚਨਾ ਤਰੰਨਮ ਵਿਚ ਪੇਸ਼ ਕੀਤੀ, ਉਸ ਤੋਂ ਬਾਅਦ ਭੁਪਿੰਦਰ ਦੁੱਲੇ, ਪ੍ਰੀਤਮ ਧੰਜਲ, ਕੁਲਵਿੰਦਰ ਖਹਿਰਾ, ਜਗੀਰ ਸਿੰਘ ਕਾਹਲੋਂ, ਪਰਵਿੰਦਰ ਗੋਗੀ, ਸੁਮੀਤ, ਉਂਕਾਰਪ੍ਰੀਤ ਤੇ ਸੁਖਚਰਨਜੀਤ ਗਿੱਲ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਇਸ ਤੋਂ ਇਲਾਵਾ ਜਰਨੈਲ ਸਿੰਘ ਕਹਾਣੀਕਾਰ, ਕ੍ਰਿਪਾਲ ਪੰਨੂ, ਡਾ. ਗੁਰਚਰਨ ਸਿੰਘ ਤੂਰ, ਭੁਪਿੰਦਰ ਕੌਰ, ਸੇਵਾ ਰਾਮ ਅੱਤਰੀ, ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਮੋਹਣ ਸਿੰਘ, ਬਲਰਾਜ ਸਿੰਘ ਧਾਲੀਵਾਲ, ਰਿੰਟੂ ਭਾਟੀਆ, ਸਰਬਜੀਤ ਕਾਹਲੋਂ, ਐਸ. ਐਸ. ਗਿੱਲ, ਸ਼ਮਸ਼ੇਰ ਸਿੰਘ, ਪ੍ਰਤੀਕ ਸਿੰਘ, ਜਗਤਾਰ ਸਿੰਘ, ਨਵਨੀਤ ਔਸਨ, ਸਤਿੰਦਰਪਾਲ ਕੌਰ, ਜਸਪ੍ਰੀਤ ਵਲਟੋਹਾ, ਅਜੀਤ ਸਿੰਘ ਲਾਇਲ, ਪਰਮਜੀਤ ਕੌਰ ਦਿਓਲ, ਕੁਲਜੀਤ, ਸ਼ੁਸ਼ਮਾ ਰਾਣੀ, ਗੁਰਵਿੰਦਰ ਸਿੰਘ, ਬਲਜਿੰਦਰ ਦੁੱਲੇ, ਲਾਲ ਸਿੰਘ ਬੈਂਸ, ਅੰਮ੍ਰਿਤਪਾਲ ਸਿੰਘ ਢਿੱਲੋਂ, ਸੁੱਚਾ ਸਿੰਘ ਮਾਂਗਟ, ਗੁਰਪ੍ਰੀਤ ਬਟਾਲਵੀ, ਹਰਪਿੰਦਰ ਢਿੱਲੋਂ, ਗੁਰਕੀਰਤ ਸਿੰਘ, ਹਰਜਿੰਦਰਜੀਤ ਸਿੰਘ ਸਿੱਧੂ, ਪਰਮਿੰਦਰ ਕੌਰ, ਇੰਦਰਦੀਪ ਸਿੰਘ, ਰਣਜੀਤ ਸਿੰਘ, ਵਾਸੂਦੇਵ ਦੁਰਗਾ, ਹੀਰਾ ਲਾਲ ਅਗਨੀਹੋਤਰੀ ਅਤੇ ਪ੍ਰਭਜੋਤ ਰਾਠੌਰ ਨੇ ਵੀ ਮੀਟਿੰਗ ਵਿਚ ਹਾਜ਼ਰੀ ਲਵਾਈ। ਚਾਹ ਪਾਣੀ ਦੀ ਸੇਵਾ ਕ੍ਰਿਪਾਲ ਕੰਵਲ ਵੱਲੋਂ ਕੀਤੀ ਗਈ। ਅਖੀਰ 'ਤੇ ਰਛਪਾਲ ਕੌਰ ਗਿੱਲ ਨੇ ਸਭ ਦਾ ਧੰਨਵਾਦ ਕੀਤਾ।


Homeopathicvibes

Harminder Singh Gill

Homeopathic Consultant and Practitioner



D.H.M.S; B.C.I.H

(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

We sell and ship homeopathic remedies through out North America.


## ਰਮਨ ਅਰੋੜਾ ਤੇ ਮਹੇਸ਼ ਮਖੀਜਾ ਦਾ ਕਰਵਾਇਆ ਮੈਡੀਕਲ

**ਜਲੰਧਰ:** ਵਿਜੀਲੈਂਸ ਵਲੋਂ ਰਮਨ ਅਰੋੜਾ ਤੇ ਮਹੇਸ਼ ਮਖੀਜਾ ਦਾ ਰਿਮਾਂਡ ਲਿਆ ਹੋਇਆ ਹੈ ਜਿਸ ਕਰਕੇ ਵਿਜੀਲੈਂਸ ਵਲੋਂ ਦੋਵਾਂ ਦੀ ਪੁੱਛਗਿਛ ਚੱਲ ਰਹੀ ਹੈ। ਅੱਜ ਰਾਤ ਵਿਜੀਲੈਂਸ ਦੀ ਟੀਮ ਵਿਧਾਇਕ ਰਮਨ ਅਰੋੜਾ ਤੇ ਮਹੇਸ਼ ਮਖੀਜਾ ਨੂੰ ਸਿਵਲ ਹਸਪਤਾਲ ਲੈ ਕੇ ਆਈ ਜਿੱਥੇ ਕਿ ਕੋਈ ਸਮੇਂ ਤੱਕ ਉਨ੍ਹਾਂ ਦਾ ਮੈਡੀਕਲ ਚੈਕਅਪ ਕੀਤਾ ਗਿਆ ਤੇ ਮੈਡੀਕਲ ਚੈੱਕਅਪ ਕਰਵਾ ਕੇ ਵਿਜੀਲੈਂਸ ਦੋਵਾਂ ਨੂੰ ਆਪਣੇ ਨਾਲ ਲੈ ਗਈ। ਜਾਣਕਾਰੀ ਅਨੁਸਾਰ ਵਿਧਾਇਕ ਰਮਨ ਅਰੋੜਾ ਦੇ ਖਾਸਮ ਖਾਸ ਮਹੇਸ਼ ਮਖੀਜਾ ਨੂੰ ਵੀ ਵਿਜੀਲੈਂਸ ਪੁੱਛਗਿੱਛ ਕਰ ਰਹੀ ਹੈ। ਜਾਣਕਾਰੀ ਅਨੁਸਾਰ ਮਹੇਸ਼ ਮਖੀਜਾ ਦੀ ਗ੍ਰਿਫ਼ਤਾਰੀ ਤੇ ਪੁੱਛਗਿੱਛ ਦੌਰਾਨ ਵਿਜੀਲੈਂਸ ਨੂੰ ਕਈ ਜਾਣਕਾਰੀਆਂ ਮਿਲ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ 'ਚ ਹੀ ਰਮਨ ਅਰੋੜਾ ਦੇ ਇਕ ਹੋਰ ਕਰੀਬੀ ਦੇ ਵੀ ਬਿਆਨ ਵਿਜੀਲੈਂਸ ਨੇ ਕਲਮਬਧ ਕੀਤੇ ਹਨ।




ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening

Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

T B F
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

Looking for a USA Citizen match for Ramdasia Sikh girl, 1988 born, 5’9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366.

19-22

US citizen Nai girl 27, 5’6” is looking for a suitable match. She has done DMD (Doctor of Dental medicine) and never married. Seeking an educated and well settled boy in the USA. Preference to same caste. Please contact at: 937-776-6474

17-20

Jatt Sikh family seeking a suitable match for their USA citizen girl 30, 5’5''. Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Thind family looking for a suitable match for their US Born 27, 5'4" Son. He is a software engineer & lives in Chicago. He is vegetarian, does not smoke, no drinking. Looking for a vegetarian, family type girl with height 5 or 5'2" inches. Please contact us at: +1-630-201-5714

23-26

Jatt Sikh family looking for a suitable match for their US citizen, son, 25, 5’10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com

23-26

Verma family seeks a compatible match for their 34 years (1991 born), 5’11" son , U.S citizen. Cast no bar. Serious enquiries only. Please Contact us at +1224-595-9926 or Email: inderjeetverma08@gmail.com

20-23

Ramgharia Sikh Turbaned boy 33, 5’8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178

19-26

Sikh Boy Sunaar family, 24 yrs, 5’11”, US Citizen seeks a beautiful and suitable girl from USA or India. Caste no bar. He has done Bachelors degree in Computer Science/Software Development & MBA in USA. He is non-vegetarian and does not drink or smoke. No sibling.Father is running Trucking and Gold business. Please contact us at Phone number: 513-448-8599 or E-mail at kanwal450@gmail.com

18-21

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5’10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com


ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
*To Advertise In Punjab Times*
*Call: 847-359-0746*

# ਭਾਰਤ ਅਤੇ ਪਾਕਿਸਤਾਨ ਵਿਚ ਸਮਝੌਤਾ ਕਰਵਾਉਣ 'ਤੇ ਮੈਨੂੰ ਮਾਣ ਹੈ: ਟਰੰਪ



**ਨਿਊਯਾਰਕ/ਵਾਸ਼ਿੰਗਟਨ:**ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਬਜਾਏ ਵਪਾਰ ਰਾਹੀਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਭਾਵੀ ਪਰਮਾਣੂ ਜੰਗ 'ਰੋਕਣ ਬਾਰੇ ਸਮਝੌਤਾ ਕਰਾਉਣ 'ਤੇ ਉਨ੍ਹਾਂ ਨੂੰ ਸਭ ਤੋਂ ਵੱਧ ਮਾਣ ਹੈ। ਪਿਛਲੇ ਕੁਝ ਹਫ਼ਤਿਆਂ ਵਿੱਚ ਟਰੰਪ ਨੇ ਇਹ ਵਾਰ-ਵਾਰ ਦਾਅਵਾ ਕੀਤਾ ਹੈ ਕਿ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਨੂੰ ਕਿਹਾ ਸੀ ਕਿ ਜੇ ਦੋਵੇਂ ਦੇਸ਼ ਟਕਰਾਅ ਨਹੀਂ ਰੋਕਦੇ ਤਾਂ ਅਮਰੀਕਾ ਦੋਵੇਂ ਮੁਲਕਾਂ ਨਾਲ ਵਪਾਰ ਬੰਦ ਕਰ ਦੇਵੇਗਾ। ਉਂਝ ਭਾਰਤ ਨੇ ਵੀਰਵਾਰ ਨੂੰ ਕਿਹਾ ਕਿ ਪਾਕਿਸਤਾਨ ਨਾਲ ਫੌਜੀ ਝੜਪਾਂ ਦੌਰਾਨ ਭਾਰਤੀ ਅਤੇ ਅਮਰੀਕੀ ਆਗੂਆਂ ਨਾਲ ਗੱਲਬਾਤ ਵਿੱਚ ਵਪਾਰ ਦਾ ਮੁੱਦਾ ਬਿਲਕੁਲ ਵੀ ਨਹੀਂ ਆਇਆ ਸੀ। ਭਾਰਤ ਨੇ ਵਾਸ਼ਿੰਗਟਨ ਵੱਲੋਂ ਵਾਰ-ਵਾਰ ਕੀਤੇ ਜਾ ਰਹੇ ਉਨ੍ਹਾਂ ਦਾਅਵਿਆਂ ਨੂੰ ਮੁੱਢੋਂ ਰੱਦ ਕਰ ਦਿੱਤਾ ਕਿ ਵਪਾਰ ਬਾਰੇ ਪੇਸ਼ਕਸ਼ ਨੇ ਟਕਰਾਅ ਨੂੰ ਰੋਕਿਆ ਹੈ।

ਟਰੰਪ ਨੇ ਕਿਹਾ, ''ਸਾਧਾਰਨ ਤੌਰ 'ਤੇ ਭਾਰਤ ਅਤੇ ਪਾਕਿਸਤਾਨ ਗੋਲੀਬਾਰੀ ਕਰਕੇ ਮਸਲੇ ਸਿੱਝਦੇਇਸ ਕਰਕੇ ਮੈਨੂੰ ਸੰਭਾਵੀ ਪਰਮਾਣੂ ਜੰਗ ਰੋਕ ਕੇ ਮਾਣ ਮਹਿਸੂਸ ਹੋ ਰਿਹਾ ਹੈ। ਕੋਈ ਵੀ ਇਸ ਬਾਰੇ ਗੱਲ ਨਹੀਂ ਕਰਦਾ ਹੈ ਪਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਭਿਆਨਕ ਸੰਭਾਵੀ ਜੰਗ ਚੱਲ ਰਹੀ ਸੀ। ਹੁਣ ਜੇ ਤੁਸੀਂ ਦੇਖੋ ਤਾਂ ਦੋਵੇਂ ਮੁਲਕ ਠੀਕ ਚੱਲ ਰਹੇ ਹਨ।''

# ਪਾਕਿਸਤਾਨ ਅਤਿਵਾਦ ਰਾਹੀਂ ਸਿੰਧ ਜਲ ਸੰਧੀ ਦੀ ਕਰ ਰਿਹੈ ਉਲੰਘਣਾ

## ਗਲੇਸ਼ੀਅਰਾਂ ਬਾਰੇ ਕਾਨਫਰੰਸ 'ਚ ਭਾਰਤ ਵੱਲੋਂ ਪਾਕਿ ਦੀ ਨਿਖੇਧੀ

**ਨਵੀਂ ਦਿੱਲੀ:**ਪਾਕਿਸਤਾਨ ਦੀ ਧਰਤੀ ਤੋਂ ਜਾਰੀ ਅਤਿਵਾਦ ਨੂੰ ਸਿੰਧ ਜਲ ਸੰਧੀ ਲਾਗੂ ਕਰਨ 'ਚ ਅੜਿੱਕਾ ਦੱਸਦਿਆਂ ਭਾਰਤ ਨੇ ਕਿਹਾ ਕਿ ਗੁਆਂਢੀ ਮੁਲਕ ਨੂੰ ਇਸ ਸੰਧੀ ਦੀ ਉਲੰਘਣਾ ਲਈ ਉਸ 'ਤੇ ਦੋਸ਼ ਮੜ੍ਹਨਾ ਬੰਦ ਕਰ ਦੇਣਾ ਚਾਹੀਦਾ ਹੈ। ਤਾਜਿਕਿਸਤਾਨ ਦੇ ਦੁਸ਼ਾਂਬੇ 'ਚ ਗਲੇਸ਼ੀਅਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਪਹਿਲੀ ਕਾਨਫਰੰਸ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਵਾਤਾਵਰਨ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਕਿ ਪਾਕਿਸਤਾਨ ਅਤਿਵਾਦ ਰਾਹੀਂ ਸੰਧੀ ਦੀ ਉਲੰਘਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੰਧ ਜਲ ਸੰਧੀ 'ਤੇ ਦਸਤਖ਼ਤ ਹੋਣ ਮਗਰੋਂ ਹਾਲਾਤ 'ਚ ਕਈ ਬੁਨਿਆਦੀ ਬਦਲਾਅ ਹੋਏ ਹਨ ਜਿਸ ਦੇ ਮੁਲਾਂਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬਦਲਾਅ 'ਚ ਤਕਨੀਕੀ ਪ੍ਰਗਤੀ, ਜਲਵਾਯੂ ਪਰਿਵਰਤਨ ਅਤੇ ਸਰਹੱਦ ਪਾਰ ਅਤਿਵਾਦ ਦਾ ਖ਼ਤਰਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਵਿਕਸਤ ਮੁਲਕਾਂ ਨੂੰ ਗਲੇਸ਼ੀਅਰਾਂ ਦੀ ਰਾਖੀ ਲਈ ਅੱਗੇ ਆਉਣਾ ਚਾਹੀਦਾ ਹੈ। ਗਲੇਸ਼ੀਅਰਾਂ ਦੀ ਸੰਭਾਲ ਬਾਰੇ ਕੌਮਾਂਤਰੀ ਕਾਨਫਰੰਸ 'ਚ ਪਾਕਿਸਤਾਨ ਦੇ




ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਭਾਰਤ ਨੂੰ ਸੌੜੇ ਸਿਆਸੀ ਲਾਹੇ ਲਈ ਸਿੰਧ ਜਲ ਸੰਧੀ ਨੂੰ ਮੁਲਤਵੀ ਰੱਖ ਕੇ ਅਤੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ 'ਚ ਪਾ ਕੇ ਹੱਦ ਪਾਰ ਕਰਨ ਦੀ ਇਜਾਜ਼ਤ । ਨਹੀਂ ਦੇਵੇਗਾ। ਪਾਕਿਸਤਾਨੀ 5 ਅਖ਼ਬਾਰ 'ਡਾਅਨ' ਨੇ ਸ਼ਰੀਫ਼ ਦੇ ਹਵਾਲੇ ਨਾਲ ਕਿਹਾ ਕਿ ਸਿੰਧ ਬੇਸਿਨ ਦੇ ਪਾਣੀ ਦੀ ਵੰਡ ਨੂੰ ਕੰਟਰੋਲ ਕਰਨ ਵਾਲੀ ਸੰਧੀ ਨੂੰ ਮੁਲਤਵੀ ਰੱਖਣ ਦਾ ਭਾਰਤ ਦਾ ਇਕਪਾਸੜ ਅਤੇ ਗ਼ੈਰਕਾਨੂੰਨੀ ਅਫ਼ਸੋਸਨਾਕ ਹੈ।

# 'ਟਰੰਪ ਨੇ ਗੋਲੀਬੰਦੀ ਦਾ ਦਾਅਵਾ 11ਵੀਂ ਵਾਰ ਕੀਤਾ' ਮੋਦੀ ਕਦੋਂ ਬੋਲਣਗੇ: ਕਾਂਗਰਸ



**ਨਵੀਂ ਦਿੱਲੀ:**ਕਾਂਗਰਸ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਰੁਕਵਾਉਣ ਦਾ ਦਾਅਵਾ ਮੁੜ ਕੀਤੇ ਜਾਣ 'ਤੇ ਸ਼ਨਿਚਰਵਾਰ ਨੂੰ ਵਿਅੰਗ ਕਰਦਿਆਂ ਕਿਹਾ ਕਿ 'ਡੋਨਲਡ ਭਰਾ' ਨੇ 21 ਦਿਨਾਂ 'ਚ 11ਵੀਂ ਵਾਰ ਇਹ ਬਿਆਨ ਦਿੱਤਾ ਹੈ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਬਾਰੇ ਜਵਾਬ ਕਦੋਂ ਦੇਣਗੇ। ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਐਕਸ' 'ਤੇ ਪੋਸਟ 'ਚ ਕਿਹਾ, ''ਟਰੰਪ ਤੋਂ ਇਲਾਵਾ ਉਨ੍ਹਾਂ ਦੇ ਵਣਜ ਮੰਤਰੀ ਨੇ 23 ਮਈ ਨੂੰ ਨਿਊਯਾਰਕ ਸਥਿਤ ਕੌਮਾਂਤਰੀ ਵਪਾਰ ਅਦਾਲਤ 'ਚ ਬਿਲਕੁਲ ਇਹੋ ਦਾਅਵੇ ਕੀਤੇ ਹਨ। 'ਡੋਨਾਲਡ ਤਰਾਂ ਦੇ ਦੋਸਤ ਨਰਿੰਦਰ ਮੋਦੀ ਪੂਰੀ ਖਾਮੋਸ਼ੀ ਨਾਲ ਉਨ੍ਹਾਂ ਦੇ ਦਾਅਵਿਆਂ ਨੂੰ ਨਜ਼ਰਅੰਦਾਜ਼ ਕਰਦੇ ਰਹੇ ਹਨ।'' ਉਨ੍ਹਾਂ ਤਨਜ਼ ਕੀਤਾ ਕਿ ਕੀ ਰਾਸ਼ਟਰਪਤੀ ਟਰੰਪ ਵੀ ਉਹੋ ਕਰ ਰਹੇ ਹਨ ਜੋ ਨਰਿੰਦਰ ਮੋਦੀ ਹਰ ਸਮੇਂ ਕਰਦੇ ਹਨ ਯਾਨੀ ਵਧੀਆ ਢੰਗ ਨਾਲ ਝੂਠ ਬੋਲ ਰਹੇ ਹਨ ਜਾਂ ਕੀ ਉਹ 50 ਫ਼ੀਸਦੀ ਸੱਚ ਬੋਲ ਰਹੇ ਹਨ? ਉਧਰ ਕਾਂਗਰਸ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨੇ ਕਿਹਾ, ''ਅਸੀਂ ਅਮਰੀਕਾ ਨੂੰ ਗੋਲੀਬੰਦੀ ਸਮਝੌਤਾ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਜਦਕਿ ਸਾਡੀ ਫੌਜ ਦਾ ਪਲੜਾ ਭਾਰੀ ਸੀ। ਉਹ ਵਪਾਰ ਸਮਝੌਤਾ ਕੀ ਹੈ ਜਿਸ ਨੂੰ ਅਮਰੀਕੀ ਰਾਸ਼ਟਰਪਤੀ ਨੇ ਪੇਸ਼ ਕੀਤਾ ਅਤੇ ਮੋਦੀ ਜੀ ਨੇ ਮੰਨ ਲਿਆ। ਕੀ ਵਪਾਰ ਦੇਸ਼ ਤੋਂ ਵੱਧ ਅਹਿਮ ਹੈ?''

# ਅਪ੍ਰੇਸ਼ਨ ਸਿੰਧੂਰ ਭਾਰਤ ਦੇ ਇਤਿਹਾਸ ਦੀ ਸਭ ਤੋਂ ਸਫ਼ਲ ਮੁਹਿੰਮ: ਮੋਦੀ

**ਭੋਪਾਲ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭੋਪਾਲ 'ਚ ਸ਼ਨੀਵਾਰ ਨੂੰ ਕਿਹਾ ਕਿ ਅੱਤਵਾਦੀਆਂ ਨੇ ਪਹਿਲਗਾਮ 'ਚ ਭਾਰਤ ਦੀ ਨਾਰੀ ਸ਼ਕਤੀ ਨੂੰ ਚੁਣੌਤੀ ਦਿੱਤੀ ਸੀ। ਇਹ ਚੁਣੌਤੀ ਅੱਤਵਾਦੀਆਂ ਤੇ ਉਨ੍ਹਾਂ ਦੇ ਆਕਿਆ ਲਈ ਕਾਲ ਬਣ ਗਈ। ਆਪ੍ਰੇਸ਼ਨ ਸਿੰਧੂਰ ਅੱਤਵਾਦੀਆਂ ਵਿਰੁੱਧ ਭਾਰਤ ਦੇ ਇਤਿਹਾਸ ਦੀ ਸਭ ਤੋਂ ਵੱਡੀ ਅਤੇ ਸਫਲ ਮੁਹਿੰਮ ਹੈ। ਇਸ ਮੁਹਿੰਮ ਨੇ ਦੱਸ ਦਿੱਤਾ ਕਿ ਅੱਤਵਾਦੀਆਂ ਜ਼ਰੀਏ ਅਸਿੱਧੀ ਜੰਗ ਨਹੀਂ ਚੱਲੇਗੀ। ਅਜਿਹਾ ਕਰਨ ਵਾਲਿਆਂ ਨੂੰ ਘਰ 'ਚ ਵੜ ਕੇ ਮਾਰਾਂਗੇ। ਉਨ੍ਹਾਂ ਦੀ ਮਦਦ ਕਰਨ ਵਾਲਿਆਂ ਨੂੰ ਵੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਨੂੰ ਗੋਲੀ ਦਾ ਜਵਾਬ ਗੋਲੇ ਨਾਲ ਮਿਲੇਗਾ।

ਪਾਕਿਸਤਾਨ ਲਈ ਚਿਤਾਵਨੀ ਭਰੀ ਇਹ ਗੱਲ ਪ੍ਰਧਾਨ ਮੰਤਰੀ ਨੇ ਲੋਕਮਾਤਾ ਦੇਵੀ ਅਹਿੱਲਿਆ ਬਾਈ ਹੋਲਕਰ ਦੀ 300ਵੀਂ ਜਯੰਤੀ 'ਤੇ ਕਰਵਾਏ ਮਹਿਲਾ ਸਸ਼ਕਤੀਕਰਨ ਮਹਾ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਹੀ।



ਉਨ੍ਹਾਂ ਕਿਹਾ ਕਿ ਸਿੰਧੂਰ ਸਾਡੇ ਸੱਭਿਆਚਾਰ 'ਚ ਨਾਰੀ ਸ਼ਕਤੀ ਦਾ ਪ੍ਰਤੀਕ ਹੈ। ਸ਼ਕਤੀ ਪੂਜਾ 'ਚ ਅਸੀਂ ਸਿੰਧੂਰ ਅਰਪਣ ਕਰਦੇ ਹਾਂ। ਰਾਮ ਭਗਤੀ ਦੇ ਰੰਗ 'ਚ ਹਨੂੰਮਾਨ ਜੀ ਵੀ ਸਿੰਧੂਰ ਧਾਰਨ ਕੀਤੇ ਹੋਏ ਹਨ। ਹੁਣ ਇਹੀ ਸਿੰਧੂਰ ਭਾਰਤ ਦੀ ਬਹਾਦਰੀ ਦਾ ਪ੍ਰਤੀਕ ਬਣਿਆ ਹੈ।ਮਹਿਲਾ ਸਸ਼ਕਤੀਕਰਨ ਅਤੇ ਦੇਵੀ ਅਹਿੱਲਿਆ ਬਾਈ ਨੂੰ ਸਮਰਪਿਤ 40 ਮਿੰਟਾਂ ਦੇ ਸੰਬੋਧਨ 'ਚ ਮਰਾਠਾ ਬਹਾਦਰੀ ਦੀ ਪ੍ਰਤੀਕ ਪੇਸ਼ਵਾਈ ਪੱਗੜੀ ਪਹਿਨੇ ਪੀਐੱਮ ਮੋਦੀ ਪੂਰੇ ਜੋਸ਼ 'ਚ ਨਜ਼ਰ ਆਏ। ਉਨ੍ਹਾਂ ਕਿਹਾ ਕਿ ਬੇਟੀਆਂ ਦੇਸ਼ ਦੀ ਸੁਰੱਖਿਆ 'ਚ ਵੱਡਾ ਯੋਗਦਾਨ ਦੇ ਰਹੀਆਂ ਹਨ। ਬੀਐੱਸਐੱਫ ਦੀਆਂ ਬੇਟੀਆਂ ਨੇ ਸਰਹੱਦ 'ਤੇ ਪਾਕਿਸਤਾਨ ਦੀ ਗੋਲੀਬਾਰੀ ਦਾ ਜਵਾਬ ਦੇ ਕੇ ਅਦਭੁੱਤ ਹਿੰਮਤ ਦਿਖਾਈ। ਜਲ ਸੈਨਾ ਦੀਆਂ ਬੇਟੀਆਂ ਨੇ ਹਾਲ ਹੀ 'ਚ ਧਰਤੀ ਦਾ ਚੱਕਰ ਲਗਾਉਣ ਦੌਰਾਨ ਸਮੁੰਦਰ ਦੀ ਮੁਸ਼ਕਲ ਯਾਤਰਾ ਪੂਰੀ ਕੀਤੀ ਹੈ। ਸਾਡੀ ਸਰਕਾਰ ਰੱਖਿਆ ਦੇ ਖੇਤਰ 'ਚ ਬੇਟੀਆਂ ਨੂੰ ਅੱਗੇ ਵਧਾਉਣ ਦੀ ਪਹਿਲ ਕਰ ਰਹੀ ਹੈ। ਅਸੀਂ ਸੈਨਿਕ ਸਕੂਲਾਂ ਦੇ ਦਰਵਾਜ਼ੇ ਬੇਟੀਆਂ ਲਈ ਖੋਲ੍ਹੇ। ਸਾਲ 2014 ਤੋਂ ਪਹਿਲਾਂ ਐੱਨਸੀਸੀ 'ਚ 25 ਫੀਸਦੀ ਬੇਟੀਆਂ ਹੁੰਦੀਆਂ ਸਨ, ਹੁਣ 50 ਫੀਸਦੀ ਹਨ।

# ਜਨਰਲ ਚੌਹਾਨ ਨੇ ਲੜਾਕੂ ਜਹਾਜ਼ ਦੇ ਨੁਕਸਾਨ ਦੀ ਗੱਲ ਸਵੀਕਾਰੀ

**ਸਿੰਗਾਪੁਰ:**ਚੀਫ ਆਫ ਡਿਫੈਂਸ ਸਟਾਫ (ਸੀਡੀਐੱਸ) ਅਨਿਲ ਚੌਹਾਨ ਨੇ ਪਾਕਿਸਤਾਨ ਨਾਲ ਹਾਲੀਆ ਫ਼ੌਜੀ ਟਕਰਾਅ 'ਚ ਲੜਾਕੂ ਜਹਾਜ਼ ਦੇ ਨੁਕਸਾਨ ਦੀ ਗੱਲ ਸਵੀਕਾਰ ਕੀਤੀ ਪਰ ਛੇ ਭਾਰਤੀ ਲੜਾਕੂ ਜਹਾਜ਼ਾਂ ਨੂੰ ਮਾਰ ਡੇਗਣ ਦੇ ਇਸਲਾਮਾਬਾਦ ਦੇ ਦਾਅਵੇ ਨੂੰ ਬਿਲਕੁਲ ਗਲਤ ਦੱਸਿਆ। ਇਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ 'ਚ ਜਨਰਲ ਚੌਹਾਨ ਨੇ ਕਿਹਾ ਕਿ ਇਹ ਪਤਾ ਲਗਾਉਣਾ ਜ਼ਿਆਦਾ ਮਹੱਤਵਪੂਰਣ ਹੈ ਕਿ ਜਹਾਜ਼ ਦਾ ਨੁਕਸਾਨ ਕਿਉਂ ਹੋਇਆ ਤਾਂ ਜੋ ਭਾਰਤੀ ਫ਼ੌਜ ਰਣਨੀਤੀ 'ਚ ਸੁਧਾਰ ਕਰ ਸਕੇ ਤੇ ਮੁੜ ਜਵਾਬੀ ਹਮਲਾ ਕਰ ਸਕੇ।

ਸੀ.ਡੀ.ਐੱਸ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਭਾਰਤ ਨੇ ਕਿੰਨੇ ਜਹਾਜ਼ ਗੁਆਏ ਪਰ ਉਨ੍ਹਾਂ ਸਪੱਸ਼ਟ ਤੌਰ 'ਤੇ ਇਸ ਤੱਥ ਵੱਲ ਇਸ਼ਾਰਾ ਕੀਤਾ ਕਿ ਭਾਰਤੀ ਫ਼ੌਜ ਨੇ ਪਾਕਿਸਤਾਨੀ ਖੇਤਰ 'ਚ ਕਾਫ਼ੀ ਅੰਦਰ ਤੱਕ ਸਟੀਕ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਲੜਾਕੂ ਜਹਾਜ਼ ਦਾ ਡਿੱਗਣਾ ਮਹੱਤਵਪੂਰਣ ਗੱਲ ਨਹੀਂ ਹੈ, ਬਲਕਿ ਮਹੱਤਵ ਪੂਰਣ ਇਹ ਹੈ ਕਿ ਉਹ ਕਿਉਂ ਡਿੱਗੇ।



ਜਨਰਲ ਚੌਹਾਨ ਦੀ ਟਿੱਪਣੀ ਗੁਆਂਢੀ ਮੁਲਕ ਨਾਲ ਚਾਰ ਦਿਨਾਂ ਤੱਕ ਚੱਲੇ ਸੰਘਰਸ਼ 'ਚ ਹੋਏ ਨੁਕਸਾਨ ਨੂੰ ਭਾਰਤ ਵਲੋਂ ਪਹਿਲੀ ਵਾਰੀ ਮੰਨਣ ਦੀ ਗੱਲ ਹੈ। ਜਨਰਲ ਚੌਹਾਨ ਸ਼ਾਂਗਰੀ - ਲਾਅ ਡਾਇਲਾਗ 'ਚ ਹਿੱਸਾ ਲੈਣ ਲਈ ਇਸ ਸਮੇਂ ਸਿੰਗਾਪੁਰ 'ਚ ਹਨ। ਜਨਰਲ ਚੌਹਾਨ ਤੋਂ ਪੁੱਛਿਆ ਗਿਆ ਕਿ ਕੀ ਫ਼ੌਜੀ ਟਕਰਾਅ ਦੌਰਾਨ ਭਾਰਤ ਨੇ ਲੜਾਕੂ ਜਹਾਜ਼ ਗੁਆਏ ਸਨ। ਉਨ੍ਹਾਂ ਕਿਹਾ ਕਿ ਚੰਗੀ ਗੱਲ ਇਹ ਹੈ ਕਿ ਅਸੀਂ ਆਪਣੀ ਰਣਨੀਤਿਕ ਗਲਤੀਆਂ ਨੂੰ ਸਮਝ ਸਕੇ, ਉਨ੍ਹਾਂ ਨੂੰ ਸੁਧਾਰਿਆ ਤੇ ਦੋ ਦਿਨਾਂ ਬਾਅਦ ਮੁੜ ਤੋਂ ਲਾਗੂ ਕੀਤਾ। ਅਸੀਂ ਆਪਣੇ ਸਾਰੇ ਲੜਾਕੂ ਜਹਾਜ਼ਾਂ ਨੂੰ ਮੁੜ ਤੋਂ ਲੰਬੀ ਦੂਰੀ 'ਤੇ ਟੀਚੇ 'ਤੇ ਰੱਖ ਕੇ ਉਡਾਇਆ। ਆਪ੍ਰੇਸ਼ਨ ਸਿੰਧੂਰ ਦੌਰਾਨ ਛੇ ਭਾਰਤੀ ਜਹਾਜ਼ਾਂ ਨੂੰ ਡੇਗਣ ਦੇ ਪਾਕਿਸਤਾਨ ਦੇ ਦਾਅਵੇ ਬਾਰੇ ਪੁੱਛੇ ਜਾਣ 'ਤੇ ਜਨਰਲ ਚੌਹਾਨ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਨਾਲ ਗਲਤ ਹੈ। ਅਸੀਂ ਰਣਨੀਤੀ 'ਚ ਸੁਧਾਰ ਕੀਤਾ ਤੇ ਫਿਰ ਸੱਤ, ਅੱਠ ਤੇ 10 ਤਰੀਕ ਨੂੰ ਵੱਡੇ ਪੱਧਰ 'ਤੇ ਪਾਕਿਸਤਾਨ ਦੇ ਅੰਦਰ ਸਥਿਤ ਹਵਾਈ ਟਿਕਾਣਿਆਂ 'ਤੇ ਹਮਲਾ ਕੀਤਾ, ਬਿਨਾਂ ਕਿਸੇ ਰੋਕ-ਟੋਕ ਦੇ ਉਨ੍ਹਾਂ ਦੀ ਸਾਰੀ ਹਵਾਈ ਸੁਰੱਖਿਆ ਨੂੰ ਤੋੜਿਆ ਤੇ ਸਟੀਕ ਹਮਲੇ ਕੀਤੇ। ਹਵਾਈ ਫ਼ੌਜ ਨੇ 10 ਤਰੀਕ ਨੂੰ ਸਾਰੇ ਤਰ੍ਹਾਂ ਦੇ ਹਥਿਆਰਾਂ ਨਾਲ ਸਾਰੇ ਤਰ੍ਹਾਂ ਦੇ ਜਹਾਜ਼ ਉਡਾਏ। ਇਸ ਤੋਂ ਪਹਿਲਾਂ ਭਾਰਤੀ ਹਵਾਈ ਫ਼ੌਜ ਦੇ ਹਵਾ ਸੰਚਾਲਨ ਡਾਇਰੈਕਟਰ ਜਨਰਲ ਏਅਰ ਮਾਰਸ਼ਲ ਏਕੇ ਭਾਰਤੀ ਨੇ ਕਿਹਾ ਸੀ ਕਿ ਭਾਰਤੀ ਹਵਾਈ ਫ਼ੌਜ ਦੇ ਸਾਰੇ ਪਾਇਲਟ ਸੁਰੱਖਿਅਤ ਘਰ ਪਰਤ ਆਏ ਹਨ।

# ਭਾਜਪਾ ਸਰਕਾਰ ਨੇ ਦੇਸ਼ ਨੂੰ ਗੁਮਰਾਹ ਕੀਤਾ: ਖੜਗੇ

**ਨਵੀਂ ਦਿੱਲੀ:**ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ ਸਰਕਾਰ 'ਤੇ ਭਾਰਤ-ਪਾਕਿ ਜੰਗ ਨੂੰ ਲੈ ਕੇ ਦੇਸ਼ ਨੂੰ ਗੁਮਰਾਹ ਕਰਨ ਦਾ ਦੋਸ਼ ਲਗਾਇਆ ਅਤੇ ਤੁਰੰਤ ਸੰਸਦ ਦਾ ਵਿਸ਼ੇਸ਼ ਅਜਲਾਸ ਸੱਦਣ ਦੀ ਮੰਗ



ਕੀਤੀ। ਉਨ੍ਹਾਂ ਇਹ ਗੱਲ ਸੀਡੀਐੱਸ ਅਨਿਲ ਚੌਹਾਨ ਦੀ ਟਿੱਪਣੀ ਤੋਂ ਬਾਅਦ ਕਹੀ। ਖੜਗੇ ਨੇ ਕਿਹਾ ਕਿ ਸੀਡੀਐੱਸ ਦੀਆਂ ਟਿੱਪਣੀਆਂ ਦੇ ਮੱਦੇਨਜ਼ਰ ਕੁਝ ਮਹੱਤਵਪੂਰਣ ਸਵਾਲ ਹਨ ਅਤੇ ਇਹ ਤਾਂ ਹੀ ਪੁੱਛੇ ਜਾ ਸਕਦੇ ਹਨ, ਜਦ ਸੰਸਦ ਦਾ ਵਿਸ਼ੇਸ਼ ਅਜਲਾਸ ਤੁਰੰਤ ਸੱਦਿਆ ਜਾਵੇ। ਮੋਦੀ ਸਰਕਾਰ ਨੇ ਦੇਸ਼ ਨੂੰ ਗੁਮਰਾਹ ਕੀਤਾ ।

# ਸ਼ਾਇਰਾ ਸੁਰਜੀਤ ਸਖੀ ਦੀ ਕਿਤਾਬ 'ਗੱਲ ਤਾਂ ਚਲਦੀ ਰਹੇ..' ਉੱਪਰ ਵਿਚਾਰ-ਚਰਚਾ 8 ਜੂਨ ਨੂੰ

**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ 8 ਜੂਨ ਦਿਨ



ਐਤਵਾਰ ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਉੱਘੀ ਪੰਜਾਬੀ ਸ਼ਾਇਰਾ ਸੁਰਜੀਤ ਸਖੀ ਦੀ ਪਹਿਲੀ ਵਾਰਤਕ ਕਿਤਾਬ 'ਗੱਲ ਤਾਂ ਚਲਦੀ ਰਹੇ..' ਉੱਪਰ ਸਾਹਿਤਕ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, 24989 ˆਅਨਟਅ ਛਲਅਰਅ ˆਟ, ੁਅੌˆਅਰਦ, ਛਅਲਿੋਰਨਿਅ ਵਿਚ 8 ਜੂਨ ਦਿਨ ਐਤਵਾਰ




ਨੂੰ 12 ਵਜੇ ਦੁਪਹਿਰੇ ਸ਼ੁਰੂ ਹੋਏਗੀ। ਹਾਜ਼ਰ ਲੇਖਕਾਂ ਅਤੇ ਪਾਠਕਾਂ ਲਈ ਦੁਪਹਿਰ ਦਾ ਖਾਣਾ 12 ਤੋਂ 1 ਵਜੇ ਤੱਕ ਚਲੇਗਾ ਅਤੇ ਤੁਰੰਤ ਬਾਅਦ ਸਾਹਿਤ ਗੋਸ਼ਟੀ ਦਾ ਅਰੰਭ ਹੋਏਗਾ।

ਸੁਰਜੀਤ ਸਖੀ ਪੰਜਾਬੀ ਗ਼ਜ਼ਲ ਅਤੇ ਸ਼ਾਇਰੀ ਵਿਚ ਪ੍ਰਮੁੱਖ ਨਾਮ ਹੈ। ਉਹ ਪੰਜਾਬੀ ਸ਼ਾਇਰੀ ਦੀਆਂ ਕਈ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੇ ਹਨ ਪਰ ਇਹ ਨਵੀਂ ਕਿਤਾਬ ਵਾਰਤਕ ਨਿਬੰਧਾਂ ਦੀ ਹੈ ਜਿਸ ਵਿਚ ਪੰਜਾਬੀ ਕਾਵਿ ਜਗਤ ਦੇ 12 ਨਾਮਵਰ ਸ਼ਾਇਰਾਂ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਸ਼ਾਇਰੀ ਬਾਰੇ ਲੇਖ ਹਨ। ਸੁਰਜੀਤ ਸਖੀ ਨੂੰ ਸਾਹਿਤਕ ਸਫਰ ਦੌਰਾਨ ਕਿਤਾਬ ਵਿਚ ਸ਼ਾਮਲ ਇਨ੍ਹਾਂ ਸ਼ਾਇਰਾਂ ਅਤੇ ਉਨ੍ਹਾਂ ਦੀ ਸ਼ਾਇਰੀ ਦੇ ਅੰਗ-ਸੰਗ ਵਿਚਰਨ ਦਾ ਮੌਕਾ ਮਿਲਿਆ ਹੈ ਜਿਸ ਦੇ ਆਧਾਰ 'ਤੇ ਉਨ੍ਹਾਂ ਬਾਰੇ ਗੱਲ ਚਲਦੀ ਰੱਖਣ ਦਾ ਸਾਹਸ ਕਰਦਿਆਂ ਖ਼ੂਬਸੂਰਤ ਵਾਰਤਕ ਦੀ ਸਿਰਜਣਾ ਕੀਤੀ ਹੈ ਜਿਸ ਵਿਚ ਪ੍ਰਸ਼ੰਸਾ ਅਤੇ ਆਲੋਚਨਾ ਦੀ ਰਲੀ-ਮਿਲੀ ਮਹਿਕ ਸ਼ਾਮਲ ਹੈ। ਕਿਤਾਬ ਵਿਚ ਸ਼ਾਮਲ ਸ਼ਖ਼ਸੀਅਤਾਂ ਹਨ: ਸੁਰਜੀਤ ਪਾਤਰ, ਗੁਰਭਜਨ ਗਿੱਲ, ਵਿਜੇ ਵਿਵੇਕ, ਸੁਖਵਿੰਦਰ ਅੰਮ੍ਰਿਤ, ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਸੁਰਿੰਦਰ ਸੋਹਲ, ਜਸਵਿੰਦਰ, ਕੁਲਵਿੰਦਰ, ਗੁਰਤੇਜ ਕੋਹਾਰਵਾਲਾ ਅਤੇ ਚਰਨਜੀਤ ਸਿੰਘ ਪੰਨੂ।


ਬੈਠਕ ਦੇ ਅੰਤ ਵਿਚ ਹਾਜ਼ਰ ਸ਼ਾਇਰ ਕਵੀ ਦਰਬਾਰ ਵਿਚ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕਰਨਗੇ।

***-ਜਗਜੀਤ ਨੌਸ਼ਹਿਰਵੀ***
***(ਜਨਰਲ ਸਕੱਤਰ)***
***ਫੋਨ: 510-676-1565***

# ਐਬਟਸਫੋਰਡ ਵਿਖੇ ਮੇਲੇ 'ਤੇ ਲੱਗੀ ਪੁਸਤਕ ਪ੍ਰਦਰਸ਼ਨੀ

**ਸਰੀ:** ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵੱਲੋਂ ਬੀਤੇ ਦਿਨੀਂ ਐਬਟਸਫੋਰਡ ਵਿਖੇ 'ਵਿਰਸੇ ਦੇ ਸ਼ੌਕੀਨ' ਮੇਲੇ ਵਿਚ ਪੁਸਤਕ ਪ੍ਰਦਰਸ਼ਨੀ ਲਾਈ ਗਈ, ਜਿਸ ਨੂੰ ਪੰਜਾਬੀ ਪਿਆਰਿਆਂ ਨੇ ਭਰਪੂਰ ਹੁੰਗਾਰਾ ਦਿੱਤਾ।

ਪੁਸਤਕ ਸਟਾਲ ਉਪਰ ਪਹੁੰਚ ਕੇ ਐਬਟਸਫੋਰਡ-ਲੈਂਗਲੀ ਦੇ ਨੌਜਵਾਨ ਮੈਂਬਰ ਪਾਰਲੀਮੈਂਟ ਸੁਖਮਨ ਗਿੱਲ ਅਤੇ ਐਮ.ਐਲ.ਏ. ਹਰਮਨ ਭੰਗੂ ਨੇ ਗੁਲਾਟੀ ਪਬਲਿਸ਼ਰਜ਼ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸਰੀ ਤੋਂ ਆਏ ਵੈਨਕੂਵਰ ਵਿਚਾਰ ਮੰਚ ਦੇ ਆਗੂ ਤੇ ਉੱਘੇ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗੁਲਾਟੀ ਪਬਲਿਸ਼ਰਜ਼ ਵੱਲੋਂ ਮੇਲਿਆਂ, ਨਗਰ ਕੀਰਤਨਾਂ ਅਤੇ ਹੋਰ ਮੌਕਿਆਂ 'ਤੇ ਪੰਜਾਬੀਆਂ ਨੂੰ ਆਪਣੀ ਬੋਲੀ, ਸਾਹਿਤ, ਸਮਾਜ, ਇਤਿਹਾਸ ਅਤੇ ਸੱਭਿਆਚਾਰ ਨਾਲ ਜੋੜਨ ਲਈ ਕਿਤਾਬਾਂ ਦਾ ਤੋਹਫਾ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਕਾਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਪੰਜਾਬੀ ਨੂੰ ਪਿਆਰ




ਕਰਨ ਵਾਲਿਆਂ ਨੂੰ ਵੀ ਅਪੀਲ ਕੀਤੀ ਕਿ ਆਪਣੇ ਮਹਾਨ ਵਿਰਸੇ ਨਾਲ ਜੁੜਨ ਲਈ ਕਿਤਾਬਾਂ ਨੂੰ ਆਪਣੇ ਘਰਾਂ ਦਾ ਸ਼ਿੰਗਾਰ ਬਣਾਉਣ। ਪੁਸਤਕ ਸਟਾਲ 'ਤੇ ਆ ਕੇ ਅੰਗਰੇਜ਼ ਬਰਾੜ, ਨਵਰੂਪ ਸਿੰਘ, ਪਵਨ ਗਿੱਲਾਂਵਾਲਾ, ਸੁਖਚੈਲ ਬਰਗਾੜੀ, ਤਰਲੋਚਨ ਤਰਨਤਾਰਨ, ਰਾਕੇਸ਼ ਬਾਂਸਲ ਜੈਤੋ, ਪੱਤਰਕਾਰ ਮਹੇਸ਼ਇੰਦਰ ਮਾਂਗਟ ਅਤੇ ਜਸਦੀਪ ਸਿੱਧੂ ਨੇ ਮੇਲੇ ਦੇ ਸ਼ੌਕੀਨਾਂ ਨੂੰ ਕਿਤਾਬਾਂ ਨਾਲ ਜੁੜਨ ਲਈ ਪ੍ਰੇਰਿਆ।

***- ਹਰਦਮ ਮਾਨ***

# ਡਾ. ਮਨਮੋਹਨ ਸਿੰਘ ਬਾਰੇ ਪ੍ਰਕਾਸ਼ਤ ਪੁਸਤਕ ਵੱਖ-ਵੱਖ ਥਾਈਂ ਰਿਲੀਜ਼

ਭਾਰਤ ਦੀ ਮਿਸ਼ਰਤ ਅਰਥ ਵਿਵਸਥਾ ਨੂੰ 1990 ਵਿਆਂ ਵਿਚ ਨਵੀਂ ਦਿਸ਼ਾ ਦੇਣ ਵਾਲੇ ਪ੍ਰਮੁੱਖ ਵਿਸ਼ਵ ਪ੍ਰਸਿੱਧ ਅਰਥਸ਼ਾਸ਼ਤਰੀ ਡਾ. ਮਨਮੋਹਨ ਸਿੰਘ ਹੁਰਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਬਹੁਮੁੱਲੇ ਸੰਦੇਸ਼ਾਂ, ਲੇਖਾਂ ਨਾਲ ਸਜੱਗ ਪੁਸਤਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ ਡਾ. ਐਸ.ਐਸ. ਜੌਹਲ ਸਾਬਕਾ ਵੀ.ਸੀ. ਸੈਂਟਰਲ ਯੂਨੀਵਰਸਿਟੀ ਬਠਿੰਡਾ, ਡਾ. ਸਤਿਬੀਰ ਸਿੰਘ ਗੋਸਲ, ਵੀ.ਸੀ. ਪੀ.ਏ.ਯੂ. ਲੁਧਿਆਣਾ ਅਤੇ ਡਾ. ਐਸ.ਪੀ. ਸਿੰਘ ਸਾਬਕਾ ਵੀ.ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਰਿਲੀਜ਼ ਕੀਤੀ ਗਈ। ਇਹ ਪੁਸਤਕ ਸ. ਗੁਰਮੀਤ ਸਿੰਘ ਡਾਇਰੈਕਟਰ ਓਵਰਸੀਜ਼ ਅਤੇ ਫਾਊਂਡਰ ਮੈਂਬਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸੰਕਲਿਤ ਤੇ ਸੰਪਾਦਿਤ ਕੀਤੀ ਗਈ ਹੈ ਤੇ ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ।

ਸਮਾਗਮ ਦੀ ਅਰੰਭਤਾ ਸ. ਅਮਰਜੀਤ ਸਿੰਘ ਟੈਕਸਲਾ, ਡਾਇਰੈਕਟਰ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਇੰਸਟੀਚਿਊਟ ਤੇ ਸਾਥੀਆਂ ਵਲੋਂ ਸ਼ਬਦ ਗਾਇਨ ਨਾਲ ਹੋਈ। ਸਵਾਗਤੀ ਸ਼ਬਦ ਉਪਰੰਤ ਸ. ਗੁਰਮੀਤ ਸਿੰਘ ਨੇ ਪੁਸਤਕ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਬਹੁਅਕਾਰੀ ਦੋ ਭਾਸ਼ਾਈ ਪੁਸਤਕ ਵਿਚ 51 ਆਰਟੀਕਲ ਅਤੇ ਦੇਸ਼-ਵਿਦੇਸ਼ ਦੇ ਹਰ ਖਿੱਤੇ ਦੇ ਵਿਅਕਤੀਆਂ ਵਲੋਂ ਦਿੱਤੀਆਂ ਗਈਆਂ ਸ਼ਰਧਾਂਜਲੀਆਂ ਸ਼ਾਮਲ ਹਨ। ਇਸ ਪੁਸਤਕ ਦਾ ਮੁਖਬੰਦ ਡਾ. ਐਸ. ਐਸ. ਜੌਹਲ, ਸ. ਮੋਨਟੇਕ ਸਿੰਘ ਆਹਲੂਵਾਲੀਆ ਅਤੇ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਲਿਖੇ ਹਨ। ਡਾ. ਐਸ. ਪੀ. ਸਿੰਘ ਨੇ ਪੁਸਤਕ ਦੀ ਸੰਰਚਨਾ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਸਾਹਿਤ ਅਕਾਦਮੀ ਤੇ ਹੋਰਨਾਂ ਸੰਸਥਾਵਾਂ ਵਲੋਂ ਹੋਰ ਭਾਸ਼ਾਵਾਂ ਵਿਚ ਪ੍ਰਕਾਸ਼ਤ ਕਰਨ ਦੀ ਸਲਾਹ ਦਿੱਤੀ। ਡਾ. ਐਸ. ਐਸ. ਗੋਸਲ ਨੇ ਪੁਸਤਕ ਵਿਚ ਡਾ. ਮਨਮੋਹਨ ਸਿੰਘ ਬਾਰੇ ਦਿੱਤੀ ਜਾਣਕਾਰੀ ਨੂੰ ਕੀਮਤੀ ਅਤੇ ਸੰਭਾਲਣਯੋਗ ਦੱਸਿਆ। ਡਾ. ਜੌਹਲ ਨੇ ਆਪਣੇ ਜੀਵਨ ਦੇ ਕਈ ਸਾਲ ਜਿਹੜੇ ਡਾ. ਮਨਮੋਹਨ ਸਿੰਘ ਹੁਰਾਂ ਦੇ ਨਾਲ ਅਰਥ-ਸ਼ਾਸ਼ਤਰੀ ਹੋਣ ਦੇ ਨਾਤੇ ਕੰਮ ਕਰਦਿਆਂ ਬਿਤਾਏ, ਉਹ ਗੱਲਾਂ ਸਾਂਝੀਆਂ ਕੀਤੀਆਂ। ਉਨ੍ਹਾਂ ਡਾ. ਮਨਮੋਹਨ ਸਿੰਘ ਨੂੰ ਵੱਡਾ ਸੋਚਵਾਨ ਅਤੇ ਅਮਲੀ ਰੂਪ ਵਿਚ ਕੰਮ ਸਿਰੇ ਚੜ੍ਹਾਉਣ ਵਾਲਾ ਮਹਾਨ ਵਿਅਕਤੀ ਦੱਸਿਆ।




ਮੰਚ ਸੰਚਾਲਨ ਕਰਦਿਆਂ ਸ. ਕੇ.ਬੀ. ਸਿੰਘ ਨੇ ਡਾ. ਮਨਮੋਹਨ ਸਿੰਘ ਵਲੋਂ ਵਿਵਸਥਾ ਵਿਚ ਕੀਤੇ ਕਲਿਆਣਕਾਰੀ ਕਾਰਜਾਂ ਨੂੰ ਸਮੂਹਿਕ ਤੌਰ 'ਤੇ ਲਾਗੂ ਕਰਨ ਦੀ ਸਫਲ ਸਟਰੈਟਿਜੀ ਦਾ ਜ਼ਿਕਰ ਕੀਤਾ। ਸ. ਜਤਿੰਦਰਪਾਲ ਸਿੰਘ ਸਾਬਕਾ ਚੇਅਰਮੈਨ ਅਤੇ ਫਾਊਂਡਰ ਮੈਂਬਰ ਸਟੱਡੀ ਸਰਕਲ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਘੱਟ ਗਿਣਤੀ ਲੋਕਾਂ ਨੂੰ ਮੁਹਾਰਤ ਹਾਸਲ ਕਰਨ ਵਾਲੇ ਸੱਜਣਾਂ ਦੀ ਕਦਰ ਪਾਉਣ ਦੀ ਪ੍ਰੇਰਣਾ ਕੀਤੀ। -ਇੰਦਰਪਾਲ ਸਿੰਘ ਚੱਢਾ

ਇਸੇ ਤਰ੍ਹਾਂ ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿੱਲੀ ਵਿਖੇ ਵੀ ਸਰਦਾਰਨੀ ਗੁਰਸ਼ਰਨ ਕੌਰ ਸੁਪਤਨੀ ਡਾ. ਮਨਮੋਹਨ ਸਿੰਘ ਨੇ ਇਹ ਪੁਸਤਕ ਲੋਕ ਅਰਪਣ ਕੀਤੀ। ਪਦਮ ਵਿਭੂਸ਼ਨ ਸ. ਮਨਟੇਕ ਸਿੰਘ ਆਹਲੂਵਾਲੀਆ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। 150 ਤੋਂ ਵੱਧ ਵਿਦਵਾਨਾਂ, ਸਾਹਿਤਕਾਰਾਂ, ਸਾਬਕਾ ਆਈ.ਏ.ਐਸ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ, ਬੈਂਕਾਂ ਦੇ ਸਾਬਕਾ ਚੇਅਰਮੈਨ ਤੇ ਉੱਚ ਅਧਿਕਾਰੀ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਇਸ ਸਮਾਗਮ ਵਿਚ ਸ਼ਾਮਲ ਹੋਈਆਂ। ਪਦਮ ਭੂਸ਼ਨ ਸ. ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਅਤੇ ਮੈਂਬਰ ਪਾਰਲੀਮੈਂਟ, ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਪ੍ਰਧਾਨ, ਸ. ਜੀ.ਬੀ. ਸਿੰਘ ਸਿੱਧੂ ਸੀਨੀਅਰ ਮੀਤ ਪ੍ਰਧਾਨ, ਡਾ. ਮੀਨਾ ਪੁਰੀ ਮੀਤ ਪ੍ਰਧਾਨ, ਡਾ. ਮਹਿੰਦਰ ਸਿੰਘ ਡਾਇਰੈਕਟਰ ਸਾਹਿਤ ਸਦਨ ਅਤੇ ਕਮੇਟੀ ਨੇ ਇਸ ਸਮਾਗਮ ਵਿਚ ਅਗਵਾਈ ਕੀਤੀ।

ਸਟੱਡੀ ਸਰਕਲ ਦੀ ਕੇਂਦਰੀ ਟੀਮ ਸ. ਬਲਜੀਤ ਸਿੰਘ ਚੇਅਰਮੈਨ ਅਤੇ ਦਿੱਲੀ ਸਟੇਟ ਕੌਂਸਲ ਨੇ ਸ. ਕੰਵਲਜੀਤ ਸਿੰਘ ਪ੍ਰਧਾਨ ਦੀ ਅਗਵਾਈ ਹੇਠ ਇਸ ਸਮਾਗਮ ਵਿਚ ਸ਼ਮੂਲੀਅਤ ਕਰਕੇ ਅਗਵਾਈ ਕੀਤੀ। ਇਹ ਕਿਤਾਬ ਸਿੱਖ ਬੁੱਕ ਸੈਂਟਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ ਤੋਂ ਫ਼ੋਨ ਨੰਬਰ +919888266676 'ਤੇ ਸੰਪਰਕ ਕਰ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸ਼ਾਇਰ ਸਵ. ਗੁਰਚਰਨ ਸਿੰਘ ਗਿੱਲ ਮਨਸੂਰ ਦਾ 100ਵਾਂ ਜਨਮ ਦਿਨ ਮਨਾਇਆ

**ਸਰੀ (ਹਰਦਮ ਮਾਨ):** ਬੀਤੇ ਐਤਵਾਰ ਪੰਜਾਬੀ ਅਤੇ ਉਰਦੂ ਦੇ ਨਾਮਵਰ ਸ਼ਾਇਰ ਮਰਹੂਮ ਗੁਰਚਰਨ ਸਿੰਘ ਗਿੱਲ ਮਨਸੂਰ





ਦਾ 100ਵਾਂ ਜਨਮ ਦਿਨ ਮਨਾਇਆ ਗਿਆ। ਉਹ ਡੇਢ ਕੁ ਸਾਲ ਪਹਿਲਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ। ਇਸ ਸੰਬੰਧ ਵਿਚ ਗਿੱਲ ਮਨਸੂਰ ਦੇ ਪਰਿਵਾਰ ਵੱਲੋਂ ਗ਼ਜ਼ਲ ਮੰਚ ਸਰੀ ਦੇ ਸਹਿਯੋਗ ਨਾਲ ਸਟਰਾਅਬੇਰੀ ਹਿੱਲ ਲਾਇਬਰੇਰੀ ਸਰੀ ਵਿਖੇ ਕਰਵਾਏ ਗਏ ਇਕ ਸਮਾਗਮ ਦੌਰਾਨ ਪਰਿਵਾਰ ਦੇ ਮੈਂਬਰਾਂ ਅਤੇ ਉਨ੍ਹਾਂ ਨਾਲ ਵਿਚਰਨ ਵਾਲੇ ਲੇਖਕਾਂ ਨੇ ਉਨ੍ਹਾਂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਦੀ ਜ਼ਿੰਦਗੀ 'ਤੇ ਆਧਾਰਤ ਦੋ ਸੰਖੇਪ ਵੀਡੀਓ ਵੀ ਦਿਖਾਈਆਂ ਗਈਆਂ।

ਸਮਾਗਮ ਦਾ ਆਗਾਜ਼ ਕਰਦਿਆਂ ਗ਼ਜ਼ਲ ਮੰਚ ਸਰੀ ਦੇ ਸਕੱਤਰ ਦਵਿੰਦਰ ਗੌਤਮ ਨੇ ਸਮਾਗਮ ਵਿਚ ਸ਼ਾਮਲ ਸਭਨਾਂ ਲੇਖਕਾਂ, ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਗਿੱਲ ਮਨਸੂਰ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਹੁਤ ਹੀ ਨੇਕ ਦਿਲ ਇਨਸਾਨ ਅਤੇ ਉੱਚੀ-ਸੁੱਚੀ ਸ਼ਖ਼ਸੀਅਤ ਦੇ ਮਾਲਕ ਮਨਸੂਰ ਸਾਹਿਬ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਉਨ੍ਹਾਂ ਕੋਲੋਂ ਅਸੀਂ ਜੀਵਨ ਜਾਚ ਬਾਰੇ ਬਹੁਤ ਕੁਝ ਸਿੱਖਿਆ ਹੈ।

ਗਿੱਲ ਮਨਸੂਰ ਦੇ ਸ਼ਾਇਰ ਬੇਟੇ ਦਸ਼ਮੇਸ਼ ਗਿੱਲ ਫਿਰੋਜ਼, ਉਨ੍ਹਾਂ ਦੀ ਦੋਹਤੀ ਤਰੰਨਮ ਬਿੰਦ ਅਤੇ ਦੋਹਤੇ ਸ਼ਹਿਬਾਜ਼ ਬਿੰਦ ਨੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਕਈ ਅਹਿਮ ਪਹਿਲੂਆਂ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਦੀ ਮਟਕਵੀਂ ਤੋਰ, ਰਹਿਣ-ਸਹਿਣ ਅਤੇ ਸਮਾਜ ਵਿਚ ਵਿਚਰਨ ਦੇ ਖ਼ੂਬਸੂਰਤ ਸੁਹਜ ਦੀ ਗੱਲ ਕੀਤੀ। ਉਹ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਹੋਣ ਦੇ ਨਾਲ ਨਾਲ ਬਹੁਤ ਵਧੀਆ ਅਧਿਆਪਕ ਅਤੇ ਖੇਡ-ਕੋਚ ਸਨ। ਉਨ੍ਹਾਂ ਨੇ ਉਰਦੂ ਵਿਚ 11 ਹਜ਼ਾਰ ਸ਼ਿਅਰ ਕਹੇ। ਉਨ੍ਹਾਂ ਦੱਸਿਆ ਕਿ ਗਿੱਲ ਮਨਸੂਰ ਸਾਹਿਬ ਕਹਿੰਦੇ ਸਨ ਕਿ ਮਨੁੱਖ ਨੂੰ ਖ਼ੁਦ ਨਾਲ ਪਿਆਰ ਕਰਨਾ ਚਾਹੀਦਾ ਹੈ। ਖ਼ੁਦ ਨੂੰ ਪਿਆਰ ਕਰਨ ਵਾਲੇ ਹੀ ਦੂਜਿਆਂ ਨੂੰ ਮੁਹੱਬਤ ਕਰਦੇ ਹਨ।

ਮਰਹੂਮ ਗਿੱਲ ਨਾਲ ਲੰਮਾ ਸਮਾਂ ਸਾਹਿਤਕ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲੇ ਸ਼ਾਇਰ ਇੰਦਰਜੀਤ ਧਾਮੀ ਨੇ ਬਹੁਤ ਹੀ ਦਿਲਕਸ਼ ਸ਼ੈਲੀ ਵਿਚ ਉਨ੍ਹਾਂ ਦੇ ਮਹਾਨ ਵਿਚਾਰ ਪੇਸ਼ ਕੀਤੇ।

ਗਿੱਲ ਮਨਸੂਰ ਨੂੰ ਯਾਦ ਕਰਦਿਆਂ ਪ੍ਰਸਿੱਧ ਹਿੰਦੀ ਸਾਹਿਤਕਾਰ ਸ੍ਰੀਨਾਥ ਪ੍ਰਸਾਦ ਦਿਵੇਦੀ, ਮੋਹਨ ਗਿੱਲ, ਰਾਜਵੰਤ ਰਾਜ, ਕਵਿੰਦਰ ਚਾਂਦ, ਅਮਰੀਕ ਪਲਾਹੀ, ਅੰਗਰੇਜ਼ ਬਰਾੜ, ਦਵਿੰਦਰ ਕੌਰ ਜੌਹਲ, ਪਰਮਿੰਦਰ ਕੌਰ ਸਵੈਚ, ਸੁਖਜੀਤ ਕੌਰ ਹੁੰਦਲ, ਪ੍ਰੀਤ ਮਨਪ੍ਰੀਤ, ਹਰਦਮ ਸਿੰਘ ਮਾਨ, ਬਿੱਕਰ ਖੋਸਾ, ਡਾ. ਗੁਰਮਿੰਦਰ ਸਿੱਧੂ, ਨਰਿੰਦਰ ਭਾਗੀ, ਡਾ. ਰਮਿੰਦਰ ਕੰਗ, ਸੁਰਜੀਤ ਸਿੰਘ ਬਾਠ, ਸੁਨੀਤਾ ਗਰੇਵਾਲ ਅਤੇ ਕ੍ਰਿਸ਼ਨ ਬੈਕਟਰ ਨੇ ਕਿਹਾ ਕਿ ਜ਼ਿੰਦਗੀ ਦਾ ਜੋ ਸੁਹਜ, ਜ਼ਿੰਦਗੀ ਦੀ ਸਮਝ ਗਿੱਲ ਮਨਸੂਰ ਸਾਨੂੰ ਦੇ ਕੇ ਗਏ ਹਨ ਉਸ ਨੂੰ ਅਪਨਾ ਕੇ, ਉਸ ਉਪਰ ਚੱਲ ਕੇ ਅਸੀਂ ਆਪਣੇ ਆਲੇ-ਦੁਆਲੇ ਨੂੰ ਅਤੇ ਆਪਣੇ ਸਮਾਜ ਨੂੰ ਇਕ ਬਹੁਤ ਹੀ ਖ਼ੂਬਸੂਰਤ ਸਮਾਜ ਬਣਾ ਸਕਦੇ ਹਾਂ।

ਅੰਤ ਵਿਚ ਪ੍ਰਸਿੱਧ ਸ਼ਾਇਰ ਰਾਜਵੰਤ ਰਾਜ ਨੇ ਗ਼ਜ਼ਲ ਮੰਚ ਸਰੀ ਅਤੇ ਗਿੱਲ ਮਨਸੂਰ ਦੇ ਪਰਿਵਾਰਕ ਮੈਂਬਰਾਂ ਵੱਲੋਂ ਪ੍ਰੋਗਰਾਮ ਵਿਚ ਸ਼ਾਮਿਲ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

# ਸ਼ਮਿੰਦਰ ਕੌਰ ਭਡੋਲ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਸਦਮਾ

***ਫਰਿਜ਼ਨੋ:*** ਫਰਿਜ਼ਨੋ ਨਿਵਾਸੀ ਮਾਤਾ ਸ਼ਮਿੰਦਰ ਕੋਰ ਭਡੋਲ (ਪਤਨੀ ਸਵ. ਦਰਸ਼ਨ ਸਿੰਘ ਭੰਡੋਲ) ਬੀਤੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ 72 ਸਾਲਾਂ ਦੇ ਸਨ। ਸ. ਰਾਜ ਸਿੱਧੂ ਮੋਗਾ ਨੇ ਦੱਸਿਆ ਕਿ ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਲੋਹਗੜ੍ਹ, ਜ਼ਿਲ੍ਹਾ ਮੋਗਾ ਸੀ ਤੇ ਮਾਤਾ ਜੀ ਦੇ ਪੇਕਿਆਂ ਦਾ ਪਿੰਡ ਕਿਸ਼ਨਪੁਰਾ ਕਲਾਂ ਸੀ। ਉਹ ਆਪਣੇ ਪਿੱਛੇ ਦੋ ਪੁੱਤਰ ਕੁਲਵੰਤ ਸਿੰਘ ਭੰਡੋਲ ਅਤੇ ਕੁਲਦੀਪ ਸਿੰਘ ਭੰਡੋਲ ਤੋਂ ਇਲਾਵਾ ਧੀ ਰਾਜਵੰਤ ਕੌਰ ਦੀ ਪਰਿਵਾਰਕ ਫੁਲਵਾੜੀ ਛੱਡ ਗਏ ਹਨ।



ਮਾਤਾ ਸ਼ਮਿੰਦਰ ਕੌਰ ਭੰਡੋਲ ਦਾ ਅੰਤਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 8 ਜੂਨ, ਦਿਨ ਐਤਵਾਰ ਨੂੰ ਸਵੇਰੇ 10 ਤੋਂ 1 ਵਜੇ ਤੱਕ ਹੋਵੇਗੀ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਨਾਨਕਸਰ ਚੈਰੀ ਐਵਨਿਊ, ਫਰਿਜ਼ਨੋ ਵਿਖੇ ਹੋਵੇਗੀ। ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ ਵੱਲੋਂ ਪਰਿਵਾਰ ਨਾਲ ਦੁਖ ਸਾਂਝਾ ਕੀਤਾ ਗਿਆ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਹਰਨੇਕ ਸਿੰਘ ਭੰਡੋਲ ਨਾਲ ਫੋਨ ਨੰਬਰ (559) 505-0803, ਕੁਲਦੀਪ ਸਿੰਘ ਭੰਡੋਲ ਨਾਲ (403) 923-6871 ਅਤੇ ਇਕਬਾਲ ਸਿੰਘ ਕਲੇਰ ਨਾਲ (559) 974-2121 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***-(ਕੁਲਵੰਤ ਧਾਲੀਆਂ/ਨੀਟਾ ਮਾਛੀਕੇ)***

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਰਾਜਾ ਵੜਿੰਗ ਅਤੇ ਚੰਨੀ ਵਲੋਂ ਇਕ ਦੂਜੇ ਨੂੰ ਠਿੱਬੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਇੱਕ ਦੂਜੇ ਦੇ ਸਿਆਸੀ ਵਿਰੋਧੀ ਦੀ ਕਾਂਗਰਸ 'ਚ ਘਰ ਵਾਪਸੀ ਕਰਵਾਉਣ ਨਾਲ ਕਾਂਗਰਸ ਦੀ ਅੰਦਰੂਨੀ ਗੁਟਬਾਜ਼ੀ ਫਿਰ ਜਨਤਕ ਹੋ ਗਈ। ਹਾਲਾਂਕਿ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਸਮੇਤ ਪਾਰਟੀ ਦੇ ਸੀਨੀਅਰ ਲੀਡਰ ਪਾਰਟੀ ਵਿਚ ਕਿਸੇ ਤਰ੍ਹਾਂ ਦੀ ਗੁਟਬਾਜ਼ੀ ਨਾ ਹੋਣ ਦੀ ਗੱਲ ਕਰਦੇ ਹਨ, ਪਰ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਮੌਕੇ ਦੋਵੇਂ ਸੰਸਦ ਮੈਂਬਰਾਂ ਵਲੋਂ ਇੱਕ ਦੂਜੇ ਨੂੰ ਲਾਈ ਗਈ ਗਈ ਠਿੱਬੀ ਨਾਲ ਸਪਸ਼ਟ ਹੋ ਗਿਆ ਹੈ ਕਿ ਕਾਂਗਰਸ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ।

ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਤੇ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਰਾਣਾ ਗੁਰਜੀਤ ਸਿੰਘ ਨੇ ਐਤਵਾਰ ਨੂੰ 'ਆਪ' ਦੇ ਨੇਤਾ ਕਮਲਜੀਤ ਸਿੰਘ ਕੜਵਲ ਅਤੇ ਦਾਖਾ ਵਿਧਾਨ ਸਭਾ ਹਲਕੇ ਤੋਂ ਕਰਨ ਵੜਿੰਗ ਨੂੰ ਕਾਂਗਰਸ ਵਿਚ ਸ਼ਾਮਲ ਕੀਤਾ। ਇਹ ਦੋਵੇਂ ਆਗੂ ਕੁਝ ਮਹੀਨੇ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਪਤਾ ਲੱਗਿਆ ਹੈ ਕਿ ਕੜਵਲ ਦੀ ਘਰ ਵਾਪਸੀ ਨਾਲ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਰਾਜਾ ਵੜਿੰਗ ਕਾਫ਼ੀ ਖਫ਼ਾ ਹੋ ਗਏ। ਇਸ ਤਰ੍ਹਾਂ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਨੂੰ ਪਟਕਣੀ ਦੇਣ ਲਈ ਫਿਲੌਰ ਦੇ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ, ਜਿਸਨੂੰ ਲੋਕ ਸਭਾ ਚੋਣਾਂ ਵੇਲੇ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਮੁਅੱਤਲ ਕਰ ਦਿੱਤਾ। ਸੀ, ਦੀ ਮੁਅਤਲੀ ਰੱਦ ਕਰਕੇ ਘਰ ਵਾਪਸੀ ਕਰਵਾ ਦਿੱਤੀ।

ਇੱਥੇ ਦੱਸਿਆ ਜਾਂਦਾ ਹੈ ਕਿ 2024 ਦੀਆਂ ਆਮ ਚੋਣਾਂ ਕਮਲਜੀਤ ਕੜਵਲ ਤੇ ਕਰਨ ਵੜਿੰਗ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਵਿਰੋਧ ਕੀਤਾ ਸੀ ਅਤੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਦੂਜੇ ਪਾਸੇ ਚੌਧਰੀ ਬਿਕਰਮਜੀਤ ਸਿੰਘ ਨੇ ਜਲੰਧਰ ਲੋਕ ਸਭਾ ਹਲਕੇ ਤੋਂ ਉਨ੍ਹਾਂ ਦੀ ਮਾਤਾ ਕਰਮਜੀਤ ਕੌਰ ਨੂੰ ਟਿਕਟ ਨਾ ਦੇਣ ਕਾਰਨ ਚਰਨਜੀਤ ਸਿੰਘ ਚੰਨੀ ਦਾ ਵਿਰੋਧ ਕੀਤਾ ਸੀ। ਚੌਧਰੀ ਦੀਆਂ ਪਾਰਟੀ ਵਿਰੋਧੀ ਕਾਰਵਾਈਆਂ ਕਾਰਨ 24 ਅਪ੍ਰੈਲ 2024 ਨੂੰ ਮੁਅੱਤਲ ਕਰ ਦਿੱਤਾ ਸੀ।

## ਕੜਵਲ ਅਤੇ ਚੌਧਰੀ ਮੁੜ ਕਾਂਗਰਸ ਵਿਚ ਸ਼ਾਮਿਲ



# ਸੰਤ ਭਿੰਡਰਾਂਵਾਲਿਆਂ ਦੇ ਸਪੁੱਤਰਾਂ ਵਲੋਂ ਗਿਆਨੀ ਗੜਗੱਜ ਤੋਂ ਸਨਮਾਨ ਨਾ ਲੈਣ ਦਾ ਐਲਾਨ

**ਅੰਮ੍ਰਿਤਸਰ:** ਜੂਨ 1984 ਘੱਲੂਘਾਰੇ ਦੀ 41ਵੀਂ ਵਰੇਗੰਢ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਣ ਵਾਲੇ ਸ਼ਹੀਦੀ ਸਮਾਗਮ 'ਚ ਸ਼੍ਰੋਮਣੀ ਕਮੇਟੀ ਵਲੋਂ ਪਿਛਲੇ ਸਮੇਂ ਵਿਚ ਨਿਯੁਕਤ ਕੀਤੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਦੀ ਸ਼ਮੂਲੀਅਤ ਨੂੰ ਲੈ ਕੇ ਜਿਥੇ ਪਹਿਲਾਂ ਹੀ ਦਮਦਮੀ ਟਸਕਾਲ ਸਮੇਤ ਕਈ ਸਿੱਖ ਜਥੇਬੰਦੀਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ, ਉਥੇ ਅੱਜ ਦਮਦਮੀ ਟਕਸਾਲ ਦੇ 14ਵੇਂ ਮੁਖੀ ਅਤੇ ਘੱਲੂਘਾਰੇ ਦੇ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੇ ਸਪੁੱਤਰਾਂ ਭਾਈ ਈਸ਼ਰ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਵੀ ਦਮਦਮੀ ਟਕਸਾਲ ਦੇ ਸਟੈਂਡ ਦਾ ਸਮਰਥਨ ਕਰਦਿਆਂ ਵੱਡਾ ਫ਼ੈਸਲਾ ਲਿਆ ਹੈ ਕਿ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਸਨਮਾਨ ਪ੍ਰਾਪਤ ਨਹੀਂ ਕਰਨਗੇ। ਇਸ ਸੰਬੰਧੀ ਗੱਲਬਾਤ ਕਰਦਿਆਂ ਭਾਈ ਈਸ਼ਰ ਸਿੰਘ ਨੇ ਆਪਣੇ ਫੈਸਲੇ ਦੀ ਪੁਸ਼ਟੀ ਕੀਤੀ।



# ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ ਦਿਨ ਮਨਾਇਆ

**ਸਮਾਲਸਰ (ਮੋਗਾ):** ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਨਮ ਦਿਹਾੜਾ ਉਨ੍ਹਾਂ ਦੇ ਜੱਦੀ ਪਿੰਡ ਰੋਡੇ (ਮੋਗਾ) ਵਿਖੇ ਮਨਾਇਆ ਗਿਆ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਰੋਡੇ ਉਹ ਨਗਰ ਹੈ ਜਿਸ ਨਗਰ ਵਿਚ ਪਿਤਾ ਜੋਗਿੰਦਰ ਸਿੰਘ ਦੇ ਗ੍ਰਹਿ ਵਿਖੇ ਇਕ ਪਿਆਰੀ ਰੂਹ 2 ਜੂਨ 1947 ਨੂੰ ਪ੍ਰਗਟ ਹੋਈ। ਇਸ ਰੂਹ ਨੇ ਮਹਾਨ ਸੰਤ ਜਰਨੈਲ ਸਿੰਘ ਖਾਲਸਾ ਦੇ ਰੂਪ ਵਿਚ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਸਨਮਾਨ ਪ੍ਰਾਪਤ ਕੀਤਾ। ਜਿਹੜੇ ਕਾਰਜ ਸੰਤਾਂ ਨੇ ਕੀਤੇ ਉਹ ਇਕ ਚਾਨਣ ਮੁਨਾਰੇ ਦੀ ਤਰ੍ਹਾਂ ਹਨ ਅਤੇ ਇਹ ਕਾਰਜ ਇਤਿਹਾਸ ਦੇ ਪੰਨਿਆਂ 'ਚ ਹਮੇਸ਼ਾ ਕਾਇਮ ਰਹਿਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੰਤ ਸਿਪਾਹੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਕਹਿਣੀ ਤੇ ਕਰਨੀ ਦੇ ਇਕ ਸਨ। ਉਨ੍ਹਾਂ ਕਿਹਾ ਕਿ ਸੰਤਾਂ ਦੀ ਕੁਰਬਾਨੀ ਕੋਈ ਨਿੱਜੀ ਮੰਤਵ ਲਈ ਨਹੀਂ ਸੀ, ਬਲਕਿ ਉਨ੍ਹਾਂ ਨੇ ਆਪਣੀ ਸ਼ਹਾਦਤ ਸਮੁੱਚੀ ਸਿੱਖ ਕੌਮ ਵਾਸਤੇ ਦਿੱਤੀ ਹੈ। ਗਿਆਨੀ ਗੁਰਬਿੰਦਰ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਨੇ ਵੀ ਸੰਬੋਧਨ ਕੀਤਾ।



# ਭਗਵੰਤ ਮਾਨ ਅਤੇ ਕਿਸਾਨ ਆਗੂਆਂ 'ਚ ਵਧੀ ਤਰੇੜ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਦੇ ਆਗੂਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਚ ਨਾਰਾਜ਼ਗੀ ਦੀ ਦਰਾੜ ਲਗਾਤਾਰ ਵਧਦੀ ਜਾ ਰਹੀ ਹੈ। ਕਿਸਾਨ ਜਥੇਬੰਦੀਆਂ ਦੇ ਆਗੂ ਭਾਵੇਂ ਉਹ ਬਲਬੀਰ ਸਿੰਘ ਰਾਜੇਵਾਲ ਹੋਣ ਜਾਂ ਫਿਰ ਜਗਜੀਤ ਸਿੰਘ ਡੱਲੇਵਾਲ, ਜਿਨ੍ਹਾਂ 'ਚ ਆਪਸ 'ਚ ਬਿਲਕੁੱਲ ਨਹੀਂ ਬਣਦੀ ਪਰ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਤਿੰਨ ਦਿਨ ਪਹਿਲਾਂ ਬਠਿੰਡਾ 'ਚ ਕਿਸਾਨ ਆਗੂਆਂ 'ਤੇ ਗੰਭੀਰ ਦੋਸ਼ ਲਾਉਂਦੇ ਹੋਏ ਉਨ੍ਹਾਂ ਨਾਲ ਬਹਿਸ ਦੀ ਚੁਣੌਤੀ ਦਿੱਤੀ ਤਾਂ ਹੁਣ ਕਿਸਾਨ ਆਗੂਆਂ ਨੇ ਉਸ ਨੂੰ ਸਵੀਕਾਰ ਕਰ ਲਿਆ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਸੰਯੁਕਤ ਕਿਸਾਨ ਮੋਰਚਾ ਗ਼ੈਰ-ਸਿਆਸੀ ਦੇ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਜਦੋਂ ਚਾਹੁਣ, ਉਨ੍ਹਾਂ ਨਾਲ ਵੱਖ-ਵੱਖ ਕਿਸਾਨੀ ਮੁੱਦਿਆਂ 'ਤੇ ਬਹਿਸ ਕਰ ਲੈਣ। ਉਹਨਾਂ ਕਿਹਾ ਕਿ ਮੁੱਖ ਮੰਤਰੀ ਜਗ੍ਹਾ ਅਤੇ ਸਮਾਂ ਨਿਸ਼ਚਿਤ ਕਰਕੇ ਦੱਸ ਦੇਣ, ਉਹ ਬਹਿਸ ਲਈ ਆ ਜਾਣਗੇ। ਉਨ੍ਹਾਂ ਕਿਹਾ ਕਿ ਉਹ ਤਾਂ ਪਹਿਲਾਂ ਵੀ ਵੱਖ-ਵੱਖ ਕਿਸਾਨੀ ਮੁੱਦਿਆਂ, ਜਿਨ੍ਹਾਂ ਦਾ ਸਿੱਧਾ ਸਬੰਧ ਪੰਜਾਬ ਸਰਕਾਰ ਨਾਲ ਹੈ, ਦੇ ਲਈ ਮੁੱਖ ਮੰਤਰੀ ਨੂੰ ਬਹਿਸ ਦੀ ਚੁਣੌਤੀ ਦੇ ਚੁੱਕੇ ਹਨ ਪਰ ਮੁੱਖ ਮੰਤਰੀ ਹੀ ਸਮਾਂ ਨਹੀਂ ਦੇ ਰਹੇ। ਹੁਣ ਆਪਣੀਆਂ ਗਲਤੀਆਂ ਨੂੰ ਲੁਕਾਉਣ ਲਈ ਉਹ ਕਿਸਾਨ ਆਗੂਆਂ 'ਤੇ ਦੋਸ਼ ਮੜ੍ਹ ਰਹੇ ਹਨ।



## ਮੁੱਖ ਮੰਤਰੀ ਨੇ ਕਿਸਾਨ ਆਗੂਆਂ 'ਤੇ ਲਾਏ ਸੀ ਦੋਸ਼

ਪਿਛਲੇ ਦਿਨੀਂ ਮੁੱਖ ਮੰਤਰੀ ਨੇ ਕਿਸਾਨ ਆਗੂਆਂ 'ਤੇ ਵੱਡੇ ਹੋਟਲਾਂ, ਹਸਪਤਾਲਾਂ ਚ ਭਾਈਵਾਲੀ ਦੇ ਦੋਸ਼ ਲਾਏ ਸਨ। ਸ਼ੰਭੂ ਅਤੇ ਖਨੌਰੀ 'ਚ ਕਿਸਾਨ ਮੋਰਚੇ ਨੂੰ ਹਟਾਉਣ ਨਾਲ ਡੱਲੇਵਾਲ ਧੜੇ ਅਤੇ ਚੰਡੀਗੜ੍ਹ 'ਚ ਕਿਸਾਨਾਂ ਨਾਲ ਹੋਈ ਮੀਟਿੰਗ 'ਚੋਂ ਉੱਠ ਕੇ ਜਾਣ ਨਾਲ ਰਾਜੇਵਾਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਦੀ ਯੂਨੀਅਨ ਵੀ ਉਨ੍ਹਾਂ ਨਾਲ ਨਾਰਾਜ਼ ਹੈ। ਇਨ੍ਹਾਂ ਨੂੰ ਮਨਾਉਣ ਦੀ ਬਜਾਏ ਮੁੱਖ ਮੰਤਰੀ ਨੇ ਵੀ ਸਿੱਧਾ ਇਨ੍ਹਾਂ 'ਤੇ ਗੰਭੀਰ ਦੋਸ਼ ਲਗਾ ਕੇ ਇਸ ਖੇਡ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਕਿਸਾਨ ਯੂਨੀਅਨਾਂ ਦੇ ਵਰਕਰ ਵੀ ਇਸ ਕਾਰਨ ਵਿਧਾਇਕਾਂ ਅਤੇ ਮੰਤਰੀਆਂ ਦਾ ਰੋਜ਼ਾਨਾ ਘਿਰਾਓ ਕਰ ਰਹੇ ਹਨ। ਉਨ੍ਹਾਂ ਦੇ ਵਿਧਾਇਕਾਂ ਨੇ ਹੁਣ ਫੀਲਡ 'ਚ ਨਿਕਲਣਾ ਬੰਦ ਕਰ ਦਿੱਤਾ ਹੈ।

# ਪੰਜਾਬ ਨੂੰ ਦਿੱਲੀ ਦੇ ਰਿਮੋਟ ਕੰਟਰੋਲ ਨਾਲ ਚਲਾਇਆ ਜਾ ਰਿਹੈ: ਮਜੀਠੀਆ

**ਮਜੀਠਾ:** ਪੰਜਾਬ 'ਚ ਦਿਨ-ਬ-ਦਿਨ ਵਿਗੜ ਰਹੀ ਅਮਨ ਤੇ ਕਾਨੂੰਨ ਦੀ ਵਿਵਸਥਾ ਅਤੇ ਸੂਬੇ ਦੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਆਰਥਿਕ ਵਿਵਸਥਾ ਕਰਕੇ ਸੂਬਾ ਇਸ ਵਕਤ ਆਈ. ਸੀ. ਯੂ ਵਿਚ ਪਿਆ ਹੈ। ਐਮਰਜੰਸੀ ਵਰਗੇ ਹਾਲਾਤ ਬਣੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮਜੀਠਾ ਵਿਖੇ ਅਕਾਲੀ ਵਰਕਰਾਂ ਨਾਲ ਕੀਤੀ ਬੈਠਕ ਉਪਰੰਤ ਗੱਲਬਾਤ ਕਰਦਿਆਂ ਕੀਤਾ। ਪੰਜਾਬ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਮਜੀਠੀਆ ਨੇ ਕਿਹਾ ਕਿ ਸਰਕਾਰ ਲੋਕ ਮਸਲਿਆਂ ਦਾ ਹੱਲ ਕਰਨ ਵਿਚ ਨਾਕਾਮ ਸਾਬਤ ਹੋਈ ਹੈ। ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਸਰਕਾਰ ਦਾ ਵਾਅਦਾ ਪੂਰਾ ਨਹੀਂ ਹੋਇਆ। ਮੁਲਾਜ਼ਮਾਂ ਨੇ ਅਦਾਲਤਾਂ ਦਾ ਸਹਾਰਾ ਲੈ ਕੇ ਇਹ ਲਾਭ ਲਿਆ। ਹੈ। ਬੇਰੁਜ਼ਗਾਰਾਂ ਨੂੰ ਨੌਕਰੀ ਨਹੀਂ ਦਿੱਤੀ ਗਈ। ਸਿਰਫ ਤੇ ਸਿਰਫ ਦਿੱਲੀ ਤੋਂ ਆਪਣੇ ਚਹੇਤਿਆਂ ਦੀਆਂ ਪੰਜਾਬ ਵਿਚ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪੰਜਾਬ ਦੇ ਖਜ਼ਾਨੇ ਨੂੰ ਲੁੱਟਿਆ ਜਾ ਰਿਹਾ ਹੈ। ਪੂਰਾ ਪੰਜਾਬ ਇਸ ਵੇਲੇ ਦਿੱਲੀ ਦੇ ਰਿਮੋਟ ਕੰਟਰੋਲ ਨਾਲ ਚਲਾਇਆ ਜਾ ਰਿਹਾ ਹੈ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਮਨੀਸ਼ ਸਿਸੋਦੀਆ ਵਲੋਂ ਨਵਨਿਯੁਕਤ 'ਆਪ' ਅਹੁਦੇਦਾਰਾਂ ਨਾਲ ਬੈਠਕ



**ਚੰਡੀਗੜ੍ਹ:**ਆਮ ਆਦਮੀ ਪਾਰਟੀ (ਆਪ) ਦੇ ਫੁਨਜਅਬ ਇੰਚਾਰਜ ਅਤੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਅੱਜ ਨਵ-ਨਿਯੁਕਤ ਪਾਰਟੀ ਅਹੁਦੇਦਾਰਾਂ ਨਾਲ ਇੱਕ ਮੀਟਿੰਗ ਕੀਤੀ। ਮੀਟਿੰਗ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਨ ਅਤੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਤ ਆਉਣ ਵਾਲੀਆਂ ਚੋਣ ਚੁਣੌਤੀਆਂ ਲਈ ਤਿਆਰੀ 'ਤੇ ਕੇਂਦ੍ਰਿਤ ਸੀ। ਮੀਟਿੰਗ ਦੌਰਾਨ, ਸਿਸੋਦੀਆ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੱਤੀ, ਉਨ੍ਹਾਂ ਨੂੰ ਤੁਰੰਤ ਆਪਣੀਆਂ ਜ਼ਿੰਮੇਵਾਰੀਆਂ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ''ਤੁਸੀਂ ਸੂਬਾ ਲੀਡਰਸ਼ਿਪ ਹੋ; ਤੁਸੀਂ ਟੀਮ ਮਿਸ਼ਨ-2027 ਹੋ''। ਉਨ੍ਹਾਂ ਪਾਰਟੀ ਦੇ ਦ੍ਰਿਸ਼ਟੀਕੋਣ ਅਤੇ ਰਣਨੀਤੀ ਨੂੰ ਚਲਾਉਣ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਟੀਮ ਦੇ ਯਤਨ ਪੰਜਾਬ ਵਿੱਚ 'ਆਪ' ਦੀ ਸਫਲਤਾ ਨੂੰ ਪਰਿਭਾਸ਼ਿਤ ਕਰਨਗੇ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸਾਰੇ ਸੂਬਾ ਸਕੱਤਰਾਂ, ਜਨਰਲ ਸਕੱਤਰਾਂ, ਲੋਕ ਸਭਾ ਇੰਚਾਰਜਾਂ ਅਤੇ ਜ਼ਿਲ੍ਹਾ ਇੰਚਾਰਜਾਂ ਨੇ ਮੀਟਿੰਗ ਵਿੱਚ ਸਰਗਰਮੀ ਨਾਲ ਹਿੱਸਾ ਲਿਆ।

ਸਿਸੋਦੀਆ ਨੇ ਕਿਹਾ ''ਸਾਡੀ ਸਰਕਾਰ ਲੋਕਾਂ ਪ੍ਰਤੀ ਸਮਰਪਿਤ ਹੈ। ਤੁਹਾਡੀ ਭੂਮਿਕਾ ਸਰਕਾਰ ਦੇ ਪਰਿਵਰਤਨਸ਼ੀਲ ਕੰਮਾਂ ਨੂੰ ਸਿੱਧੇ ਲੋਕਾਂ ਤੱਕ ਪਹੁੰਚਾਉਣਾ ਹੈ,''। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਅਹੁਦੇਦਾਰਾਂ ਨੂੰ ''ਯੁੱਧ ਨਸ਼ਿਆ ਵਿਰੁੱਧ ਜੰਗ'' ਵਰਗੀਆਂ ਸਰਕਾਰੀ ਪਹਿਲਕਦਮੀਆਂ ਦਾ ਸਮਰਥਨ ਕਰਨ ਅਤੇ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ। ਸਿਸੋਦੀਆ ਨੇ ਜ਼ਿਲ੍ਹਾ ਇੰਚਾਰਜਾਂ, ਬਲਾਕ ਆਗੂਆਂ, ਸੂਬਾ ਸਕੱਤਰਾਂ ਅਤੇ ਜਨਰਲ ਸਕੱਤਰਾਂ ਸਮੇਤ ਵੱਖ-ਵੱਖ ਪਾਰਟੀ ਅਹੁਦਿਆਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ 'ਤੇ ਚਰਚਾ ਕੀਤੀ। ਜ਼ਿਲ੍ਹਾ ਇੰਚਾਰਜਾਂ ਨੇ ਟੀਮ ਵਰਕ ਨੂੰ ਬਿਹਤਰ ਬਣਾਉਣ ਅਤੇ ਪਾਰਟੀ ਦੀ ਜ਼ਮੀਨੀ ਪੱਧਰ 'ਤੇ ਮੌਜੂਦਗੀ ਨੂੰ ਮਜ਼ਬੂਤ ਕਰਨ ਲਈ ਕੀਮਤੀ ਸੁਝਾਅ ਸਾਂਝੇ ਕੀਤੇ।

ਸਿਸੋਦੀਆ ਨੇ ਪਾਰਟੀ ਦੇ ਮੁੱਖ ਵਿੰਗਾਂ ਅਤੇ ਇਸਦੇ ਵੱਖ-ਵੱਖ ਵਿੰਗਾਂ ਵਿਚਕਾਰ ਤਾਲਮੇਲ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤਾਂ ਜੋ ਸੰਗਠਨਾਤਮਕ ਟੀਚਿਆਂ ਪ੍ਰਤੀ ਇੱਕ ਏਕੀਕ੍ਰਿਤ ਅਤੇ ਸੁਚਾਰੂ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਮੀਟਿੰਗ ਦੇ ਅਖੀਰ ਵਿੱਚ ਸਿਸੋਦੀਆ ਨੇ ਕਿਹਾ ਕਿ ''ਲੁਧਿਆਣਾ ਜਿਮਨੀ ਚੋਣ ਤੋਂ ਮਿਸ਼ਨ-2027 ਤੱਕ, ਇਹ ਸਾਡਾ ਸਫ਼ਰ ਹੈ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਅਗਵਾਈ ਹੇਠ, ਅਸੀਂ ਇਕੱਠੇ ਮਿਲ ਕੇ ਪੰਜਾਬ ਲਈ ਨਵੇਂ ਮੀਲ ਦਾ ਪੱਥਰ ਪ੍ਰਾਪਤ ਕਰਾਂਗੇ।''

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਅਤੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵੀ ਮੀਟਿੰਗ ਦੌਰਾਨ ਆਪਣੇ ਸੁਝਾਂ ਸਾਂਝੇ ਕੀਤੇ ਅਤੇ ਮਨੀਸ਼ ਸਿਸੋਦੀਆ ਦੁਆਰਾ ਦੱਸੇ ਗਏ ਏਜੰਡੇ ਦਾ ਸਮਰਥਨ ਕੀਤਾ। ਦੋਵੇਂ ਆਗੂਆਂ ਨੇ ਸਿਸੋਦੀਆ ਦੇ ਸੰਦੇਸ਼ ਨੂੰ ਦੁਹਰਾਇਆ, ਪਾਰਟੀ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਏਕਤਾ, ਸਮਰਪਣ ਅਤੇ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਅਹੁਦੇਦਾਰਾਂ ਨੂੰ ਪੰਜਾਬ ਨੂੰ ਬਿਹਤਰ ਬਣਾਉਣ ਦੇ ਸਾਂਝੇ ਦ੍ਰਿਸ਼ਟੀਕੋਣ ਨਾਲ ਇੱਕ ਇਕਾਈ ਵਜੋਂ ਇਕਜੁੱਟ ਹੋ ਕੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਅਰੋੜਾ ਅਤੇ ਕਲਸੀ ਨੇ ਦੁਹਰਾਇਆ ਕਿ ਸਕਾਰਾਤਮਕ ਬਦਲਾਅ ਲਿਆਉਣ ਦੀ ਜ਼ਿੰਮੇਵਾਰੀ ਟੀਮ ਦੇ ਹਰੇਕ ਮੈਂਬਰ ਦੀ ਹੈ।

# ਨਕਸਲੀ ਆਗੂਆਂ ਦੀਆਂ ਲਾਸ਼ਾਂ ਨੂੰ ਪੈਟਰੋਲ ਪਾ ਕੇ ਸਾੜਨਾ ਅਣਮਨੁੱਖੀ

## ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਰੋਸ ਪ੍ਰਗਟ

**ਬਠਿੰਡਾ:**ਛਤੀਸ਼ਗੜ ਪੁਲੀਸ ਨੇ ਨਕਸਲੀ ਆਗੂ ਵਸਾਵਾ ਰਾਓ ਅਤੇ ਸਾਥੀਆਂ ਦੀਆਂ ਲਾਸ਼ਾਂ ਨੂੰ ਵਾਰਸਾ ਹਵਾਲੇ ਕਰਨ ਦੀ ਬਜਾਏ ਪੈਟਰੋਲ ਨਾਲ ਸਾੜਕੇ ਘੋਰ ਅਣਮਨੁੱਖੀ- ਗੈਰ ਸੰਵਿਧਾਨਕ ਕਾਰਵਾਈ ਕਰਕੇ ਕੌਮਾਂਤਰੀ ਮਾਨਤਾਵਾਂ ਦੀ ਉਲੰਘਣਾ ਕੀਤੀ ਹੈ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪੋਫ਼ੈਸਰ ਜਗਮੋਹਨ ਸਿੰਘ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਅਤੇ ਸੂਬਾ ਪੈਸ ਸਕੱਤਰ ਅਮਰਜੀਤ ਸਾਸ਼ਤਰੀ ਨੇ ਇਸ ਵਿਉਹਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੁਲਸ ਦਾ ਇਹ ਕਹਿਣਾ ਇਹਨਾ ਦੇ ਰਿਸ਼ਤੇਦਾਰ ਆਪਣਾ ਸਬੰਧ ਦਰਸਾਉਣ ਲਈ ਸਬੂਤ ਨਹੀਂ ਦੇ ਸਕੇ ਅਤੇ ਲਾਸ਼ਾਂ ਨੂੰ ਹੋਰ ਨਹੀਂ ਰੱਖਿਆ ਜਾ ਸਕਦਾ ਸੀ ਕਿਉਂਕਿ ਉਹ ਗਲ ਰਹੀਆਂ ਸਨ। ਸਰਾਸਰ ਗੈਰ ਜੁੰਮੇਵਾਰਾਨਾ ਬਿਰਤਾਂਤ ਹੈ। ਹਾਲਾਕਿ ਪਰਿਵਾਰ-ਰਿਸ਼ਤੇਦਾਰਾਂ ਨੇ ਲਾਸ਼ਾ ਲੈਣ ਲਈ ਉਹ ਹਾਈਕੋਰਟ ਦੇ ਹੁਕਮਾਂ ਨਾਲ ਪੁਲਸ ਕੋਲ ਪਹੁੰਚ ਕੀਤੀ ਸੀ ਅਤੇ ਲਾਸ਼ਾਂ ਨੂੰ ਗਲਣ ਤੋਂ ਬਚਾਉਣ ਦਾ ਜਿੰਮੇਦਾਰੀ ਪੁਲੀਸ ਦੀ ਸੀ। ਇਸੇ ਮੁਕਾਬਲੇ ਵਿੱਚ ਮਾਰੇ ਗਏ ਕੁੱਝ ਮਾਓਵਾਦੀਆਂ-ਆਦਿਵਾਸੀਆਂ ਦੀਆਂ ਲਾਸ਼ਾਂ ਨੂੰ ਅਣਪਛਾਤੇ ਕਰਾਰ ਕੇ ਪੁਲਸ ਨੇ ਪਹਿਲਾਂ ਹੀ ਅਗਨਭੇਟ ਕਰ ਦਿੱਤਾ ਸੀ। ਪੁਲੀਸ ਦੀ ਇਹ ਕਾਰਵਾਈ ਕੇਂਦਰ ਦੀ ਭਾਜਪਾ ਸਰਕਾਰ ਦੀ ਘੋਰ ਨਫਰਤੀ ਅਤੇ ਫਾਸ਼ੀ ਚਿਹਰੇ ਨੂੰ ਪ੍ਰਗਟ ਕਰਦੀ ਹੈ। ਸੰਵਿਧਾਨ ਦੀ ਧਾਰਾ 21,ਮਨੁੱਖੀ ਅਧਿਕਾਰ ਕਮਿਸ਼ਨ ਨੇ ਮ੍ਰਿਤਕਾਂ ਦੇ ਸਨਮਾਨ ਸਬੰਧੀ 2020 ਦੇ 11 ਸਪੱਸ਼ਟ ਨਿਰਦੇਸ਼ਾਂ ਜਨੇਵਾ ਕਨਵੈਨਸ਼ਨ 1949 ਵਿਅਕਤੀਆਂ ਵੱਲੋਂ ਸਮਾਜ ਵਿਚ ਨਿਭਾਈ ਭੁਮਿਕਾ ਨੂੰ ਇੱਕ ਪਾਸੇ ਰੱਖਦੇ ਹੋਏ ਉਹਨਾਂ ਦੀ ਦੇਹ ਨਾਲ ਕਿਸੇ ਵੀ ਕਿਸਮ ਦੇ ਘਟੀਆ ਵਰਤਾਓ ਤੋਂ ਵਰਜਦੀ ਹੈ ਅਤੇ ਦਾਹ ਸੰਸਕਾਰ ਜਾਂ ਦਫਨ ਉਚਿਤ ਸਾਂਭ ਸੰਭਾਲ ਅਤੇ ਸਨਮਾਨਜਨਕ ਢੰਗ ਨਾਲ ਹੋਣਾ ਚਾਹੀਦਾ ਹੈ।






ਕੇਂਦਰ ਦੀ ਭਾਜਪਾ ਸਰਕਾਰ ਨੇ ਇਹਨਾਂ ਵਿਅਕਤੀਆਂ ਦੀਆਂ ਲਾਸ਼ਾਂ ਨੂੰ ਗਲਣ ਸੜਣ ਲਈ ਛੱਡਣ ਅਤੇ ਅੰਤ ਵਿੱਚ ਖੁਦ ਹੀ ਪੈਟਰੋਲ ਪਾਕੇ ਸਾੜ ਕੇ ਬਸਤੀਵਾਦੀ ਬਰਨਤਾਵੀ ਹਕੂਮਤ ਵੱਲੋ 23 ਮਾਰਚ 1931 ਦੀ ਰਾਤ ਨੂੰ ਭਗਤ ਸਿੰਘ ਤੇ ਸਾਥੀਆਂ ਦੀਆਂ ਲਾਸ਼ਾ ਨੂੰ ਵੱਢ ਟੁੱਕ ਕੇ ਅਗਨੀ ਭੇਟ ਕਰਨ ਦੀ ਰੀਤ ਨੂੰ ਅੱਗੇ ਤੋਰਿਆ ਹੈ। ਇਵੇ ਹੀ ਜਰਮਨੀ ਦੇ ਹਾਕਮਾਂ ਵੱਲੋਂ ਕਾ. ਰੋਜਾ ਲਕਜਮਬਰਗ ਦੀ 1919 ਨਹਿਰ ਵਿੱਚ ਤੇ ਕਾਰਲ ਲਿਬਨਖੇਤ ਨੂੰ ਚਿੜੀਅਘਰ ਦੇ ਬਾਹਰਲੀ ਵਾੜ ਵਿੱਚ ਦਫਨਾਕੇ ,1934 ਵਿੱਚ ਸੂਰੀਆ ਸੇਨ ਨੂੰ ਚਿਟਾਗਾਂਗ ਵਿੱਚ ਫਾਂਸ਼ੀ ਦੇਣ ਉਪਰੰਤ ਬਕਸ਼ੇ ਵਿੱਚ ਬੰਦ ਕਰਕੇ ਬੰਗਾਲ ਦੀ ਖਾੜੀ ਵਿੱਚ ਵਹਾ ਕੇ ਅਤੇ 1972 ਚ ਕਾਮਰੇਡ ਚਾਰੂ ਮਜੂਮਦਾਰ ਨੂੰ ਰਾਤ ਹਨੇਰੇ ਵਿੱਚ ਅਗਨ ਭੇਟ ਕਰਕੇ , ਕਸ਼ਮੀਰੀ ਮਕਬੂਲ ਭੱਟ ਨੂੰ ਫਾਂਸੀ ਉਪਰੰਤ ਤਿਹਾੜ ਜੇਲ ਵਿੱਚ ਦਫਨਾਕੇ ਘੋਰ ਨਫਰਤ ਦਾ ਪ੍ਰਗਟਾਅ ਕੀਤਾ ਸੀ। ਹਕੂਮਤ ਦੀ ਇਹ ਅਣਮਨੁੱਖੀ ਕਾਰਵਾਈ ਆਪਣੇ ਵਿਰੋਧੀਆਂ ਪ੍ਰਤੀ ਪਾਲੀ ਜਾ ਰਹੀ ਘੋਰ ਨਫਰਤ ਦਾ ਪ੍ਰਗਟਾਵਾ ਹੈ ਜਿਹੜੀ ਸਮਾਜ ਲਈ ਬੇਹੱਦ ਨੁਕਸਾਨਦਾਇਕ ਸਿੱਧ ਹੋਵੇਗੀ। ਪੁਲੀਸ ਅਤੇ ਕੁਝ ਅਣਪਛਾਤੇ ਲੋਕਾਂ ਵਲੋਂ ਉਹਨਾਂ ਦੇ ਕਤਲਾਂ ਉੱਤੇ ਜਸ਼ਨ ਮਨਾਉਣ ਅਤੇ ਫਿਰ ਮੀਡੀਆ ਵਲੋਂ ਇਸ ਨੂੰ ਭਾਰਤੀ ਰਾਜ ਦੀ ਅਹਿਮ ਪ੍ਰਾਪਤੀ ਵਜੋਂ ਪ੍ਰਸਾਰਨਾ ਇਹ ਦੱਸਦਾ ਹੈ ਕਿ ਲੋਕ ਵਿਰੋਧੀ ਹਕੂਮਤ ਕਿੰਨੀ ਨਿਰਦਈ ਅਤੇ ਮਾਨਵਤਾ ਵਿਹੂਣੀ ਅਵਸਥਾ ਵਿੱਚ ਪਹੁੰਚ ਚੁੱਕੀ ਹੈ।

ਸਭਾ ਸਾਰੇ ਇਨਸਾਫ ਪਸੰਦ ਅਤੇ ਮਨੁੱਖਤਾ ਪ੍ਰਤੀ ਸਰੋਕਾਰ ਰੱਖਣ ਵਾਲੇ ਵਿਅਕਤੀਆਂ ਅਤੇ ਸੰਗਠਨਾ ਨੂੰ ਇਸ ਕਾਰਵਾਈ ਦੀ ਨਿਖੇਧੀ ਕਰਨ, ਅਤੇ ਸਮਾਜ ਅੰਦਰ ਅਜਿਹੀਆਂ ਫਾਸ਼ੀ ਪ੍ਰਵਿਰਤੀਆਂ ਦੇ ਪਲਣ ਪਸਰਣ ਨੂੰ ਰੋਕਣ ਲਈ ਅੱਗੇ ਆਉਣ ਦਾ ਸੱਦਾ ਦਿੰਦੀ ਹੈ।

# ਮਮਤਾ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਅਪ੍ਰੇਸ਼ਨ ਸਿੰਧੂਰ ਅਤੇ ਵਕਫ਼ ਕਾਨੂੰਨ ਦੀ ਵਿਰੋਧੀ: ਸ਼ਾਹ



## ਟੀ.ਐਮ.ਸੀ. ਵਲੋਂ ਬੰਗਲਾਦੇਸ਼ ਤੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਉਤਸ਼ਾਹਿਤ ਕਰਨ ਦੀ ਗੱਖ ਆਖੀ

**ਕੋਲਕਾਤਾ:**ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਮੁਸਲਿਮ ਵੋਟ ਬੈਂਕ ਨੂੰ ਖ਼ੁਸ਼ ਕਰਨ ਲਈ ਆਪ੍ਰੇਸ਼ਨ ਸਿੰਧੂਰ ਤੇ ਵਕਫ਼ ਸੋਧ ਐਕਟ ਦਾ ਵਿਰੋਧ ਕਰ ਰਹੀ ਹੈ।

ਪੱਛਮੀ ਬੰਗਾਲ ਦੇ ਆਪਣੇ ਦੋ ਦਿਨਾ ਦੌਰੇ ਦੇ ਪਹਿਲੇ ਦਿਨ ਅਮਿਤ ਸ਼ਾਹ ਨੇ ਕੋਲਕਾਤਾ ਵਿਖੇ ਵਿਜੇ ਸੰਕਲਪ ਪ੍ਰੋਗਰਾਮ 'ਚ ਪਾਰਟੀ ਵਰਕਰਾਂ ਨੂੰ ਕਿਹਾ ਕਿ ਮਮਤਾ ਅਜਿਹਾ ਕਰਕੇ ਦੇਸ਼ ਦੀਆਂ ਮਾਵਾਂ ਤੇ ਭੈਣਾਂ ਦਾ ਅਪਮਾਨ ਕਰ ਰਹੀ ਹੈ। ਰਾਜ ਦੀਆਂ ਮਾਵਾਂ ਤੇ ਭੈਣਾਂ ਪੱਛਮੀ ਬੰਗਾਲ 'ਚ 2026 ਦੀਆਂ ਵਿਧਾਨ ਸਭਾ ਚੋਣਾਂ 'ਚ ਆਪ੍ਰੇਸ਼ਨ ਸੰਧੂਰ ਦੀ ਆਲੋਚਨਾ ਕਰਨ ਲਈ ਮੁੱਖ ਮੰਤਰੀ ਮਮਤਾ ਤੇ ਟੀ.ਐਮ.ਸੀ. ਨੂੰ ਸਬਕ ਸਿਖਾਉਣਗੀਆਂ। ਉਨ੍ਹਾਂ ਕਿਹਾ ਕਿ ਜਦੋਂ ਪਹਿਲਗਾਮ ਅੱਤਵਾਦੀ ਹਮਲੇ 'ਚ ਬੰਗਾਲ ਤੋਂ ਆਏ ਸੈਲਾਨੀ ਮਾਰੇ ਗਏ ਸਨ ਤਾਂ ਮਮਤਾ ਬੇਨਰਜੀ ਚੁੱਪ ਰਹੀ। ਮੁਰਸ਼ਿਦਾਬਾਦ ਦੰਗੇ ਰਾਜ ਦੁਆਰਾ ਸਮਰਥਤ ਸਨ। ਗ੍ਰਹਿ ਮੰਤਰਾਲੇ ਨੇ ਇਥੇ ਬੀ.ਐਸ.ਐਫ. ਦੀ ਤਾਇਨਾਤੀ ਬਾਰੇ ਗੱਲ ਕੀਤੀ ਸੀ, ਪਰ ਮਮਤਾ ਸਰਕਾਰ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਕਾਰਨ ਹਿੰਸਾ ਜਾਰੀ ਰਹੀ। ਅਮਿਤ ਸ਼ਾਹ ਨੇ ਕਿਹਾ ਕਿ ਵਕਫ਼ ਸੋਧ ਐਕਟ ਨੂੰ ਲੈ ਕੇ ਮੁਰਸ਼ਿਦਾਬਾਦ 'ਚ ਹੋਏ ਦੰਗਿਆਂ 'ਚ ਟੀ.ਐਮ.ਸੀ. ਦੇ ਕਈ ਸੀਨੀਅਰ ਨੇਤਾ ਸ਼ਾਮਿਲ ਸਨ।

ਦੰਗਿਆਂ 'ਚ 3 ਲੋਕਾਂ ਦੀ ਮੌਤ ਹੋਈ ਤੇ ਕਈ ਹੋਰ ਜ਼ਖਮੀ ਹੋ ਗਏ। ਮਮਤਾ ਬੈਨਰਜੀ ਤੁਸ਼ਟੀਕਰਨ ਦੀ ਰਾਜਨੀਤੀ ਲਈ ਕਾਨੂੰਨ ਦੇ ਵਿਰੁੱਧ ਹੈ। ਸ਼ਾਹ ਨੇ ਕਿਹਾ ਕਿ ਟੀ.ਐਮ.ਸੀ. ਬੰਗਲਾਦੇਸ਼ ਤੋਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਮਤਾ ਬੈਨਰਜੀ ਨੇ ਬੰਗਲਾ ਦੇਸ਼ੀਆਂ ਲਈ ਬੰਗਾਲ ਦੀਆਂ ਸਰਹੱਦਾਂ ਖੋਲ੍ਹ ਦਿੱਤੀਆਂ ਹਨ। ਪੱਛਮੀ ਬੰਗਾਲ ਸਰਕਾਰ ਨੇ ਬੀ.ਐਸ.ਐਫ. ਨੂੰ ਲੋੜੀਂਦੀ ਜ਼ਮੀਨ ਨਹੀਂ ਦਿੱਤੀ ਹੈ। ਜੇਕਰ ਟੀ.ਐਮ.ਸੀ. ਬੀ.ਐਸ.ਐਫ. ਨੂੰ ਜ਼ਮੀਨ ਦਿੰਦੀ ਹੈ ਤਾਂ ਅਸੀਂ ਘੁਸਪੈਠ ਰੋਕਾਂਗੇ, ਪਰ ਟੀਐਮਸੀ ਅਜਿਹਾ ਨਹੀਂ ਕਰੇਗੀ।

# ਮਮਤਾ ਦੀ ਪਾਰਟੀ ਵਲੋਂ ਸ਼ਾਹ 'ਤੇ ਜਵਾਬੀ ਹਮਲਾ



ਤ੍ਰਿਣਮੂਲ ਕਾਂਗਰਸ ਨੇ ਐਤਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਪੱਛਮੀ ਬੰਗਾਲ ਸਰਕਾਰ 'ਤੇ ਗੈਰ-ਕਾਨੂੰਨੀ ਘੁਸਪੈਠ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਉਣ 'ਤੇ ਤਿੱਖਾ ਜਵਾਬੀ ਹਮਲਾ ਕੀਤਾ ਅਤੇ ਕਿਹਾ ਕਿ ਸਰਹੱਦੀ ਸੁਰੱਖਿਆ ਬੀ.ਐਸ.ਐਫ. ਦੀ ਜ਼ਿੰਮੇਵਾਰੀ ਹੈ, ਜੋ ਕੇਂਦਰ ਦੇ ਅਧੀਨ ਕੰਮ ਕਰਦੀ ਹੈ। ਕੋਲਕਾਤਾ 'ਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸੀਨੀਅਰ ਟੀ.ਐਮ.ਸੀ. ਨੇਤਾ ਅਤੇ ਰਾਜ ਮੰਤਰੀ ਚੰਦਰਿਮਾ ਭੱਟਾਚਾਰੀਆ ਨੇ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਤੇ ਦੋਸ਼ ਲਗਾਇਆ ਕਿ ਉਹ ਪਹਿਲਗਾਮ 'ਚ ਹਾਲ ਹੀ 'ਚ ਹੋਏ ਅੱਤਵਾਦੀ ਹਮਲੇ ਨੂੰ ਰੋਕਣ 'ਚ ਅਸਫਲ ਰਹੇ। ਭੱਟਾਚਾਰੀਆ, ਜਿਨ੍ਹਾਂ ਨਾਲ ਟੀ.ਐਮ.ਸੀ. ਸੰਸਦ ਮੈਂਬਰ ਕਾਕੋਲੀ ਘੋਸ਼ ਦਸਤੀਦਾਰ ਤੇ ਸਾਗਰਿਕਾ ਘੋਸ਼ ਵੀ ਸਨ, ਨੇ ਕਿਹਾ ਕਿ ਟੀ.ਐਮ.ਸੀ. ਸਰਹੱਦਾਂ ਦੀ ਰਾਖੀ ਲਈ ਜ਼ਿੰਮੇਵਾਰ ਨਹੀਂ, ਇਹ ਬੀ.ਐਸ.ਐਫ. ਦਾ ਕੰਮ ਹੈ, ਜੋ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਕੰਮ ਕਰਦਾ ਹੈ। ਜੇਕਰ ਕੋਈ ਸਮੱਸਿਆ ਹੈ, ਤਾਂ ਉਨ੍ਹਾਂ ਨੂੰ ਕੇਂਦਰ ਦੁਆਰਾ ਹੱਲ ਕੀਤਾ ਜਾਣਾ ਚਾਹੀਦਾ ਹੈ, ਰਾਜ 'ਤੇ ਦੋਸ਼ ਨਹੀਂ ਲਗਾਇਆ ਜਾਣਾ ਚਾਹੀਦਾ।

# ਜੀ.ਐੱਸ.ਟੀ. ਦੀ ਉਗਰਾਹੀ ਦਾ ਨਵਾਂ ਰਿਕਾਰਡ

**ਨਵੀਂ ਦਿੱਲੀ:**ਬੀਤੇ ਮਾਲੀ ਸਾਲ ਦੀ ਆਖਰੀ ਤਿਮਾਹੀ 'ਚ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ ਜੀਡੀਪੀ ਦੇ 7.4 ਫੀਸਦੀ ਰਹਿਣ ਦਾ ਅੰਕੜਾ ਸਾਹਮਣੇ ਆਇਆ ਹੈ। ਹੁਣ ਜੀਐੱਸਟੀ ਕੁਲੈਕਸ਼ਨ ਨਾਲ ਦੇਸ਼ ਦੀ ਅਰਥਵਿਵਸਥਾ ਨੂੰ ਉਛਾਲ ਮਿਲਦਾ ਨਜ਼ਰ ਆ ਰਿਹਾ ਹੈ। ਚਾਲੂ ਮਾਲੀ ਸਾਲ 2025-26 'ਚ ਲਗਾਤਾਰ ਦੂਜੇ ਮਹੀਨੇ ਜੀਐੱਸਟੀ ਕੁਲੈਕਸ਼ਨ ਦੋ ਲੱਖ ਕਰੋੜ ਦੇ ਪਾਰ ਚਲਾ ਗਿਆ। ਮਈ ਮਹੀਨੇ 'ਚ ਜੀਐੱਸਟੀ ਕੁਲੈਕਸ਼ਨ ਪਿਛਲੇ ਸਾਲ ਮਈ ਦੇ ਮੁਕਾਬਲੇ 16.4 ਫੀਸਦੀ ਦੇ ਵਾਧੇ ਨਾਲ 2,01,050 ਕਰੋੜ ਰੁਪਏ ਰਿਹਾ। ਇਸ ਸਾਲ ਅਪ੍ਰੈਲ 'ਚ ਜੀਐੱਸਟੀ ਕੁਲੈਕਸ਼ਨ ਰਿਕਾਰਡ ਲਗਪਗ 2.37 ਲੱਖ ਕਰੋੜ ਰੁਪਏ ਹੋਇਆ ਸੀ। ਚਾਲੂ ਮਾਲੀ ਸਾਲ ਦੇ ਪਹਿਲੇ ਦੋ ਮਹੀਨਿਆਂ 'ਚ 4,37,767 ਲੱਖ ਕਰੋੜ ਰੁਪਏ ਦਾ ਜੀਐੱਸਟੀ ਕੁਲੈਕਸ਼ਨ ਹੋ ਚੁੱਕਾ ਹੈ, ਜੋ ਬੀਤੇ ਮਾਲੀ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 14.3 ਫੀਸਦੀ ਵੱਧ ਹੈ। ਚਾਲੂ ਮਾਲੀ ਸਾਲ ਦੇ ਬਜਟ 'ਚ ਜੀਐੱਸਟੀ ਕੁਲੈਕਸ਼ਨ 'ਚ 11 ਫੀਸਦੀ ਵਾਧੇ ਦਾ ਅੰਦਾਜ਼ਾ ਲਗਾਇਆ ਗਿਆ ਹੈ। ਵਿੱਤ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਮਈ ਮਹੀਨੇ ਦੇ ਜੀਐੱਸਟੀ ਕੁਲੈਕਸ਼ਨ 'ਚ ਸੀਜੀਐੱਸਟੀ ਦੀ ਹਿੱਸੇਦਾਰੀ 35,434 ਕਰੋੜ ਤਾਂ ਐੱਸਜੀਐੱਸਟੀ ਦੀ 43,902 ਕਰੋੜ ਦੀ ਰਹੀ। ਆਈਜੀਐੱਸਟੀ ਦੇ ਮਦ 'ਚ 1,08,836 ਕਰੋੜ




ਤਾਂ ਸੈੱਸ ਦੇ ਮਦ 'ਚ 12,879 ਕਰੋੜ ਰੁਪਏ ਵਸੂਲੇ ਗਏ। ਇਹ ਪਿਛਲੇ ਸਾਲ ਮਈ ਦੇ ਸ਼ੁੱਧ ਕੁਲੈਕਸ਼ਨ ਦੇ ਮੁਕਾਬਲੇ 'ਚ 20.4 ਫੀਸਦੀ ਵੱਧ ਹੈ। ਪਿਛਲੇ ਸਾਲ ਮਈ 'ਚ ਜੀਐੱਸਟੀ ਦਾ ਸ਼ੁੱਧ ਕੁਲੈਕਸ਼ਨ 1,44,381 ਕਰੋੜ ਰੁਪਏ ਦਾ ਸੀ। ਟੈਕਸ ਕੁਨੈਕਟ ਐਡਵਾਇਜ਼ਰੀ ਸਰਵਿਸ ਦੇ ਪਾਰਟਨਰ ਵਿਵੇਕ ਜਾਲਾਨ ਅਨੁਸਾਰ ਮਈ 'ਚ ਘਰੇਲੂ ਪੱਧਰ ਦੀ ਵਿਕਰੀ ਨਾਲ ਮਿਲਣ ਵਾਲੇ ਜੀਐੱਸਟੀ 'ਚ 10 ਫੀਸਦੀ ਤਾਂ ਦਰਾਮਦ ਤੋਂ ਮਿਲਣ ਵਾਲੇ ਜੀਐੱਸਟੀ 'ਚ 73 ਫੀਸਦੀ ਦਾ ਵਾਧਾ ਹੋਇਆ ਹੈ, ਜੋ ਦਰਸਾ ਰਿਹਾ ਹੈ ਕਿ ਦਰਾਮਦ ਕਾਫੀ ਤੇਜ਼ੀ ਨਾਲ ਵਧ ਰਹੀ ਹੈ। ਇਸ 'ਤੇ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ।

# ਹਵਾਈ ਫ਼ੌਜ ਦੇ ਮੁਖੀ ਨੇ ਸੁਰੱਖਿਆ ਸਮੱਗਰੀ ਦੇ ਨਿਰਮਾਣ 'ਚ ਦੇਰੀ 'ਤੇ ਚਿੰਤਾ ਜਤਾਈ

**ਨਵੀਂ ਦਿੱਲੀ:** ਏਅਰ ਚੀਫ ਮਾਰਸ਼ਲ ਏਪੀ ਸਿੰਘ ਨੇ ਭਾਰਤੀ ਉਦਯੋਗ ਸੰਘ (ਸੀਆਈਆਈ) ਦੇ ਸਿਖਰ ਸੰਮੇਲਨ ਵਿਚ ਰੱਖਿਆ ਸੌਦਿਆ ਅਤੇ ਰੱਖਿਆ ਸਮੱਗਰੀ ਦੇ ਨਿਰਮਾਣ ਪ੍ਰਾਜੈਕਟਾਂ ਵਿਚ ਦੇਰੀ ਨੂੰ ਲੈ ਕੇ ਜਿਹੋ ਜਿਹੀਆ ਖਰੀਆਂ ਖਰੀਆਂ ਸੁਣਾਈਆਂ ਹਨ, ਉਹ ਅਜਿਹੀਆਂ ਗੱਲਾਂ ਲਈ ਜਾਣੇ ਜਾਂਦੇ ਹਨ। ਰੱਖਿਆ ਦੇ ਮੁਹਾਜ 'ਤੇ ਕਿਸੇ ਵੀ ਤਰ੍ਹਾਂ ਦੀ ਦੇਰੀ ਪ੍ਰਵਾਨਯੋਗ ਨਹੀਂ ਹੈ। ਇਸ ਤੇ ਪਹਿਲਾਂ ਉਨ੍ਹਾਂ ਨੇ ਜੰਗੀ ਜਹਾਜ਼ ਤੇਜਸ ਦੇ ਨਿਰਮਾਣ ਵਿਚ ਦੇਰੀ 'ਤੇ ਨਾਖ਼ੁਸ਼ੀ ਜ਼ਾਹਰ ਕੀਤੀ ਸੀ। ਹੁਣ ਉਨ੍ਹਾਂ ਨੇ ਇਹ ਕਹਿਣ 'ਚ ਥੋੜ੍ਹੀ ਜਿਹੀ ਵੀ ਝਿਜਕ ਨਹੀਂ ਦਿਖਾਈ ਕਿ ਹਥਿਆਰਾ ਅਤੇ ਰੱਖਿਆ ਸਾਜ਼ੋ-ਸਾਮਾਨ ਦੇ ਨਿਰਮਾਣ ਦਾ ਕੋਈ ਵੀ ਪ੍ਰਾਜੈਕਟ ਸਮੇਂ ਸਿਰ ਪੂਰਾ ਨਹੀਂ ਹੁੰਦਾ। ਉਨ੍ਹਾਂ ਦੀ ਇਹ ਗੱਲ ਵੀ ਸਹੀ ਹੈ ਕਿ ਦੂਜੇ ਦੇਸ਼ਾਂ ਤੋਂ ਰੱਖਿਆ ਸਮੱਗਰੀ ਦੀ ਖਰੀਦ ਦੇ ਜੋ ਸੌਦੇ ਹੁੰਦੇ ਹਨ, ਉਨ੍ਹਾਂ ਤਹਿਤ ਮਿਲਣ ਵਾਲੀ ਸਮੱਗਰੀ ਦੀ ਸਪਲਾਈ ਵਿਚ ਵੀ ਦੇਰੀ ਹੁੰਦੀ ਹੈ। ਇਸ ਦੀਆਂ ਕਈ ਮਿਸਾਲਾਂ ਹਨ। ਪਹਿਲਾਂ ਤਾਂ ਰੱਖਿਆ ਸੌਦਿਆਂ ਨੂੰ ਅੰਤਿਮ ਰੂਪ ਦੇਣ ਵਿਚ ਹੀ ਚੰਗਾ-ਖਾਸਾ ਵਕਤ ਲੱਗ ਜਾਂਦਾ ਸੀ। ਇਸ ਕਾਰਨ ਰੂਸੀ ਰੱਖਿਆ ਸਮੱਗਰੀ ਮਿਲਣ ਵਿਚ ਹੋਰ ਦੇਰੀ ਹੁੰਦੀ ਸੀ। ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਮਨਮੋਹਨ ਸਿੰਘ ਦੀ ਸਰਕਾਰ 'ਲੰਬੇ ਸਮੇਂ ਤੱਕ ਰਾਫੇਲ ਜਾਂ ਇਸ ਵਰਗੇ ਹੋਰ ਜਹਾਜ਼ਾਂ ਦੀ ਖਰੀਦ ਦਾ ਫੈਸਲਾ ਹੀ ਨਹੀਂ ਕਰ ਸਕੀ ਸੀ। ਬੇਸ਼ੱਕ ਮੋਦੀ ਸਰਕਾਰ ਨੇ ਰੱਖਿਆ ਸੌਦੇ ਦੇਰੀ ਨਾਲ ਕਰਨ ਦੇ ਨਾਲ ਹੀ ਦੇਸ਼ ਵਿਚ ਹੀ ਸਰਕਾਰੀ ਅਤੇ ਨਿੱਜੀ ਖੇਤਰ ਦੇ ਸਹਿਯੋਗ ਨਾਲ ਰੱਖਿਆ ਸਮੱਗਰੀ ਦੇ ਨਿਰਮਾਣ ਵੱਲ ਵਾਧੂ ਧਿਆਨ ਦਿੱਤਾ ਹੈ ਅਤੇ ਇਸ ਦੇ ਹਾਂ-ਪੱਖੀ ਨਤੀਜੇ ਵੀ ਮਿਲੇ ਹਨ। ਪਰ ਇਸ ਮੁਹਾਜ਼ 'ਤੇ ਵਧੇਰੇ ਸਰਗਰਮੀ ਦਿਖਾਉਣ ਦੀ ਜ਼ਰੂਰਤ ਹੈ। ਕਿਉਂਕਿ ਇਹ ਮਾਮਲਾ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ।




ਅਜਿਹੇ ਸੰਵੇਦਨਸ਼ੀਲ ਮਾਮਲਿਆ ਵਿਚ ਸਰਕਾਰ ਨੂੰ ਹਰਗਿਜ਼ ਢਿੱਲ ਨਹੀਂ ਵਰਤਣੀ ਚਾਹੀਦੀ। ਸ਼ਾਇਦ ਇਸੇ ਲਈ ਹੀ ਗੱਲ ਹੀ ਵਿਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਹ ਵੱਡਾ ਐਲਾਨ ਕੀਤਾ ਕਿ ਪੰਜਵੀਂ ਪੀੜ੍ਹੀ ਦੇ ਜੰਗੀ ਜਹਾਜ਼ ਦੇਸ਼ ਵਿਚ ਹੀ ਬਣਾਉਣ ਲਈ ਜਨਤਕ ਖੇਤਰ ਦੇ ਨਾਲ ਹੀ ਨਿੱਜੀ ਖੇਤਰ ਦਾ ਵੀ ਸਹਿਯੋਗ ਲਿਆ ਜਾਵੇਗਾ। ਬੀਤੇ ਕਈ ਸਾਲਾਂ ਵਿਚ ਕਿਉਂਕਿ ਰੱਖਿਆ ਸਮੱਗਰੀ ਬਣਾਉਣ ਵਾਲੀਆਂ ਸਾਡੀਆਂ ਕੰਪਨੀਆਂ ਨੇ ਆਪਣੀ ਸਮਰੱਥਾ ਸਾਬਿਤ ਕਰ ਦਿੱਤੀ ਹੈ, ਇਸ ਲਈ ਉਨ੍ਹਾਂ ਨੂੰ ਹੋਰ ਜ਼ਿਆਦਾ ਹੱਲਾਸ਼ੇਰੀ ਮਿਲਣੀ ਚਾਹੀਦੀ ਹੈ।

ਕਿਉਂਕਿ ਆਪ੍ਰੇਸ਼ਨ ਸਿੰਧੂਰ ਨੇ ਇਹ ਸਿੱਧ ਕੀਤਾ ਕਿ ਭਾਰਤੀ ਸੈਨਾ ਉੱਨਤ ਹਥਿਆਰਾਂ ਨਾਲ ਲੈਸ ਹੋਣ ਦੇ ਨਾਲ ਹੀ ਉਨ੍ਹਾਂ ਦੀ ਵਰਤੋਂ ਵਿਚ ਵੀ ਮੁਹਾਰਤ ਰੱਖਦੀ ਹੈ। ਇਸੇ ਕਾਰਨ ਹਵਾਈ ਫ਼ੌਜ ਦੇ ਮੁਖੀ ਨੇ ਪਾਕਿਸਤਾਨ ਅਤੇ ਚੀਨ ਦੀ ਪੋਲ ਖੋਲ੍ਹਣ ਵਾਲੀ ਇਸ ਫੌਜੀ ਮੁਹਿੰਮ ਨੂੰ ਕੌਮੀ ਜਿੱਤ ਦਾ ਨਾਂ ਦਿੱਤਾ। ਇਹ ਧਿਆਨ ਰਹੇ ਕਿ ਜਨਰਲ ਬਿਪਿਨ ਰਾਵਤ ਇਹ ਕਿਹਾ ਕਰਦੇ ਸਨ ਕਿ ਭਾਰਤ ਨੂੰ ਆਪਣੀ ਜ਼ਰੂਰਤ ਦੇ ਹਥਿਆਰ ਖ਼ੁਦ ਬਣਾਉਣੇ ਚਾਹੀਦੇ ਹਨ।ਕਿਉਂਕਿ ਹੌਲੀ-ਹੌਲੀ ਉਹ ਉੱਨਤ ਹੁੰਦੇ ਜਾਣਗੇ ਅਤੇ ਅਸੀਂ ਰੱਖਿਆ ਸਮੱਗਰੀ ਦੇ ਮਾਮਲੇ ਵਿਚ ਆਤਮ-ਨਿਰਭਰ ਹੋ ਜਾਵਾਂਗੇ।

ਉਸ ਨੇ ਸਮੇਂ ਦੇ ਨਾਲ ਉੱਨਤ ਹਥਿਆਰਾਂ ਤੋਂ ਇਲਾਵਾ ਉਦਯੋਗ-ਧੰਦਿਆਂ ਦੇ ਕੰਮ ਆਉਣ ਵਾਲੇ ਅਜਿਹੇ ਉਮਦਾ ਸਾਜ਼ੋ-ਸਾਮਾਨ ਵੀ ਬਣਾਏ ਹਨ ਜੋ ਅਮਰੀਕਾ ਦੀ ਤਰੱਕੀ ਵਿਚ ਸਹਾਇਕ ਬਣੇ। ਇਹੀ ਕੰਮ ਰੱਖਿਆ ਖੇਤਰ ਵਿਚ ਉਤਰੀਆ ਸਾਡੀਆਂ ਨਿੱਜੀ ਕੰਪਨੀਆਂ ਵੀ ਕਰ ਸਕਦੀਆਂ ਹਨ।

# ਪੰਚਾਂ ਸਰਪੰਚਾਂ ਨੂੰ ਮੁਅੱਤਲ ਕਰਨ ਵਾਲੇ ਨੋਟੀਫਿਕੇਸ਼ਨ 'ਤੇ ਹਾਈ ਕੋਰਟ ਵਲੋਂ ਰੋਕ




**ਹੁਸ਼ਿਆਰਪੁਰ:** ਪੰਜਾਬ ਸਰਕਾਰ ਵਲੋਂ ਗੈਰ- ਸੰਵਿਧਾਨਕ ਤੌਰ 'ਤੇ ਸਰਪੰਚਾਂ ਅਤੇ ਪੰਚਾਂ ਨੂੰ ਮੁਅੱਤਲ ਕਰਨ ਲਈ ਨੋਟੀ ਫ਼ਿਕੇਸ਼ਨ ਜਾਰੀ ਕਰਦਿਆਂ ਪੰਜਾਬ 'ਚ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਸ਼ਕਤੀਆਂ ਦਿੱਤੀਆਂ ਗਈਆਂ, ਜਦਕਿ ਪਹਿਲਾਂ ਇਹ ਸ਼ਕਤੀਆਂ ਪੰਚਾਇਤੀ ਰਾਜ ਐਕਟ 1994 ਤਹਿਤ ਡਾਇਰੈਕਟਰ ਪੰਚਾਇਤੀ ਰਾਜ ਵਿਭਾਗ ਦੇ ਕੋਲ ਸਨ। ਸਰਕਾਰ ਦੇ ਉਕਤ ਨੋਟੀਫ਼ਿਕੇਸ਼ਨ ਦੇ ਖ਼ਿਲਾਫ਼ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਵਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਜਨਹਿੱਤ ਪਟੀਸ਼ਨ ਦਾਖਲ ਕੀਤੀ ਗਈ, ਜਿਸ 'ਤੇ ਹਾਈਕੋਰਟ ਵਲੋਂ ਸਰਕਾਰ ਦੇ ਨੋਟੀਫ਼ਿਕੇਸ਼ਨ 'ਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜੈ ਗੋਪਾਲ ਧੀਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਆਪਣੀਆਂ ਗੈਰ-ਸੰਵਿਧਾਨਕ ਧੱਕੇਸ਼ਾਹੀਆਂ ਨੂੰ ਲੈ ਕੇ 4 ਅਪ੍ਰੈਲ 2025 ਨੂੰ ਪੱਤਰ ਨੰਬਰ 358-59 ਨੂੰ ਜਾਰੀ ਕਰਕੇ ਸਰਪੰਚਾਂ-ਪੰਚਾਂ ਨੂੰ ਅਹੁਦੇ ਤੋਂ ਬਰਖ਼ਾਸਤ ਕਰਨ ਦੀ ਕਾਰਵਾਈ ਨੂੰ ਲੈ ਕੇ ਇਕ ਦਿਸ਼ਾ-ਨਿਰਦੇਸ਼ (ਐਸ.ਓ.ਪੀ.) ਮਿਆਰੀ ਕਾਰਜ-ਵਿਧੀ ਜਾਰੀਕਰਦਿਆਂ ਪੰਚਾਇਤੀ ਰਾਜ ਐਕਟ 1994 ਦੀ ਧਾਰਾ 20(4) ਅਧੀਨ ਸਰਪੰਚਾਂ ਅਤੇ ਪੰਚਾਂ ਨੂੰ ਮੁਅੱਤਲ ਕਰਨ ਦੀਆਂ ਸਾਰੀਆਂ ਸ਼ਕਤੀਆਂ ਗੈਰ ਸੰਵਿਧਾਨਕ ਤੌਰ 'ਤੇ ਪੰਜਾਬ ਅੰਦਰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਅਤੇ ਡਿਪਟੀ ਕਮਿਸ਼ਨਰਾਂ ਨੂੰ ਤਬਦੀਲ ਕੀਤੀਆਂ ਸਨ। ਜਿਹੜਾ ਪੰਚ ਅਤੇ ਸਰਪੰਚ ਸਰਕਾਰ ਜਾਂ ਉਸ ਦੇ ਚਹੇਤਿਆਂ ਦਾ ਕਹਿਣਾ ਨਾ ਮੰਨੇ ਉਨ੍ਹਾਂ ਨੂੰ ਆਸਾਨੀ ਨਾਲ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਕੋਲੋਂ ਗੈਰ ਸੰਵਿਧਾਨਕ ਤੌਰ 'ਤੇ ਮੁਅੱਤਲ ਕਰਵਾਇਆ ਜਾ ਸਕੇ, ਜਦਕਿ ਪੰਚਾਇਤੀ ਰਾਜ ਐਕਟ 1994 ਤਹਿਤ ਇਹ ਸਾਰੀਆਂ ਸ਼ਕਤੀਆਂ ਡਾਇਰੈਕਟਰ ਪੰਚਾਇਤੀ ਰਾਜ ਵਿਭਾਗ ਦੇ ਕੋਲ ਸਨ ਤੇ ਇਸ 'ਚ ਪੰਚਾਂ ਅਤੇ ਸਰਪੰਚਾਂ ਨੂੰ ਆਪਣਾ ਪੱਖ ਰੱਖਣ ਦਾ ਪੂਰਾ ਮੌਕਾ ਦਿੱਤਾ ਜਾਂਦਾ ਸੀ ਅਤੇ ਯੋਗ ਕਾਰਵਾਈ ਵੀ ਹੁੰਦੀ ਸੀ। ਪੰਜਾਬ ਸਰਕਾਰ ਵਲੋਂ ਗੈਰ ਸੰਵਿਧਾਨਕ ਨੋਟੀਫ਼ਿਕੇਸ਼ਨ ਜਾਰੀ ਕਰਨ 'ਤੇ ਸਰਕਾਰ ਦੇ ਵਿਰੋਧੀ ਧਿਰ ਦੇ ਸਰਪੰਚਾਂ ਅਤੇ ਪੰਚਾਂ ਦਾ ਸਕੂਨ ਤੇ ਕੰਮ ਕਰਨ ਦੀ ਸੰਵਿਧਾਨਕ ਆਜ਼ਾਦੀ ਗੁੰਮ ਹੋ ਗਈ ਸੀ, ਜਿਸ ਕਾਰਨ ਸਰਪੰਚਾਂ ਅਤੇ ਪੰਚਾਂ ਵਿਚ ਵੱਡਾ ਡਰ ਦਾ ਮਾਹੌਲ ਸੀ, ਕਿਉਂਕਿ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੀਆਂ ਗਤੀਵਿਧੀਆਂ ਪੂਰੀ ਤਰ੍ਹਾਂ ਰਾਜਨੀਤੀਵਾਨਾਂ ਦੇ ਅਧੀਨ ਹੋ ਗਈਆਂ ਹਨ ਤੇ ਅਧਿਕਾਰੀ ਵੀ ਸਰਕਾਰ ਤੋਂ ਡਰਦੇ ਆਪਣੀਆਂ ਮਨਮਰਜ਼ੀਆਂ 'ਤੇ ਹੋ ਗਏ ਸਨ। ਇਸ ਨੋਟੀਫ਼ਿਕੇਸ਼ਨ ਸੰਬੰਧੀ ਜੈ ਗੋਪਾਲ ਉਨ੍ਹਾਂ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਐਨ.ਪੀ.ਐਸ. ਰਾਹੀਂ ਜਨ ਹਿੱਤ ਪਟੀਸ਼ਨ ਪਾਈ। ਉਨ੍ਹਾਂ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਇਸ ਜਨ ਹਿੱਤ ਪਟੀਸ਼ਨ 131-2025 ਦੀ ਅਗਵਾਈ ਕੀਤੀ ਤੇ ਸਾਰੇ ਤੱਥ ਡਬਲ ਬੈਂਚ ਦੇ ਅੱਗੇ ਰੱਖੇ ਅਤੇ ਹਾਈਕੋਰਟ ਵਲੋਂ ਕੇਸ ਦੀ ਸੁਣਵਾਈ ਕਰਦੇ ਸਾਰ ਹੀ ਅਗਲੇ ਹੁਕਮਾਂ ਤੱਕ ਪੰਜਾਬ ਸਰਕਾਰ ਦੇ ਉਕਤ ਨੋਟੀਫਿਕੇਸ਼ਨ ਉੱਤੇ ਰੋਕ ਲਗਾ ਦਿੱਤੀ।

# ਨਾਜਾਇਜ਼ ਸ਼ਰਾਬ ਦਾ ਧੰਦਾ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ: ਚੀਮਾ



**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜ਼ਬਤ ਕੀਤੇ ਗਏ ਟੈਂਕਰ ਗੁਜਰਾਤ 'ਚ ਰਜਿਸਟਰਡ ਹਨ। ਉੱਥੇ ਸ਼ਰਾਬ 'ਤੇ ਪਾਬੰਦੀ ਹੈ। ਇਨ੍ਹਾਂ ਟੈਂਕਰਾਂ 'ਚ ਰੱਖੀ ਇਥਾਨੌਲ ਦੀ ਵਰਤੋਂ 3.50 ਲੱਖ ਲੀਟਰ ਦੇਸੀ ਸ਼ਰਾਬ ਬਣਾਉਣ ਲਈ ਕੀਤੀ ਜਾ ਸਕਦੀ ਹੈ। ਜੋ ਦੂਜੇ ਸੂਬਿਆਂ ਨੂੰ ਸਪਲਾਈ ਹੋਣੀ ਸੀ। ਪਰ ਆਬਕਾਰੀ ਵਿਭਾਗ ਤੇ ਪੰਜਾਬ ਪੁਲਿਸ ਨੇ ਇਹ ਇਥਾਨੌਲ ਜ਼ਬਤ ਕਰ ਕੇ ਅੱਠ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਇਹ ਜ਼ਬਤੀ ਵੱਡੀ ਕਾਮਯਾਬੀ ਹੈ। ਉਨ੍ਹਾਂ ਕਿਹਾ ਕਿ ਨਾਜਾਇਜ਼ ਸ਼ਰਾਬ ਬਣਾਉਣ ਵਾਲਿਆਂ ਨੂੰ ਸਰਕਾਰ ਕਦੇ ਮਾਫ਼ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਉਮਰ ਕੈਦ ਵਰਗੀ ਸਜ਼ਾ ਵਾਲੀਆਂ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਨਜਾਇਜ਼ ਸ਼ਰਾਬ ਖ਼ਿਲਾਫ਼ ਰੁਖਸਖ਼ਤ ਹੈ। ਉਨ੍ਹਾਂ ਸਖ਼ਤ ਚਿਤਾਵਨੀ ਦਿੱਤੀ ਕਿ ਨਾਜਾਇਜ਼ ਸ਼ਰਾਬ ਬਣਾਉਣ ਵਾਲੇ ਜਾਂ ਤਾਂ ਧੰਦਾ ਛੱਡ ਦੇਣ ਜਾਂ ਫਿਰ ਪੰਜਾਬ ਛੱਡ ਕੇ ਚਲੇ ਜਾਣ। ਉਨਾਂ ਕਿਹਾ ਕਿ ਮਜੀਠਾ ਦੇ ਜ਼ਹਿਰੀਲੀ ਸ਼ਰਾਬ ਦੇ ਕਾਂਡ ਦੀ ਜਾਂਚ ਜਾਰੀ ਹੈ। ਜਲਦ ਚਾਰਜਸ਼ੀਟ ਅਦਾਲਤ 'ਤੇ ਪੇਸ਼ ਕੀਤੀ ਜਾਵੇਗੀ। ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਮਜੀਠੀਆ ਦੇ ਟਿਕਾਣਿਆਂ 'ਤੇ ਛਾਪੇਮਾਰੀ ਸੰਬੰਧੀ ਫ਼ੈਸਲਾ 9 ਜੂਨ ਤੱਕ ਮੁਲਤਵੀ




**ਐੱਸ.ਏ.ਐੱਸ.ਨਗਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਠਿਕਾਣਿਆਂ 'ਤੇ ਛਾਪੇਮਾਰੀ ਵਾਰੰਟ ਜਾਰੀ ਕਰਨ ਸੰਬੰਧੀ ਐੱਸ. ਆਈ. ਟੀ. ਵਲੋਂ ਮੁਹਾਲੀ ਅਦਾਲਤ ਵਿਚ ਦਾਇਰ ਕੀਤੀ ਅਰਜ਼ੀ 'ਤੇ ਫ਼ੈਸਲਾ ਨਹੀਂ ਸੁਣਾਇਆ ਜਾ ਸਕਿਆ। ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 9 ਜੂਨ ਤੱਕ ਮੁਲਤਵੀ ਕਰ ਦਿੱਤੀ ਹੈ। ਇਹ ਅਰਜ਼ੀ ਅਪ੍ਰੈਲ ਮਹੀਨੇ ਨਵੀਂ ਗਠਿਤ ਵਿਸ਼ੇਸ਼ ਜਾਂਚ ਟੀਮ ਵਲੋਂ ਲਗਾਈ ਗਈ ਸੀ, ਜਿਸ ਦਾ ਮਕਸਦ ਡਰੱਗਜ਼ ਮਾਮਲੇ ਦੀ ਜਾਂਚ ਵਿਚ ਤੇਜ਼ੀ ਲਿਆਉਣ ਲਈ ਮਜੀਠੀਆ ਦੇ ਵੱਖ-ਵੱਖ ਠਿਕਾਣਿਆਂ 'ਤੇ ਛਾਪੇਮਾਰੀ ਦੀ ਮਨਜ਼ੂਰੀ ਲੈਣਾ ਸੀ। ਇਸ ਅਰਜ਼ੀ 'ਤੇ ਦੋਵਾਂ ਧਿਰਾਂ ਵਲੋਂ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਸਿਮਰਨਜੀਤ ਸਿੰਘ ਅੱਗੇ ਦਲੀਲਾਂ ਪੇਸ਼ ਕੀਤੀਆਂ ਗਈਆਂ ਸਨ। ਹੁਣ ਅਦਾਲਤ ਵਲੋਂ 9 ਜੂਨ ਨੂੰ ਸੁਣਾਇਆ ਜਾਣ ਵਾਲਾ ਫ਼ੈਸਲਾ ਇਸ ਕੇਸ ਦੀ ਦਿਸ਼ਾ ਨੂੰ ਨਵਾਂ ਮੋੜ ਦੇ ਸਕਦਾ ਹੈ। ਮਜੀਠੀਆ ਦੇ ਸਮਰਥਕਾਂ ਅਤੇ ਵਿਰੋਧੀਆਂ ਦੀਆਂ ਨਜ਼ਰਾਂ ਹੁਣ ਮੁਹਾਲੀ ਅਦਾਲਤ ਵਿਖੇ । ਤਾਇਨਾਤ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਵਲੋਂ ਸੁਣਾਏ ਜਾਣ ਵਾਲੇ ਅਹਿਮ ਫ਼ੈਸਲੇ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਮਜੀਠੀਆ ਦੇ ਠਿਕਾਣਿਆਂ 'ਤੇ ਛਾਪੇਮਾਰੀ ਦੀ ਇਜਾਜ਼ਤ ਦਿੰਦੇ ਹਨ ਜਾਂ ਨਹੀਂ।

# ਆਦਮਪੁਰ ਹਵਾਈ ਅੱਡੇ ਤੋਂ ਮੁੰਬਈ ਲਈ ਉਡਾਣ 2 ਜੁਲਾਈ ਤੋਂ



**ਆਦਮਪੁਰ(ਜਲੰਧਰ):** ਆਦਮਪੁਰ ਸਿਵਲ ਹਵਾਈ ਅੱਡੇ ਤੋਂ ਮੁੰਬਈ ਲਈ ਉੱਡਾਣ ਜੋ ਕਿ 2 ਜੁਲਾਈ ਤੋਂ ਸ਼ੁਰੂ ਹੋਣ ਜਾ ਰਹੀ ਹੈ ਅਤੇ ਜਿਸ ਦਾ ਲੋਕ ਬੇਸਵਰੀ ਨਾਲ ਇੰਤਜ਼ਾਰ ਕਰ ਰਹੇ ਸਨ। ਇਹ ਉੱਡਾਣ ਹਫਤੇ 'ਚ ਸੱਤ ਦਿਨ ਉੱਡੇਗੀ। ਇਹ ਉਡਾਣ ਮੁੰਬਈ ਤੋਂ ਦੁਪਹਿਰ 12.55 ਤੋਂ ਆਦਮਪੁਰ ਲਈ ਉਡਾਣ ਭਰੇਗੀ ਅਤੇ ਆਦਮਪੁਰ ਸਿਵਲ ਹਵਾਈ ਅੱਡੇ 'ਤੇ ਦੁਪਹਿਰ 3.15 ਵਜੇ ਪਹੁੰਚੇਗੀ ਅਤੇ ਇਹ ਉਡਾਣ ਆਦਮਪੁਰ ਤੋਂ ਦੁਪਹਿਰ 3.50 'ਤੇ ਉਡਾਣ ਭਰੇਗੀ ਅਤੇ ਸ਼ਾਮ 6.30 ਵਜੇ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ ਪਹੁੰਚੇਗੀ। ਇਸ ਤੋਂ ਪਹਿਲਾਂ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਸਟਾਰ ਏਅਰ ਦੀ ਗਾਜੀਆਬਾਦ, ਨਾਂਦੇੜ ਸਾਹਿਬ ਅਤੇ ਬੈਂਗਲੁਰੂ ਲਈ ਉਡਾਣਾਂ ਚਲਦੀਆਂ ਹਨ। ਏਅਰ ਪੋਰਟ ਅਥਾਰਿਟੀ ਇੰਡੀਆ ਵਲੋਂ ਇੰਡੀਗੋ ਏਅਰ ਲਾਈਨ ਨੂੰ ਆਦਮਪੁਰ ਤੋਂ ਮੁੰਬਈ ਲਈ ਉੱਡਾਣ ਭਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

# ਭਾਰਤ ਵਿਚ ਕਰੋਨਾ ਨਾਲ ਸੱਤ ਮੌਤਾਂ



**ਨਵੀਂ ਦਿੱਲੀ:** ਦੇਸ਼ ਦੇ ਵੱਖ ਵੱਖ ਸੂਬਿਆਂ 'ਚ ਕਰੋਨਾ ਕਾਰਨ ਸੱਤ ਮੌਤਾਂ ਹੋ ਗਈਆਂ ਹਨ ਅਤੇ ਬਹੁਤੇ ਕੇਸਾਂ ਵਿੱਚ ਮਰੀਜ਼ ਕਈ ਹੋਰ ਬਿਮਾਰੀਆਂ ਤੋਂ ਪੀੜਤ ਸਨ। ਸਿਹਤ ਮੰਤਰਾਲੇ ਅਨੁਸਾਰ ਪੰਜਾਬ, ਦਿੱਲੀ, ਗੁਜਰਾਤ, ਕਰਨਾਟਕ ਤੇ ਤਾਮਿਲਨਾਡੂ 'ਚ ਇੱਕ-ਇੱਕ ਅਤੇ ਮਹਾਰਾਸ਼ਟਰ 'ਚ ਦੋ ਮਰੀਜ਼ਾਂ ਦੀ ਮੌਤ ਹੋਈ ਹੈ। ਦੇਸ਼ 'ਚ ਕੋਵਿਡ ਦੇ ਕੇਸਾਂ ਦੀ ਗਿਣਤੀ 3,395 ਤੱਕ ਪਹੁੰਚ ਗਈ, ਜਿਨ੍ਹਾਂ 'ਚੋਂ 1,170 ਮਰੀਜ਼ਾਂ ਨੂੰ ਛੁੱਟੀ ਦਿੱਤੀ ਜਾ ਚੁੱਕੀ ਹੈ। ਸਭ ਤੋਂ ਵੱਧ 1,336 ਕੇਸ ਕੇਰਲਾ 'ਚ ਦਰਜ ਕੀਤੇ ਗਏ ਹਨ ਤੇ ਮੌਤਾਂ ਦੀ ਗਿਣਤੀ ਦੇ ਅੰਕੜੇ ਜੁਟਾਏ ਜਾ ਰਹੇ ਹਨ। ਅਧਿਕਾਰੀਆਂ ਵੱਲੋਂ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾਣ ਰਹੀ ਹੈ।

# ਥਾਈਲੈਂਡ ਦੀ ਸੁਚਾਤਾ ਬਣੀ ਮਿਸ ਵਰਲਡ 2025





**ਹੈਦਰਾਬਾਦ:** ਥਾਈਲੈਂਡ ਦੀ ਸੁਚਾਤਾ ਚੁਆਂਗਸ਼ੀ ਨੇ 72ਵੀਂ ਮਿਸ ਵਰਲਡ ਪ੍ਰਤੀਯੋਗਿਤਾ 2025 ਜਿੱਤ ਲਈ ਹੈ। ਹੈਦਰਾਬਾਦ 'ਚ ਹੋਏ ਗ੍ਰੈਂਡ ਫਿਨਾਲੇ ਤੋਂ ਬਾਅਦ ਚੁਆਂਗਸ਼ੀ ਨੂੰ ਮਿਸ ਵਰਲਡ ਦਾ ਤਾਜ ਪਹਿਨਾਇਆ ਗਿਆ। ਈਥੋਪੀਆ ਦੀ ਹਾਸੇਟ ਡੇਰੇਜੇ ਐਡਮਸੂ ਨੂੰ ਉੱਪ ਜੇਤੂ ਐਲਾਨਿਆ ਗਿਆ। ਭਾਰਤ ਦੀ ਨੰਦਿਨੀ ਗੁਪਤਾ ਪ੍ਰਤੀਯੋਗਤਾ 'ਚ ਟੌਪ-8 'ਚ ਜਗ੍ਹਾ ਬਣਾਉਣ 'ਚ ਨਾਕਾਮ ਰਹੀ। ਦਮਦਾਰ ਪ੍ਰਦਰਸ਼ਨ ਦੇ ਬਾਵਜੂਦ 21 ਸਾਲਾ ਗੁਪਤਾ ਪ੍ਰਤੀਯੋਗਿਤਾ ਦੇ ਆਖਰੀ ਪੜਾਅ 'ਚ ਜਗ੍ਹਾ ਨਹੀਂ ਬਣਾ ਸਕੀ। ਪਹਿਲੀ ਹੀ ਪ੍ਰਤੀਯੋਗਿਤਾ 'ਚ ਟੌਪ-40 'ਚ ਜਗ੍ਹਾ ਬਣਾ ਚੁੱਕੀ ਨੰਦਿਨੀ ਸ਼ਨੀਵਾਰ ਨੂੰ ਆਯੋਜਿਤ ਪ੍ਰੋਗਰਾਮ ਦੌਰਾਨ ਇਸ ਸੈਣੀ 'ਚ ਫਾਸਟ ਟ੍ਰੈਕ ਕਰਨ ਵਾਲੀਆਂ 18 ਮੁਕਾਬਲੇਬਾਜ਼ਾਂ 'ਚੋਂ ਇਕ ਸੀ।

# ਭਾਰਤ ਖ਼ਿਲਾਫ਼ ਅਸੀਂ ਬਾਜ਼ੀ ਪਲਟ ਦਿੱਤੀ: ਸ਼ਾਹਬਾਜ਼



**ਇਸਲਾਮਾਬਾਦ:** ਭਾਰਤ ਦੇ ਹਾਲੀਆ ਜ਼ੋਰਦਾਰ ਹਮਲੇ ਨਾਲ ਗੋਡੇ ਟੇਕਣ ਵਾਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਸ਼ਨੀਵਾਰ ਨੂੰ ਇਕ ਵਾਰ ਫਿਰ ਸ਼ੇਖੀ ਮਾਰਦੇ ਨਜ਼ਰ ਆਏ। ਉਨ੍ਹਾਂ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਸੰਘਰਸ਼ ਦੌਰਾਨ ਭਾਰਤ 'ਤੇ ਪਲਟਵਾਰ ਕਰਕੇ ਬਾਜ਼ੀ ਹੀ ਪਲਟ ਦਿੱਤੀ। ਸ਼ਰੀਫ਼ ਨੇ ਕਿਹਾ ਕਿ ਪਾਕਿਸਤਾਨ ਦੀ ਹਥਿਆਰਬੰਦ ਫ਼ੌਜ "ਸਾਡੀ ਸੰਪ੍ਰਭੁਤਾ ਅਤੇ ਅਖੰਡਤਾ ਦੀ ਰਾਖੀ ਹੈ। ਭਾਰਤ ਨੇ ਪਹਿਲਗਾਮ ਦੀ ਢਾਲ ਲੈ ਕੇ ਹਮਲੇ ਦਾ ਯਤਨ ਕੀਤਾ, ਪਰ ਪਾਕਿਸਤਾਨ ਨੇ ਨਾ ਸਿਰਫ਼ ਇਸ ਦਾ ਯੋਗ ਜਵਾਬ ਦਿੱਤਾ, ਸਗੋਂ ਬਾਜ਼ੀ ਵੀ ਪਲਟ ਦਿੱਤੀ।" ਸ਼ਰੀਫ਼ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਦੁਸ਼ਮਣ ਦੇ ਸੱਤ ਬਹੁਤ ਖਾਸ ਹਵਾਈ ਜਹਾਜ਼ਾਂ ਨੂੰ ਨਿਸ਼ਾਨਾ ਬਣਾਕੇ ਆਪਣੀ ਪੇਸ਼ੇਵਰ ਸਮਰੱਥਾ ਦਿਖਾਈ। ਉਨ੍ਹਾਂ ਕਿਹਾ, "ਏਅਰ ਚੀਫ਼ ਮਾਰਸ਼ਲ ਜ਼ਹੀਰ ਅਹਿਮਦ ਬਾਬਰ ਨੇ ਆਪਣੀ ਸਮਰੱਥਾ ਸਾਬਤ ਕੀਤੀ, ਜਦੋਂਕਿ ਫੌਜ ਦੇ ਮੁਖੀ ਆਸਿਮ ਮੁਨੀਰ ਨੇ ਇਤਿਹਾਸਕ ਜਿੱਤ ਹਾਸਲ ਕੀਤੀ ਅਤੇ ਇਕ ਯੋਗ ਫੀਲਡ ਮਾਰਸ਼ਲ ਦੇ ਤੌਰ 'ਤੇ ਆਪਣੇ ਵੱਕਾਰ ਨੂੰ ਮਜ਼ਬੂਤ ਕੀਤਾ।"

# ਇਤਰਾਜ਼ਯੋਗ ਪੋਸਟ ਕਾਰਨ ਵਿਦਿਆਰਥਣ ਗ੍ਰਿਫ਼ਤਾਰ



**ਕੈਲਕਾਕਾ:** ਪੁਲਿਸ ਨੇ ਇਤਰਾਜ਼ਯੋਗ ਵੀਡੀਓ ਪੋਸਟ ਕਰਨ ਦੇ ਦੋਸ਼ 'ਚ ਗੁਰੂਗ੍ਰਾਮ ਤੋਂ 22 ਸਾਲਾ ਸ਼ਰਮਿਸ਼ਠਾ ਪਨੌਲੀ ਨਾਂ ਦੀ ਲਾਅ ਦੀ ਵਿਦਿਆਰਥਣ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ਰਮਿਸ਼ਠਾ ਗੁਰੂਗ੍ਰਾਮ 'ਚ ਰਹਿੰਦੀ ਹੈ ਤੇ ਪੂਣੇ ਦੀ ਲਾਅ ਯੂਨੀਵਰਸਿਟੀ ਤੋਂ ਪੜ੍ਹਾਈ ਕਰ ਰਹੀ ਹੈ। ਇਹ ਕਾਰਵਾਈ ਕੋਲਕਾਤਾ ਦੇ ਗਾਰਨਰੀਚ ਥਾਣੇ 'ਚ 15 ਮਈ ਨੂੰ ਦਰਜ ਐੱਫਆਈਆਰ ਤੇ ਅਦਾਲਤ ਤੋਂ ਜਾਰੀ ਗ੍ਰਿਫ਼ਤਾਰੀ ਵਾਰੰਟ ਦੇ ਆਧਾਰ 'ਤੇ ਕੀਤੀ ਗਈ ਹੈ।

# ਔਰਤ ਨਾਲ ਜਬਰ ਜਨਾਹ; ਚੱਲਦੀ ਕਾਰ 'ਚੋਂ ਬਾਹਰ ਸੁੱਟਿਆ



**ਹਾਪੁੜ:** ਇਕ ਔਰਤ ਨਾਲ ਸਮੂਹਿਕ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਵਾਰਾਣਸੀ ਦੇ ਆਨੰਦ ਦੂਬੇ ਨੇ ਔਰਤ ਨੂੰ ਹੋਟਲ 'ਚ ਨੌਕਰੀ ਦੇਣ ਦਾ ਝਾਂਸਾ ਦੇ ਕੇ ਹਾਪੁੜ ਬੁਲਾਇਆ।

ਮੁਲਜ਼ਮ ਨੇ ਆਪਣੇ ਸਾਥੀ ਦੀ ਮਦਦ ਨਾਲ ਔਰਤ ਨੂੰ ਕਾਰ 'ਚ ਬਿਠਾਇਆ ਚੱਲਦੀ ਕਾਰ 'ਚ ਜ਼ਬਰਦਸਤੀ ਸ਼ਰਾਬ ਪਿਲਾਈ ਤੇ ਦੋਵਾਂ ਨੇ ਉਸ ਨਾਲ ਜਬਰ ਜਨਾਹ ਕੀਤਾ। ਇਸ ਤੋਂ ਬਾਅਦ ਔਰਤ ਨੂੰ ਰੇਲਵੇ ਸਟੇਸ਼ਨ ਦੇ ਨਜ਼ਦੀਕ ਚੱਲਦੀ ਕਾਰ 'ਚੋਂ ਸੁੱਟ ਕੇ ਮੁਲਜ਼ਮ ਫਰਾਰ ਹੋ ਗਏ।

ਦੋਵਾਂ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।


# ਜ਼ਿਲ੍ਹਾ ਤੇ ਤਹਿਸੀਲ ਅਦਾਲਤਾਂ 30 ਜੂਨ ਤੱਕ ਬੰਦ



**ਲੁਧਿਆਣਾ:** ਗਰਮੀਆਂ ਦੀਆਂ ਛੁੱਟੀਆਂ ਦੇ ਕਾਰਨ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੀਆਂ ਜ਼ਿਲ੍ਹਾ ਤੇ ਤਹਿਸੀਲ ਅਦਾਲਤਾਂ 'ਚ ਇਕ ਤੋ 30 ਜੂਨ ਤੱਕ ਰੈਗੂਲਰ ਦੀਵਾਨੀ ਮਾਮਲਿਆਂ ਦੀ ਸੁਣਵਾਈ ਮੁਲਤਵੀ ਰਹੇਗੀ। ਉੱਧਰ ਅਦਾਲਤਾਂ ਇਸ ਦੌਰਾਨ ਪੂਰੀ ਤਰ੍ਹਾਂ ਬੰਦ ਨਹੀਂ ਹੋਣਗੀਆਂ।

ਜ਼ਰੂਰੀ ਤੇ ਐਮਰਜੈਂਸੀ ਮਾਮਲਿਆਂ ਦੀ ਸੁਣਵਾਈ ਯਕੀਨੀ ਕਰਨ ਲਈ ਨਿਆਇਕ ਵਿਵਸਥਾ ਨੂੰ ਸਰਗਰਮ ਰੱਖਿਆ ਗਿਆ ਹੈ। ਇਕ ਜੂਨ ਤੋਂ 13 ਜੂਨ ਤੱਕ ਅਦਾਲਤਾਂ 'ਚ ਫ਼ੌਜਦਾਰੀ ਮਾਮਲਿਆਂ ਦੀ ਰੈਗੂਲਰ ਸੁਣਵਾਈ ਜਾਰੀ ਰਹੇਗੀ। ਹਾਲਾਂਕਿ 16 ਤੋਂ 30 ਜੂਨ ਤੱਕ ਫ਼ੌਜਦਾਰੀ ਮਾਮਲਿਆਂ ਦੀ ਵੀ ਸੁਣਵਾਈ ਮੁਲਤਵੀ ਰਹੇਗੀ ਅਤੇ ਅਦਾਲਤਾਂ ਛੁੱਟੀਆਂ ਦੇ ਕਾਰਨ ਪੂਰੀ ਤਰ੍ਹਾਂ ਨਾਲ ਬੰਦ ਰਹਿਣਗੀਆਂ।

# ਕੋਵਿਡ-19 ਵਾਇਰਸ ਹੈ ਜਾਂ ਬੈਕਟੀਰੀਆ?



**ਸਿੰਗਾਪੁਰ:** ਸਿੰਗਾਪੁਰ ਦੇ ਸਿਹਤ ਮੰਤਰਾਲੇ ਤੋਂ ਆਈਆਂ ਖ਼ਬਰਾਂ ਅਨੁਸਾਰ ਸਿੰਗਾਪੁਰ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਹੈ, ਜਿਸਨੇ ਕੋਵਿਡ-19 ਨਾਲ ਸੰਕਰਮਿਤ ਵਿਅਕਤੀ ਦੇ ਸਰੀਰ ਦਾ ਪੋਸਟਮਾਰਟਮ ਕੀਤਾ ਹੈ। ਪੂਰੀ ਜਾਂਚ ਤੋਂ ਬਾਅਦ, ਇਹ ਪਾਇਆ ਗਿਆ ਕਿ ਕੋਵਿਡ-19 ਵਾਇਰਸ ਦੇ ਰੂਪ ਵਿੱਚ ਨਹੀਂ ਸਗੋਂ ਇੱਕ ਬੈਕਟੀਰੀਆ ਦੇ ਰੂਪ ਵਿੱਚ ਮੌਜੂਦ ਹੈ, ਜੋ ਕਿ ਰੇਡੀਏਸ਼ਨ ਦੇ ਸੰਪਰਕ ਵਿੱਚ ਆਉਂਦਾ ਹੈ ਅਤੇ ਖ਼ੂਨ ਵਿੱਚ ਜੰਮ ਕੇ ਵਿਅਕਤੀ ਦੀ ਮੌਤ ਦਾ ਕਾਰਨ ਬਣਦਾ ਹੈ। ਇਹ ਪਾਇਆ ਗਿਆ ਕਿ ਕੋਵਿਡ-19 ਬਿਮਾਰੀ ਦੇ ਕਾਰਨ, ਵਿਅਕਤੀ ਵਿੱਚ ਖ਼ੂਨ ਦੇ ਥੱਕੇ ਬਣ ਜਾਂਦੇ ਹਨ, ਜਿਸ ਕਾਰਨ ਨਾੜੀਆਂ ਵਿੱਚ ਖ਼ੂਨ ਜੰਮ ਜਾਂਦਾ ਹੈ, ਜਿਸ ਕਾਰਨ ਵਿਅਕਤੀ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਂਦੀ ਹੈ; ਕਿਉਂਕਿ ਦਿਮਾਗ, ਦਿਲ ਅਤੇ ਫੇਫੜੇ ਆਕਸੀਜਨ ਪ੍ਰਾਪਤ ਕਰਨ ਵਿੱਚ ਅਸਮਰੱਥ ਹੁੰਦੇ ਹਨ, ਜਿਸ ਕਾਰਨ ਲੋਕ ਜਲਦੀ ਮਰ ਜਾਂਦੇ ਹਨ। ਸਾਹ ਲੈਣ ਦੀ ਸ਼ਕਤੀ ਦੀ ਘਾਟ ਦਾ ਕਾਰਨ ਪਤਾ ਲਗਾਉਣ ਲਈ, ਸਿੰਗਾਪੁਰ ਦੇ ਡਾਕਟਰਾਂ ਨੇ ਵਿਸ਼ਵ ਸਿਹਤ ਸੰਗਠਨ ਪ੍ਰੋਟੋਕੋਲ ਦੀ ਪਾਲਣਾ ਨਹੀਂ ਕੀਤੀ ਅਤੇ ਕੋਵਿਡ-19 ਦਾ ਪੋਸਟਮਾਰਟਮ ਕੀਤਾ। ਜਦੋਂ ਡਾਕਟਰਾਂ ਨੇ ਹੱਥਾਂ, ਪੈਰਾਂ ਅਤੇ ਸਰੀਰ ਦੇ ਹੋਰ ਹਿੱਸਿਆਂ ਨੂੰ ਖੋਲ੍ਹਿਆ ਅਤੇ ਉਨ੍ਹਾਂ ਦੀ ਧਿਆਨ ਨਾਲ ਜਾਂਚ ਕੀਤੀ, ਤਾਂ ਉਨ੍ਹਾਂ ਨੇ ਦੇਖਿਆ ਕਿ ਖ਼ੂਨ ਦੀਆਂ ਨਾੜੀਆਂ ਫੈਲੀਆਂ ਹੋਈਆਂ ਸਨ ਅਤੇ ਖ਼ੂਨ ਦੇ ਥੱਕਿਆਂ ਨਾਲ ਭਰੀਆਂ ਹੋਈਆਂ ਸਨ, ਜੋ ਖ਼ੂਨ ਦੇ ਪ੍ਰਵਾਹ ਵਿੱਚ ਰੁਕਾਵਟ ਪਾ ਰਹੀਆਂ ਸਨ ਅਤੇ ਸਰੀਰ ਵਿੱਚ ਆਕਸੀਜਨ ਦੇ ਪ੍ਰਵਾਹ ਨੂੰ ਵੀ ਘਟਾ ਰਹੀਆਂ ਸਨ, ਜਿਸ ਕਾਰਨ ਮਰੀਜ਼ ਦੀ ਮੌਤ ਹੋ ਗਈ। ਇਸ ਖੋਜ ਬਾਰੇ ਜਾਣਨ ਤੋਂ ਬਾਅਦ, ਸਿੰਗਾਪੁਰ ਦੇ ਸਿਹਤ ਮੰਤਰਾਲੇ ਨੇ ਤੁਰੰਤ ਕੋਵਿਡ-19 ਇਲਾਜ ਪ੍ਰੋਟੋਕੋਲ ਨੂੰ ਬਦਲ ਦਿੱਤਾ ਅਤੇ ਆਪਣੇ ਸਕਾਰਾਤਮਕ ਮਰੀਜ਼ਾਂ ਨੂੰ ਐਸਪਰੀਨ 100 ਐ.ਮ. ਅਤੇ ਇਮੋਰਮੈਕ ਦੇਣਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ, ਮਰੀਜ਼ ਠੀਕ ਹੋਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋਣ ਲੱਗਾ। ਸਿੰਗਾਪੁਰ ਦੇ ਸਿਹਤ ਮੰਤਰਾਲੇ ਨੇ ਇੱਕ ਦਿਨ ਵਿੱਚ 14,000 ਤੋਂ ਵੱਧ ਮਰੀਜ਼ਾਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਘਰ ਭੇਜ ਦਿੱਤਾ। ਵਿਗਿਆਨਕ ਖੋਜਾਂ ਦੇ ਇੱਕ ਦੌਰ ਤੋਂ ਬਾਅਦ, ਸਿੰਗਾਪੁਰ ਦੇ ਡਾਕਟਰਾਂ ਨੇ ਇਲਾਜ ਦੇ ਢੰਗ ਦੀ ਵਿਆਖਿਆ ਇਹ ਕਹਿ ਕੇ ਕੀਤੀ ਕਿ ਇਹ ਬਿਮਾਰੀ ਇੱਕ ਵਿਸ਼ਵਵਿਆਪੀ ਧੋਖਾ ਹੈ, "ਇਹ ਕੁਝ ਵੀ ਨਹੀਂ ਬਲਕਿ ਇੰਟਰਾਵੈਸਕੁਲਰ ਕੋਗੂਲੇਸ਼ਨ (ਖ਼ੂਨ ਦੇ ਜੰਮਣ) ਅਤੇ ਇਲਾਜ ਦਾ ਇੱਕ ਤਰੀਕਾ ਹੈ। ਐਂਟੀਬਾਇਓਟਿਕ ਗੋਲੀਆਂ ਐਂਟੀ-ਇਨਫਲੇਮੇਟਰੀ ਅਤੇ ਐਂਟੀਕੋਆਗੂਲੈਂਟਸ (ਐਸਪਰੀਨ) ਲਓ। ਇਹ ਦਰਸਾਉਂਦਾ ਹੈ ਕਿ ਬਿਮਾਰੀ ਨੂੰ ਠੀਕ ਕੀਤਾ ਜਾ ਸਕਦਾ ਹੈ। ਸਿੰਗਾਪੁਰ ਦੇ ਹੋਰ ਵਿਗਿਆਨੀਆਂ ਦੇ ਅਨੁਸਾਰ, ਵੈਂਟੀਲੇਟਰਾਂ ਅਤੇ ਇੰਟੈਂਸਿਵ ਕੇਅਰ ਯੂਨਿਟਾਂ (ਆਈਸੀਯੂ) ਦੀ ਕਦੇ ਲੋੜ ਨਹੀਂ ਸੀ। ਇਸ ਉਦੇਸ਼ ਲਈ ਪ੍ਰੋਟੋਕੋਲ ਸਿੰਗਾਪੁਰ ਵਿੱਚ ਪਹਿਲਾਂ ਹੀ ਪ੍ਰਕਾਸ਼ਿਤ ਕੀਤੇ ਜਾ ਚੁੱਕੇ ਹਨ। ਚੀਨ ਪਹਿਲਾਂ ਹੀ ਇਹ ਜਾਣਦਾ ਹੈ, ਪਰ ਕਦੇ ਵੀ ਆਪਣੀ ਰਿਪੋਰਟ ਜਾਰੀ ਨਹੀਂ ਕੀਤੀ। ਇਸ ਜਾਣਕਾਰੀ ਨੂੰ ਆਪਣੇ ਪਰਿਵਾਰ, ਗੁਆਂਢੀਆਂ, ਜਾਣੂਆਂ, ਦੋਸਤਾਂ ਅਤੇ ਸਹਿਯੋਗੀਆਂ ਨਾਲ ਸਾਂਝਾ ਕਰੋ ਤਾਂ ਜੋ ਉਹ ਕੋਵਿਡ-19 ਦੇ ਡਰ ਨੂੰ ਦੂਰ ਕਰ ਸਕਣ ਅਤੇ ਇਹ ਅਹਿਸਾਸ ਕਰ ਸਕਣ ਕਿ ਇਹ ਕੋਈ ਵਾਇਰਸ ਨਹੀਂ ਹੈ, ਸਗੋਂ ਇੱਕ ਬੈਕਟੀਰੀਆ ਹੈ ਜੋ ਸਿਰਫ ਰੇਡੀਏਸ਼ਨ ਦੇ ਸੰਪਰਕ ਵਿੱਚ ਆਇਆ ਹੈ। ਸਿਰਫ ਬਹੁਤ ਘੱਟ ਇਮਿਊਨਿਟੀ ਵਾਲੇ ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਇਹ ਰੇਡੀਏਸ਼ਨ ਸੋਜ ਅਤੇ ਹਾਈਪੌਕਸੀਆ ਦਾ ਕਾਰਨ ਵੀ ਬਣਦਾ ਹੈ। ਪੀੜਤਾਂ ਨੂੰ ਐਸਪਰੀਨ-100 ਐ.ਮ.ਅਤੇ ਐਪਰੋਨਿਕ ਜਾਂ ਪੈਰਾਸੀਟਾਮੋਲ 650 ਐ.ਮ. ਜ਼ਰੂਰ ਲੈਣੀ ਚਾਹੀਦੀ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬ 'ਚ ਤੇਲਗੂ ਪੜ੍ਹਾਉਣ ਦੇ ਫੈਸਲੇ ਦਾ ਵਿਰੋਧ

## ਪੰਜਾਬੀ ਭਾਸ਼ਾ ਦੀ ਮਜ਼ਬੂਤੀ ਲਈ ਜਾਗਰੂਕਤਾ ਮੁਹਿੰਮ ਦਾ ਐਲਾਨ

**ਚੰਡੀਗੜ੍ਹ:** ਕੇਂਦਰੀ ਪੰਜਾਬੀ ਲੇਖਕ ਸਭਾ, ਨੇ ਪੰਜਾਬ ਸਰਕਾਰ ਦੇ ਸਕੂਲਾਂ ਵਿੱਚ ਤੇਲਗੂ ਭਾਸ਼ਾ ਪੜ੍ਹਾਉਣ ਦੇ ਪ੍ਰਸਤਾਵਿਤ ਫੈਸਲੇ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਸਭਾ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਕਿਸੇ ਵੀ ਕਦਮ ਤੋਂ ਪਹਿਲਾਂ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦੀ ਸੰਭਾਲ ਅਤੇ ਸਮਰੱਥਾ ਲਈ ਠੋਸ ਉਪਰਾਲੇ ਕੀਤੇ ਜਾਣ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮਖਣ ਸਿੰਘ ਕੁਹਾੜ ਅਤੇ ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਵੱਲੋਂ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ, ਜੋ ਭਾਸ਼ਾਈ ਅਧਾਰ 'ਤੇ ਸਥਾਪਿਤ ਸੂਬਾ ਹੈ, ਨੂੰ ਛੇ ਦਹਾਕਿਆਂ ਬਾਅਦ ਵੀ ਨਾ ਤਾਂ ਆਪਣੀ ਰਾਜਧਾਨੀ ਮਿਲੀ ਹੈ ਅਤੇ ਨਾ ਹੀ ਪੂਰਨ ਤੌਰ 'ਤੇ ਆਪਣੀ ਹਾਈਕੋਰਟ। ਉਹਨਾਂ ਨੇ ਭਾਸ਼ਾ ਐਕਟ ਵਿੱਚ ਮੌਜੂਦ ਨੁਕਸਾਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਅਫਸਰਸ਼ਾਹੀ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਦੀ ਬਜਾਏ ਪੰਜਾਬੀ ਵਿੱਚ ਦਫਤਰੀ ਕੰਮਕਾਜ ਕਰਨ ਤੋਂ ਬਚਦੀ ਹੈ। ਸਭਾ ਨੇ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਵਰਗੇ ਮਸਲਿਆਂ ਦੇ ਸਿਆਸੀਕਰਨ 'ਤੇ ਚਿੰਤਾ ਜ਼ਾਹਰ ਕੀਤੀ।

ਉਹਨਾਂ ਦਾ ਕਹਿਣਾ ਹੈ ਕਿ ਸਰਕਾਰੀ ਨੀਤੀਆਂ ਨੇ ਸੂਬੇ ਦੀਆਂ ਮੁਢਲੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਨਵੀਆਂ ਗ਼ੈਰ ਜ਼ਰੂਰੀ ਚੁਣੌਤੀਆਂ ਨੂੰ ਜਨਮ ਦਿੱਤਾ ਹੈ। ਪ੍ਰਮੁੱਖ ਭਾਸ਼ਾ ਵਿਗਿਆਨੀ ਡਾ. ਸ਼ਿੰਦਰਪਾਲ ਸਿੰਘ ਅਤੇ ਡਾ. ਜੋਗਾ ਸਿੰਘ ਨੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੱਸਿਆ ਕਿ ਹੋਰ ਭਾਸ਼ਾਵਾਂ ਸਿੱਖਣਾ ਸਕਾਰਾਤਮਕ ਹੈ, ਪਰ ਪੰਜਾਬੀ ਦੇ ਨੇੜਲੇ ਸਭਿਆਚਾਰਕ ਅਤੇ ਭਾਸ਼ਾਈ ਸੰਬੰਧ ਉਰਦੂ, ਸ਼ਾਹਮੁਖੀ, ਰਾਜਸਥਾਨੀ ਅਤੇ ਪਹਾੜੀ ਬੋਲੀਆਂ ਨਾਲ ਹਨ, ਨਾ ਕਿ ਤੇਲਗੂ ਨਾਲ। ਇਸ ਲਈ ਪੰਜਾਬੀ ਨੂੰ ਪਹਿਲ ਦੇਣੀ ਜ਼ਰੂਰੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬੀ ਵਿੱਚ ਵਿਗਿਆਨ, ਕਾਨੂੰਨ ਅਤੇ ਤਕਨੀਕੀ ਵਿਦਿਆ ਸਮੇਤ ਉਚੇਰੀ ਸਿੱਖਿਆ ਦੀ ਸਮੱਗਰੀ ਤਿਆਰ ਕੀਤੀ ਜਾਵੇ ਅਤੇ ਸਕੂਲਾਂ-ਕਾਲਜਾਂ ਵਿੱਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਪਹਿਲ ਦੇ ਅਧਾਰ 'ਤੇ ਭਰੀਆਂ ਜਾਣ। ਨਾਲ ਹੀ, ਉਹਨਾਂ ਨੇ ਭਾਸ਼ਾ ਟ੍ਰਿਬਿਊਨਲ ਦੀ ਸਥਾਪਨਾ ਦੀ ਮੰਗ ਕੀਤੀ, ਜੋ ਪੰਜਾਬੀ ਵਿੱਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ। ਸਭਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬੀ ਭਾਸ਼ਾ ਵਿੱਚ ਰੁਜ਼ਗਾਰ ਦੇ ਮੌਕੇ ਸਿਰਜ ਕੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ ਵੱਲ ਪਰਵਾਸ ਦੀ ਬਜਾਏ ਆਪਣੇ ਸੂਬੇ ਵਿੱਚ ਸਨਮਾਨਜਨਕ ਜੀਵਨ ਅਤੇ ਰੋਜ਼ੀ-ਰੋਟੀ ਦੇ ਅਵਸਰ ਪ੍ਰਦਾਨ ਕੀਤੇ ਜਾਣ। ਕੇਂਦਰੀ ਪੰਜਾਬੀ ਲੇਖਕ ਸਭਾ ਨੇ ਐਲਾਨ ਕੀਤਾ ਹੈ ਕਿ ਉਹ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਸੁਰੱਖਿਆ ਲਈ ਜਨ-ਜਾਗਰੂਕਤਾ ਮੁਹਿੰਮ ਸ਼ੁਰੂ ਕਰੇਗੀ, ਜਿਸ ਵਿੱਚ ਸਮਾਜ ਦੇ ਸਾਰੇ ਵਰਗਾਂ ਨੂੰ ਸ਼ਾਮਲ ਕੀਤਾ ਜਾਵੇਗਾ

ਪੰਜਾਬ ਟਾਈਮਜ਼

*7 ਜੂਨ, ਸ਼ਨਿਚਰਵਾਰ*

# ਵਧ ਰਹੀ ਅਮਰੀਕੀ ਚਿੰਤਾ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਆਪਣੀਆਂ ਤੇਜ਼-ਤਰਾਰ ਨੀਤੀਆਂ ਅਤੇ ਬੋਲਡ ਬੋਲਾਂ ਕਾਰਨ ਦੁਨੀਆ 'ਚ ਕੋਈ ਨਾ ਕੋਈ ਵੱਡੀ ਚਰਚਾ ਅਕਸਰ ਛੇੜੀ ਰੱਖਦੇ ਹਨ। ਅਮਰੀਕਾ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਮੰਨਿਆ ਜਾਂਦਾ ਹੈ। ਇਸ ਦੀਆਂ ਹਰ ਤਰ੍ਹਾਂ ਦੀਆਂ ਨੀਤੀਆਂ ਦਾ ਦੁਨੀਆ ਭਰ ਦੇ ਦੇਸ਼ਾਂ ਉੱਤੇ ਅਸਰ ਪੈਂਦਾ ਹੈ। ਵੱਡੀ ਕੌਮਾਂਤਰੀ ਸੰਸਥਾ ਸੰਯੁਕਤ ਰਾਸ਼ਟਰ ਸੰਘ ਨੂੰ ਵੀ ਅਮਰੀਕਾ ਤੋਂ ਹੀ ਵਧੇਰੇ ਆਰਥਿਕ ਸਹਿਯੋਗ ਮਿਲਦਾ ਰਿਹਾ ਹੈ। ਹੋਰ ਅਨੇਕਾਂ ਵੱਡੀਆਂ ਸੰਸਥਾਵਾਂ ਨਾਲ ਵੀ ਇਹ ਦੇਸ਼ ਜੁੜਿਆ ਰਿਹਾ ਹੈ। ਦਰਜਨਾਂ ਹੀ ਹੋਰ ਛੋਟੇ ਦੇਸ਼ ਕਈ ਤਰ੍ਹਾਂ ਨਾਲ ਇਸ 'ਤੇ ਨਿਰਭਰ ਹਨ।

ਦੁਨੀਆ ਵਿਚ ਫੈਲੇ ਅਤਿਵਾਦ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਵੀ ਅਕਸਰ ਅਮਰੀਕਾ ਵੱਲ ਹੀ ਦੇਖਿਆ ਜਾਂਦਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਵੀ ਉਨ੍ਹਾਂ ਦੀ ਨੀਤੀ ਅਮਰੀਕਾ ਕੇਂਦਰਤ ਹੀ ਰਹੀ ਸੀ। ਭਾਵ ਆਪਣੀਆਂ ਕੌਮਾਂਤਰੀ ਜ਼ਿੰਮੇਵਾਰੀਆਂ ਨੂੰ ਅਣਗੌਲਿਆ ਕਰ ਕੇ ਸਭ ਤੋਂ ਪਹਿਲੀ ਤਰਜੀਹ ਆਪਣੇ ਦੇਸ਼ ਨੂੰ ਹੋਰ ਸ਼ਕਤੀਸ਼ਾਲੀ ਅਤੇ ਅਮੀਰ ਬਣਾਉਣ ਦੀ ਕੋਸ਼ਿਸ਼ ਕਰਨਾ। ਇਸ ਨਾਲ ਇਕ ਵਾਰ ਤਾਂ ਉਨ੍ਹਾਂ ਦੇ ਪਹਿਲੇ ਕਾਰਜਕਾਲ ਦੌਰਾਨ ਵੀ ਦੇਸ਼ ਦਾ ਪ੍ਰਬੰਧਕੀ ਤਾਣਾ-ਬਾਣਾ ਖਿੱਲਰਦਾ ਮਹਿਸੂਸ ਹੋਣ ਲੱਗਾ ਸੀ। ਇਕ ਸ਼ਕਤੀਸ਼ਾਲੀ ਦੇਸ਼ ਦਾ ਰਾਸ਼ਟਰਪਤੀ ਹੋਣ ਕਾਰਨ ਉਸ ਸਮੇਂ ਡੋਨਲਡ ਟਰੰਪ ਦੀ ਨੀਤੀ ਦੁਨੀਆ ਦੇ ਹੋਰ ਅਨੇਕਾਂ ਮੁਲਕਾਂ ਨੂੰ ਦਰਪੇਸ਼ ਮਸਲਿਆਂ ਸੰਬੰਧੀ ਉਨ੍ਹਾਂ ਨਾਲ ਗੱਲਬਾਤ ਕਰਨ ਜਾਂ ਆਪਣੇ ਸਹਿਯੋਗੀ ਦੇਸ਼ਾਂ ਨਾਲ ਸਲਾਹ-ਮਸ਼ਵਰਾ ਕਰਨ ਦੀ ਬਜਾਏ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਧਮਕਾਉਣ ਜਾਂ ਹੁਕਮ ਚਾੜ੍ਹਨ ਦੀ ਰਹੀ ਸੀ। ਇਨ੍ਹਾਂ ਨੀਤੀਆਂ ਨਾਲ ਕੌਮਾਂਤਰੀ ਪੱਧਰ 'ਤੇ ਵੀ ਅਤੇ ਉਨ੍ਹਾਂ ਦੇ ਆਪਣੇ ਦੇਸ਼ ਵਿਚ ਵੀ ਵੱਡਾ ਪ੍ਰਤੀਕਰਮ ਹੋਇਆ ਸੀ ਤੇ ਟਰੰਪ ਆਪਣੇ ਉਸ ਕਾਰਜਕਾਲ ਵਿਚ ਵੀ ਬਹੁਤ ਵਿਵਾਦਪੂਰਨ ਰਾਸ਼ਟਰਪਤੀ ਬਣ ਗਏ ਸਨ।

ਸ਼ਾਇਦ ਇਸੇ ਕਾਰਨ ਉਨ੍ਹਾਂ ਦੀ 2020 ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਦੁਬਾਰਾ ਹੋਈਆਂ ਚੋਣਾਂ ਵਿਚ ਹਾਰ ਹੋਈ ਸੀ। ਪਰ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਅਮਰੀਕਾ ਦੇ ਲੋਕਾਂ ਨੇ ਇਕ ਵਾਰ ਫਿਰ ਉਨ੍ਹਾਂ ਨੂੰ ਜਿੱਤ ਦੁਆਈ ਪਰ ਇਸ ਵਾਰ ਉਹ ਮਹਿਜ਼ 5 ਮਹੀਨੇ ਦੇ ਸ਼ਾਸਨ ਕਾਲ ਵਿਚ ਹੀ ਬੇਹੱਦ ਵਿਵਾਦਗ੍ਰਸਤ ਵਿਅਕਤੀ ਬਣ ਗਏ ਹਨ। ਉਨ੍ਹਾਂ ਦੀਆਂ ਅੰਦਰੂਨੀ ਤੇ ਕੌਮਾਂਤਰੀ ਨੀਤੀਆਂ ਨਾਲ ਵੱਡਾ ਰੋਸ ਪੈਦਾ ਹੋਇਆ ਹੈ। ਅਹੁਦਾ ਸੰਭਾਲਦਿਆਂ ਹੀ ਉਨ੍ਹਾਂ ਵਲੋਂ ਆਪਣੇ ਨੇੜਲੇ ਗੁਆਂਢੀ ਦੇਸ਼ ਗਰੀਨਲੈਂਡ ਨੂੰ ਕਬਜ਼ੇ ਵਿਚ ਲੈਣ ਅਤੇ ਕੈਨੇਡਾ ਵਰਗੇ ਵੱਡੇ ਰਕਬੇ ਵਾਲੇ ਦੇਸ਼ ਨੂੰ ਆਪਣਾ 51ਵਾਂ ਰਾਜ ਬਣਾ ਲੈਣ ਦੇ ਬਿਆਨਾਂ ਨੇ ਇਨ੍ਹਾਂ ਦੇਸ਼ਾਂ ਅਤੇ ਇਨ੍ਹਾਂ ਦੇ ਭਾਈਵਾਲਾਂ ਨੂੰ ਟਰੰਪ ਵਿਰੁੱਧ ਲਿਆ ਖੜ੍ਹਾ ਕੀਤਾ ਸੀ। ਉਨ੍ਹਾਂ ਵਲੋਂ ਦੁਨੀਆ ਭਰ ਦੇ ਦੇਸ਼ਾਂ 'ਤੇ ਇਕ ਪਾਸੜ ਤੌਰ 'ਤੇ ਟੈਰਿਫ ਲਾਉਣ ਦੀ ਨੀਤੀ ਨੇ ਵੀ ਅੱਜ ਬਹੁਤ ਸਾਰੇ ਦੇਸ਼ਾਂ ਨੂੰ ਉਨ੍ਹਾਂ ਦੇ ਪ੍ਰਸ਼ਾਸਨ ਦੇ ਖ਼ਿਲਾਫ਼ ਕਰ ਦਿੱਤਾ ਹੈ। ਇਸ ਵਿਚ ਚੀਨ ਵਰਗਾ ਵੱਡਾ ਦੇਸ਼ ਵੀ ਸ਼ਾਮਿਲ ਹੈ ਤੇ ਭਾਰਤ ਵੀ ਇਸ ਤੋਂ ਪ੍ਰਭਾਵਿਤ ਹੋਇਆ ਹੈ। ਸਭ ਤੋਂ ਵੱਧ ਅਸਰ ਯੂਰਪੀ ਦੇਸ਼ਾਂ 'ਤੇ ਪਿਆ। ਹੈ। ਯੂਰਪੀ ਯੂਨੀਅਨ ਦੇ ਦੇਸ਼ ਵੀ ਦੁਨੀਆ ਵਿਚ ਵੱਡੀ ਸ਼ਕਤੀ ਵਜੋਂ ਉੱਭਰੇ ਹਨ। ਚਾਹੇ ਬਰਤਾਨੀਆ ਕੁਝ ਸਾਲ ਪਹਿਲਾਂ ਯੂਰਪੀ ਯੂਨੀਅਨ ਤੋਂ ਵੱਖ ਹੋ ਗਿਆ ਸੀ ਪਰ ਫਿਰ ਵੀ ਉਹ ਬਹੁਤੇ ਮਾਮਲਿਆਂ 'ਚ ਗੁਆਂਢੀ ਦੇਸ਼ਾਂ ਨਾਲ ਹੀ ਦਮ ਭਰਦਾ ਹੈ। ਡੋਨਲਡ ਟਰੰਪ ਦੀਆਂ ਨੀਤੀਆਂ ਕਾਰਨ ਅੱਜ ਯੂਰਪ ਦੇ ਬਹੁਤੇ ਦੇਸ਼ ਉਨ੍ਹਾਂ ਦੀ ਆਲੋਚਨਾ ਵੀ ਕਰ ਰਹੇ ਹਨ ਤੇ ਅਮਰੀਕਾ ਸੰਬੰਧੀ ਆਪਣੀਆਂ ਨੀਤੀਆਂ 'ਤੇ ਦੁਬਾਰਾ ਵਿਚਾਰ ਕਰ ਕੇ ਆਪਣੇ ਦੇਸ਼ਾਂ ਨੂੰ ਨਵੀਆਂ ਦਿਸ਼ਾਵਾਂ ਵੱਲ ਤੋਰਨ ਦਾ ਵੀ ਯਤਨ ਕਰ ਰਹੇ ਹਨ। ਡੋਨਲਡ ਟਰੰਪ ਦੁਨੀਆ ਦੇ ਵੱਡੇ ਵਪਾਰੀਆਂ 'ਚੋਂ ਇਕ ਹੈ। ਇਸ ਵਾਰ ਉਨ੍ਹਾਂ ਨੇ ਆਪਣੀ ਚੋਣ ਮੁਹਿੰਮ ਵਿਚ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਨੂੰ ਵੀ ਆਪਣਾ ਸਾਥੀ ਬਣਾਇਆ ਸੀ, ਜਿਸ ਨੇ ਉਸ ਦੀ ਚੋਣ ਮੁਹਿੰਮ ਵਿਚ ਵੱਡੀ ਮਾਲੀ ਮਦਦ ਵੀ ਕੀਤੀ ਸੀ। ਸਰਕਾਰ ਬਣਨ ਤੋਂ ਬਾਅਦ ਉਸ ਨੇ ਐਲਨ ਮਸਕ ਨੂੰ ਸਰਕਾਰ ਵਲੋਂ ਦੇਸ਼ 'ਚ ਕੀਤੇ ਜਾਂਦੇ ਫਾਲਤੂ ਖ਼ਰਚ ਦੇ ਨਾਲ-ਨਾਲ ਕੌਮਾਂਤਰੀ ਤੌਰ 'ਤੇ ਵੀ ਕੀਤੇ ਜਾਂਦੇ ਬੇਲੋੜੇ ਖ਼ਰਚਿਆਂ ਨੂੰ ਨਿਯਮਿਤ ਕਰਨ ਲਈ ਬਣੇ ਵਿਭਾਗ ਦਾ ਮੁਖੀ ਥਾਪ ਦਿੱਤਾ ਸੀ।

ਐਲਨ ਮਸਕ ਨੇ ਇਸ ਸਮੇਂ ਵਿਚ ਚਾਹੇ ਇਹ ਖ਼ਰਚੇ ਘਟਾਉਣ ਲਈ ਵੱਡੇ ਕਦਮ ਚੁੱਕੇ ਸਨ ਪਰ ਅਜਿਹਾ ਕਰਦਿਆਂ ਉਸ ਨੇ ਦੇਸ਼ ਵਿਚ ਲੋਕ ਭਲਾਈ ਦੀਆਂ ਸਕੀਮਾਂ ਅਤੇ ਕੌਮਾਂਤਰੀ ਮੰਚ 'ਤੇ ਅਮਰੀਕਾ ਦੀਆਂ ਜ਼ਿੰਮੇਵਾਰੀਆਂ ਨੂੰ ਅਣਗੌਲਿਆਂ ਕਰ ਦਿੱਤਾ। ਸੰਯੁਕਤ ਰਾਸ਼ਟਰ ਸੰਘ ਸਮੇਤ ਵੱਡੇ ਕੌਮਾਂਤਰੀ ਮੰਚ ਜੋ ਦੁਨੀਆ ਭਰ ਦੇ ਮਸਲਿਆਂ ਨੂੰ ਹੱਲ ਕਰਨ ਲਈ ਯਤਨਸ਼ੀਲ ਹਨ, ਨੂੰ ਵਿਸਾਰ ਦੇਣ ਦੀ ਨੀਤੀ ਨੇ ਅਮਰੀਕਾ ਵਿਰੁੱਧ ਨਵੀਂ ਕਤਾਰਬੰਦੀ ਨੂੰ ਜਨਮ ਦਿੱਤਾ ਹੈ। ਅਮਰੀਕੀ ਯੂਨੀਵਰਸਿਟੀਆਂ ਨਾਲ ਵੀ ਟਰੰਪ ਦਾ ਟਕਰਾਅ ਵਧਦਾ ਜਾ ਰਿਹਾ ਹੈ, ਉਥੇ ਦੀਆਂ ਵੱਡੀਆਂ ਯੂਨੀਵਰਸਿਟੀਆਂ ਦੀ ਆਪਣੀ ਆਜ਼ਾਦ ਹਸਤੀ ਅਤੇ ਪਰੰਪਰਾ ਲੰਮੇ ਸਮੇਂ ਤੋਂ ਬਣੀ ਹੋਈ ਹੈ। ਸਿਆਸੀ ਆਧਾਰ 'ਤੇ ਟਰੰਪ ਵਲੋਂ ਹਾਰਵਰਡ ਯੂਨੀਵਰਸਿਟੀ ਵਿਚ ਦਿੱਤੇ ਜਾ ਰਹੇ ਦਖ਼ਲ ਨੇ ਦੇਸ਼ ਦੀਆਂ ਯੂਨੀਵਰਸਿਟੀਆਂ ਦੇ ਪ੍ਰਬੰਧਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਅਮਰੀਕੀ ਪ੍ਰਸ਼ਾਸਨ ਵਲੋਂ ਲੋਕ ਪੱਖੀ ਨੀਤੀਆਂ ਨੂੰ ਨਜ਼ਰ-ਅੰਦਾਜ਼ ਕਰਨ ਸਦਕਾ ਹੋ ਰਹੀ ਆਲੋਚਨਾ ਨੂੰ ਮੁੱਖ ਰੱਖਦਿਆਂ ਐਲਨ ਮਸਕ ਨੂੰ ਵੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਨਾ ਪਿਆ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਲਗਭਗ 5 ਮਹੀਨੇ ਦੇ ਆਪਣੇ ਸ਼ਾਸਨ ਵਿਚ ਹੀ ਡੋਨਲਡ ਟਰੰਪ ਨੇ ਆਪਣੀਆਂ ਨੀਤੀਆਂ ਨਾਲ ਆਪਣੇ ਦੇਸ਼ ਅਤੇ ਦੁਨੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਅਸਥਿਰ ਕਰ ਦਿੱਤਾ ਹੈ, ਤਾਂ ਬਾਕੀ ਰਹਿੰਦੇ ਸਮੇਂ ਵਿਚ ਉਹ ਅਜਿਹੀਆਂ ਨੀਤੀਆਂ 'ਤੇ ਚੱਲਦੇ ਹੋਏ ਅਮਰੀਕਾ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਕਿਸ ਤਰ੍ਹਾਂ ਦਾ ਮਾਹੌਲ ਬਣਾ ਦੇਣਗੇ, ਇਹ ਸੋਚ ਕੇ ਦੁਨੀਆ ਵਿਚ ਵੱਡੀ ਚਿੰਤਾ ਪੈਦਾ ਹੋ ਰਹੀ ਹੈ।

## ਠਾਹ-ਸੋਟਾ

—ਚਾਚਾ ਬੇਲਿਹਾਜ਼

### ਵਾਈ-ਫਾਈ ਦੀ ਫਾਹੀ

ਬੰਦਾ ਹੋਇਆ ਗੁਲਾਮ ਮਸ਼ੀਨਰੀ ਦਾ, ਤਦੇ ਬੀਪੀ ਤੇ ਸ਼ੂਗਰ ਨੇ ਘੁੱਸਿਆ ਏ।
ਦਿੱਤੇ ਸੁਖ ਵਿਗਿਆਨ ਨੇ ਬਹੁਤ ਭਾਵੇਂ, ਸਬਰ ਸਹਿਜ ਵੀ ਮਨਾਂ 'ਚੋਂ ਨੱਸਿਆ ਏ।
ਹਰ ਕੋਈ ਆਪਣੇ ਆਪ 'ਚ ਮਸਤ ਹੋ ਕੇ, ਨਿੱਜ-ਵਾਦ ਦੇ 'ਨਾਗ' ਦਾ 'ਡੱਸਿਆ' ਏ।
ਦਿਸੇ ਸਾਫ ਖਿਚਾਅ ਹੁਣ ਚਿਹਰਿਆਂ 'ਤੇ, ਤਬਲਾ ਜਿਉਂ ਵਜਾਉਣ ਲਈ ਕੱਸਿਆ ਏ।
ਟੱਚ-ਫੋਨ ਨੇ ਗਲੀਆਂ ਵਿਚ ਸੁੰਨ ਪਾਈ, ਛੋਟਾ-ਬੜਾ ਸਭ ਅੰਦਰ ਜਾ ਵੱਸਿਆ ਏ।
ਸੁਣਦਾ ਮਾਹੀ ਨਾ 'ਵਾਈਫ' ਦੀ ਗੱਲ ਦੇਖੋ, 'ਵਾਈ-ਫਾਈ' ਦੀ ਫਾਹੀ ਵਿਚ ਫਸਿਆ ਏ।

# ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਕਾਰਕਾਂ ਦੀ ਨਿਸ਼ਾਨਦੇਹੀ ਜ਼ਰੂਰੀ

ਜਦੋਂ ਪੰਜਾਬ ਵਿਚ ਕਿਸੇ ਵੀ ਕਿਸਮ ਦੀਆਂ ਚੋਣਾਂ ਆਉਂਦੀਆਂ ਹਨ, ਪੰਜਾਬ ਦੇ ਨੇਤਾ ਪੰਜਾਬ ਦੇ ਮੁੱਦਿਆਂ, ਮਸਲਿਆਂ, ਪੰਜਾਬ ਨਾਲ ਹੋਏ ਵਿਤਕਰਿਆਂ ਦੀ ਗੱਲ ਕਰਦੇ ਹਨ; ਪਰ ਫਿਰ ਚੁੱਪ ਧਾਰ ਲੈਂਦੇ ਹਨ।

ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦਾ ਮਸਲਾ ਹੋਵੇ, ਭਾਖੜਾ ਨੰਗਲ ਡੈਮ 'ਚੋਂ ਪਾਣੀ ਛੱਡਣ ਦਾ ਮਾਮਲਾ ਹੋਵੇ, ਪੰਜਾਬ ਚੰਡੀਗੜ੍ਹ ਨੂੰ ਸੌਂਪਣ ਦੀ ਗੱਲ ਹੋਵੇ, ਨਸ਼ਿਆਂ ਦੀ ਭਰਮਾਰ, ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ ਦਾ ਭਖਦਾ ਮਸਲਾ ਹੋਵੇ, ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਗੱਲ ਹੋਵੇ ਜਾਂ ਮਜ਼ਦੂਰਾਂ, ਖੇਤ ਮਜ਼ਦੂਰਾਂ, ਬੇਰੁਜ਼ਗਾਰਾਂ ਲਈ ਰੁਜ਼ਗਾਰ ਜਾਂ ਉਨ੍ਹਾਂ ਲਈ ਘੱਟੋ-ਘੱਟ ਮਿਹਨਤਾਨਾ ਦੇਣ ਦਾ ਮਸਲਾ ਹੋਵੇ, ਇਸ ਸੰਬੰਧੀ ਚਰਚਾ, ਬਿਆਨਬਾਜ਼ੀ ਕਰਕੇ ਸਿਆਸੀ ਧਿਰਾਂ ਦੇ ਢੁੱਠਾਂ ਵਾਲੇ ਨੇਤਾ ਆਪਣੇ ਮਨ ਦਾ ਗੁਬਾਰ ਕੱਢਦੇ ਹਨ, ਇੱਕ-ਦੂਜੇ ਨੂੰ ਨਿੰਦਦੇ ਹਨ ਤੇ ਫਿਰ ਮੂੰਹ ਸੀਊਂ ਲੈਂਦੇ ਹਨ।



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਕੇਂਦਰ ਪੰਜਾਬ ਨਾਲ ਕੋਈ ਧੱਕਾ ਕਰਦਾ ਹੈ, ਆਪਣੀ ਪਾਰਟੀ ਦੇ ਨਿਯਮਾਂ, ਅਸੂਲਾਂ ਅਤੇ ਤਾਕਤ ਦੀ ਪ੍ਰਾਪਤੀ ਦੀ ਬਿੱਲੀ ਝਾਕ 'ਚ ਉਹ ਚੰਗਾ ਜਾਂ ਮਾੜਾ, ਸਿੱਧਾ ਜਾਂ ਵਿੰਗਾ ਬਿਆਨ ਲੋਕਾਂ 'ਤੋਂ ਚੰਮ ਬਚਾਉਣ ਖਾਤਰ ਦਾਗ ਦਿੰਦੇ ਹਨ ਅਤੇ ਆਪਣੇ-ਆਪ ਨੂੰ ਸੁਰਖ਼ਰੂ ਹੋ ਗਿਆ ਮਹਿਸੂਸ ਕਰਦੇ ਹਨ। ਕੀ ਇਹ ਉਨ੍ਹਾਂ ਦੀ ਸਾਜ਼ਿਸ਼ੀ ਚੁੱਪੀ ਨਹੀਂ? ਕੀ ਇਹ ਵੋਟਾਂ ਬਟੋਰਨ ਜਾਂ ਕੁਰਸੀ ਹਥਿਆਉਣ ਲਈ ਵਰਤਿਆ ਦਾਅ-ਪੇਚ ਨਹੀਂ?

ਇਨ੍ਹਾਂ ਸਾਰੇ ਵਿਤਕਰਿਆਂ, ਮਸਲਿਆਂ ਸੰਬੰਧੀ ਤਾਂ ਉਹ ਕਦੇ-ਕਦੇ ਦਿਲ ਦੀ ਭੜਾਸ ਕੱਢਦੇ ਹਨ, ਪਰ ਉਹ ਕਦੇ ਪੰਜਾਬ ਦੀ ਬਦਲ ਰਹੀ 'ਜਨਸੰਖਿਆ ਤਸਵੀਰ', ਪੰਜਾਬ ਦੇ ਸਭਿਆਚਾਰ ਨੂੰ ਲੱਗ ਰਹੇ ਠੁੰਗੇ, ਪੰਜਾਬ ਦੀ ਬੋਲੀ ਨੂੰ ਅਣਗੌਲਿਆਂ ਕਰਨ ਅਤੇ ਪੰਜਾਬ ਦੇ ਹੱਕਾਂ ਨੂੰ ਖੋਹੇ ਜਾਣ ਬਾਰੇ ਕੁਝ ਬੋਲਣਾ ਤਾਂ ਦੂਰ ਕੁਸਕਦੇ ਤੱਕ ਨਹੀਂ ਹਨ।

ਸ਼ਹਿਰ ਚੰਡੀਗੜ੍ਹ ਪੰਜਾਬ ਦਾ ਹੈ, ਪੰਜਾਬ ਦੀ ਰਾਜਧਾਨੀ ਹੈ। ਬਿਨਾਸ਼ੱਕ ਇਹ ਪੰਜਾਬ ਦਾ ਰਹਿਣਾ ਚਾਹੀਦਾ ਹੈ। ਪਰ ਪਿਛਲੇ ਕਈ ਦਹਾਕਿਆਂ 'ਤੋਂ ਕੀ ਚੰਡੀਗੜ੍ਹ ਦੇ ਪੰਜਾਬ 'ਚ ਰਲੇਵੇਂ ਲਈ ਕਿਸੇ ਧਿਰ ਨੇ ਯਤਨ ਕੀਤਾ? ਚੰਡੀਗੜ੍ਹ, ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਹੈ।

ਇਹ ਸਾਰੇ ਪਿੰਡ ਪੰਜਾਬੀ ਬੋਲਦੇ ਪਿੰਡ ਸਨ। ਪਿੰਡਾਂ ਦੇ ਲੋਕਾਂ ਦੀ ਜ਼ਮੀਨ ਹਥਿਆਈ ਗਈ। ਉਨ੍ਹਾਂ ਦੇ ਉਜਾੜੇ ਉਪਰੰਤ, ਉਨ੍ਹਾਂ ਦੇ ਮੁੜ-ਵਸੇਬੇ ਲਈ ਕਿੰਨੇ ਕੁ ਉਪਰਾਲੇ ਹੋਏ?

ਸਿਤਮ ਦੇਖੋ! ਪਿਛਲੇ ਦਿਨੀਂ ਪੰਜਾਬ ਦੇ ਇਤਿਹਾਸ, ਸਭਿਆਚਾਰਕ ਅਤੇ ਸੰਵਿਧਾਨਕ ਵਿਰਾਸਤ ਦੀ ਪ੍ਰਤੀਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਨਾਮ ਬਦਲਣ ਲਈ ਤੇ ਨਾਮ ਪੰਜਾਬ ਅਤੇ ਹਰਿਆਣਾ ਯੂਨੀਵਰਸਿਟੀ ਚੰਡੀਗੜ੍ਹ ਰੱਖਣ ਦੀ ਮੰਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਯੂਨੀਅਨ ਦੇ ਪ੍ਰਧਾਨ ਵੱਲੋਂ ਰੱਖ ਦਿੱਤੀ ਗਈ, ਕਿਸ ਦੇ ਇਸ਼ਾਰੇ 'ਤੇ? ਸੂਝਵਾਨ ਵਿਦਿਆਰਥੀਆਂ ਦੇ ਦਬਾਅ 'ਚ ਇਹ ਮੰਗ ਵਾਪਸ ਲੈਣੀ ਪਈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਹਰ ਚੀਜ਼ ਹਥਿਆਉਣ ਅਤੇ ਪੰਜਾਬ ਨੂੰ ਬੇਰੰਗ ਕਰਨ ਦੀ ਸਾਜ਼ਿਸ਼ ਕਿੱਥੋਂ ਘੜੀ ਜਾ ਰਹੀ ਹੈ?

ਪੰਜਾਬ ਵਿਚ ਵੱਡੀ ਗਿਣਤੀ 'ਚ ਯੂ.ਪੀ., ਐੱਮ.ਪੀ., ਬਿਹਾਰ ਅਤੇ ਜੰਮੂ ਕਸ਼ਮੀਰ 'ਤੋਂ ਲੋਕ ਮਜ਼ਦੂਰੀ ਲਈ ਆਉਂਦੇ ਹਨ। ਇਹ ਪੰਜਾਬ ਦੇ ਖੇਤੀ ਅਤੇ ਇੰਡਸਟਰੀ ਖੇਤਰ ਦੀ ਲੋੜ ਵੀ ਹੈ, ਪਰ ਜਿਸ ਢੰਗ ਨਾਲ ਉਨ੍ਹਾਂ ਵੱਲੋਂ ਕਰੋੜਾਂ ਰੁਪਏ, ਪੰਜਾਬ 'ਤੋਂ ਬਾਹਰ ਆਪਣੇ ਰਾਜਾਂ ਨੂੰ, ਆਪਣੇ ਘਰਾਂ ਨੂੰ ਭੇਜੇ ਜਾ ਰਹੇ ਹਨ, ਪੰਜਾਬ 'ਚ ਆਧਾਰ ਕਾਰਡ ਬਣਾ ਕੇ, ਇਥੇ ਹੀ ਜ਼ਮੀਨਾਂ ਜਾਂ ਰਿਹਾਇਸ਼ੀ ਪ੍ਰਾਪਰਟੀ ਖਰੀਦ ਕੇ ਪੱਕਾ ਵਸੇਬਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਸਭਿਆਚਾਰ ਨੂੰ ਬੇਰੰਗ ਕੀਤਾ ਜਾ ਰਿਹਾ ਹੈ; ਕੀ ਇਸ ਪਿੱਛੇ ਕੋਈ ਖ਼ਾਸ ਮੰਤਵ ਨਹੀਂ ਹੈ?

ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਵਿਚ ਕਈ ਇਹੋ-ਜਿਹੇ ਹਨ, ਜਿਹੜੇ ਅਪਰਾਧ ਕਰਕੇ ਆਪਣੇ ਸੂਬਿਆਂ ਤੋਂ ਭੱਜਦੇ ਹਨ। ਪਰ ਉਨ੍ਹਾਂ ਨੂੰ ਇੱਥੇ ਖੇਤਾਂ, ਕਾਰਖਾਨਿਆਂ ਅਤੇ ਮਜ਼ਦੂਰ ਬਸਤੀਆਂ 'ਚ ਸੁਰੱਖਿਆ ਮਿਲਦੀ ਹੈ। ਸਿੱਟਾ ਪੰਜਾਬ 'ਚ ਜੁਰਮ ਗ੍ਰਾਫ਼ ਵੱਧਦਾ ਹੈ।

ਕੀ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਬਾਹਰੋਂ ਆਏ ਲੋਕਾਂ ਨੂੰ ਪੱਕੀ ਰਿਹਾਇਸ਼ ਦੇਣ, ਪਲਾਟ ਜਾਂ ਜਾਇਦਾਦ ਖਰੀਦਣ ਉਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ ਜਾਂ ਇਸ ਸਥਿਤੀ 'ਤੇ ਕਦੇ ਵਿਚਾਰ ਕੀਤਾ ਹੈ ਕਿ ਪੰਜਾਬੀ ਪੰਜਾਬੋਂ ਪ੍ਰਵਾਸ ਕਰ ਜਾਣਗੇ ਤੇ ਬਾਹਰਲੇ ਸੂਬਿਆਂ ਦੇ ਲੋਕ ਇੱਥੇ ਆ ਕੇ ਪੱਕਾ ਵਸੇਬਾ ਕਰਕੇ, ਪੰਜਾਬ ਦੇ ਸਭਿਆਚਾਰ ਅਤੇ ਬੋਲੀ ਉਤੇ ਵੱਡਾ ਹਮਲਾ ਕਰਨਗੇ।

ਕੀ ਕਦੇ ਪੰਜਾਬ ਦੀ ਕਿਸੇ ਸਿਆਸੀ ਧਿਰ ਨੇ ਪੰਜਾਬ 'ਚ ਸਰਕਾਰੀ ਨੌਕਰੀਆਂ ਜਾਂ ਵੱਡੇ ਉਦਯੋਗਾਂ 'ਚ ਪੰਜਾਬੀ ਨੌਜਵਾਨਾਂ ਲਈ 100 ਫੀਸਦੀ ਨੌਕਰੀਆਂ ਦੇਣ ਦੀ ਗੱਲ ਕੀਤੀ ਹੈ?

ਹੈਰਾਨੀ ਤਾਂ ਇਹ ਵੀ ਹੈ ਕਿ ਮੌਜੂਦਾ ਸਰਕਾਰ ਵੱਲੋਂ ਵੱਡੇ ਸਰਕਾਰੀ ਅਹੁਦੇ ਪੰਜਾਬੋਂ ਬਾਹਰ ਦੇ 'ਬੁੱਧੀਮਾਨ', 'ਸਿਆਣੇ' ਲੋਕਾਂ ਨੂੰ ਬਖ਼ਸ਼ੇ ਜਾ ਰਹੇ ਹਨ, ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਦਾ ਅਹੁਦਾ, ਪੰਜਾਬ ਹਿਊਮਨ ਰਾਈਟਸ ਕਮਿਸ਼ਨ ਦੇ ਚੇਅਰਮੈਨ ਦੇ ਅਹੁਦੇ ਸਮੇਤ ਕਈ ਹੋਰ ਅਹੁਦੇ ਬਾਹਰਲਿਆਂ ਨੂੰ ਬਖ਼ਸ਼ੇ ਗਏ। ਇੱਥੋਂ ਤੱਕ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਦਾ ਅਹੁਦਾ ਵੀ। ਕੀ ਪੰਜਾਬ 'ਚ 'ਬੁੱਧੀਮਾਨ, ਸਿਆਣੇ, ਚਿੰਤਕ , ਮਾਹਰ ' ਮੁੱਕ ਗਏ ਹਨ? ਕੀ ਸੱਚਮੁੱਚ ਉਹ ਸਿਆਣੇ ਨਹੀਂ, ਨਿਤਾਣੇ ਹੋ ਗਏ ਹਨ? ਉਹ ਸੱਚ-ਹੱਕ ਖਾਤਰ ਬੋਲਣੋਂ ਵੀ ਰਹਿ ਗਏ ਹਨ?



ਪੰਜਾਬ ਹਿਤੈਸ਼ੀ ਬਹੁਤੀਆਂ ਸੰਸਥਾਵਾਂ ਬਣੀਆਂ ਹਨ, ਬਹੁਤ ਬਣ ਵੀ ਰਹੀਆਂ ਹਨ: ਚੇਤਨਾ ਮੰਚ, ਚਿੰਤਕ ਮੰਚ, ਜਾਗ੍ਰਿਤੀ ਮੰਚ, ਲੇਖਕ ਮੰਚ, ਮਨੁੱਖੀ ਅਧਿਕਾਰ ਮੰਚ ਤੇ ਪਤਾ ਨਹੀਂ ਕਿੰਨੇ ਹੋਰ? ਪਰ ਲਗਭਗ ਸਭ ਖ਼ਬਰਾਂ ਤੱਕ ਹੀ ਸੀਮਤ ਹਨ। ਸਾਂਝਾ ਪਲੇਟਫਾਰਮ ਉਸ ਹਾਲਤ ਵਿਚ ਪੰਜਾਬ 'ਚ ਕਿਉਂ ਨਹੀਂ ਉਸਰਿਆ ਜਾ ਰਿਹਾ, ਜਦੋਂ ਪੰਜਾਬ ਲੁੱਟਿਆ, ਕੁੱਟਿਆ ਅਤੇ ਤਬਾਹ ਕੀਤਾ ਜਾ ਰਿਹਾ ਹੈ! ਕੀ ਅਸਲ ਵਿਚ ਹੀ ਪੰਜਾਬ, ਸਿਆਣੇ ਲੋਕਾਂ 'ਤੋਂ ਵਾਂਝਾ ਹੋ ਗਿਆ ਹੈ? ਪੰਜਾਬ ' ਚ ਛੁੱਟੀਆਂ 'ਚ ਸਮਰ-ਕੈਂਪ ਦੌਰਾਨ ਤੇਲਗੂ ਭਾਸ਼ਾ ਦੀ ਆਨਲਾਈਨ ਪੜ੍ਹਾਈ ਲਾਗੂ ਕਰਨ ਪਿੱਛੇ ਕੀ ਮਨਸ਼ਾ ਹੈ? ਕੀ ਇਹ ਕੇਂਦਰ ਵੱਲੋਂ ਆਪਣੇ ਆੜੀ ਚੰਦਰ ਬਾਬੂ ਨਾਇਡੂ ਨੂੰ ਖ਼ੁਸ਼ ਕਰਨ ਦੀ ਤਰਕੀਬ ਤਾਂ ਨਹੀਂ ?

ਹਾਲਾਂਕਿ ਇਹ ਵੀ ਕਿਹਾ ਜਾ ਰਿਹਾ ਹੈ ਕਿ ਖੇਤਰੀ ਭਾਸ਼ਾਵਾਂ ਨੂੰ ਪੂਰੇ ਦੇਸ਼ 'ਚ ਵਾਰੋ-ਵਾਰੀ ਸਿਰ ਪੜ੍ਹਾਇਆ ਜਾਏਗਾ। ਕੀ ਪੰਜਾਬ ਦੀ ਸਰਕਾਰ ਨੇ ਕੇਂਦਰ ਸਰਕਾਰ 'ਤੋਂ ਪੁੱਛਿਆ ਹੈ ਕਿ ਖੇਤਰੀ ਭਾਸ਼ਾ ਪੰਜਾਬੀ ਕਿਹੜੇ ਸੂਬੇ, 'ਚ ਕਦੋਂ ਪੜ੍ਹਾਈ ਜਾਣੀ ਹੈ? ਜਾਂ ਕਦੇ ਸੋਚਿਆ ਹੈ ਕਿ ਆਪਣੇ ਸੂਬੇ ਵਿਚ ਪੰਜਾਬੀ ਨਾਲ ਵਿਤਕਰਾ ਕਰਨ ਵਾਲੇ, ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਸਜ਼ਾਵਾਂ ਦੇਣ ਵਾਲੇ ਪਬਲਿਕ ਸਕੂਲਾਂ ਅਤੇ ਅੰਗਰੇਜ਼ੀ ਨੂੰ ਉਤਸ਼ਾਹਿਤ ਕਰਨ ਵਾਲੇ ਆਪਣੀ ਮਾਂ-ਬੋਲੀ ਪੰਜਾਬੀ ਦੇ ਵੈਰੀਆਂ ਨਾਲ ਕਿਵੇਂ ਨਜਿੱਠਣਾ ਹੈ? ਬਣਦਾ ਤਾਂ ਇਹ ਹੈ ਕਿ ਪੰਜਾਬ, ਆਪਣੀ ਮਾਂ-ਬੋਲੀ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਖਾਤਰ ਦੱਖਣੀ ਰਾਜਾਂ ਵਾਂਗਰ ਨਵੀਂ ਸਿੱਖਿਆ ਨੀਤੀ ਨੂੰ ਰੱਦ ਕਰੇ ਜਦ ਕਿ ਪੰਜਾਬ ਦਾ ਬੁੱਧੀਜੀਵੀ ਵਰਗ, ਇਸ ਗੱਲ ਦੀ ਮੰਗ ਲਗਾਤਾਰ ਕਰ ਰਿਹਾ ਹੈ ਤਾਂ ਫਿਰ ਕੇਂਦਰ ਦੀ ਇਸ ਨੀਤੀ ਨੂੰ ਪਿਛਲੇ ਦਰਵਾਜਿਓਂ ਲਾਗੂ ਕਰਨ ਦੀ ਇਹ ਪੰਜਾਬ ਸਰਕਾਰ ਦੀ ਕੋਈ ਯੋਜਨਾ ਹੈ?

ਲੇਖਕਾਂ ਨੂੰ ਛੱਡ ਕੇ ਕੀ ਬਾਕੀ ਪੜ੍ਹੇ-ਲਿਖੇ ਪੰਜਾਬੀਆਂ ਦੀ ਬੋਲੀ ਪੰਜਾਬੀ ਹੈ? ਅੱਠਵੀਂ-ਦਸਵੀਂ ਦੀਆਂ ਬੋਰਡ ਪ੍ਰੀਖਿਆਵਾਂ 'ਚ ਕਾਫ਼ੀ ਵਿਦਿਆਰਥੀ ਪੰਜਾਬੀ ਵਿਸ਼ੇ 'ਚੋਂ ਫੇਲ੍ਹ ਹੋਏ ਹਨ। ਕਾਰਨ? ਪੰਜਾਬੀ ਅਧਿਆਪਕਾਂ ਦੀ ਸਕੂਲਾਂ 'ਚ ਕਮੀ ਹੈ। ਕਈ ਮਿਡਲ ਸਕੂਲ ਇਹੋ-ਜਿਹੇ ਹਨ, ਜਿੱਥੇ ਛੇਵੀਂ ਤੋਂ ਅੱਠਵੀਂ ਤੱਕ ਜਮਾਤਾਂ ਨੂੰ ਪੜ੍ਹਾਉਣ ਲਈ ਸਿਰਫ਼ ਇੱਕ ਅਧਿਆਪਕ ਹੈ, ਸਾਇੰਸ ਜਾਂ ਅੰਗਰੇਜ਼ੀ ਦਾ। ਪਰ ਪੰਜਾਬੀ ਅਧਿਆਪਕ ਹੈ ਹੀ ਨਹੀਂ। ਕੀ ਇਹ ਮਾਂ-ਬੋਲੀ ਨਾਲ ਵਿਤਕਰਾ ਨਹੀਂ? ਪੰਜਾਬ ਭਾਸ਼ਾ ਦੇ ਆਧਾਰ 'ਤੇ ਬਣਿਆ ਪੰਜਾਬੀ ਸੂਬਾ ਹੈ। ਇੱਥੇ ਹਰ ਸਕੂਲ 'ਚ ਪੰਜਾਬੀ ਭਾਸ਼ਾ ਅਧਿਆਪਕ ਕਿਉਂ ਨਹੀਂ? ਕਿਉਂ ਨਹੀਂ ਦਫ਼ਤਰਾਂ 'ਚ ਸਿਰਫ਼ ਪੰਜਾਬੀ ਬੋਲੀ ਦੀ ਵਰਤੋਂ ਕੀਤੀ ਜਾਂਦੀ? ਕਿਉਂ ਨਹੀਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕੀਤੀ ਜਾਂਦੀ? ਜਦ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਹੇਠਲੀਆਂ ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕਰਨ ਲਈ 117 ਪੰਜਾਬੀ ਸਟੈਨੋਗ੍ਰਾਫ਼ਰਾਂ ਦੀਆਂ ਪੋਸਟਾਂ ਮੰਗੀਆਂ ਗਈਆਂ। ਉਹ ਕਿਸੇ ਸਰਕਾਰ ਵੱਲੋਂ ਕਿਉਂ ਨਹੀਂ ਦਿੱਤੀਆਂ ਗਈਆਂ? ਕਿਸ ਦੇ ਪ੍ਰਭਾਵ ਨਾਲ ਇਹ ਹੋ ਰਿਹਾ ਹੈ? ਸ਼੍ਰੋਮਣੀ ਅਕਾਲੀ ਦਲ (ਬ), ਅਕਾਲੀ -ਭਾਜਪਾ ਦੀ ਰਾਸ਼ਟਰੀ ਸਰਕਾਰ ਦਾ ਹਿੱਸਾ ਰਿਹਾ। ਇਲਾਕਾਈ ਪਾਰਟੀ ਦੀ ਤਰਜਮਾਨੀ ਕਰਦਾ ਰਿਹਾ। ਪਰ ਉਹ ਸਦਾ ਹੀ ਚੰਡੀਗੜ੍ਹ ਪੰਜਾਬ ਲਈ ਲੈਣ ਤੇ ਪੰਜਾਬ ਨਾਲ ਹੋਏ ਵਿਤਕਰਿਆਂ ਸੰਬੰਧੀ ਅਵਾਜ਼ ਉਠਾਉਣ ਲਈ, ਪੰਜਾਬੀਆਂ ਦੀ ਆਵਾਜ਼ ਕਿਉਂ ਨਹੀਂ ਬਣਿਆ?


ਪੰਜਾਬ ਵਿਚੋਂ ਪੰਜਾਬੀ ਨੂੰ ਪਾਸੇ ਕਰਨ ਲਈ ਕਦੇ ਵੀ ਕੋਈ ਮੌਕਾ ਨਹੀਂ ਜਾਣ ਦਿੱਤਾ ਜਾਂਦਾ। ਕਦੇ ਪੰਜਾਬੀ ਯੂਨੀਵਰਸਿਟੀ, ਜਿਸ ਦੀ ਸਥਾਪਨਾ ਪੰਜਾਬੀ ਪ੍ਰਫੁੱਲਤ ਕਰਨ ਲਈ ਕੀਤੀ ਗਈ, ਉਥੇ ਲਾਜ਼ਮੀ ਪੰਜਾਬੀ ਗ੍ਰੈਜੂਏਟ ਕੋਰਸਾਂ 'ਚ ਹਟਾਏ ਜਾਣ ਦਾ ਯਤਨ ਹੁੰਦਾ ਹੈ, ਕਦੇ ਦੂਰਦਰਸ਼ਨ ਜਲੰਧਰ 'ਚ ਪੰਜਾਬੀ ਪ੍ਰੋਗਰਾਮਾਂ ਨੂੰ ਪਿੱਛੇ ਸੁੱਟਿਆ ਜਾਂਦਾ ਹੈ। ਦੂਰਦਰਸ਼ਨ ਜਲੰਧਰ, ਜੋ ਪੰਜਾਬ ਦੀ ਬੋਲੀ ਪੰਜਾਬੀ, ਪੰਜਾਬ ਦੇ ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਣਾਇਆ ਗਿਆ ਸੀ, ਅੱਜ ਇਸ ਨੂੰ ਗ੍ਰਹਿਣ ਲੱਗਿਆ ਹੋਇਆ ਹੈ। ਪ੍ਰੋਗਰਾਮ ਅਫ਼ਸਰਾਂ ਦੀ ਘਾਟ ਹੈ। ਨਵੇਂ ਪ੍ਰੋਗਰਾਮ ਨਹੀਂ ਬਣ ਰਹੇ। ਬਸ ਡੰਗ-ਟਪਾਊ ਕੰਮ ਹੋ ਰਿਹਾ ਹੈ। ਇਹੋ ਹਾਲ ਜਲੰਧਰ ਰੇਡੀਓ ਆਕਾਸ਼ਵਾਣੀ ਦਾ ਹੈ, ਜੋ ਕਦੇ ਪੰਜਾਬੀਆਂ ਦੀ ਜਾਨ ਹੋਇਆ ਕਰਦਾ ਸੀ। ਕੀ ਕਦੇ ਕਿਸੇ ਪੰਜਾਬ ਸਰਕਾਰ ਨੇ ਇਸਦਾ ਨੋਟਿਸ ਲਿਆ।

ਇਹ ਤਾਂ ਕੁਝ ਉਹ ਗੱਲਾਂ ਹਨ, ਜੋ ਵੱਡੀ ਚਿੰਤਾ ਅਤੇ ਚਿੰਤਨ ਦੀਆਂ ਹਨ। ਪਰ ਪੰਜਾਬ ਦੇ ਪਿੰਡਾਂ ਦੀ ਅਸਲ ਦਿੱਖ ਬਦਲ ਗਈ ਹੈ। ਪੰਜਾਬ ਦੇ ਪਿੰਡਾਂ 'ਚੋਂ 'ਸੱਥ' ਗਾਇਬ ਹੋ ਗਈ ਹੈ। ਆਪਸੀ ਮੇਲ-ਮਿਲਾਪ, ਭਾਈਚਾਰਾ ਖ਼ਤਮ ਹੋ ਗਿਆ ਹੈ ਜਾਂ ਸਿਆਸਤਦਾਨਾਂ ਨੇ ਪੰਚਾਇਤੀ ਧੜੇਬੰਦੀਆਂ ਵੱਡੀਆਂ ਕਰਕੇ ਨਿਪਟਾ ਦਿੱਤਾ ਹੈ। ਉਂਞ ਵੀ ਵੱਡੀ ਗਿਣਤੀ ਲੋਕ ਪਿੰਡ ਛੱਡ ਕੇ ਵਿਦੇਸ਼ਾਂ ਵੱਲ ਚਾਲੇ ਪਾ ਰਹੇ ਹਨ ਜਾਂ ਸ਼ਹਿਰਾਂ ਵੱਲ ਵਹੀਰਾਂ ਘੱਤ ਰਹੇ ਹਨ। ਹਾਲਾਤ ਇਹ ਹਨ ਕਿ ਪਿੰਡਾਂ ਦੇ ਸਰਕਾਰੀ ਸਕੂਲਾਂ 'ਚ ਨਵੀਆਂ ਗਠਿਤ ਕੀਤੀਆਂ ਜਾ ਰਹੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਲਈ ਸਥਾਨਕ ਲੋਕਾਂ ਵਿਚੋਂ ਚੁਣੇ ਜਾਣ ਲਈ 12 ਪੰਜਾਬੀ ਨੁਮਾਇੰਦੇ ਵੀ ਨਹੀਂ ਮਿਲ ਰਹੇ। ਪਰਵਾਸੀ ਬੱਚਿਆਂ ਦੇ ਮਾਪੇ ਪ੍ਰਬੰਧ 'ਚ 'ਭਰਤੀ' ਕਰਨ ਵਜੋਂ ਸ਼ਾਮਲ ਕੀਤੇ ਜਾ ਰਹੇ ਹਨ। ਇਹ ਇੱਕ ਇਹੋ-ਜਿਹਾ ਸੰਕੇਤ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਫਗਵਾੜਾ ਸ਼ਹਿਰ ਦੇ ਇਕ ਲਾਗਲੇ ਪਿੰਡ ਸਰਕਾਰੀ ਮਿਡਲ ਸਕੂਲ ਹੈ, ਜਿੱਥੇ ਵਿਦਿਆਰਥੀਆਂ ਦੀ ਗਿਣਤੀ 70 ਹੈ। ਇਕ ਸਾਇੰਸ ਅਧਿਆਪਕ ਹੈ। ਸਮਾਜਿਕ ਸਿੱਖਿਆ, ਪੰਜਾਬੀ, ਹਿੰਦੀ, ਪੀ.ਟੀ.ਆਈ., ਆਰਟ-ਕਰਾਫ਼ਟ ਦੀਆਂ ਪੋਸਟਾਂ ਖਾਲੀ ਹਨ। 70 ਵਿਦਿਆਰਥੀਆਂ ਵਿਚੋਂ 64 ਬੱਚੇ ਪਰਵਾਸੀ ਅਤੇ 6 ਸਥਾਨਕ ਲੋਕਾਂ ਦੇ ਹਨ, 6 ਪੰਜਾਬੀਆਂ ਵਿਚੋਂ ਪ੍ਰਬੰਧਕ ਕਮੇਟੀ ਲਈ 12 ਮਾਪੇ ਕਿੱਥੋਂ ਲੱਭਣ? ਜਦੋਂ ਪਰਵਾਸੀ ਬੱਚੇ ਅਤੇ ਉਨ੍ਹਾਂ ਦੇ ਮਾਪੇ ਸਾਲ 'ਚ ਦੋ-ਤਿੰਨ ਵਾਰ ਆਪੋ-ਆਪਣੇ ਸੂਬੇ 'ਚ ਦੋ ਜਾਂ ਤਿੰਨ ਮਹੀਨਿਆਂ ਲਈ ਬੱਚਿਆਂ ਸਮੇਤ ਚਲੇ ਜਾਂਦੇ ਹਨ, ਉਦੋਂ ਸਕੂਲ ਦੀਆਂ ਇਨ੍ਹਾਂ

(ਬਾਕੀ ਸਫ਼ੇ 23 'ਤੇ)

# ਬਸਤੀਵਾਦ ਅਤੇ ਭਾਸ਼ਾਈ ਗ਼ੁਲਾਮੀ ਨੂੰ ਵੰਗਾਰਨ ਵਾਲਾ ਅਡੋਲ ਕਲਮਕਾਰ ਨਗੂਗੀ ਵਾ ਥਿਓਂਗੋ

***ਜਗਤ ਪ੍ਰਸਿੱਧ ਕੀਨੀਆਈ ਲੇਖਕ ਅਤੇ ਅਕਾਦਮਿਕ ਨਗੂਗੀ ਵਾ ਥਿਓਂਗੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ ਪੂਰਬੀ ਅਫ਼ਰੀਕਾ ਦੇ ਪ੍ਰਮੁੱਖ ਨਾਵਲਕਾਰਾਂ 'ਚ ਸ਼ੁਮਾਰ ਸਨ ਅਤੇ ਆਧੁਨਿਕ ਅਫ਼ਰੀਕਨ ਸਾਹਿਤ ਦੀ ਮਹੱਤਵਪੂਰਨ ਹਸਤੀ ਮੰਨੇ ਜਾਂਦੇ ਸਨ। ਉਹ ਭਾਸ਼ਾਈ ਗ਼ੁਲਾਮੀ ਨੂੰ ਚੁਣੌਤੀ ਦੇਣ, ਦੇਸੀ ਭਾਸ਼ਾਵਾਂ ਦੀ ਸਿਰਜਣਾਤਮਕ ਤਾਕਤ ਦੇ ਹੱਕ ਵਿਚ ਡੱਟਣ ਅਤੇ ਅੰਗਰੇਜ਼ੀ ਦੀ ਬਜਾਏ ਦੇਸੀ ਭਾਸ਼ਾਵਾਂ ਵਿਚ ਲਿਖਣ ਵਾਲੇ ਪੁਰਜ਼ੋਰ ਝੰਡਾਬਰਦਾਰ ਸਨ। ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਮਹਾਨ ਲੇਖਕ ਨੂੰ ਸ਼ਰਧਾਂਜਲੀ ਦੇ ਰੂਪ ਵਿਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਦੀ ਚਰਚਾ ਕੀਤੀ ਹੈ।-ਸੰਪਾਦਕ***



ਕੀਨਿਆਈ ਲੇਖਕ, ਆਲੋਚਕ, ਤਾਉਮਰ ਸੱਤਾ ਅਤੇ ਸਰਮਾਏਦਾਰੀ ਵਿਰੁੱਧ ਡੱਟੇ ਰਹਿਣ ਵਾਲੇ ਬੁੱਧੀਜੀਵੀ ਨਗੂਗੀ ਵਾ ਥਿਓਂਗੋ ਦਾ 28 ਮਈ ਨੂੰ 87 ਸਾਲ ਦੀ ਉਮਰ ਵਿਚ ਬਫੋਰਡ, ਜਾਰਜੀਆ ਵਿਚ ਦਿਹਾਂਤ ਹੋ ਗਿਆ। ਗੁਰਦਿਆਂ ਦੀ ਬੀਮਾਰੀ ਤੋਂ ਪੀੜਤ ਹੋਣ ਕਾਰਨ ਉਹ ਲੰਮੇ ਸਮੇਂ 'ਤੋਂ ਡਾਇਲਿਸਿਸ ਕਰਵਾ ਰਿਹਾ ਸੀ।

ਨਗੂਗੀ ਨੇ ਆਪਣੀ ਲੇਖਣੀ ਦਾ ਆਗਾਜ਼ ਪੱਛਮੀ ਨਾਂ ਜੇਮਸ ਨਗੂਗੀ (ਜਿਸਦਾ ਅਸਲ ਉਚਾਰਣ ਗੂਗੀ ਹੈ) ਤੋਂ ਕੀਤਾ, ਜੋ ਉਸਦਾ ਜਨਮ ਸਮੇਂ ਰੱਖਿਆ ਨਾਂ ਸੀ। 1970 'ਚ ਉਨ੍ਹਾਂ ਨੇ

**ਬੂਟਾ ਸਿੰਘ ਮਹਿਮੂਦਪੁਰ**

ਆਪਣੀ ਅਫ਼ਰੀਕਨ ਵਿਰਾਸਤ ਅਤੇ ਪਛਾਣ ਦੇ ਇਜ਼ਹਾਰ ਵਜੋਂ ਨਗੂਗੀ ਵਾ ਥਿਓਂਗੋ ਨਾਂ ਅਪਣਾ ਲਿਆ, ਜੋ ਉਸਦੇ ਸਿਰਫ਼ ਆਪਣੀ ਦੇਸੀ ਭਾਸ਼ਾ ਵਿਚ ਹੀ ਲਿਖਣ ਦੇ ਦ੍ਰਿੜ ਫ਼ੈਸਲੇ ਦੇ ਅਨੁਸਾਰ ਸੀ। ਬਤੌਰ ਲੇਖਕ ਉਹ ਇਸੇ ਨਾਂ ਨਾਲ ਸਥਾਪਤ ਹੋਇਆ। ਨਗੂਗੀ ਦੀ ਜ਼ਿੰਦਗੀ ਆਪਣੇ ਆਪ ਵਿਚ ਆਧੁਨਿਕ ਕੀਨੀਆ ਦੇ ਇਤਿਹਾਸ ਦੀ ਪ੍ਰਤੀਬਿੰਬ ਸੀ ਅਤੇ ਉਸ ਨੇ ਆਪਣੇ ਮੁਲਕ ਦੇ ਬਸਤੀਵਾਦ ਤੋਂ ਆਜ਼ਾਦੀ ਅਤੇ ਆਜ਼ਾਦੀ ਤੋਂ ਬਾਅਦ ਦੇ ਤਰਥੱਲੀਆਂ ਵਾਲੇ ਦੌਰ ਨੂੰ ਆਪਣੀਆਂ ਰਚਨਾਵਾਂ ਰਾਹੀਂ ਦਰਸਾਇਆ। 5 ਜਨਵਰੀ 1938 ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਦੇ ਉੱਤਰ ਵਿਚ ਕਮੀਰੀਥੂ ਪਿੰਡ ਵਿਚ ਜਨਮਿਆ ਨਗੂਗੀ ਬਹੁ-ਪਤਨੀ ਪਰਿਵਾਰ ਦੇ 24 ਭੈਣ-ਭਰਾਵਾਂ ਵਿਚੋਂ ਸੀ। ਉਸ ਦਾ ਬਚਪਨ ਅੰਗਰੇਜ਼ ਬਸਤੀਵਾਦੀ ਰਾਜ ਦੇ ਜਬਰ-ਜ਼ੁਲਮ ਦੇ ਡੂੰਘੇ ਸਾਏ ਹੇਠ ਗੁਜ਼ਰਿਆ: ਪਰਿਵਾਰ ਦੀ ਜ਼ਮੀਨ ਖੁੱਸ ਗਈ। ਉਸ ਦੀ ਮਾਤਾ ਨੂੰ ਇਕੱਲਤਾ ਕੋਠੜੀ ਵਿਚ ਰੱਖ ਕੇ ਤਸੀਹੇ ਦਿੱਤੇ ਗਏ। ਇਕ ਭਰਾ ਮਾਊ ਬਗ਼ਾਵਤ ਦੌਰਾਨ ਮਾਰਿਆ ਗਿਆ। ਇਕ ਹੋਰ ਭਰਾ ਗੂੰਗਾ ਅਤੇ ਬੋਲਾ ਸੀ, ਉਸ ਨੂੰ ਅੰਗਰੇਜ਼ ਫ਼ੌਜ ਨੇ ਗੋਲੀ ਮਾਰ ਦਿੱਤੀ। ਦੋ ਭਰਾ ਬਸਤੀਵਾਦੀ ਹਕੂਮਤ ਦੇ ਮੁਖ਼ਬਰ ਵੀ ਬਣੇ।

ਨਗੂਗੀ ਕੀਨੀਆ ਦੇ ਸੁਤੰਤਰਤਾ ਸੰਗਰਾਮ ਦੌਰਾਨ ਜਵਾਨ ਹੋਇਆ। ਜਦੋਂ 1963 'ਚ ਉਸ ਦਾ ਮੁਲਕ ਆਜ਼ਾਦ ਹੋਇਆ ਤਾਂ ਉਸ ਦੀ ਉਮਰ ਵੀਹ ਸਾਲ ਸੀ। ਪਰ ਛੇਤੀਂ ਹੀ ਉਸ ਦਾ ਆਜ਼ਾਦੀ ਦੇ ਨਾਂ ਹੇਠ ਸਥਾਪਤ ਹੋਏ ਤਾਨਾਸ਼ਾਹ ਸਰਮਾਏਦਾਰੀ ਰਾਜ ਤੋਂ ਮੋਹ-ਭੰਗ ਹੋਣਾ ਸ਼ੁਰੂ ਹੋ ਗਿਆ।

ਨਗੂਗੀ ਨੇ ਸਿਆਸਤ ਅਤੇ ਸੱਭਿਆਚਾਰ ਦੋਵਾਂ ਖੇਤਰਾਂ ਵਿਚ ਨਵ-ਬਸਤੀਵਾਦ ਦਾ ਬੇਬਾਕੀ ਨਾਲ ਵਿਰੋਧ ਕੀਤਾ। ਉਸ ਨੇ ਆਪਣੇ ਪਹਿਲੇ ਨਾਵਲਾਂ- 'ਵੀਪ ਨੌਟ, ਚਾਇਲਡ' ਅਤੇ 'ਦੀ ਰਿਵਰ ਬੀਟਵੀਨ'- ਵਿਚ ਬਸਤੀਵਾਦੀ ਸੰਤਾਪ ਦਾ ਮਾਨਵਤਾਵਾਦੀ ਚਿਤਰਣ ਪੇਸ਼ ਕੀਤਾ। 'ਵੀਪ ਨੌਟ, ਚਾਇਲਡ' ਕਿਸੇ ਪੂਰਬੀ ਅਫ਼ਰੀਕਨ ਲੇਖਕ ਦਾ ਅੰਗਰੇਜ਼ੀ ਵਿਚ ਲਿਖਿਆ ਪਹਿਲਾ ਵੱਡਾ ਨਾਵਲ ਮੰਨਿਆ ਜਾਂਦਾ ਹੈ। ਫਿਰ, ਬਰਤਾਨੀਆ ਵਿਚ ਪੜ੍ਹਾਈ ਦੌਰਾਨ ਲਿਖਿਆ ਉਸ ਦਾ ਇਨਕਲਾਬੀ ਨਾਵਲ 'ਅ ਗਰੇਨ ਆਫ ਵੀਟ' ਫ਼ੈਸਲਾਕੁਨ ਮੋੜ ਸਾਬਤ ਹੋਇਆ, ਇਹ ਉਦਾਰ ਰਾਸ਼ਟਰਵਾਦ ਤੋਂ ਮਾਰਕਸਵਾਦੀ ਆਲੋਚਨਾ ਵੱਲ ਸਪਸ਼ਟ ਮੋੜਾ ਸੀ। 1970 ਦੇ ਦਹਾਕੇ 'ਚ, ਉਸ ਨੇ ਆਪਣਾ ਅੰਗਰੇਜ਼ੀ ਨਾਂ ਤਿਆਗ ਦਿੱਤਾ ਅਤੇ ਆਪਣੀ ਮਾਂ-ਬੋਲੀ ਕਿਕੂਯੂ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਨਗੂਗੀ ਵਾ ਮਿਰੀ ਨਾਲ ਮਿਲ ਕੇ 'ਆਈ ਵਿਲ ਮੈਰੀ, ਵ੍ਹੈਨ ਆਈ ਵਾਂਟ' ਨਾਂ ਦਾ ਨਾਟਕ ਲਿਖਿਆ, ਜਿਸ ਦਾ ਮੰਚਨ ਲਿਮੂਰੂ ਦੇ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਕੀਤਾ ਗਿਆ। ਇਹ ਨਾਟਕ ਓਦੋਂ ਤੱਕ ਲਗਾਤਾਰ ਛੇ ਹਫ਼ਤੇ ਤੱਕ ਖੇਡਿਆ, ਜਦੋਂ ਤੱਕ ਸਰਕਾਰ ਨੇ ਇਸ ਦੀ ਪੇਸ਼ਕਾਰੀ ਉੱਪਰ ਪਾਬੰਦੀ ਨਹੀਂ ਲਾ ਦਿੱਤੀ। ਨਾਟਕ ਵਿਚ ਆਜ਼ਾਦੀ 'ਤੋਂ ਬਾਅਦ ਦੇ ਤਾਨਾਸ਼ਾਹ ਰਾਜ ਵਿਚ ਜਮਾਤੀ ਸੰਘਰਸ਼, ਗ਼ਰੀਬੀ, ਲਿੰਗ ਵਿਤਕਰਾ, ਸੱਭਿਆਚਾਰ, ਧਰਮ, ਆਧੁਨਿਕਤਾ ਬਨਾਮ ਪਰੰਪਰਾ ਅਤੇ ਵਿਆਹ ਬਨਾਮ ਪਰਿਵਾਰ ਆਦਿ ਵਿਸ਼ੇ ਲਏ ਗਏ ਸਨ। ਨਾਟਕ ਵਿਚ ਸਮਾਜਿਕ ਢਾਂਚੇ ਦੇ ਨਿਘਾਰ ਉੱਪਰ ਤਿੱਖੀ ਚੋਟ ਕੀਤੀ ਗਈ ਸੀ, ਜਿਸ ਕਾਰਨ ਹਕੂਮਤ ਵੱਲੋਂ ਦੋਵਾਂ ਲੇਖਕਾਂ ਨੂੰ ਗ੍ਰਿਫ਼ਤਾਰ ਕਰਕੇ ਬਿਨਾ ਕੋਈ ਮੁਕੱਦਮਾ ਚਲਾਏ ਇਕ ਸਾਲ ਲਈ ਜੇਲ੍ਹ ਵਿਚ ਡੱਕ ਦਿੱਤਾ ਗਿਆ। ਨਜ਼ਰਬੰਦੀ ਦੇ ਅਨੁਭਵ 'ਚੋਂ ਉਸਨੇ ਵਤਨ ਛੱਡ ਦਿੱਤਾ। ਪਹਿਲਾਂ ਉਹ ਬਰਤਾਨੀਆ ਵਿਚ ਰਿਹਾ, ਅਤੇ ਬਾਅਦ ਵਿਚ ਅਮਰੀਕਾ ਵਿਚ।


ਜੇਲ੍ਹ ਵਿਚ ਨਗੂਗੀ ਕੋਲ ਲਿਖਣ ਲਈ ਕਾਗਜ਼ ਵੀ ਨਹੀਂ ਸੀ, ਉਸ ਨੇ ਆਪਣਾ ਮਸ਼ਹੂਰ ਨਾਵਲ 'ਡੈਵਲ ਆਨ ਦੀ ਕ੍ਰਾਸ' ਕਿਕਿਊ (ਗਿਕਿਊ) ਭਾਸ਼ਾ 'ਚ ਟਾਇਲਟ ਪੇਪਰ ਉੱਪਰ ਲਿਖਿਆ, ਜਿਸ ਨੂੰ ਕਿਕਿਊ ਭਾਸ਼ਾ ਵਿਚ ਪਹਿਲਾ ਆਧੁਨਿਕ ਨਾਵਲ ਮੰਨਿਆ ਜਾਂਦਾ ਹੈ। ਇਹ ਮਹਿਜ਼ ਲਿਖਤ ਨਹੀਂ ਸੀ, ਸਗੋਂ ਟਾਕਰੇ ਦਾ ਪ੍ਰਤੀਕ ਅਤੇ ਹੱਕ-ਜਤਾਈ ਦਾ ਕਾਰਜ ਸੀ। ਜੇਲ੍ਹ ਜ਼ਿੰਦਗੀ ਦੌਰਾਨ ਉਸ ਨੇ ਜੇਲ੍ਹ ਡਾਇਰੀ ਵੀ ਲਿਖੀ ਜੋ 1980 'ਚ 'ਡੀਟੇਨਡ' ਨਾਂ ਹੇਠ ਛਪੀ।


'ਨੇਕ ਬਸਤੀਵਾਦੀ' ਦੀ ਧਾਰਨਾ ਨੂੰ ਲੰਮੇ ਹੱਥੀਂ ਲੈਂਦਿਆਂ ਉਸ ਨੇ ਕਿਹਾ: 'ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡੇ (ਬਸਤੀਵਾਦੀ ਦੇ) ਹੱਥ ਵਿਚ ਬੰਦੂਕ ਹੈ ਜਾਂ ਬਾਈਬਲ, ਤੁਸੀਂ ਫਿਰ ਵੀ ਬਸਤੀਵਾਦੀ ਹੀ ਹੋ। ਨਿਰਸੰਦੇਹ, ਮੈਂ ਉਸ ਬਸਤੀਵਾਦੀ ਦਾ ਸਾਹਮਣਾ ਕਰਨਾ ਜ਼ਿਆਦਾ ਪਸੰਦ ਕਰਾਂਗਾ, ਜਿਸਦੇ ਹੱਥ ਵਿਚ ਬਾਈਬਲ ਹੈ, ਬਜਾਏ ਉਸਦੇ ਜਿਸ ਕੋਲ ਬੰਦੂਕ ਹੈ, ਪਰ ਆਖ਼ਿਰਕਾਰ ਬਾਈਬਲ ਵਾਲਾ ਅਤੇ ਬੰਦੂਕ ਵਾਲਾ, ਪ੍ਰਚਾਰ ਤਾਂ ਦੋਵੇਂ ਇੱਕੋ ਚੀਜ਼ ਦਾ ਕਰ ਰਹੇ ਹਨ।'

ਨਗੂਗੀ ਦੀ ਬਗ਼ਾਵਤ ਸਿਰਫ਼ ਸਰਕਾਰਾਂ ਦੇ ਖ਼ਿਲਾਫ਼ ਨਹੀਂ ਸੀ, ਸਗੋਂ ਭਾਸ਼ਾਵਾਂ ਦੇ ਗ਼ਲਬੇ ਦੀ ਮਨੋਵਿਗਿਆਨਕ ਅਤੇ ਸੱਭਿਆਚਾਰਕ ਹਿੰਸਾ ਵਿਰੁੱਧ ਸੀ। ਉਸਦੇ ਲਈ ਭਾਸ਼ਾ ਸੱਭਿਆਚਾਰ/ਸੰਸਕ੍ਰਿਤੀ ਦੀ ਵਾਹਕ ਸੀ- ਅਤੇ ਇਸੇ ਲਈ ਇਹ ਬਸਤੀਵਾਦ 'ਤੋਂ ਮੁਕਤੀ ਦੀ ਪ੍ਰਮੁੱਖ ਰਣ-ਭੂਮੀ ਸੀ। ਉਸ ਨੇ ਆਪਣੀ ਮਸ਼ਹੂਰ ਕਿਤਾਬ ਡੀਕਾਲੋਨਾਈਜ਼ਿੰਗ ਦ ਮਾਈਂਡ (1986) ਵਿਚ ਲਿਖਿਆ: 'ਮੈਨੂੰ ਗ਼ੁਲਾਮ ਬਣਾਉਣ ਵਾਲਿਆਂ ਦੀ ਭਾਸ਼ਾ ਮੇਰੀ ਆਜ਼ਾਦੀ ਦੀ ਭਾਸ਼ਾ ਨਹੀਂ ਹੋ ਸਕਦੀ।' ਉਸ ਨੇ ਸਵਾਲ ਉਠਾਇਆ: 'ਇਕ ਸਿਆਸਤਦਾਨ ਜੋ ਇਹ ਕਹਿੰਦਾ ਹੈ ਕਿ ਅਫ਼ਰੀਕਾ ਸਾਮਰਾਜਵਾਦ ਤੋਂ ਬਿਨਾਂ ਨਹੀਂ ਰਹਿ ਸਕਦਾ, ਅਤੇ ਇਕ ਲੇਖਕ ਜੋ ਇਹ ਕਹਿੰਦਾ ਹੈ ਕਿ ਯੂਰਪੀ ਭਾਸ਼ਾਵਾਂ ਤੋਂ ਬਿਨਾਂ ਅਫ਼ਰੀਕਾ ਦਾ ਕੰਮ ਨਹੀਂ ਚੱਲ ਸਕਦਾ, ਦੋਵਾਂ ਵਿਚ ਕੀ ਫ਼ਰਕ ਹੈ?' ਉਨ੍ਹਾਂ ਨੇ ਖ਼ੁਦ ਆਪਣੀ ਦੇਸੀ ਜ਼ੁਬਾਨ ਕਿਕਿਊ ਵਿਚ ਲਿਖਿਆ ਅਤੇ ਆਪਣੀਆਂ ਜ਼ਿਆਦਾਤਰ ਰਚਨਾਵਾਂ ਨੂੰ ਦੁਨੀਆ ਦੇ ਵਿਆਪਕ ਪਾਠਕ ਘੇਰੇ ਤੱਕ ਪਹੁੰਚਾਉਣ ਲਈ ਖ਼ੁਦ ਹੀ ਅੰਗਰੇਜ਼ੀ ਵਿਚ ਅਨੁਵਾਦ ਕੀਤਾ।

2018 'ਚ ਦੀ ਗਾਰਡੀਅਨ ਨਾਲ ਇੰਟਰਵਿਊ 'ਚ ਉਸ ਨੇ ਕਿਹਾ, 'ਟਾਕਰਾ ਹੀ ਜ਼ਿੰਦਾ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਹੈ। ਅਨਿਆਂ ਵਿਰੁੱਧ 'ਨਹੀਂ' ਕਹਿਣ ਦਾ ਨਿੱਕਾ ਜਿਹਾ ਕੰਮ ਵੀ ਮਾਇਨੇ ਰੱਖਦਾ ਹੈ। ਜੇਕਰ ਤੁਸੀਂ ਸੱਚੀਮੁੱਚੀਂ ਮੰਨਦੇ ਹੋ ਕਿ ਤੁਸੀਂ ਸਹੀ ਹੋ, ਤਾਂ ਆਪਣੇ ਵਿਸ਼ਵਾਸ ਉੱਪਰ ਡੱਟੇ ਰਹੋ- ਉਹੀ ਤੁਹਾਨੂੰ ਬਚਾਏਗਾ।'

ਨਗੂਗੀ ਦੀ ਲੇਖਣੀ ਲੋਕ-ਗਾਥਾਵਾਂ, ਸਿਆਸਤ, ਵਿਅੰਗ ਅਤੇ ਪੌਪ ਸੰਸਕ੍ਰਿਤੀ ਵਰਗੇ ਵੱਖ-ਵੱਖ ਸਰੋਤਾਂ 'ਤੋਂ ਪ੍ਰੇਰਿਤ ਸੀ। 'ਦੀ ਅਪਰਾਈਟ ਰੈਵੋਲਿਊਸ਼ਨ', ਜਿਸਦਾ 40 ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦ ਹੋਇਆ, ਵਿਚ ਉਸ ਨੇ ਅਫ਼ਰੀਕੀ ਲੋਕ-ਕਥਾਵਾਂ ਜ਼ਰੀਏ ਇਹ ਦੱਸਿਆ ਕਿ ਮਨੁੱਖ ਦੋ ਪੈਰਾਂ 'ਤੇ ਚੱਲਣਾ ਕਿਵੇਂ ਸਿੱਖਦਾ ਹੈ। 'ਦੀ ਘੋਸਟ ਆਫ ਮਾਈਕਲ ਜੈਕਸਨ' ਵਿਚ ਇਕ ਪਾਦਰੀ ਮਸ਼ਹੂਰ ਗਾਇਕ ਦੀ ਰੂਹ ਨਾਲ ਗ੍ਰਸਤ ਹੋ ਜਾਂਦਾ ਹੈ- ਵਿਅੰਗ ਅਤੇ ਨੈਤਿਕ ਆਲੋਚਨਾ ਦਾ ਅਨੋਖਾ ਸੰਗਮ। 'ਦੀ ਵਿਜ਼ਰਡ ਆਫ ਦੀ ਕਰੋਅ', ਜੋ ਉਸਦਾ ਮਹਾਂ-ਕਾਵਿਕ ਨਾਵਲ ਹੈ, ਵਿਚ ਉਸਨੇ ਤਾਨਾਸ਼ਾਹੀ ਦੀ ਭਿਆਨਕਤਾ ਦਾ ਮਜ਼ਾਕ ਉਡਾਇਆ: ਇਕ ਦ੍ਰਿਸ਼ ਵਿਚ ਮੰਤਰੀ ਐਨੇ ਲੰਮੇ ਸਮੇਂ ਤੱਕ ਤਾੜੀਆਂ ਵਜਾਉਂਦੇ ਹਨ ਕਿ ਬੇਹੋਸ਼ ਹੋ ਜਾਂਦੇ ਹਨ, ਜਿਵੇਂ ਅਰਦਾਸ ਵਿਚ ਲੀਨ ਸ਼ਰਧਾਲੂ।




ਆਪਣੇ ਨਾਵਲਾਂ, ਯਾਦਾਂ ਅਤੇ ਰਾਜਨੀਤਕ ਲੇਖਾਂ ਰਾਹੀਂ, ਨਗੂਗੀ ਨੇ ਸਾਹਿਤ ਨੂੰ ਸਿਰਫ਼ ਕਹਾਣੀ ਕਹਿਣ ਦਾ ਜ਼ਰੀਆ ਨਹੀਂ ਸਗੋਂ ਸੱਤਾ, ਭਾਸ਼ਾ ਅਤੇ ਪਛਾਣ ਦੀ ਆਲੋਚਨਾ ਦਾ ਹਥਿਆਰ ਬਣਾਇਆ। ਚਾਹੇ ਉਸਦੇ ਨਾਵਲ 'ਪੈਟਲਜ਼ ਆਫ ਬਲੱਡ' ਤੇ 'ਦੀ ਵਿਜ਼ਰਡ ਆਫ ਦੀ ਕਰੋਅ' ਹੋਣ, ਚਾਹੇ ਆਤਮ-ਕਥਾ 'ਬਰਥ ਆਫ ਅ ਡਰੀਮ ਵੀਵਰ' ਹੋਵੇ ਜਾਂ ਪ੍ਰਭਾਵਸ਼ਾਲੀ ਲੇਖ-ਸੰਗ੍ਰਹਿ 'ਡੀਕਾਲੋਨਾਈਜ਼ਿੰਗ ਦ ਮਾਈਂਡ' ਹੋਵੇ, ਨਗੂਗੀ ਨੇ ਬਸਤੀਵਾਦ ਅਤੇ ਉੱਤਰ-ਬਸਤੀਵਾਦੀ ਸੱਤਾਵਾਦ ਵਿਰੁੱਧ ਬੇਬਾਕੀ ਨਾਲ ਅਤੇ ਨਿਧੜਕ ਹੋ ਕੇ ਲਿਖਿਆ। 1970ਵਿਆਂ 'ਚ ਉਸ ਨੂੰ ਇਕ ਸਾਲ ਜੇਲ੍ਹ ਵਿਚ ਨਜ਼ਰਬੰਦ ਰੱਖਿਆ ਗਿਆ, ਫਿਰ ਦਹਾਕਿਆਂ ਤੱਕ ਜਲਾਵਤਨ ਰਹਿਣਾ ਪਿਆ। ਉਹ ਅਕਸਰ ਸਾਹਿਤ ਦੇ ਨੋਬਲ ਪੁਰਸਕਾਰ ਲਈ ਸੰਭਾਵੀ ਦਾਅਵੇਦਾਰ ਮੰਨੇ ਜਾਂਦੇ ਰਹੇ। ਉਹ ਮੈਨ ਬੁੱਕਰ ਇਨਾਮ ਦੀ ਸ਼ਾਰਟਲਿਸਟ ਵਿਚ ਰਹੇ, 2012 ਵਿਚ ਨੈਸ਼ਨਲ ਬੁੱਕ ਕਰਿਟਿਕਸ ਸਰਕਲ ਇਨਾਮ ਦੀ ਆਖ਼ਰੀ ਸੂਚੀ ਵਿਚ ਰਹੇ ਅਤੇ 2016 'ਚ ਉਨ੍ਹਾਂ ਨੂੰ ਪਾਕ ਕਿਓਂਗ-ਨੀ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਉੱਘੇ ਲੇਖਕਾਂ 'ਤੋਂ ਲੈ ਕੇ ਰਾਜਨੇਤਾਵਾਂ ਤੱਕ- ਚਿਮਮਾਂਡਾ ਨਗੋਜ਼ੀ ਅਦਿਚੀਏ ਤੋਂ ਲੈ ਕੇ ਜੌਨ ਅਪਡਾਈਕ ਅਤੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੱਕ ਨਗੂਗੀ ਦੀ ਲੇਖਣੀ ਦੇ ਕਦਰਦਾਨ ਸਨ। ਉਨ੍ਹਾਂ ਦੇ ਅਨੁਸਾਰ ਉਸਦੀ ਲੇਖਣੀ ਇਤਿਹਾਸ ਦੀਆਂ ਪਰਿਵਰਤਨਕਾਰੀ ਘਟਨਾਵਾਂ ਦੇ ਵਿਅਕਤੀ ਦੀ ਜ਼ਿੰਦਗੀ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਬੇਹੱਦ ਸੰਵੇਦਨਸ਼ੀਲ ਢੰਗ ਨਾਲ ਉਜਾਗਰ ਅਤੇ ਬਿਆਨ ਕਰਨ ਦੇ ਸਮਰੱਥ ਹੈ। ਉਸ ਦੀ ਲੇਖਣੀ ਐਨੀ ਜ਼ਬਰਦਸਤ ਸੀ ਕਿ ਅਮਰੀਕਾ ਵਿਚ ਰਹਿ ਕੇ ਉਸ ਨੂੰ ਸਰਮਾਏਦਾਰੀ ਪ੍ਰਬੰਧ ਵਿਰੁੱਧ ਲਿਖਣ ਦੀ ਖੁੱਲ੍ਹ ਮਿਲਦੀ ਰਹੀ।

ਉਸ ਦੇ ਪਾਤਰ ਕਦੇ ਵੀ ਇਕ-ਪਾਸਾਰੀ ਨਹੀਂ ਹੁੰਦੇ। ਉਸ ਨੇ ਕਿਸਾਨਾਂ, ਆਦਰਸ਼ਵਾਦੀਆਂ, ਬਸਤੀਵਾਦੀ ਅਧਿਕਾਰੀਆਂ ਅਤੇ ਸ਼ਹਿਰੀ ਬੁੱਧੀਜੀਵੀਆਂ ਦੀ ਜ਼ਿੰਦਗੀ ਨੂੰ ਗਹਿਰਾਈ, ਹਮਦਰਦੀ ਅਤੇ ਜਟਿਲਤਾ ਨਾਲ ਚਿਤਰਿਆ। ਉਸ ਨੇ ਮੌਖਿਕਤਾ ਅਤੇ ਲਿਖਤੀ, ਪਿੰਡ ਅਤੇ ਸ਼ਹਿਰ, ਪਰੰਪਰਾ ਅਤੇ ਆਧੁਨਿਕਤਾ ਦਰਮਿਆਨ ਸੰਘਰਸ਼ ਨੂੰ ਬਾਰੀਕੀ 'ਚ ਸਮਝਿਆ ਅਤੇ ਦਿਖਾਇਆ।

2006 'ਚ ਪ੍ਰਕਾਸ਼ਿਤ ਹੋਈ ਰਚਨਾ 'ਵਿਜ਼ਰਡ ਆਫ ਦੀ ਕਰੋਅ', ਜੋ ਇਕ ਕਾਲਪਨਿਕ ਅਫ਼ਰੀਕਨ ਮੁਲਕ ਅਬੁਰਿਰੀਆ 'ਤੇ ਆਧਾਰਤ ਹੈ, ਦੀ ਸਮੀਖਿਆ ਕਰਦਿਆਂ ਦੀ ਟਾਈਮਜ਼ ਵਿਚ ਜੇਫ਼ ਟਰਨਟਾਈਨ ਨੇ ਲਿਖਿਆ, 'ਸ੍ਰੀ ਨਗੂਗੀ ਪੂਰੇ ਅਫ਼ਰੀਕਨ ਮਹਾਦੀਪ ਦੇ ਉੱਪਰੋਂ ਦੀ ਉੱਡਦੇ ਹੋਏ ਉਨ੍ਹਾਂ ਤਮਾਮ ਸੜਾਂਦਾਂ ਨੂੰ ਸੁੰਘਦਾ ਹੈ ਜੋ ਆਕਾਸ਼ ਵਿਚ ਉੱਠ ਰਹੀਆਂ ਹਨ। ਪਰ ਉਸ ਉਚਾਈ ਤੋਂ ਉਹ ਇਕ ਆਸ਼ਾਜਨਕ ਸੰਕੇਤ ਵੀ ਦੇਖ ਸਕਦਾ ਹੈ: ਵੱਡੀ ਗਿਣਤੀ 'ਚ ਲੋਕ ਇਕਜੁੱਟ ਹੋ ਰਹੇ ਹਨ, ਜਿੱਤ ਦੀਆਂ ਕਹਾਣੀਆਂ ਸਾਂਝੀਆਂ ਕਰ ਰਹੇ ਹਨ ਅਤੇ ਕੀਲਵਾਂ ਪ੍ਰਭਾਵ ਛੱਡ ਰਹੇ ਹਨ।'

ਹਾਲਾਂਕਿ ਨਗੂਗੀ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਮਿਲੀ, ਪਰ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਮੁਲਕ ਤੋਂ ਬਾਹਰ ਜਲਾਵਤਨੀ ਵਿਚ ਗੁਜ਼ਾਰਿਆ। ਉਸ ਨੇ ਯੂਕੇ ਅਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ- ਯੇਲ, ਨਾਰਥਵੇਸਟਰਨ ਅਤੇ ਅੰਤ ਵਿਚ ਕੈਲੀਫੋਰਨੀਆ ਯੂਨੀਵਰਸਿਟੀ, ਇਰਵਿਨ- ਵਿਚ ਪੜ੍ਹਾਇਆ, ਜਿੱਥੇ ਉਸ ਨੇ ਇੰਟਰਨੈਸ਼ਨਲ ਸੈਂਟਰ ਫਾਰ ਰਾਈਟਿੰਗ ਐਂਡ ਟਰਾਂਸਲੇਸ਼ਨ ਦੀ ਸਥਾਪਨਾ ਕੀਤੀ। ਇੱਥੇ ਉਹ ਆਪਣੀ ਦੂਜੀ ਪਤਨੀ, ਜੀਰੀ ਵਾ ਨਗੂਗੀ, ਅਤੇ ਵੱਖ-ਵੱਖ ਸੰਬੰਧਾਂ 'ਚੋਂ ਜਨਮੇ ਆਪਣੇ ਬੱਚਿਆਂ ਨਾਲ ਰਹਿੰਦਾ ਸੀ। ਉਸ ਦੇ ਦਸ ਵਿਚੋਂ ਚਾਰ ਬੱਚੇ ਲੇਖਕ ਹਨ ਜਿਨ੍ਹਾਂ ਦੀ ਰਚਨਾਵਾਂ ਛਪ ਚੁੱਕੀਆਂ ਹਨ।

ਜਲਾਵਤਨੀ 'ਚ ਵੀ ਉਨ੍ਹਾਂ ਦੀ ਜ਼ਿੰਦਗੀ ਖ਼ਤਰੇ ਦੇ ਸਾਏ ਹੇਠ ਰਹੀ। 1986 ਵਿਚ ਜ਼ਿੰਬਾਬਵੇ ਫੇਰੀ ਦੌਰਾਨ ਕੀਨੀਆਈ ਏਜੰਟਾਂ ਨੇ ਉਸ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ। 2004 'ਚ ਜਦੋਂ ਉਹ ਕੀਨੀਆ ਵਾਪਸੀ ਪਰਤੇ ਤਾਂ ਜਿਸ ਮਕਾਨ ਵਿਚ ਉਹ ਰਹਿ ਰਹੇ ਸਨ ਉੱਥੇ ਅੰਦਰ ਘੁਸ ਕੇ ਉਸ ਉੱਪਰ ਕਾਤਲਾਨਾ ਹਮਲਾ ਕੀਤਾ ਗਿਆ ਅਤੇ ਉਸ ਦੀ ਪਤਨੀ ਨਾਲ ਬਲਾਤਕਾਰ ਕੀਤਾ ਗਿਆ। ਉਸਨੇ ਸਪਸ਼ਟ ਕਿਹਾ ਕਿ ਇਹ ਹਮਲਾ ਰਾਜਨੀਤਕ ਮਨੋਰਥ ਨਾਲ ਕੀਤਾ ਗਿਆ ਹੈ। ਆਖ਼ਿਰਕਾਰ, ਲੱਗਭੱਗ 40 ਸਾਲ ਬਾਅਦ, 2015 'ਚ, ਕੀਨਿਆਈ ਸਟੇਟ ਵੱਲੋਂ ਪਹਿਲੀ ਵਾਰ ਨਗੂਗੀ ਨੂੰ ਸਰਕਾਰੀ ਤੌਰ 'ਤੇ ਮਾਣ-ਸਨਮਾਨ ਦਿੱਤਾ ਗਿਆ।

ਨਗੂਗੀ ਵਾ ਥਿਓਂਗੋ ਦੀ ਵਿਰਾਸਤ ਵਿਸ਼ਾਲ ਅਤੇ ਪ੍ਰੇਰਨਾਦਾਇਕ ਹੈ। ਉਸ ਨੇ ਸਾਮਰਾਜਵਾਦੀ ਬਿਰਤਾਂਤਾਂ ਨੂੰ ਤੋੜਿਆ, ਅਫ਼ਰੀਕਨ ਸਾਹਿਤ ਵਿਚ ਭਾਸ਼ਾ ਅਤੇ ਸੱਭਿਆਚਾਰ ਦੇ ਸਵਾਲਾਂ ਨੂੰ ਕੇਂਦਰੀ ਬਣਾਇਆ ਅਤੇ ਆਪਣੀ ਜ਼ਿੰਦਗੀ ਅਤੇ ਲੇਖਣੀ ਜ਼ਰੀਏ ਇਹ ਸਿੱਧ ਕੀਤਾ ਕਿ ਲੋਕਾਈ 'ਚ ਨਾਂ ਰੱਖਣ, ਬੋਲਣ ਅਤੇ ਕਲਪਨਾ ਕਰਨ ਦੀ ਜ਼ਬਰਦਸਤ ਤਾਕਤ ਹੁੰਦੀ ਹੈ।

ਉਸ ਦੀ ਕਲਮ ਕਦੇ ਵੀ ਨਿਰਪੱਖ ਨਹੀਂ ਸੀ, ਸਗੋਂ ਲੋਕਾਂ ਦੀ ਧਿਰ ਦੇ ਹੱਕ ਵਿਚ ਖੜ੍ਹੀ। ਉਸ ਦੀ ਕਲਮ ਇਕ ਹਥਿਆਰ ਸੀ, ਇਕ ਸ਼ੀਸ਼ਾ ਸੀ, ਇਕ ਮਸ਼ਾਲ ਸੀ।

ਬਰਤਾਨਵੀ ਲੇਖਿਕਾ ਮਿਸ਼ੇਲਾ ਰੌਂਗ ਨੇ ਦੀ ਟਾਈਮਜ਼ ਬੁੱਕ ਰੀਵਿਊ ਵਿਚ ਉਸ ਦੀ ਵਚਨਬੱਧਤਾ ਬਾਰੇ ਲਿਖਿਆ: 'ਬਰਡ ਆਫ ਅ ਡਰੀਮ ਵੀਵਰ' ਵਿਚ ਨਗੂਗੀ ਦੀ ਰਚਨਾਤਮਕ ਆਵਾਜ਼ ਉਸ ਵਕਤ ਆਕਾਰ ਲੈਂਦੀ ਦਿਸਦੀ ਹੈ, 'ਜਦੋਂ ਇਕ ਮਹਾਦੀਪ ਆਪਣੀ ਆਜ਼ਾਦੀ ਪ੍ਰਾਪਤ ਕਰ ਰਿਹਾ ਹੁੰਦਾ ਹੈ।' ਉਸਨੇ ਅੱਗੇ ਲਿਖਿਆ, 'ਉਸ ਦਾ ਜੋ ਵਿਸ਼ਵਾਸ ਇਸ ਦੌਰਾਨ ਬਣਦਾ ਹੈ, ਉਹ ਤਾਉਮਰ ਬਰਕਰਾਰ ਰਹਿੰਦਾ ਹੈ: ਅਫ਼ਰੀਕਨ ਮਾਣ-ਸਨਮਾਨ ਅਤੇ ਆਤਮ-ਬੋਧ ਦੀ ਤਲਾਸ਼, ਪੱਛਮੀ ਗ਼ਲਬੇ ਦਾ ਨਿਖੇਧ, ਅਤੇ ਇਹ ਤਿੱਖੀ ਪੁਕਾਰ ਕਿ ਅਫ਼ਰੀਕਨ ਲੋਕ ਆਪਣੀ ਕਹਾਣੀ ਆਪਣੀਆਂ ਦੇਸੀ ਜ਼ੁਬਾਨਾਂ ਵਿਚ ਖ਼ੁਦ ਸੁਣਾਉਣ।' ਇਨ੍ਹਾਂ ਭਾਵਨਾਵਾਂ ਨੇ ਉਸ ਦੀਆਂ ਕਈ ਲਿਖਤਾਂ ਨੂੰ ਆਧਾਰ ਦਿੱਤਾ, ਜਿਨ੍ਹਾਂ ਵਿਚ 1977 'ਚ ਛਪੀ ਮਸ਼ਹੂਰ ਰਚਨਾ 'ਪੇਟਲਜ਼ ਆਫ ਬਲੱਡ' ਵੀ ਸ਼ਾਮਲ ਹੈ, ਜੋ ਨਵ-ਬਸਤੀਵਾਦੀ ਦੌਰ ਉੱਪਰ ਬਹੁਤ ਉੱਘੜਵੇਂ ਰੂਪ 'ਚ ਚਾਨਣਾ ਪਾਉਂਦੀ ਹੈ।

ਤਾਉਮਰ ਦੇਸੀ ਭਾਸ਼ਾਵਾਂ ਦੇ ਮਹੱਤਵ ਉੱਪਰ ਡੱਟ ਕੇ ਖੜ੍ਹਨ ਵਾਲੇ ਅਤੇ ਸਰਮਾਏਦਾਰੀ ਦੇ ਆਲੋਚਕ ਨਗੂਗੀ ਦੀ ਸਾਹਿਤਕ ਘਾਲਣਾ ਬਹੁਤ ਵੱਡੀ ਹੈ। ਆਪਣੇ ਪਿੱਛੇ ਉਹ ਇਕ ਅਜਿਹਾ ਮਹਾਦੀਪ ਛੱਡ ਗਿਆ ਹੈ ਜਿਸਦੀ ਆਵਾਜ਼ ਉਸ ਨੇ ਗੂੰਜਾਈ- ਅਤੇ ਇਕ ਅਜਿਹੀ ਦੁਨੀਆ ਜੋ ਹੁਣ ਵੀ ਉਸ ਨੂੰ ਸੁਣਨਾ ਸਿੱਖ ਰਹੀ ਹੈ।

## ਖੁੰਢ ਚਰਚਾ: ਫੁੱਟ

ਪਿੰਡ ਦੀ ਸੱਥ ਵਿਚ ਸਾਰੇ ਆਪਣੇ ਆਪਣੇ ਵਿਚਾਰ ਸੁਣਾ ਰਹੇ ਸਨ, ਬਖ਼ਤੌਰ ਸੋਂਹ ਕਹਿੰਦਾ ਸਾਨੂੰ ਤਾਂ ਮਾਰ ਲਿਆ ਆਪਸੀ ਫੁੱਟ ਨੇ ਕੱਲ੍ਹ ਸਾਡੇ ਮੰਡ ਨੇੜਲੇ ਖੇਤਾਂ ਵਿਚ ਬਾਰਾਂਸਿੰਗਾ ਆ ਗਿਆ ਜੋ ਕਿ ਸ਼ਿਕਾਰੀ ਕੁੱਤਿਆਂ ਵੱਲੋਂ ਭਜਾਇਆ ਹੋਇਆ ਸੀ, ਕਾਫੀ ਬੰਦਿਆਂ ਨੇ ਰਲ ਕੇ ਫੜਿਆ ਅਤੇ ਸਲਾਹ ਬਣੀ ਛਕ ਜਾਓ ਚੁੱਪ ਕਰਕੇ,, ਫਿਰ ਗਾਮੇ ਮੁਖਬਰ ਤੋਂ ਡਰਦੇ ਥਾਣੇ ਫੋਨ ਕੀਤਾ ਕਿ ਉਹ ਪੁਲਿਸ ਨੂੰ ਚੁਗਲੀ ਨਾ ਕਰ ਦੇਵੇ, ਕੋਈ ਸਮਾਂ ਹੁੰਦਾ ਸੀ ਕਿ ਨੇੜੇ ਤੇੜੇ ਕਤਲ ਹੋ ਜਾਵੇ ਤਾਂ ਪਿੰਡ ਵਾਲੇ ਦੰਦਾਂ ਹੇਠ ਜੀਭ ਲੈ ਲੈਂਦੇ ਸਨ ਮਜਾਲ ਐ ਕੋਈ ਸੂਹ ਕੱਢ ਦੇਵੇ ਪਰ ਹੁਣ ਕੋਈ ਚਾਰ ਕਿਲੋ ਗੁੜ ਘੜੇ ਵਿਚ ਪਾ ਲਵੇ ਤਾਂ ਵੀ ਥਾਣਾਂ ਆ ਢੁਕਦਾ ਹੈ। ਜਦ ਬਾਰਾਂ ਸਿੰਘੇ ਦੀ ਖਬਰ ਥਾਣੇ ਪਹੁੰਚੀ ਤਾਂ ਪੁਲਿਸ ਵਾਲੇ ਅਤੇ ਜੰਗਲਾਤ ਵਾਲੇ ਆਏ ਤੇ ਬਾਰਾਂ ਸਿੰਘੇ ਨੂੰ ਜੀਪ ਵਿਚ ਸੁੱਟ ਕੇ ਲੈ ਗਏ,,ਰਾਤ ਨੂੰ ਅਸਾਂ ਦਾਲ ਨਾਲ ਰੋਟੀਆਂ ਖਾਧੀਆਂ ਤੇ ਪੁਲਸੀਆਂ ਨੇ ਤਰੀ ਨਾਲ ਜੀਭ ਸਲੂਣੀ ਕੀਤੀ... ਪਿੰਡ ਵਾਲੇ ਕਹਿੰਦੇ ਇਹ ਤਾਂ ਹੋਣਾ ਈ ਸੀ ਕਿਉਂਕਿ ਹਰ ਨਿਵਾਲੇ 'ਤੇ ਖਾਣ ਵਾਲੇ ਦੀ ਮੋਹਰ ਲੱਗੀ ਹੁੰਦੀ ਹੈ, ਮੱਘਰ ਕਹਿੰਦਾ ਖ਼ਯਾਲ ਅੱਛਾ ਹੈ ਗ਼ਾਲਿਬ ਦਿਲ ਕੇ ਬਹਿਲਾਨੇ ਕੋ...ਅਸਲ ਪੰਗਾ ਤਾਂ ਆਪਸੀ ਫੁੱਟ ਦਾ ਸੀ।



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

# ਸਾਕਾ ਨੀਲਾ ਤਾਰਾ ਦੁਖਾਂਤ; ਸਿੱਖ ਸੰਤਾਪ ਅਤੇ ਡਾ. ਹਰਵਿੰਦਰ ਭੱਟੀ ਦੀਆਂ ਨੇਕ ਸਲਾਹਾਂ!

ਮੈਂ ਪਹਿਲੀ ਜੂਨ ਨੂੰ ਸਵੇਰੇ-ਸਵੇਰੇ ਇੰਟਰਨੈਟ ਖੋਲਿਆ ਤਾਂ ਸਭ ਤੋਂ ਪਹਿਲਾਂ 'ਸਿੱਖ ਵਿਊ ਪੁਆਇੰਟ' 'ਤੇ ਸਿੱਖ ਚਿੰਤਕ ਸ. ਅਜਮੇਰ ਸਿੰਘ ਦੀ 'ਜੂਨ, 84 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦੇ ਅਸਲ ਹੱਕਦਾਰ ਕੌਣ ਹਨ' ਦੇ ਸਿਰਲੇਖ ਹੇਠਲੀ ਵੀਡੀਓ ਸਾਹਮਣੇ ਆ ਗਈ। ਆਪਣੀ ਆਦਤ ਅਨੁਸਾਰ ਮੈਂ ਇਕਾਗਰ ਚਿੱਤ ਹੋ ਕੇ ਸੁਣਨੀ ਸ਼ੁਰੂ ਕਰ ਦਿੱਤੀ। ਇਹ ਵੇਖਣ ਲਈ ਕਿ ਸਿੱਖ ਚਿੰਤਕ ਨੇ ਐਤਕਾਂ ਦੇ ਵਰ੍ਹੇ ਕਿਸ ਕਿਸਮ ਦੀ ਕੋਈ ਨਵੀਂ ਅੰਤਰ ਝਾਤ ਪੁਆਈ ਹੈ। ਰੂਸ-ਯੂਕਰੇਨ ਜੰਗ, ਇਜਰਾਈਲ ਵਲੋਂ ਗਾਜਾ ਦੇ ਲੋਕਾਂ ਦੇ ਨਸਲਘਾਤ ਜਾਂ ਭਾਰਤ-ਪਾਕਿਸਤਾਨ ਦੀ ਖਤਰਨਾਕ ਢਾਈ-ਫੱਟ ਜੰਗ ਵਰਗੇ ਭਿਆਨਕ ਕਾਂਡਾਂ ਤੋਂ ਕੋਈ ਸਬਕ ਸਿੱਖਿਆ ਹੈ ਜਾਂ ਨਹੀਂ। ਪਰ ਸੁਣ ਕੇ ਅਫਸੋਸ ਹੋਇਆ ਕਿ ਭਾਈ ਸਾਹਿਬ ਨੇ ਇਸ ਵਾਰ ਵੀ ਨਵੀਂ ਪੀੜ੍ਹੀ ਨੂੰ ਵਕਤ ਅਨੁਸਾਰ ਨਵੀਂ ਸੇਧ ਦੇਣ ਦੀ ਥਾਂ ਲਗਾਤਾਰ ਨੌਜਵਾਨਾਂ ਨੂੰ ਜਜ਼ਬਾਤੀ ਤੌਰ 'ਤੇ



ਹਰਚਰਨ ਸਿੰਘ ਪਰਹਾਰ
**ਫੋਨ:** 403-681-8689
**ਈਮੇਲ:** hp8689@gmail.com

ਭੜਕਾਈ ਰੱਖਣ ਲਈ ਆਪਣੀ ਸਾਰੀ ਵੀਡੀਓ ਵਿੱਚ ਬਿਨਾਂ ਅੱਖ ਝਮੱਕੇ ਅਤੇ ਬਿਨਾਂ ਸਾਹ ਲਏ, ਉਹੋ ਘੋੜਾ ਦਬਾਈ ਰੱਖਿਆ ਹੈ, ਜਿਸਤੇ ਉਸਨੇ ਪਿਛਲੇ 2 ਦਹਾਕਿਆਂ ਤੋਂ ਦਾਬ ਦਿੱਤੀ ਹੋਈ ਹੈ।

ਸ. ਅਜਮੇਰ ਸਿੰਘ ਦੀ ਵੀਡੀਓ ਸੁਣ ਹੀ ਰਿਹਾ ਸਾਂ ਕਿ ਇੱਕ ਪੁਰਾਣੇ ਦੋਸਤ ਸੁਲੱਖਣ ਸਿੰਘ ਦਾ ਫੋਨ ਖੜਕ ਪਿਆ। ਕੋਈ ਦੁਆ ਸਲਾਮ ਤੋਂ ਬਿਨਾਂ ਹੀ ਉਸਨੇ ਸਿੱਧਾ ਸਵਾਲ ਕੀਤਾ: ਹਰਚਰਨ, ਤੂੰ 27 ਮਈ ਨੂੰ 'ਪੰਜਾਬ ਟੈਲੀਵਿਜ਼ਨ' 'ਤੇ 'ਖੁੱਲ ਗਏ ਭੇਦ!ਰਸ਼ੀਅਨ ਖੁਫੀਆ ਜਾਣਕਾਰੀ 'ਤੇ ਹੋਇਆ ਸੀ, ਸਾਕਾ ਨੀਲਾ ਤਾਰਾ' ਵਾਲੀ ਵੀਡੀਓ ਦੇਖੀ ਹੈ। ਅਗਲਾ ਰਾਕਟ, ਉਸਨੇ ਇਹ ਕਹਿੰਦਿਆਂ ਦਾਗ ਦਿੱਤਾ ਕਿ ਸਿੱਖਾਂ ਵਿੱਚ ਵੀ ਠੰਡੇ ਦਿਮਾਗ ਨਾਲ ਸੋਚ ਕੇ ਗੱਲ ਕਰਨ ਵਾਲੇ ਬੁੱਧੀਜੀਵੀ ਵੀ ਅਜੇ ਹੈਗੇ! ਮੈਂ ਪਿਛਲੇ ਕਈ ਮਹੀਨਿਆਂ ਦੌਰਾਨ ਸੁਖਬੀਰ ਬਾਦਲ ਦੇ ਰਾਜਨੀਤਕ ਵਿਰੋਧੀਆਂ ਵਲੋਂ ਜਥੇਦਾਰਾਂ ਨੂੰ ਅੱਗੇ ਲਗਾ ਕੇ ਉਸਦੀ ਜਕੜ ਤੋਂ ਅਕਾਲੀ ਦਲ ਅਜ਼ਾਦ ਕਰਾਉਣ ਲਈ ਬਾਹਰੋਂ ਇਸ ਚੈਨਲ ਵਲੋਂ ਹੱਲਾਸ਼ੇਰੀ ਦਿੰਦਿਆਂ, ਇੱਕ ਪਾਸੜ ਮੁਹਿੰਮ ਚਲਾਈ ਹੋਈ ਸੀ ਅਤੇ ਪਿਛਲੇ ਦੋ ਕੁ ਮਹੀਨਆਂ ਤੋਂ ਅੱਕ ਕੇ ਇਸ ਚੈਨਲ ਨੂੰ ਸੁਣਨਾ ਬੰਦ ਕੀਤਾ ਹੋਇਆ ਸੀ। ਪਰ ਸੁਲੱਖਣ ਕਹਿ ਰਿਹਾ ਸੀ ਕਿ ਤੂੰ ਹੋਰ ਨਹੀਂ ਤਾਂ ਘੱਟੋ-ਘੱਟ ਉਪਰ ਦੱਸੀ ਵੀਡੀਓ ਵਿੱਚ ਪ੍ਰੋ ਹਰਵਿੰਦਰ ਭੱਟੀ ਵਾਲਾ ਹਿੱਸਾ ਜਰੂਰ ਸੁਣ ਤਾਂ ਕਿ ਪਤਾ ਲੱਗ ਸਕੇ ਕਿ ਸਾਡੇ ਬੁੱਧੀਜੀਵੀਆਂ ਵਿੱਚ ਵੀ 'ਕੋਈ ਹਰਿਆ ਬੂਟਾ ਰਹਿਓ ਰੀ' ਵਾਲੀ ਗੱਲ ਅਜੇ ਕਾਇਮ ਹੈ।

ਹਰਜਿੰਦਰ ਸਿੰਘ ਰੰਧਾਵੇ ਦਾ ਚੈਨਲ 'ਤੇ ਕਲ੍ਹ ਗੱਲ ਸ਼ੁਰੂ ਕਰਨ ਦਾ ਆਪਣੀ ਹੀ ਕਿਸਮ ਦਾ ਖਚਰਾ ਅੰਦਾਜ ਸੀ। ਉਹ 'ਸਾਕਾ ਨੀਲਾ ਤਾਰਾ' ਬਾਰੇ ਸਮਝਣ ਲਈ ਸ. ਤਰਲੋਚਨ ਸਿੰਘ ਦਿੱਲੀ ਨੂੰ ਬੜੇ ਨਾਟਕੀ ਢੰਗ ਨਾਲ ਗੱਲਬਾਤ ਦੀ ਸੱਥ 'ਚ ਉਤਾਰਦਾ ਹੈ। ਪਰ ਉਹ ਅੱਗਿਉਂ ਰੰਧਾਵੇ ਦੀ ਚਾਲ ਤੋਂ ਬੇਖਬਰ ਆਪਣਾ ਪੁਰਾਣਾ ਘਸਿਆ-ਪਿਟਿਆ ਘਰਾਟ ਰਾਗ ਅਲਾਪਣਾ ਸ਼ੁਰੂ ਕਰ ਦਿੰਦਾ ਹੈ। ਉਸ ਤੋਂ ਬਾਅਦ ਸਿੱਖ ਇਤਿਹਾਸਕਾਰ/ਪੱਤਰਕਾਰ, ਜਗਤਾਰ ਸਿੰਘ ਉਸ ਤੋਂ ਵੀ ਚਾਰ ਕਦਮ ਅੱਗੇ ਵਧ, ਰਹਿੰਦੀ ਕਸਰ ਕੱਢ ਦਿੰਦਾ ਹੈ। ਸੁਖਬੀਰ ਬਾਦਲ ਖਿਲਾਫ ਜਿਹਾਦ ਦੌਰਾਨ ਤਾਂ ਪ੍ਰੋ ਭੱਟੀ ਸਾਹਿਬ ਉਨ੍ਹਾਂ ਦੇ ਨਾਲ ਪਾਸ ਦੇ ਕੇ ਖੇਡਦੇ ਰਹਿੰਦੇ ਸਨ। ਪਰ ਇਸ ਵਾਰ ਕਹਾਣੀ ਬਿਲਕੁਲ ਵੱਖਰੀ ਸੀ। ਮੈਨੂੰ ਅਚੰਭੇ ਭਰੀ ਹੈਰਾਨੀ ਹੁੰਦੀ ਹੈ, ਪ੍ਰੋ ਭੱਟੀ ਨੇ ਜਿਸ ਬੇਬਾਕੀ ਨਾਲ ਖਰੀਆਂ ਖਰੀਆਂ ਗੱਲਾਂ ਕੀਤੀਆਂ ਹਨ, ਉਸ ਲਈ ਉਹ ਸਤਿਕਾਰ ਦਾ ਹੱਕਦਾਰ ਹੈ। ਸੁਲੱਖਣ ਦੀ ਗੱਲ ਸੋਲਾਂ ਆਨੇ ਸੱਚੀ ਲੱਗਦੀ ਹੈ। ਇਸ ਬਾਰੇ ਪ੍ਰੋ ਭੱਟੀ ਦੀ ਇੰਟਰਵੈਨਸ਼ਨ ਇਸ ਤਰ੍ਹਾਂ ਲਗਦੀ ਹੈ, ਜਿਵੇਂ ਚੱਲਦੇ ਘਰਾਟ ਰਾਗ ਅੰਦਰ ਕੋਈ ਪੰਡਤ ਸ਼ਿਵ ਕੁਮਾਰ ਵਾਂਗ ਠੰਡ ਵਰਤਾਉਣ ਵਾਲਾ ਆਪਣਾ ਸੰਤੂਰ ਵਜਾਉਣਾ ਸ਼ੁਰੂ ਕਰ ਦੇਵੇ। ਜਿਵੇਂ ਜੂਨ ਮਹੀਨੇ ਦੀ ਤਪਦੀ ਦੁਪਹਿਰ ਮੌਕੇ ਕਿਸੇ ਪਿਆਸੇ ਮੁਸਾਫਿਰ ਨੂੰ ਛਬੀਲ ਦਾ ਠੰਡਾ-ਮਿੱਠਾ ਸ਼ਰਬਤ ਪੀਣ ਨੂੰ ਮਿਲ ਜਾਵੇ। ਭੱਟੀ ਦੀਆਂ ਨਿਮਰ ਦਲੀਲਾਂ ਤੋਂ ਪ੍ਰਭਾਵਤ ਹੋ ਕੇ ਸ. ਤਰਲੋਚਨ ਸਿੰਘ ਤਾਂ ਸੋਚੀਂ ਪੈਂਦਾ ਨਜ਼ਰ ਆਉਣ ਲੱਗਦਾ ਹੈ। ਪਰ ਜਗਤਾਰ ਸਿੰਘ, ਆਪਣੇ ਸੂਤਰਧਾਰ ਹਰਜਿੰਦਰ ਸਿੰਘ ਰੰਧਾਵੇ ਤੋਂ ਵੀ ਵੱਧ ਚਲਾਕੀ ਨਾਲ ਘੋਸਲ ਮਾਰਦਿਆਂ ਪ੍ਰੋ ਭੱਟੀ ਨੂੰ ਝਕਾਨੀ ਦੇ ਜਾਂਦਾ ਹੈ। ਉਹ ਆਪਣਾ ਪਹਿਲਾ ਪ੍ਰਵਚਨ ਉਵੇਂ ਹੀ ਜਾਰੀ ਰੱਖਦਾ ਹੈ, ਜਿਵੇਂ ਉਸਨੇ ਭੱਟੀ ਦੀ ਕੋਈ ਗੱਲ ਸੁਣੀ ਹੀ ਨਾ ਹੋਵੇ।

ਪ੍ਰੋ ਭੱਟੀ ਅਨੁਸਾਰ ਉਸਨੇ ਨਵੰਬਰ 84 ਬਾਰੇ ਕਿਤਾਬ ਵਿੱਚੇ ਛੱਡ ਦਿੱਤੀ ਸੀ, ਪਰ ਸਾਡੀ ਸਲਾਹ ਹੈ ਕਿ ਉਹ ਜੂਨ 84 ਬਾਰੇ ਕਿਤਾਬ ਜਰੂਰ ਲਿਖਣ। ਜਿਸ ਵਿੱਚ ਉਹ ਸਿੱਖਾਂ ਦੇ ਸੰਤਾਪ ਵਿੱਚ ਪੱਤਰਕਾਰ ਦਲਬੀਰ ਸਿੰਘ, ਇਤਿਹਾਸਕਾਰ ਜਗਤਾਰ ਸਿੰਘ ਅਤੇ ਸਿੱਖ ਚਿੰਤਕ ਅਜਮੇਰ ਸਿੰਘ ਵਰਗੇ ਬੇਚੈਨ ਕਾਮਰੇਡਾਂ ਵਲੋਂ ਪਾਈ ਤਿਲ-ਫੁੱਲ ਸੇਵਾ ਬਾਰੇ ਵੀ ਸਿੱਖ ਪੰਥ ਨੂੰ ਜਾਣੂ ਕਰਵਾ ਛੱਡਣ। ਅਜਿਹਾ ਕੰਮ ਉਨ੍ਹਾਂ ਵਰਗੇ ਦਾਨਸ਼ਵਰ ਪ੍ਰੋਫੈਸਰ ਤੋਂ ਬਿਨਾਂ ਕਿਸੇ ਤੋਂ ਹੋਣਾ ਨਹੀਂ ਹੈ।

ਇਹ ਸਾਰੀ ਵੀਡੀਓ ਸੁਣਨ ਵਾਲੀ ਹੈ, (ਵੀਡੀਓ ਸੁਣਨ ਲਈ ਲਿੰਕ 'ਤੇ ਕਲਿੱਕ ਕਰੋ:(ਹਟਟਪਸ://ਾਾ.ੌਟੂਬਇ.ਚੋਮ/ ਾਟਚਹ?ਵ=8ਸ੍ਰ0ੈ4ਚਗ਼ਗਆ )। ਪਰ ਥਾਂ ਦੀ ਕਮੀ ਕਾਰਨ ਸਿਰਫ ਪ੍ਰੋ ਭੱਟੀ ਵਾਲਾ ਹਿੱਸਾ ਹੀ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ:

ਅੱਜ ਅਸੀਂ ਜੂਨ, 84 ਦੀਆਂ ਦੁਖਦਾਈ ਅਤੇ ਨਿੰਦਣਯੋਗ ਘਟਨਾਵਾਂ ਬਾਰੇ ਚਰਚਾ ਕਰ ਰਹੇ ਹਾਂ। ਜਦੋਂ ਕਿਸੇ ਕੌਮ ਦੀ ਕੋਈ ਸਾਂਝੀ ਪੀੜਾ ਹੁੰਦੀ ਹੈ। ਉਸਨੂੰ ਅੱਜਕਲ ਮਨੋ-ਵਿਗਿਆਨ 'ਚ 'ਪੇਨ ਬੌਡੀ' ਕਹਿੰਦੇ ਹਨ। ਕਈ ਵਾਰ ਅਸੀਂ ਆਪ ਹੀ ਉਸ 'ਪੇਨ ਬੌਡੀ' ਨੂੰ ਪੁਨਰ ਸਥਾਪਿਤ ਕਰਦੇ ਰਹਿੰਦੇ ਹਾਂ। ਇਸ ਨਾਲ ਸਾਨੂੰ ਕੁਝ ਸਮੇਂ ਲਈ ਰਾਹਤ ਮਹਿਸੂਸ ਹੁੰਦੀ ਹੈ। ਸਾਡੇ ਸਿੱਖਾਂ ਨਾਲ ਇਹ ਟਰੈਜੇਡੀ ਬਣੀ ਹੋਈ ਹੈ ਕਿ ਗੁਰੂ ਸਾਹਿਬ ਵਲੋਂ ਆਨੰਦਪੁਰ ਸਾਹਿਬ ਤੋਂ ਨਿਕਲਣ ਤੋਂ ਬਾਅਦ 1947 ਤੱਕ ਆਉਂਦਿਆਂ, ਸਾਡੇ 'ਤੇ ਜਿਤਨੇ ਵੀ ਜ਼ੁਲਮ ਹੋਏ ਸਨ, ਅਸੀਂ ਉਹ ਸਭ ਆਪਣੀ ਰੋਜ਼ਾਨਾ ਦੀ ਅਰਦਾਸ ਦਾ ਹਿੱਸਾ ਬਣਾਏ ਹੋਏ ਹਨ। ਜਿਨ੍ਹਾਂ ਨੂੰ ਵਾਰ-ਵਾਰ ਯਾਦ ਕਰਦੇ ਹਾਂ, ਦਿਨ-ਰਾਤ ਯਾਦ ਕਰਦੇ ਹਾਂ, ਪਰ ਉਸ ਵਿੱਚੋਂ ਨਿਕਲਣ ਦਾ ਰਸਤਾ ਗੁਰਬਾਣੀ ਵਿੱਚੋਂ ਨਹੀਂ ਲੱਭਦੇ ਅਤੇ ਨਾ ਹੀ ਗੁਰੂ ਸਾਹਿਬਾਨਾਂ ਦੇ ਜੀਵਨ ਵਿੱਚੋਂ ਨਹੀਂ ਲੱਭਦੇ ਹਾਂ। 1984 ਵਿੱਚ ਵਾਪਰਿਆ ਸਾਕਾ ਨੀਲਾ ਤਾਰਾ ਸਾਡੀ ਕਮਿਊਨਿਟੀ ਲਈ ਇੱਕ ਭਿਆਨਕ ਇਤਿਹਾਸਕ ਹਾਦਸਾ ਸੀ। ਮੈਂ 1947 ਬਾਰੇ ਕਿਤਾਬ ਲਿਖੀ ਸੀ, ਮੈਨੂੰ ਦੋਸਤਾਂ ਨੇ ਕਿਹਾ ਕਿ ਤੁਸੀਂ ਨਵੰਬਰ, 1984 ਬਾਰੇ ਵੀ ਲਿਖੋ। ਮੈਂ ਦੰਗਾ ਪੀੜ੍ਹਤਾਂ ਦੇ ਐਫੀਡੇਵਿਟ ਵੀ ਪੜ੍ਹੇ। ਮੈਂ ਆਪਣੇ ਦਿਲ ਦੀ ਗੱਲ ਦੱਸਦਾ ਹਾਂ ਕਿ ਮੈਨੂੰ ਉਹ ਪੜ੍ਹ ਕੇ ਲੱਗਾ ਕਿ ਮੇਰੇ ਵਿੱਚ ਉਹ ਹਿੰਮਤ ਹੀ ਨਹੀਂ ਸੀ ਕਿ ਮੈਂ ਉਹ ਦਰਦ ਬਰਦਾਸ਼ਤ ਕਰ ਸਕਾਂ। ਤੁਹਾਡਾ ਸਰੀਰ ਅਤੇ ਮਨ ਪਹਿਲਾਂ ਉਹ ਦਰਦ ਝੱਲੇ ਤਾਂ ਉਸਨੂੰ ਤੁਸੀਂ ਸ਼ਬਦਾਂ ਵਿੱਚ ਉਤਾਰ ਸਕਦੇ ਹੋ। ਮੇਰੇ ਕੋਲ ਅਜੇ ਵੀ ਸਮੱਗਰੀ ਪਈ ਹੈ, ਪਰ ਮੈਂ ਛਾਪਣ ਦੀ ਹਿੰਮਤ ਨਹੀਂ ਕਰ ਸਕਿਆ।

ਅਸੀਂ ਹੁਣ 'ਪੇਨ ਬੌਡੀ' ਦੀ ਕਮਿਊਨਿਟੀ ਬਣ ਚੁੱਕੇ ਹਾਂ। ਸਾਨੂੰ ਪੇਨ ਵਿੱਚੋਂ ਹੀ ਆਨੰਦ ਆਉਣ ਲੱਗਾ ਹੈ। ਜਿਵੇਂ ਸਰੀਰ 'ਤੇ ਕਿਤੇ ਖਾਰਸ਼ ਹੋ ਜਾਵੇ ਤਾਂ ਹੱਥ ਵਾਰ-ਵਾਰ ਖਾਰਸ਼




ਕਰਨ ਲਈ ਉਧਰ ਜਾਂਦਾ ਹੈ, ਇੱਕ ਵਕਤ ਅਜਿਹਾ ਵੀ ਆਉਂਦਾ ਹੈ ਕਿ ਖਾਰਸ਼ ਕਰਨ ਵਿੱਚੋਂ ਹੀ ਵਿਅਕਤੀ ਸੁੱਖ ਮਹਿਸੂਸ ਕਰਨ ਲੱਗਦਾ ਹੈ। ਸਾਡੇ ਨਾਲ ਵੀ ਕੁਝ ਅਜਿਹਾ ਹੀ ਲਗਾਤਾਰ ਵਾਪਰ ਰਿਹਾ ਹੈ। ਮੈਂ ਕਹਿੰਦਾ ਹਾਂ ਕਿ 84 ਵਿੱਚ ਵਾਪਰਿਆ ਸਾਰਾ ਕੁਝ ਬਹੁਤ ਦੁਖਦਾਈ ਸੀ। ਇਸ ਸਭ ਕੁਝ ਦਾ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਪਰ ਕੀ ਅਜਿਹੇ ਕੌਮੀ ਦੁਖਾਂਤਾਂ ਵਿੱਚੋਂ ਕਦੇ ਅਸੀਂ ਆਪ ਬਾਹਰ ਨਿਕਲਾਂਗੇ ਜਾਂ ਸਾਨੂੰ ਕੋਈ ਹੋਰ ਕੱਢੇਗਾ? 18ਵੀਂ ਸਦੀ ਦੇ ਸ਼ੁਰੂਆਤ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੁੰਦੀ ਹੈ, ਅਸੀਂ ਬਹੁਤ ਜਲਦੀ ਉਸ ਤੋਂ ਬਾਹਰ ਨਿਕਲ ਜਾਂਦੇ ਹਾਂ। ਬੰਦਾ ਸਿੰਘ ਬਹਾਦਰ ਪੰਜਾਬ ਆਉਂਦੇ ਹਨ, ਉਹ ਇਨ੍ਹਾਂ ਸ਼ਹਾਦਤਾਂ ਦਾ ਬਦਲਾ ਵੀ ਲੈਂਦੇ ਹਨ। ਪਰ ਅਸੀਂ ਬੜੇ ਸਹਿਜ ਭਾਅ ਹੀ ਉਸ ਤੋਂ ਬਹੁਤ ਜਲਦ ਉਪਰ ਉਠ ਜਾਂਦੇ ਹਾਂ। ਉਨ੍ਹਾਂ ਦੇ ਯਾਦਗਾਰੀ ਦਿਨਾਂ ਨੂੰ ਸ਼ਹੀਦੀ ਜੋੜ-ਮੇਲੇ ਕਹਿਣ ਲੱਗਦੇ ਹਾਂ। ਬੇਸ਼ੱਕ ਹੁਣ ਕੁਝ ਸਾਲਾਂ ਤੋਂ ਉਨ੍ਹਾਂ ਸ਼ਹੀਦੀ ਜੋੜ ਮੇਲਿਆਂ ਨੂੰ ਸੋਗਮਈ ਦਿਨ ਮਨਾਉਣ ਦੀਆਂ ਹਦਾਇਤਾਂ ਜਾਰੀ ਹੁੰਦੀਆਂ ਹਨ ਕਿ ਸੰਗਤ ਬੈਡ ਦੀ ਥਾਂ ਜਮੀਨ 'ਤੇ ਸੌਂਵੇ, ਕੋਈ ਮਿੱਠਾ ਨਾ ਖਾਧਾ ਜਾਵੇ, ਕੋਈ ਖੁਸ਼ੀ ਦਾ ਸਮਾਗਮ ਨਾ ਕੀਤਾ ਜਾਵੇ ਆਦਿ। ਅਜਿਹੀਆਂ ਇਤਿਹਾਸਕ ਘਟਨਾਵਾਂ ਬਹੁਤ ਛੋਟੀਆਂ ਹਨ, ਸਾਡੀ ਰੂਹ ਇਸ ਤੋਂ ਕਿਤੇ ਵੱਡੀ ਹੈ। ਅਸਲ ਵਿੱਚ ਸਿੱਖ ਪੰਥ ਵਿੱਚੋਂ ਇਹ ਸਭ ਅਲੋਪ ਹੁੰਦਾ ਜਾ ਰਿਹਾ ਹੈ। ਜਦੋਂ ਕੋਈ ਗੱਲ ਵਾਰ-ਵਾਰ ਕਰਦੇ ਹਾਂ ਤਾਂ ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਸਾਡੇ ਤੋਂ ਗਲਤੀ ਕਿੱਥੇ ਹੋਈ ਸੀ?

ਸਾਡੀ ਕੌਮੀ ਤੌਰ 'ਤੇ ਇਹ ਬਹੁਤ ਵੱਡੀ ਦੁਬਿਧਾ ਹੈ ਕਿ ਅਸੀਂ ਫੈਸਲਾ ਨਹੀਂ ਕਰ ਪਾ ਰਹੇ ਕਿ ਕੀ ਅਸੀਂ ਭਾਰਤੀ ਸਟੇਟ ਦਾ ਹਿੱਸਾ ਹਾਂ ਜਾਂ ਸਟੇਟ ਸਾਡੀ ਦੁਸ਼ਮਣ ਹੈ। 1947 ਤੋਂ ਹੀ ਅਸੀਂ ਇਸ ਦੁਬਿਧਾ 'ਚੋਂ ਨਿਕਲ ਹੀ ਨਹੀਂ ਪਾ ਰਹੇ? ਅਸੀਂ ਇਹ ਗਿਲਾ ਕਰਦੇ ਹਾਂ ਕਿ ਸਾਡੇ ਗੁਰਧਾਮਾਂ 'ਤੇ ਫੌਜੀ ਹਮਲਾ ਕੀਤਾ ਗਿਆ, ਉਸ ਵਿੱਚ ਸ਼ਾਮਿਲ ਫੌਜੀਆਂ ਨੂੰ ਸਨਮਾਨਿਤ ਕੀਤਾ ਗਿਆ। ਪਰ ਦੂਜਾ ਪੱਖ ਇਹ ਵੀ ਹੈ ਕਿ ਕੀ ਭਾਰਤੀ ਫੌਜੀ ਸਾਡੇ ਦੁਸ਼ਮਣ ਸਨ? ਸਾਡੀ ਸਾਰੀ ਕਮਿਊਨਿਟੀ ਅਜਿਹੀਆਂ ਅਨੇਕਾਂ ਦੁਬਿਧਾਵਾਂ ਵਿੱਚ ਫਸੀ ਹੋਈ ਹੈ। ਮੈਂ ਕਹਿਨਾਂ ਉਸ ਵਕਤ ਦਾ ਸਾਰਾ ਸੱਚ ਸਾਹਮਣੇ ਲਿਆਉ। ਉਸਨੂੰ ਲਿਖਤੀ ਰੂਪ 'ਚ ਆਪਣੀਆਂ ਅਗਲੀਆਂ ਪੀੜ੍ਹੀਆ ਲਈ ਸਾਂਭ ਕੇ ਰੱਖੋ। ਪਰ ਇਹ ਵੀ ਦੇਖੋ ਕਿ ਇਹ ਕਰਨ ਦਾ ਸਾਡਾ ਦਾ ਮਕਸਦ ਕੀ ਹੈ? ਅਸੀਂ ਆਪਣੀ ਨਿੱਜੀ ਲਾਈਫ ਵਿੱਚ ਵੀ ਦੇਖਦੇ ਹਾਂ ਕਿ ਸਾਡੇ ਅੰਦਰ ਉਹੀ ਪੀੜਾ, ਉਹੀ ਜਿੱਲਤ, ਉਹੀ ਬੇਇੱਜਤੀ ਜਿਉਂਦੀ ਰਹਿੰਦੀ ਹੈ। ਜੋ ਅਸੀਂ ਵਾਰ-ਵਾਰ ਯਾਦ ਕਰਦੇ ਰਹਿੰਦੇ ਹਾਂ, ਉਸਨੂੰ ਕੁਰੇਦਦੇ ਰਹਿੰਦੇ ਹਾਂ। ਜਿਹੜੀਆਂ ਵੱਡੀਆਂ ਕਮਿਊਨਿਟੀਆਂ ਹੁੰਦੀਆਂ ਹਨ, ਉਨ੍ਹਾਂ ਦੀ ਵੀ ਸਮੂਹਿਕ ਪੀੜਾ ਇਸੇ ਤਰ੍ਹਾਂ ਹੁੰਦੀ ਹੈ। ਇਸ ਵਿੱਚੋਂ ਸਾਡੇ ਲਈ ਨਿਕਲਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ ਕਿਉਂਕਿ ਇਸਨੂੰ ਵੀ ਹੁਣ ਅਸੀਂ ਆਪਣੀ ਅਰਦਾਸ ਦਾ ਹਿੱਸਾ ਬਣਾ ਲਿਆ ਹੈ।

ਮੈਨੂੰ ਲੱਗਦਾ ਹੈ ਕਿ ਸਾਡੀ ਕਮਿਊਨਿਟੀ ਅਜਿਹੀ ਦੁਬਿਧਾ ਦੀ ਸ਼ਿਕਾਰ ਬਣਾ ਦਿੱਤੀ ਗਈ ਹੈ। ਸਾਡੇ 'ਤੇ ਰਾਜ ਕਰਨ ਵਾਲਾ ਉਚ ਵਰਗ ਇਸ ਪੀੜ ਦੀ ਖੱਟੀ ਖਾ ਰਿਹਾ ਹੈ। ਹਿੰਦੂ ਰਾਸ਼ਟਰ, ਹਿੰਦੂਆਂ ਦੀ ਹਜਾਰਾਂ ਸਾਲਾਂ ਦੀ ਗੁਲਾਮੀ ਦੀ ਪੀੜਾ ਵਿੱਚੋਂ





ਹਰਜਿੰਦਰ ਸਿੰਘ ਰੰਧਾਵਾ | ਡਾ. ਹਰਵਿੰਦਰ ਭੱਟੀ | ਜਗਤਾਰ ਸਿੰਘ

ਬਣਾਇਆ ਜਾ ਰਿਹਾ ਹੈ। ਪਾਕਿਸਤਾਨ ਮੁਸਲਮਾਨਾਂ ਦੇ ਹਿੰਦੂਆਂ ਤੋਂ ਡਰ ਦੀ ਪੀੜਾ ਵਿੱਚੋਂ ਪੈਦਾ ਹੋਇਆ ਸੀ। ਹੁਣ ਸਿੱਖ ਵੀ 84 ਦੀ ਪੀੜਾ ਵਿੱਚੋਂ ਕੁਝ ਕੱਢਣਾ ਚਾਹੁੰਦੇ ਹਨ। ਸਾਡੀ ਲੀਡਰਸ਼ਿਪ ਸਾਨੂੰ ਹਰ ਸਾਲ ਨਵੇਂ ਨਵੇਂ ਢੰਗਾਂ ਨਾਲ ਇਸ ਦਲ-ਦਲ ਵਿੱਚ ਫਸਾਈ ਜਾ ਰਹੀ ਹੈ। ਸਿੱਖੀ ਦਾ ਸਾਰੀ ਮਾਨਵਤਾ ਲਈ ਰੂਹਾਨੀ ਸੁਨੇਹਾ ਸੀ, ਉਸ ਉਪਰ ਇਹ ਪੀੜਾ ਭਾਰੀ ਪੈ ਚੁੱਕੀ ਹੈ। ਆਪਣੇ-ਆਪਣੇ ਜਾਤੀ ਜਾਂ ਜਮਾਤੀ ਹਿੱਤਾਂ ਅਨੁਸਾਰ ਸਾਡੇ ਲੀਡਰ ਸਾਰੇ ਭਾਈਚਾਰੇ ਨੂੰ ਇਸ ਪੀੜਾ ਵਿੱਚੋਂ ਨਿਕਲਣ ਨਹੀਂ ਦੇਣਾ ਚਾਹੁੰਦੇ। ਸਾਡੀ ਰਾਜਸੀ ਲੀਡਰਸ਼ਿਪ ਇਸ ਵਿੱਚੋਂ ਸਿਆਸੀ ਲਾਹੇ ਲੈ ਰਹੀ ਹੈ ਅਤੇ ਸਾਡੀ ਧਾਰਮਿਕ ਲੀਡਰਸ਼ਿਪ ਇਸਦੇ ਭਾਰ ਹੇਠ ਦਬ ਕੇ ਰਹਿ ਗਈ ਹੈ ਕਿ ਉਹ ਗੁਰਬਾਣੀ ਦਾ ਰੂਹਾਨੀ ਸੰਦੇਸ਼ ਦੁਨੀਆਂ ਤਾਂ ਕੀ ਸਿੱਖਾਂ ਵਿੱਚ ਦੇਣ ਤੋਂ ਵੀ ਅਸਮਰਥ ਹੋ ਚੁੱਕੀ ਹੈ।

ਸਾਡੇ ਵਿੱਚ ਮੀਰੀ-ਪੀਰੀ ਦਾ ਇੱਕ ਸੰਕਲਪ ਹੈ। ਮੀਰ ਤਾਂ ਸਭ ਬਣੇ ਫਿਰਦੇ ਹਨ, ਪਰ ਪੀਰ ਕੋਈ ਨਜ਼ਰ ਨਹੀਂ ਆਉਂਦਾ? ਸਾਡੀਆਂ ਅਗਲੀਆਂ ਨਸਲਾਂ ਕਿੱਥੋਂ ਸੇਧ ਲੈਣ, ਕਿੱਥੋਂ ਆਸ ਰੱਖਣ? ਹੁਣ ਤੱਕ ਜੂਨ 84 ਬਾਰੇ ਸੈਂਕੜੇ ਕਿਤਾਬਾਂ ਮਾਰਕੀਟ ਵਿੱਚ ਆ ਚੁੱਕੀਆਂ ਹਨ। ਇੱਕ ਪੱਖ ਤਾਂ ਇਹ ਹੈ ਕਿ ਉਸ ਸਮੇਂ ਦੀ ਹਕੂਮਤੀ ਧਿਰ ਕਾਂਗਰਸ ਪਾਰਟੀ ਨੇ ਸਿੱਖਾਂ ਦੀ ਰਾਜਸੀ ਪਾਰਟੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਸੰਤ ਭਿੰਡਰਾਂਵਾਲਿਆਂ ਨੂੰ ਖੜਾ ਕਰ ਲਿਆ ਸੀ। ਦੂਜਾ ਪੱਖ ਇਹ ਹੈ ਕਿ ਭਾਰਤੀ ਸਟੇਟ ਪਹਿਲੇ ਦਿਨ ਤੋਂ ਹੀ ਸਿੱਖਾਂ ਦੀ ਦੁਸ਼ਮਣ ਜਮਾਤ ਹੈ, ਸਾਡੀ ਹੋਂਦ ਖਤਮ ਕਰਨਾ ਚਾਹੁੰਦੀ ਹੈ, ਸਾਡੀ ਵੱਖਰੀ ਪਛਾਣ ਮਿਟਾਉਣਾ ਚਾਹੁੰਦੀ ਹੈ, ਸਾਨੂੰ ਧਰਮ ਤੇ ਕੌਮ ਦੇ ਤੌਰ 'ਤੇ ਮਾਨਤਾ ਨਹੀਂ ਦਿੰਦੀ। ਜਿਸ ਤੋਂ ਅੱਕ ਕੇ ਸੰਤ ਭਿੰਡਰਾਂਵਾਲਿਆਂ ਨੇ ਨੌਜਵਾਨਾਂ ਨੂੰ ਹਥਿਆਰ ਚੁਕਾ ਕੇ ਦਰਬਾਰ ਸਾਹਿਬ ਦੀ ਰਾਖੀ ਲਈ ਸ਼ਹੀਦੀ ਪਾਈ। ਅਸੀਂ 'ਪੀੜਤ ਧਿਰ' ਬਣਨ ਦੀ ਪਹਿਚਾਣ ਬਣਾਉਣ ਵਿੱਚ ਬੁਰ੍ਹੀ ਤਰ੍ਹਾਂ ਫਸ ਚੁੱਕੇ ਹਾਂ। ਅਸੀਂ ਇਸ ਦੁਬਿਧਾ ਵਿੱਚੋਂ ਨਿਕਲ ਨਹੀਂ ਪਾ ਰਹੇ ਕਿ ਜੇ ਭਾਰਤੀ ਸਟੇਟ ਸਾਡੀ ਮੁੱਖ ਦੁਸ਼ਮਣ ਹੈ, ਜੋ ਸਾਨੂੰ ਮਲੀਆਮੇਟ ਕਰਨਾ ਚਾਹੁੰਦੀ ਹੈ ਤਾਂ ਫਿਰ ਅਸੀਂ ਉਸ ਤੋਂ ਕਿਸੇ ਭਲੇ ਦੀ ਆਸ ਕਿਉਂ ਰੱਖਦੇ ਹਾਂ? ਜੇ ਸਟੇਟ ਦੁਸ਼ਮਣ ਨਹੀਂ ਹੈ, ਇੱਕ ਰਾਜਸੀ ਪਾਰਟੀ ਨੇ ਸਾਡੇ ਨਾਲ ਇਹ ਸਭ ਕੁਝ ਕੀਤਾ ਸੀ ਤਾਂ ਫਿਰ ਸਾਡੇ ਕੋਲੋਂ ਗਲਤੀ ਕਿੱਥੇ ਹੋਈ ਹੈ? ਕੀ ਅਸੀਂ ਕਦੇ ਇਸਨੂੰ ਵੀ ਵਿਚਾਰਾਂਗੇ? ਅਸੀਂ ਕਿੱਥੇ ਮਾਰ ਖਾ ਗਏ? ਉਸ ਵਕਤ ਸਰਕਾਰ ਨਾਲ ਲਗਾਤਾਰ ਗੱਲ ਚੱਲਦੀ ਰਹੀ ਸੀ, ਫਿਰ ਉਹ ਸਿਰੇ ਕਿਉਂ ਨਾ ਚੜ੍ਹ ਸਕੀ? ਕਿਉਂ ਹਾਲਾਤ ਇੱਥੇ ਤੱਕ ਪਹੁੰਚੇ ਕਿ ਸਰਕਾਰ ਨੂੰ ਫੌਜੀ ਕਾਰਵਾਈ ਕਰਨ ਤੱਕ ਨੌਬਤ ਆਈ? ਕੀ ਇਸ ਲਈ ਸਰਕਾਰੀ ਧਿਰ ਹੀ ਪੂਰੀ ਤਰ੍ਹਾਂ ਦੋਸ਼ੀ ਸੀ ਜਾਂ ਸਾਡਾ ਵੀ ਕਿਤੇ ਮਾੜਾ-ਮੋਟਾ ਦੋਸ਼ ਸੀ? ਕੀ ਅਸੀਂ ਹਮੇਸ਼ਾਂ ਸਿਰਫ ਪੀੜਤ ਬਣ ਕੇ ਹੀ ਰਹਿਣਾ ਹੈ? ਕੀ ਸਾਡੀ ਕੋਈ ਸਾਂਝੀ ਕੌਮੀ ਪਾਲਿਸੀ ਕਦੇ ਬਣੇਗੀ?

ਜੇ ਸਾਡਾ ਸਾਂਝਾ ਕੌਮੀ ਨਿਸ਼ਾਨਾ ਕੀ ਹੈ, ਬਾਰੇ ਅਸੀਂ ਸਪੱਸ਼ਟ ਨਹੀਂ ਤਾਂ ਕਿਤੇ ਵੀ ਨਹੀਂ ਪਹੁੰਚਾਂਗੇ? ਗੁਰਬਾਣੀ ਸਾਡੀ ਗੁਰੂ ਹੈ, ਕੀ ਸਾਡਾ ਨਿਸ਼ਾਨਾ ਉਸ ਅਨੁਸਾਰ ਹੋਵੇ ਜਾਂ ਮੌਜੂਦਾ ਹਾਲਾਤਾਂ ਅਨੁਸਾਰ ਹੋਵੇ? ਅਸੀਂ ਕਿਤੇ ਤਾਂ ਸਪੱਸ਼ਟ ਹੋਈਏ? ਆਮ ਜੀਵਨ ਵਿੱਚ ਵੀ ਜਦੋਂ ਵੱਡੇ ਹਾਦਸੇ ਵਾਪਰਦੇ ਹਨ ਤਾਂ ਬੇਸ਼ਕ ਉਹ ਕਿਤੇ ਨਾ ਕਿਤੇ ਸਾਡੇ ਚੇਤਿਆਂ ਵਿੱਚ ਤਾਂ ਜਰੂਰ ਰਹਿੰਦੇ ਹਨ, ਪਰ ਆਮ ਤੌਰ 'ਤੇ ਵਿਅਕਤੀ ਉਸ ਤੋਂ ਜਲਦੀ ਉਪਰ ਉਠ ਜਾਂਦੇ ਹਨ। ਪਰ ਅਸੀਂ ਕੌਮੀ ਤੌਰ 'ਤੇ ਅਜਿਹੇ ਘੱਲੂਘਾਰਿਆਂ ਤੋਂ ਉਪਰ ਨਹੀਂ ਉਠ ਰਹੇ ਜਾਂ ਸਾਨੂੰ ਉਪਰ ਉਠਣ ਨਹੀਂ ਦਿੱਤਾ ਜਾ ਰਿਹਾ? ਜ਼ਖ਼ਮਾਂ ਨੂੰ ਵਾਰ-ਵਾਰ ਕੁਰੇਦ ਕੇ ਅਸੀਂ ਕਦੇ ਵੀ ਅੱਗੇ ਨਹੀਂ ਵਧ ਸਕਦੇ? ਹੋਰ ਵੀ ਵੱਡਾ ਮਸਲਾ ਇਹ ਬਣ ਰਿਹਾ ਹੈ ਕਿ ਨਵੀਂ ਪੀੜ੍ਹੀ ਵਿੱਚ ਇਹ ਦਰਦ ਵਧਾ ਚੜ੍ਹਾ ਕੇ ਪੇਸ਼ ਕਰਨ ਨਾਲ, ਜਿਨ੍ਹਾਂ ਕੋਲੋਂ ਇਹ ਪੀੜਾ ਸਹਿਣ ਨਹੀਂ ਹੁੰਦੀ, ਉਹ ਨਸ਼ਿਆਂ 'ਚ ਫਸ ਜਾਂਦੇ ਹਨ, ਕੋਈ ਹਿੰਸਾ ਦਾ ਰਾਹ ਫੜ ਲੈਂਦਾ ਹੈ, ਕੋਈ ਜ਼ੁਰਮ ਦੀ ਦਲ-ਦਲ ਵਿੱਚ ਧਸ ਜਾਂਦਾ ਹੈ। ਸਾਡੇ ਕੋਲ ਕੋਈ ਕੌਮੀ ਨਿਸ਼ਾਨਾ ਨਹੀਂ ਹੈ? ਸਾਰਾ ਭਾਈਚਾਰਾ ਵੱਡੀ ਦੁਬਿਧਾ ਦਾ ਸ਼ਿਕਾਰ ਬਣ ਚੁੱਕਾ ਹੈ। ਗੁਰਬਾਣੀ ਜਿਸ ਆਦਰਸ਼ਕ ਮਨੁੱਖ ਦੀ ਸਿਰਜਣਾ ਕਰਨਾ ਚਾਹੁੰਦੀ ਸੀ, ਅਸੀਂ ਉਸ ਮਾਰਗ ਤੋਂ ਭਟਕ ਚੁੱਕੇ ਹਾਂ। ਜਦੋਂ ਤੱਕ ਅਸੀਂ ਇਸ ਪਾਸੇ ਨਹੀਂ ਤੁਰਦੇ ਕਿ ਸਾਡੇ ਤੋਂ ਗਲਤੀਆਂ ਕਿੱਥੇ ਹੋਈਆਂ ਅਤੇ ਹੁਣ ਅਸੀਂ ਅੱਗੇ ਕਿਵੇਂ ਤੁਰਨਾ ਹੈ, ਸਾਡਾ ਮਕਸਦ ਕੀ ਹੈ, ਉਦੋਂ ਤੱਕ ਅਸੀਂ ਇਵੇਂ ਹੀ ਭਟਕਦੇ ਰਹਾਂਗੇ? ਅਸੀਂ ਕਦੋਂ ਵਿਚਾਰ ਕਰਾਂਗੇ ਕਿ ਕੀ ਕੋਈ ਬੱਜਰ ਗਲਤੀਆਂ ਸਾਡੇ ਤੋਂ ਵੀ ਹੋਈਆਂ ਸਨ ਅਤੇ ਉਹ ਕਿੱਥੇ-ਕਿੱਥੇ ਹੋਈਆਂ ਸਨ?

00000

ਜੂਨ 84 ਬਾਰੇ ਕੁਝ ਸਵਾਲ ਸਿੱਖ ਪੰਥ ਦੇ ਰਹਿਬਰਾਂ ਦੀ ਕਚਹਿਰੀ ਵਿੱਚ ਰੱਖੇ ਜਾ ਰਹੇ ਹਨ, ਜਿਨ੍ਹਾਂ ਉਪਰ ਖੁੱਲ੍ਹੇ ਮਨ ਨਾਲ ਵਿਚਾਰ ਕਿਸੇ ਸਮੇਂ ਜਰੂਰ ਕਰ ਲੈਣੀ ਚਾਹੀਦੀ ਹੈ:

ਜੂਨ 84 ਬਾਰੇ ਕਦੋਂ ਤੱਕ ਅਸੀਂ ਗੁਸੈਲ ਸੁਰ ਅਪਣਾਈ ਰੱਖਾਂਗੇ?

ਸਿੱਖ ਲੀਡਰਸ਼ਿਪ ਕਦੋਂ ਦੱਸੇਗੀ ਕਿਹਿਹ ਭਾਣਾ ਕਿਉਂ ਵਾਪਰਿਆ?

ਅੱਜ ਤੋਂ 41 ਸਾਲ ਪਹਿਲਾਂ ਭਾਰਤ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚੋਂ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਹਥਿਆਰਬੰਦ ਖਾੜਕੂਆਂ ਨੂੰ ਬਾਹਰ ਕੱਢਣ ਲਈ 'ਓਪਰੇਸ਼ਨ ਬਲਿਊ ਸਟਾਰ' ਨਾਮ ਦੀ ਫੌਜੀ ਕਾਰਵਾਈ ਕੀਤੀ ਸੀ। ਜਿਸ ਵਿੱਚ ਦੋਨਾਂ ਪੱਖਾਂ ਤੋਂ ਸੈਂਕੜੇ ਜਾਨਾਂ ਗਈਆਂ ਤੇ ਕਰੋੜਾਂ ਦੀ ਜਾਇਦਾਦ ਦੇ ਨੁਕਸਾਨ ਨਾਲ ਸ੍ਰੀ ਅਕਾਲ ਤਖਤ ਦੀ ਬਿਲਡਿੰਗ ਦਾ ਤੋਪ ਦੇ ਗੋਲਿਆਂ ਨਾਲ ਭਾਰੀ ਨੁਕਸਾਨ ਹੋਇਆ ਸੀ। ਅਸੀਂ ਹਮੇਸ਼ਾਂ ਤੋਂ ਇਹ ਕਹਿੰਦੇ ਆ ਰਹੇ ਹਾਂ ਕਿ ਅਜਿਹੇ ਮਨਹੂਸ ਭਾਣੇ ਕਦੇ ਵੀ, ਕਿਸੇ ਵੀ ਸੂਰਤ ਵਿੱਚ, ਕਿਸੇ ਵੀ ਭਾਈਚਾਰੇ ਨਾਲ ਕਦੇ ਵੀ ਨਹੀਂ ਵਾਪਰਨੇ ਚਾਹੀਦੇ। ਸਭ ਤੋਂ ਪਹਿਲਾਂ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਲਗਾਏ ਗਏ ਸ਼ਾਂਤਮਈ 'ਧਰਮ ਯੁੱਧ ਮੋਰਚੇ' ਦੀਆਂ ਜਾਇਜ ਮੰਗਾਂ ਪ੍ਰਵਾਨ ਕੀਤੀਆਂ ਜਾਣੀਆਂ ਚਾਹੀਦੀਆਂ ਸਨ। ਅਜਿਹੀ ਸਖ਼ਤ ਕਾਰਵਾਈ ਤੋਂ ਪਹਿਲਾਂ ਸਰਕਾਰ ਨੂੰ ਕੋਈ ਹੋਰ ਢੰਗ ਤਰੀਕੇ ਲੱਭਣੇ ਚਾਹੀਦੇ ਸਨ। ਇਹ ਅਫਸੋਸਨਾਕ ਸੀ, ਇਸ ਘਟਨਾ ਦੀ ਜਿਤਨੀ ਨਿੰਦਾ ਹੋਵੇ, ਥੋੜੀ ਹੈ।

ਜੇ ਇਹ ਮੰਨ ਵੀ ਲਿਆ ਜਾਵੇ ਕਿ ਇੰਦਰਾ ਗਾਂਧੀ ਨੇ ਆਪਣੇ ਸਵਾਰਥੀ ਰਾਜਨੀਤਕ ਹਿੱਤਾਂ ਲਈ ਕਿਸੇ ਡੂੰਘੀ ਸਾਜ਼ਿਸ਼ ਦੇ ਤਹਿਤ ਹੀ ਇਹ ਸਭ ਕੁਝ ਕੀਤਾ। ਪਰ ਸਵਾਲ ਤਾਂ ਇਹ ਹੈ ਕਿ ਮਰਚੇ ਦੇ ਰਹਿਨੁਮਾਵਾਂ ਅਤੇ ਉਨ੍ਹਾਂ ਦੇ ਸਲਾਹਕਾਰਾਂ, ਉਸ ਸਮੇਂ ਦੇ ਬੁੱਧਜੀਵੀਆਂ ਅਤੇ ਵੱਡੇ-ਵੱਡੇ ਸਾਬਕਾ ਫੌਜੀ ਜਰਨੈਲਾਂ ਅਤੇ ਪ੍ਰੋਫੈਸਰਾਂ ਨੇ ਇਸ ਨੰਗੀ ਚਿੱਟੀ ਸਾਜ਼ਿਸ਼ ਨੂੰ ਕਿਉਂ ਨਾ ਸਮਝਿਆ? ਉਨ੍ਹਾਂ ਅੰਦਰ ਬੈਠੀ ਖਾੜਕੂ ਧਿਰ ਨੂੰ ਸਮਝਾਉਣ ਦੀ ਕੋਸ਼ਿਸ਼ ਕਿਉਂ ਨਾ ਕੀਤੀ? ਸਰਕਾਰਾਂ ਦੀਆਂ ਚਾਲਾਂ ਤੋਂ ਸਾਵਧਾਨ ਹੋਣ ਦੀ ਥਾਂ ਉਹ ਲਗਾਤਾਰ ਇੱਕ ਤੋਂ ਬਾਅਦ ਇੱਕ ਬਹਾਨਾ ਉਨ੍ਹਾਂ ਨੂੰ ਕਿਉਂ ਦਿੰਦੇ ਚਲੇ ਗਏ।

ਜੂਨ ਮਹੀਨੇ ਦੇ ਪਹਿਲੇ ਹਫ਼ਤੇ ਦੁਨੀਆਂ ਭਰ 'ਚ ਵੱਸਦਾ ਸਿੱਖ ਭਾਈਚਾਰਾ ਇਸ ਦੁਖਾਂਤ ਨੂੰ ਤੀਜੇ ਘੱਲੂਘਾਰੇ ਦੇ ਰੂਪ 'ਚ ਮਨਾਉਂਦਾ ਆ ਰਿਹਾ ਹੈ। ਪਿਛਲੇ 41 ਸਾਲਾਂ ਤੋਂ ਹਰ ਸਾਲ ਕੁਝ ਚਸ਼ਮਦੀਦ ਗਵਾਹ ਅਤੇ ਸੰਸਥਾਵਾਂ ਜੂਨ ਦੇ ਪਹਿਲੇ ਹਫ਼ਤੇ ਜੂਨ 84 ਦੀਆਂ ਘਟਨਾਵਾਂ ਨੂੰ ਇਵੇਂ ਪੇਸ਼ ਕਰਦੇ ਅਤੇ ਵਾਰ-ਵਾਰ ਦੁਹਰਾਉਂਦੇ ਰਹਿੰਦੇ ਹਨ ਕਿ ਕਿਤੇ ਸਾਡੇ 'ਤੇ ਕੋਈ ਇਲਜਾਮ ਨਾ ਲਗਾ ਦੇਵੇ ਕਿ ਇਹ ਹੁਣ 84 ਨੂੰ ਭੁੱਲ ਗਏ ਹਨ ਜਾਂ ਕੋਈ ਅਜਿਹੀ ਗੱਲ ਨਾ ਕਹਿ ਹੋ ਜਾਵੇ, ਜਿਸ ਨਾਲ ਪ੍ਰਭਾਵ ਬਣਦਾ ਹੋਵੇ ਕਿ ਅਸੀਂ ਕੋਈ ਗੱਲ ਸਰਕਾਰ ਪੱਖੀ ਕਰ ਰਹੇ ਹਾਂ। ਇਹੋ ਗੱਲਾਂ ਵਾਰ-ਵਾਰ ਬੜੇ ਸਨਸਨੀਖੇਜ ਢੰਗ ਨਾਲ ਵਧਾ-ਚੜ੍ਹਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ ਕਿ ਇਹ ਦੁਖਾਂਤ ਕਿਵੇਂ ਵਾਪਰਿਆ, ਉੱਥੇ ਕੀ-ਕੀ ਹੋਇਆ? ਪਰ ਇਹ ਕਦੇ ਨਹੀਂ ਵਿਚਾਰਿਆ ਜਾਂਦਾ ਕਿ ਇਹ ਕਿਉਂ ਵਾਪਰਿਆ? ਕੀ ਇਸ ਵਿੱਚ ਸਾਰਾ ਦੋਸ਼ ਸਰਕਾਰ ਜਾਂ ਫੌਜ ਦਾ ਹੀ ਸੀ ਜਾਂ ਸਿੱਖ ਲੀਡਰਾਂ ਤੇ ਖਾੜਕੂਆਂ ਦਾ ਵੀ ਕੋਈ ਕਸੂਰ ਸੀ?

ਸਵਾਲ ਇਹ ਪੈਦਾ ਹੁੰਦਾ ਹੈ ਕਿ ਸਰਕਾਰ ਨੂੰ ਜਾਂ ਫੌਜ ਨੂੰ ਕਿਉਂ ਲੋੜ ਪਈ ਕਿ ਟੈਂਕਾਂ ਤੋਪਾਂ ਨਾਲ ਹਮਲਾ ਕੀਤਾ ਜਾਵੇ? ਸਰਕਾਰ ਨੂੰ ਇਉਂ ਕਿਉਂ ਲੱਗਾ ਕਿ ਇਸ ਫੌਜੀ ਕਾਰਵਾਈ ਤੋਂ ਬਿਨਾਂ ਹੋਰ ਕੋਈ ਰਾਹ ਹੀ ਨਹੀਂ ਸੀ? ਸਰਕਾਰ ਕਿਉਂ ਉਸ ਛੋਟੇ ਜਿਹੇ ਭਾਈਚਾਰੇ ਦੇ ਪ੍ਰਮੁੱਖ ਧਾਰਮਿਕ ਅਸਥਾਨ 'ਤੇ ਹਮਲਾ

(ਬਾਕੀ ਅਗਲੇ ਸਫੇ 'ਤੇ)

## ਕਾਵਿ-ਕਿਆਰੀ

### ਉਹਨੇ ਤਾਂ ਸਮਝੋ ਜ਼ਿੰਦਗੀ

ਚੰਗੀ ਜ਼ਿੰਦਗੀ ਜਿਊਣ ਦੀ,
ਜਾਚ ਜੀਹਨੂੰ ਆ ਗਈ।
ਉਹਨੇ ਤਾਂ ਸਮਝੋ ਜ਼ਿੰਦਗੀ,
ਸਾਰੀ ਸਫ਼ਲ ਬਣਾ ਲਈ।
ਨਿਮਰਤਾ ਤੇ ਸਾਦਗੀ ਦਾ,
ਪੱਲਾ ਜੀਨ੍ਹੇ ਵੀ ਫੜ੍ਹਿਆ।
ਲੋਭ ਲਾਲਚਾਂ ਦੇ ਕੋਲੋਂ ਜੋ,
ਬੜੀ ਦੂਰ ਜਾ ਖੜ੍ਹਿਆ।
ਪੂਰੀ ਸੁੱਖ ਸ਼ਾਤੀ ਉਹਨੇ,
ਝੋਲੀ ਆਪਣੀ ਪਾ ਲਈ।
ਉਹਨੇ ਤਾਂ ਸਮਝੋ ਜ਼ਿੰਦਗੀ।
ਜਿਹੜਾ ਬੰਦਾ ਕੰਮ ਕਰੂ;
ਉਹ ਗਲਤੀ ਵੀ ਕਰੇਗਾ।
ਗਲਤੀ ਨੂੰ ਮੰਨਣ ਲਈ,
ਹਾਮੀ ਜਿਹੜਾ ਵੀ ਭਰੇਗਾ।
ਦਿਮਾਗ਼ ਉਤੋਂ ਬੋਝ ਵਾਲੀ,
ਪੰਡ ਉਹਨੇ ਲਾਹ ਲਈ।
ਉਹਨੇ ਤਾਂ ਸਮਝੋ ਜ਼ਿੰਦਗੀ
ਪਿਆਰ ਦਾ ਸੁਨੇਹੜਾ ਜੋ,
ਦੁਨੀਆਂ ਵਿਚ ਵੰਡੇਗਾ।
ਟੁੱਟੇ ਹੋਏ ਦਿਲਾਂ ਤਾਂਈ, ਿ
ਜਹੜਾ ਵੀ ਕੋਈ ਗੰਢੇਗਾ।
ਉਹਨੇ ਤਾਂ ਕਮਾਈ ਸੁੱਚੀ,
ਜਗ ਵਿਚੋਂ ਕਮਾ ਲਈ।
ਉਹਨੇ ਤਾਂ ਸਮਝੋ ਜ਼ਿੰਦਗੀ...।
ਥੋੜ੍ਹੇ ਜਹੇ ਚੰਗੇ ਗੁਣ ਹੀ,
ਬੰਦਾ ਵਧੀਆ ਬਣਾਂਵਦੇ।
ਸਾਰੇ ਗੁਣਾਂ ਵਾਲੇ ਮਨੁੱਖ,
ਤਾਂ ਦੇਵਤੇ ਬਣ ਜਾਂਵਦੇ।
'ਅਮਰੀਕ ਤਲਵੰਡੀ' ਨੂੰ ਵੀ
ਅਕਲ ਹੁਣ ਆ ਗਈ ।
ਉਹਨੇ ਤਾਂ ਸਮਝੋ ਜ਼ਿੰਦਗੀ।

***-ਅਮਰੀਕ ਸਿੰਘ ਤਲਵੰਡੀ ਕਲਾਂ-***

---

### .ਗ਼ਜ਼ਲ

ਜਦੋਂ ਸਮੇਂ ਦੀ ਪੈਂਦੀ ਮਾਰ।
ਬਹੁਤੇ ਜਾਂਦੇ ਹਿੰਮਤ ਹਾਰ।
ਸਾਡਾ ਹੁੰਦਾ ਦੇਖ ਉਭਾਰ।
ਬਹੁਤੇ ਆਪਣੇ ਖਾਂਦੇ ਖ਼ਾਰ।
ਉਸਦੀ ਜਿੰਦ ਸੁਖਾਲੀ ਹੋਵੇ,
ਜਿਸਦੀ ਹੋਏ ਸੁਲੱਖਣੀ ਨਾਰ।
ਉਹ ਵੈਰੀ 'ਤੋਂ ਮਾੜਾ ਹੁੰਦਾ,
ਜੋ ਕਰਦਾ ਹੈ ਮਿੱਤਰਮਾਰ।
ਪੁੱਤ ਹੋਵੇ ਜੇ ਸਰਵਣ ਵਰਗਾ,
ਮਾਂ ਦਾ ਦੇਵੇ ਹਿਰਦਾ ਠਾਰ।
ਸਿੰਘਾਂ ਦਾ ਇਹ ਵੱਖਰਾਪਨ ਹੈ,
ਇਹ ਨਾ ਕਰਦੇ ਪਹਿਲਾਂ ਵਾਰ।
ਮਤਲਬ ਨਿਕਲਣ ਪਿੱਛੋਂ ਅੱਜਕੱਲ੍ਹ,
ਵਿਰਲਾ ਟਾਵਾਂ ਲੈਂਦਾ ਸਾਰ।
ਸੁੱਧ-ਬੁੱਧ ਆਪਣੀ ਭੁੱਲ ਜਾਵੇ ਜਦ,
ਅੱਖੀਆਂ ਹੋਵਣ ਦੋ 'ਤੋਂ ਚਾਰ।
ਜਦ ਕੋਈ ਚੇਤੇ ਕਰਦਾ ਹੋਵੇ,
ਦਿਲ ਨੂੰ ਛੂਹਵੇ ਦਿਲ ਦੀ ਤਾਰ।

***ਜਸਪਾਲ ਸਿੰਘ ਨਾਗਰਾ***
***ਫੋਨ:+13604481989***

---

### .ਗ਼ਜ਼ਲ

ਰੱਬ ਕੋਲੋਂ ਨਹੀਂ ਡਰਦੇ ਬੰਦੇ।
ਵਿਗੜੇ-ਤਿਗੜੇ ਅੱਜ ਦੇ ਬੰਦੇ।
ਲੜਨ ਭਿੜਨ ਨੂੰ ਅੱਗੇ ਰਹਿੰਦੇ।
ਭਰੇ ਗੁੱਸੇ ਵਿਚ ਅੱਜ ਦੇ ਬੰਦੇ।

ਝੂਠ ਨੂੰ ਸੱਚ ਤੇ ਸੱਚ ਨੂੰ ਝੂਠ।
ਕਰਦੇ ਫਿਰਦੇ ਅੱਜ ਦੇ ਬੰਦੇ।
ਦਰਦਾਂ ਦੇ ਹਨ ਭੰਨੇ ਹੋਏ।
ਦੁੱਖਾਂ ਵਿਚ ਨੇ ਅੱਜ ਦੇ ਬੰਦੇ।

ਦੁਨੀਆਂ ਦੀ ਇਸ ਭੀੜ 'ਚ ਵੇਖੋ।
ਇੱਕ ਦੂਜੇ ਵਿਚ ਵੱਜਦੇ ਬੰਦੇ।
ਰੱਬਾ ਤੇਰੀਆਂ ਨਿਆਮਤਾਂ ਖਾ ਕੇ
ਸ਼ੁਕਰ ਨਾ ਕਰਦੇ ਅੱਜ ਦੇ ਬੰਦੇ।

ਕਸਮਾਂ ਵਾਅਦੇ ਲਫ਼ਜ਼ੀ ਲੱਗਣ
ਭੀੜ ਪੈਣ 'ਤੇ ਭੱਜਦੇ ਬੰਦੇ।
ਰੱਬਾ ਤੂੰ ਹੀ ਨੀਅਤਾਂ ਭਰਦੇ।
ਬੰਦੇ ਕੋਲੋਂ ਨਾ ਰੱਜਦੇ ਬੰਦੇ।
'ਅੱਬਾਸ' ਨਾ ਵੇਖੇ ਪਹਿਲਾਂ ਵਰਗੇ
ਅਣਖੀਲੇ ਅਤੇ ਚੱਜ ਦੇ ਬੰਦੇ।

***-ਮੁਹੰਮਦ ਅੱਬਾਸ ਧਾਲੀਵਾਲ***

---

*(ਪਿਛਲੇ ਸਫੇ ਦਾ ਬਾਕੀ)*

ਕਰਨ ਲਈ ਮਜਬੂਰ ਹੋਈ, ਜਿਸ ਦੀਆਂ ਦੇਸ਼ ਲਈ ਕੁਰਬਾਨੀਆਂ ਦਾ ਸਾਰਾ ਦੇਸ਼ ਕਾਇਲ ਸੀ?

ਹੁਣ ਹਫ਼ਤਾ ਕੁ ਨਾ.ਲ ਦਿੱਤੀਆਂ ਜਾ ਰਹੀਆਂ ਤਸਵੀਰਾਂ ਵਿਚਲੇ ਦਾਅਵਿਆਂ ਵਰਗੀਆਂ ਸਨਸਨੀਖੇਜ਼ ਕਹਾਣੀਆਂ ਸੋਸ਼ਲ ਮੀਡੀਆ ਵਿੱਚ ਛਾਈਆਂ ਰਹਿਣਗੀਆਂ। ਅਜਿਹਾ ਕੁਝ ਪਿਛਲੇ 41 ਸਾਲ ਤੋਂ ਲਗਾਤਾਰ ਵਾਪਰ ਰਿਹਾ ਹੈ। ਇੱਕ ਪਾਸੇ ਉਹ ਪ੍ਰਚਾਰਕ ਤੇ ਵਿਦਵਾਨ ਹਨ, ਜਿਨ੍ਹਾਂ ਦੀ ਰੋਜ਼ੀ-ਰੋਟੀਸੰਗਤ ਨੂੰ ਜਜ਼ਬਾਤੀ ਕਰਕੇ ਚੱਲਦੀ ਹੈ। ਦੂਜੇ ਪਾਸੇ ਉਹ ਰਾਜਸੀ ਲੋਕ ਹਨ, ਜਿਨ੍ਹਾਂ ਦੀ ਹਿੰਸਾ ਤੇ ਨਫ਼ਰਤ ਅਧਾਰਿਤ ਰਾਜਨੀਤੀ ਪਿਛਲੇ 41 ਸਾਲ ਤੋਂ ਲੋਕਾਂ ਨੂੰ ਗੁੰਮਰਾਹ ਕਰਕੇ ਚੱਲ ਰਹੀ ਹੈ।

ਸਾਨੂੰ ਪਿਛਲੇ 41 ਸਾਲ ਤੋਂ ਵਾਰ-ਵਾਰ ਇਹ ਤਾਂ ਹਰ ਸਾਲ ਨਵੇਂ-ਨਵੇਂ ਸਨਸਨੀਖੇਜ ਖੁਲਾਸਿਆਂ ਨਾ.ਲ ਦੱਸਿਆ ਜਾਂਦਾ ਰਿਹਾ ਹੈ ਕਿ ਜੂਨ 1 ਤੋਂ 6 ਤੱਕ ਕੀ ਅਤੇ ਕਿਵੇਂ ਵਾਪਰਿਆ? ਪਰ ਅੱਜ ਤੱਕ ਕੋਈ ਵਿਦਵਾਨ, ਲੀਡਰ, ਪ੍ਰਚਾਰਕ, ਖਾੜਕੂ ਇਹ ਨਹੀਂ ਦੱਸ ਸਕਿਆ ਕਿ ਇਹ ਕਿਉਂ ਹੋਇਆ? ਕਿਉਂਕਿ ਦੱਸਣ ਨਾ.ਲ ਸਾਰੀ ਖੇਡ ਪੁੱਠੀ ਪੈ ਸਕਦੀ ਹੈ। ਸਾਡੇ ਵਲੋਂ ਪੀੜ੍ਹਤ ਧਿਰ ਬਣਨ ਦਾ ਰਾਗ ਨਹੀਂ ਅਲਾਪਿਆ ਜਾਣਾ? ਸਾਨੂੰ ਆਪਣੇ ਕੰਮਾਂ ਦੀ ਜ਼ਿੰਮੇਵਾਰੀ ਵੀ ਲੈਣੀ ਪਵੇਗੀ? ਜਦੋਂ ਸਭ ਕੁਝ ਸਰਕਾਰਾਂ 'ਤੇ ਸੁੱਟ ਕੇ ਸਰ ਸਕਦਾ ਹੈ ਤਾਂ ਆਪਣੇ ਦੋਸ਼ਾਂ ਵੱਲ ਕਿਉਂ ਦੇਖਿਆ ਜਾਵੇ?

ਕਨੇਡਾ-ਅਮਰੀਕਾ ਵਿੱਚ ਸਾਡੇ ਦੇਖਦਿਆਂ ਪਿਛਲੇ 25-30 ਸਾਲਾਂ ਵਿੱਚ ਅਜਿਹੇ ਸੈਂਕੜੇ ਕੇਸ ਹੋਏ ਹਨ, ਜਦੋਂ ਕਥਿਤ ਅਪਰਾਧੀ ਦੇ ਹੱਥ ਵਿੱਚ ਸਿਰਫ ਚਾਕੂ ਸੀ (ਗੰਨ ਜਾਂ ਪਸਤੌਲ ਵੀ ਨਹੀਂ ਸੀ) ਤੇ ਇੱਕ ਪੁਲਿਸ ਵਾ.ਲਾ ਤਿੰਨ ਵਾਰ ਕਹਿੰਦਾ ਹੈ ਕਿ 'ਡਰੌਪ ਦਾ ਵੈਪਨ', ਜੇ ਤੀਜੀ ਵਾਰ ਹੱਥ ਖੜੇ ਨਾ ਹੋਏ ਤਾਂ ਦੂਜਾ ਪੁਲਿਸ ਵਾ.ਲਾ ਸਿੱਧਾ ਮੱਥੇ ਵਿੱਚ ਗੋ.ਲੀ ਮਾਰਦਾ ਹੈ ਤੇ ਬੰਦਾ ਥਾਂਹੇ ਢੇਰੀ ਕਰ ਦਿੰਦੇ ਆ। ਹੈਰਾਨੀ ਹੁੰਦੀ ਹੈ ਕਿ 1982 ਵਿੱਚ ਹਰਿਮੰਦਰ ਸਾਹਿਬ ਅੰਦਰ ਚੱਲ ਰਹੇ ਪੂਰਨ ਸ਼ਾਂਤਮਈ ਧਰਮ ਯੁੱਧ ਮੋਰਚੇ ਦੀ ਆੜ ਵਿੱਚ ਅਨੇਕਾਂਵਿਅਕਤੀ ਕਤਲ ਕੀਤੇ ਗਏ, ਬੈਂਕਾਂ ਵਿੱਚ ਡਾਕੇ ਮਾਰੇ ਗਏ, ਫਿਰੌਤੀਆਂ ਲਈਆਂ ਗਈਆਂ। ਘੱਟੋ-ਘੱਟ ਦਰਜਨ ਤੋਂ ਵੱਧ ਬੰਦੇ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਕਤਲ ਹੋਏ। ਪੁਲਿਸ ਦਾ ਡੀ. ਆਈ. ਜੀ.ਅਵਤਾਰ ਸਿੰਘ ਅਟਵਾਲ ਦਰਬਾਰ ਸਾਹਿਬ ਪ੍ਰਕਰਮਾਂ ਤੋਂ ਨਿਕਲਦਾ ਮਾਰ ਦਿੱਤਾ ਗਿਆ ਹੋਵੇ ਤਾਂ ਕੋਈ ਵੀ ਸਰਕਾਰ ਕਿਵੇਂ ਜਾਂ ਕਿਤਨਾ ਚਿਰ ਬਰਦਾਸ਼ਤ ਕਰ ਸਕਦੀ ਸੀ ਕਿ ਲੋਕ ਮਰੀ ਜਾਣ ਤੇ ਸ਼ੱਕੀ ਵਿਅਕਤੀਪਵਿੱਤਰ ਧਾਰਮਿਕ ਅਸਥਾਨ ਵਿੱਚ ਲੁਕ ਕੇ ਬੈਠੇ ਰਹਿਣ?

ਅਸੀਂ ਕਿਤਨਾ ਚਿਰ ਅਜਿਹੀ ਬਲੇਮ ਗੇਮ ਖੇਡਦੇ ਰਹਾਂਗੇ? ਅਸੀਂ ਕਦੋਂ ਖਾੜਕੂ ਧਿਰਾਂ ਤੇ ਪੰਥਕ ਜਥੇਬੰਦੀਆਂ ਨੂੰ ਸਵਾਲ ਕਰਾਂਗੇ ਕਿ ਅਕਾਲੀਆਂ ਦੇ ਸ਼ਾਂਤਮਈ ਧਰਮ ਯੁੱਧ ਮੋਰਚੇ ਵਿੱਚ ਹਿੰਸਾ ਤੇ ਕਤਲੋਗਾਰਤ ਕਿਸਦੇ ਇਸ਼ਾਰੇ 'ਤੇ ਕੀਤੀ ਗਈ ਸੀ? ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਕਿਸਦੀ ਮੱਦਦ ਨਾ.ਲ ਮਿਲਟਰੀ ਦੀਆਂ ਤੋਪਾਂ ਉਡਾਉਣ ਵਾ.ਲੇ ਮਾਰੂ ਹਥਿਆਰ ਪਹੁੰਚੇ? ਯਾਦ ਰਹੇ ਸਿੱਖ ਵਿਦਵਾਨ ਸ. ਗੁਰਤੇਜ ਸਿੰਘ (ਸਾਬਕਾ ਆਈ ਏ ਐਸ) ਅਨੁਸਾਰ ਭਾਰਤੀ ਖੁਫੀਆ ਏਜੰਸੀ ਰਾਅ ਦੇ ਏਜੰਟ ਜਨਰਲ ਜਸਵੰਤ ਸਿੰਘ ਭੁੱਲਰ ਨੇ ਇਹ ਹਥਿਆਰ ਅੰਦਰ ਪਹੁੰਚਾਏ ਸਨ। ਫਿਰ ਇਹ ਸ਼ੱਕ ਕਿਉਂ ਨਾ ਕੀਤਾ ਜਾਵੇ ਕਿ ਅੰਦਰ ਹਥਿਆਰ ਪ੍ਰਾਪਤ ਕਰਨ ਵਾ.ਲੇ ਵੀ ਰਾਅ ਦੇ ਹੀ ਬੰਦੇ ਹੋਣਗੇ? ਜੇ ਉਹ ਸੱਚੇ ਸੁੱਚੇ ਖਾਲਸੇ ਸਨ ਤਾਂ ਉਨ੍ਹਾਂ ਨੇ ਏਜੰਸੀਆਂ ਵਲੋਂ ਪਹੁੰਚਾਏ ਹਥਿਆਰ ਕਿਉਂ ਪ੍ਰਾਪਤ ਕੀਤੇ? ਕਿਉਂ ਸਾਰੀ ਦੁਨੀਆਂ ਨੂੰ ਨਹੀਂ ਦੱਸਿਆ ਕਿ ਸਾਡੇ 'ਤੇ ਹਮਲਾ ਕਰਨ ਲਈ ਗੈਰ-ਕਨੂੰਨੀ ਹਥਿਆਰ ਅੰਦਰ ਪਹੁੰਚਾਏ ਜਾ ਰਹੇ ਹਨ? ਇਹ ਗੱਲ ਕਿਉਂ ਲੁਕੋਈ ਜਾਂਦੀ ਰਹੀ ਹੈ ਕਿ ਤਖਤ ਸ੍ਰੀ ਹਜੂਰ ਸਾਹਿਬ ਤੋਂ ਫੌਜ ਨਾ.ਲ ਲੜਨ ਲਈ ਟਰੇਂਡ 40 ਸਿੰਘ 'ਸਾਕਾ ਨੀਲਾ ਤਾਰਾ' ਤੋਂ ਕੁਝ ਦਿਨ ਪਹਿਲਾਂ ਗੁਪਤ ਰੂਪ ਵਿੱਚ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀ ਸੋਚ ਕੇ ਆਏ ਸਨ? ਕੀ ਉਨ੍ਹਾਂ ਨੂੰ ਪਤਾ ਸੀ ਕਿ ਫੌਜ ਹਮਲਾ ਕਰਨ ਵਾ.ਲੀ ਹੈ?ਉਨ੍ਹਾਂ ਨੇ ਹੀ ਜਨਰਲ ਸ਼ੁਬੇਗ ਸਿੰਘ ਨਾ.ਲ ਰ.ਲ ਕੇ ਅਸਲੀ ਲੜਾਈ ਲੜੀ ਸੀ। ਸ੍ਰੀ ਅਕਾਲ ਤਖਤ ਸਾਹਿਬ ਅੰਦਰੋਂ ਬੱਬਰਾਂ ਸਮੇਤ ਬਹੁਤੇ ਨਾਮੀ ਖਾੜਕੂ ਤਾਂ ਪਹਿਲਾਂ ਹੀ ਬਾਹਰ ਨਿਕ.ਲ ਗਏ ਸਨ। ਅੱਜ ਤੱਕ ਸਿੱਖ ਪੰਥ ਨੂੰ ਇਹ ਕਿਉਂ ਨਹੀਂ ਦੱਸਿਆ ਗਿਆ




ਕਿ ਉਹ ਚਾ.ਲੀ ਸਿੰਘ ਕੌਣ ਸਨ?

ਸ਼ਾਂਤਮਈ ਮੋਰਚੇ ਵਿੱਚ ਅਜਿਹੇ ਮੋਰਚੇ ਕਿਉਂ ਬਣਾਏ ਗਏ, ਜਿਵੇਂ ਕਿ ਕਿਸੇ ਦੇਸ਼ ਦੀ ਫੌਜ ਨਾ.ਲ ਜੰਗ ਲੜਨੀ ਹੋਵੇ? ਜੇ ਮੋਰਚੇ ਬਣਾਉਣ ਅਤੇ ਹਥਿਆਰ ਜਮ੍ਹਾਂ ਕਰਨ ਵਾ.ਲਿਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਭਾਰਤੀ ਫੌਜ ਹਮਲਾ ਕਰੇਗੀ ਤਾਂ ਫਿਰ ਇਹ ਗੱਲ ਆਮ ਸੰਗਤ ਨੂੰ ਕਿਉਂ ਨਹੀਂ ਦੱਸੀ ਗਈ ਤਾਂ ਕਿ ਉਹ ਬਾਹਰ ਨਿਕਲ ਜਾਂਦੀ ਕਿਉਂਕਿ ਉਹ ਤਾਂ ਉਥੇ ਲੜਨ ਨਹੀਂ ਆਏ ਸਨ? ਉਹ ਤਾਂ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਆਏ ਸਨ। ਕੀ ਅੰਦਰ ਬੈਠੇ ਖਾੜਕੂ ਲੀਡਰ ਚਾਹੁੰਦੇ ਸਨ ਕਿ ਅਜਿਹੇ ਇਤਿਹਾਸਕ ਮੌਕੇ ਸੰਗਤ ਵੱਧ ਤੋਂ ਵੱਧ ਗੋ.ਲੀਬਾਰੀ ਦਾ ਸ਼ਿਕਾਰ ਹੋਵੇ? ਜੇ ਅੰਦਰ ਬੈਠੇ ਖਾੜਕੂਆਂ ਨੂੰ ਪਤਾ ਸੀ ਕਿ ਭਾਰਤੀ ਫੌਜ ਹਮਲਾ ਕਰੇਗੀ ਤਾਂ ਉਹ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਬਚਾਉਣ ਲਈ ਗੁਰੂ ਹਰਿਗੋਬਿੰਦ ਸਾਹਿਬ ਵਾਂਗਅੰਮ੍ਰਿਤਸਰ (ਜਾਂ ਗੁਰੂ ਗੋਬਿੰਦ ਸਿੰਘ ਜੀ ਵਾਂਗ ਆਨੰਦਪੁਰ ਸਾਹਿਬ) ਛੱਡ ਕੇ ਬਾਹਰ ਕਿਉਂ ਨਹੀਂ ਚਲੇ ਗਏ ਤਾਂ ਕਿ ਉਥੇ ਹੋਈ ਤਬਾਹੀ ਹੋਣੋਂ ਬਚ ਜਾਂਦੀ? ਉਹ ਭਾਰਤੀ ਫੌਜ ਨੂੰ ਬਾਹਰ ਜਾ ਕੇ ਚੈਲਿੰਜ ਕਰ ਸਕਦੇ ਸਨ ਅਤੇ ਆਪਣੀ ਬਹਾਦਰੀ ਦਿਖਾ ਸਕਦੇ ਸਨ। ਜੇ ਦਰਬਾਰ ਸਾਹਿਬ ਅੰਦਰ ਬੈਠੇ ਭਾਈ ਅਮਰੀਕ ਸਿੰਘ, ਜਨਰਲ ਸ਼ੁਬੇਗ ਸਿੰਘ, ਮੇਜਰ ਸਿੰਘ ਨਾਗੋਕੇ ਅਤੇ ਕਈ ਹੋਰ ਨਾਮੀ ਖਾੜਕੂ 1 ਤੋਂ 5 ਜੂਨ ਤੱਕ ਆਪਣੇ ਪਰਿਵਾਰਾਂ ਨੂੰ ਬਾਹਰ ਕੱਢੇ ਸਕਦੇ ਸਨ ਤਾਂ ਇਹ ਮੌਕਾ ਬੇਗੁਨਾਹ ਸ਼ਰਧਾਲੂਆਂ ਨੂੰ ਕਿਉਂ ਨਹੀਂ ਦਿੱਤਾ ਗਿਆ?

ਸ. ਅਜਮੇਰ ਸਿੰਘ, ਜਗਤਾਰ ਸਿੰਘ ਅਤੇ ਹੋਰ ਸਿੱਖ ਵਿਦਵਾਨ ਅਜਿਹਾ ਪ੍ਰਚਾਰ ਲਗਾਤਾਰ ਕਰਦੇ ਆ ਰਹੇ ਹਨ ਕਿ ਭਾਰਤੀ ਫੌਜ ਦਾ ਹਮਲਾ 18ਵੀਂ ਸਦੀ ਦੇ ਮੱਸਾ ਰੰਗੜ ਅਤੇ ਅਬਾਦਲੀ ਦੇ ਹਮਲਿਆਂ ਤੋਂ ਕਿਤੇ ਵੱਧ ਕਹਿਰੀ ਸੀ। ਪਰ ਉਪਰਲੀਵੀਡੀਓ ਵਿੱਚ ਸਾਬਕਾ ਐਮ ਪੀ ਅਤੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਰਹੇ ਸ. ਤਰਲੋਚਨ ਸਿੰਘ ਅਨੁਸਾਰ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਫੌਜੀ ਕਾਰਵਾਈ ਵਰਗਾ ਸਖਤ ਫੈਸਲਾ ਦੁਬਿਧਾ ਵਿੱਚ ਲੈ ਤਾਂ ਬੈਠੀ ਸੀ, ਪਰ ਜਦੋਂ ਹੋਏ ਨੁਕਸਾਨ ਬਾਰੇ ਪਤਾ ਲੱਗਾ ਤਾਂ ਉਹ ਪਛਤਾਵੇ ਦਾ ਸ਼ਿਕਾਰ ਹੋਈ, ਇਸ ਵਿੱਚੋਂ ਨਿਕਲਣ ਲਈ ਹਰ ਹੀਲਾ ਵਰਤ ਰਹੀ ਸੀ। ਕੀ ਇਹ ਵੀ ਸੱਚ ਨਹੀਂ ਹੈ ਕਿ ਮੈਡਮ ਗਾਂਧੀ ਨੇ ਫੌਜੀ ਕਾਰਵਾਈ ਦਾ ਫੈਸਲਾ, ਕਈ ਮਹੀਨਿਆਂ ਦੀ ਦੁਚਿਤੀ ਤੋਂ ਬਾਅਦ ਹੀ ਲਿਆ ਸੀ। ਉਹ ਵੀ ਉਦੋਂ ਜਦੋਂ ਫੌਜੀ ਜਰਨੈਲਾਂ ਵਲੋਂ ਘੱਟ ਤੋਂ ਘੱਟ ਫੋਰਸ ਵਰਤ ਕੇ ਸੰਤ ਅਤੇ ਉਸਦੇ ਸਾਥੀਆਂ ਨੂੰ ਕੰਪਲੈਕਸ ਤੋਂ ਮੁਕਤ ਕਰਾਉਣ ਦਾ ਪੱਕਾ ਯਕੀਨ ਦਿਵਾ ਦਿੱਤਾ ਸੀ। ਕੀ ਸਰਦਾਰ ਜਗਤਾਰ ਸਿੰਘ ਹੋਰਾਂ ਨੂੰ ਪਤਾ ਨਹੀਂ ਹੈ ਕਿ ਜਨਰਲ ਸ਼ੁਬੇਗ ਸਿੰਘ ਵਲੋਂ ਕਰਵਾਈ ਮੋਰਚਾਬੰਦੀ ਕਾਰਨ ਅੰਦਰ ਸੁਰੱਖਿਅਤ ਥਾਵਾਂ 'ਤੇ ਪੁਜ਼ੀਸ਼ਨਾਂ ਲਈ ਬੈਠੇ ਟਰੇਂਡ ਸਿੰਘਾਂ ਨੇ 5 ਜੂਨ ਦੀ ਰਾਤ ਨੂੰ ਪਹਿਲੀ ਕਮਾਂਡੋ ਕਾਰਵਾਈ ਦੌਰਾਨ ਵਿਸ਼ੇਸ਼ ਕਮਾਂਡੋ ਫੋਰਸ ਦੇ 50-60 ਜਵਾਨ ਅਕਾਲ ਤਖਤ ਸਾਹਮਣੇ ਹੀਢੇਰੀ ਕਰ ਦਿੱਤੇ ਸਨ। ਸਰਕਾਰ ਨੇ ਪੰਜਾਬ ਵਿੱਚ ਵੱਡੀ ਬਗਾਵਤ ਫੈਲ ਜਾਣ ਦੇ ਡਰੋਂ 6 ਜੂਨ ਦੀ ਸਵੇਰ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਓਪਰੇਸ਼ਨ ਖਤਮ ਕਰਨ ਦਾ ਆਦੇਸ਼ ਦੇ ਦਿੱਤਾ ਸੀ। ਫੌਜ ਦਾ ਵੱਡਾ ਨੁਕਸਾਨ ਹੋਣ ਤੋਂ ਬਾਅਦਉਨ੍ਹਾਂਕੋ.ਲ ਹੁਣ ਟੈਂਕਾਂ ਨਾ.ਲ ਗੋ.ਲੇ ਸੁੱਟਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ, ਪਰ ਦਿੱਲੀ ਤੋਂ ਟੈਂਕ ਵਰਤਣ ਦੀ ਇਜਾਜ਼ਤ ਨਹੀਂ ਮਿ.ਲ ਰਹੀ ਸੀ ਕਿਉਂਕਿ ਸਰਕਾਰ ਵਲੋਂ ਘੱਟ ਤੋਂ ਘੱਟ ਜਾਨੀ-ਮਾਲੀ ਨੁਕਸਾਨ ਅਤੇ ਖਾਸਕਰ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਵੱਲ ਨੂੰ ਗੋ.ਲੀ ਮਾਰੇ ਬਿਨਾਂ ਕਾਰਵਾਈ ਖਤਮ ਕਰਨ ਦੇ ਆਦੇਸ਼ ਸਨ। ਅਖੀਰ ਤੜਕੇ 5 ਵਜੇ ਇਜ਼ਾਜਤ ਦਿੱਤੀ ਗਈ ਸੀ। ਸ. ਤਰਲੋਚਨ ਸਿੰਘ ਅਨੁਸਾਰ ਮੈਡਮ ਇੰਦਰਾ ਨੇ ਤੁਰੰਤ ਆਪਣੇ ਖਾਸ ਵਿਅਕਤੀਆਂ ਦੀ ਮੀਟਿੰਗ ਬੁਲਾ ਕੇ ਕੁਝ ਕਰਨ ਦੀ ਰਾਏ ਮੰਗੀ ਤਾਂ ਉਹ ਨਾ ਸਿਰਫ ਇਸ ਬੱਜ਼ਰ ਗਲਤੀ ਲਈ ਅੰਮ੍ਰਿਤਸਰ ਜਾ ਕੇ ਮੁਆਫੀ ਮੰਗਣ ਲਈ ਤਿਆਰ ਹੋ ਗਈ ਸੀ, ਸਗੋਂ ਅਕਾਲ ਤਖਤ ਦੀ ਨੁਕਸਾਨੀ ਹੋਈ ਇਮਾਰਤ ਜਲਦੀ ਤੋਂ ਜਲਦੀ ਕਾਰ ਸੇਵਾ ਰਾਹੀਂ ਤਿਆਰ ਕਰਾਉਣ ਲਈ ਰਾਜੀ ਹੋ ਗਈ ਸੀ। ਇਸ ਲਈ ਉਸਨੇ ਸ. ਤਰਲੋਚਨ ਸਿੰਘ ਨੂੰ ਵਿਸ਼ੇਸ਼ ਦੂਤ ਬਣਾ ਕੇ ਪੰਜਾਬ ਵੀ ਭੇਜਿਆ ਸੀ। ਜਿਸ ਤਰ੍ਹਾਂ ਸਿੱਖ ਵਿਦਵਾਨ ਪੇਸ਼ ਕਰਦੇ ਹਨ ਕਿ ਭਾਰਤ ਦੀ ਬ੍ਰਾਹਮਣੀ ਸਰਕਾਰ ਨੇ ਪੰਜ ਸਦੀਆਂ ਦਾ ਵੈਰ ਕਮਾਇਆ ਸੀ ਅਤੇ ਉਹ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ ਤਾਂ ਫਿਰ ਉਸਨੂੰ ਸਗੋਂ ਅਕਾਲ ਤਖਤ ਦੀ ਢੱਠੀ ਇਮਾਰਤ ਸ਼ੀਸ਼ੇ 'ਚ ਮੜ੍ਹਾ ਕੇ ਰੱਖਣੀ ਚਾਹੀਦੀ ਸੀ ਕਿ ਸਿੱਖ ਸਦੀਆਂ ਤੱਕ ਯਾਦ ਰੱਖਦੇ। ਬਹੁਤ ਸਾਰੇ ਸਿੱਖ ਵਿਦਵਾਨਾਂ ਅਨੁਸਾਰ ਇਹ ਹਮਲਾ ਮੱਸੇ ਰੰਘੜ ਤੇ ਅਬਦਾਲੀ ਤੋਂ ਕਿਸੇ ਗੱਲੋਂ ਘੱਟ ਨਹੀਂ ਸੀ? ਕੀ ਮੱਸੇ ਰੰਗੜ ਜਾਂ ਅਬਦਾਲੀ ਨੇ ਵੀ ਕਦੇ ਦਰਬਾਰ ਸਾਹਿਬ ਦੀ ਇਮਾਰਤ ਢਾਹ ਕੁ ਦੁਬਾਰਾ ਇੰਦਰਾ ਗਾਂਧੀ ਵਾਂਗ ਬਣਾ ਕੇ ਦਿੱਤੀ ਸੀ?

ਇੱਕ ਇਹ ਗੱਲ ਵੀ ਆਮ ਪ੍ਰਚਾਰੀ ਜਾਂਦੀ ਹੈ ਕਿ ਸਰਕਾਰ ਨੇ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ? ਕੋਈ ਦੱਸ ਸਕਦਾ ਹੈ ਕਿ 1980 ਤੋਂ 1984 ਤੱਕ ਕਿਤਨੇ ਸਿੱਖ ਨੌਜਵਾਨ ਪੁਲਿਸ ਦੇ ਝੂਠੇ-ਸੱਚੇ ਮੁਕਾਬਲਿਆਂ ਵਿੱਚ ਮਰੇ ਸਨ? ਉਸਦੇ ਮੁਕਾਬਾਲੇ ਸਿੱਖ ਖਾੜਕੂਆਂ ਨੇ ਕਿਤਨੇ ਬੇਗੁਨਾਹ ਲੋਕ ਮਾਰੇ ਸਨ? ਪਿਛ.ਲੇ ਮਹੀਨੇ ਪਹਿਲਗਾਮ ਕਸ਼ਮੀਰ ਹਮਲੇ ਵਿੱਚ ਅੱਤਵਾਦੀਆਂ ਵਲੋਂ ਧਰਮ ਪੁੱਛ ਕੇ ਹਿੰਦੂ ਮਾਰਨ ਦੀ ਬੜੀ ਚਰਚਾ ਚੱਲੀ ਸੀ। ਕੀ ਇਸਦੀ ਸ਼ੁਰੂਆਤ ਪੰਜਾਬ ਵਿੱਚ 6 ਹਿੰਦੂਆਂ ਨੂੰ ਬੱਸ ਵਿੱਚੋਂ ਸਿੱਖਾਂ ਤੋਂ ਵੱਖ ਕਰਕੇ ਢਿਲਵਾਂ ਬੱਸ ਕਾਂਡ ਰਾਹੀਂ ਦਰਬਾਰ ਸਾਹਿਬ ਅੰਦਰੋਂ ਗਏ ਖਾੜਕੂਆਂ ਨੇ ਨਹੀਂ ਕੀਤੀ ਸੀ। (ਹਵਾਲਾ ਕਿਤਾਬ: ਬ.ਲਦੇ ਦਰਿਆਵਾਂ ਦੀ ਗਾਥਾ-ਲੇਖਕ, ਪੱਤਰਕਾਰ ਜਗਤਾਰ ਸਿੰਘ)।

ਇੱਕ ਪ੍ਰਚਾਰਕ ਗੁਰਦੁਆਰੇ ਵਿੱਚ ਕਥਾ ਕਰ ਰਿਹਾ ਸੀ ਕਿ ਸਿੰਘ ਬੀਬੀਆਂ ਨੇ ਬੰਬਾਂ ਨਾ.ਲ ਭਾਰਤੀ ਫੌਜ ਦੇ ਟੈਂਕ 20-20 ਫੁੱਟ ਹਵਾ 'ਚ ਉਡਾ ਦਿੱਤੇ। ਇਸੇ ਤਰ੍ਹਾਂ ਕਿਹਾ ਜਾਂਦਾ ਰਿਹਾ ਹੈ ਕਿ ਸਿੰਘਾਂ ਨੇ 800 (ਅਸਲ ਵਿੱਚ 50-60) ਤੋਂ ਵੱਧ ਹਵਾਈ ਜਹਾਜ਼ ਰਾਹੀਂ ਉਤਾਰੇ ਜਾ ਰਹੇ ਸਪੈਸ਼ਲ ਕਮਾਂਡੋ ਹਵਾ ਵਿੱਚ ਹੀ ਉਡਾ ਦਿੱਤੇ ਅਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ ਪ੍ਰਕਰਮਾਂ ਵਿੱਚ ਖਿਲਰ ਗਏ। ਇਸ ਸਬੰਧੀ ਨਾਭੇ ਵਾ.ਲੀਆਂ ਢਾਡੀ ਬੀਬੀਆਂ 84 ਦੇ ਦੌਰ ਵਿੱਚ ਇਹ ਕਵਿਤਾ ਆਮ ਹੀ ਸਟੇਜਾਂ 'ਤੇ ਸੁਣਾਉਂਦੀਆਂ ਸਨ: ਪਹਿਲੇ ਹੱਲੇ ਸਿੰਘਾਂ ਫੌਜੀ ਮੂਧੇ ਪਾ ਦਿੱਤੇ...। ਇਸੇ ਤਰ੍ਹਾਂ ਦੇ ਅਨੇਕਾਂ ਤਰ੍ਹਾਂ ਦੇ ਵੱਡੇ-ਵੱਡੇ ਦਾਅਵੇ ਪਿਛਲੇ 41 ਸਾਲ ਤੋਂ ਲਗਾਤਾਰ ਕੀਤੇ ਜਾ ਰਹੇ ਹਨ ਕਿ ਸਿੰਘਾਂ ਨੇ ਦਸ ਹਜ਼ਾਰ ਤੋਂ ਵਧ ਫੌਜੀ ਮਾਰ ਮੁਕਾਏ ਸਨ। ਇਤਨੇ ਫੌਜੀ ਤਾਂ ਭਾਰਤੀ ਫੌਜ ਦੇ ਭਾਰਤ-ਪਾਕਿਸਤਾਨ ਜੰਗਾਂ ਵਿੱਚ ਨਹੀਂ ਮਰੇ ਸਨ। ਜੇ ਸਾਡੇ ਸਿੰਘਾਂ ਕੋ.ਲ ਇਤਨੇ ਮਾਰੂ ਹਥਿਆਰ ਸਨ ਕਿ ਉਹ, ਉਸ ਭਾਰਤੀ ਫੌਜ ਦੇ 10 ਹਜ਼ਾਰ ਫੌਜੀ ਮਾਰ ਸਕਦੇ ਸਨ, ਜਿਸਨੇ ਅਜੇ 13 ਸਾਲ ਪਹਿਲਾਂ 1971 ਦੀ ਜੰਗ ਵਿੱਚ 90 ਹਜ਼ਾਰ ਪਾਕਿਸਤਾਨੀ ਫੌਜ ਤੋਂ ਹਥਿਆਰ ਸੁਟਵਾ ਲਏ ਸਨ ਤਾਂ ਫਿਰ ਸਾਡੇ ਵਲੋਂ ਪੀੜਤ ਬਣਨ ਦੇ ਕੀ ਅਰਥ ਰਹਿ ਜਾਂਦੇ ਹਨ ਕਿ ਭਾਰਤੀ ਫੌਜ ਨੇ ਸਾਡੇ 'ਤੇ ਨਿਹੱਕਾ ਹਮਲਾ ਕੀਤਾ?

ਅਸੀਂ ਗੁਰਦੁਆਰਿਆਂ ਵਿੱਚ ਅਜਿਹਾ ਪ੍ਰਚਾਰ ਕਰਕੇ ਹਾਸਿਲ ਕੀ ਕਰਨਾ ਚਾਹੁੰਦੇ ਹਾਂ? ਸਾਡੀ ਲੀਡਰਸ਼ਿਪ ਨੂੰ 41 ਸਾਲ ਤੋਂ ਇਹ ਸਮਝ ਨਹੀਂ ਆ ਰਹੀ ਕਿ ਅਸੀਂ ਪੀੜਤ ਧਿਰ ਹਾਂ ਜਾਂ ਧਾਕੜ ਧਿਰ। ਸਾਡੇ ਲੀਡਰ ਤੇ ਵਿਦਵਾਨ ਹਰ ਪੱਧਰ 'ਤੇ ਦੋਗਲੇਪਨ ਦਾ ਸ਼ਿਕਾਰ ਹਨ। ਜੇ ਸਾਡੇ ਕੋ.ਲ ਇਤਨੇ ਘਾਤਕ ਹਥਿਆਰ ਸਨ, ਇਤਨੇ ਟ੍ਰੇਂਡ ਖਾੜਕੂ ਸਨ, ਇਤਨੇ ਜ਼ਬਰਦਸਤ ਮੋਰਚੇ ਸਨ ਤਾਂ ਸਾਡੇ ਇਹ ਕਹਿਣ ਦੀ ਕੀ ਤੁਕ ਬਣਦੀ ਹੈ ਕਿ ਭਾਰਤ ਸਰਕਾਰ ਨੇ ਗੁਰਪੁਰਬ ਮਨਾ ਰਹੀਆਂ ਨਿਹੱਥੀਆਂ ਸਿੱਖ ਸੰਗਤਾਂ 'ਤੇ ਸਾਜਿਸ਼ ਨਾ.ਲ ਹਮਲਾ ਕਰਕੇ ਪੰਜ ਸਦੀਆਂ ਦਾ ਵੈਰ ਕਮਾਇਆ ਸੀ? ਹੈਰਾਨੀ ਹੁੰਦੀ ਹੈ, ਵਿਦੇਸ਼ਾਂ ਵਿੱਚ ਬੈਠੇ ਉਨ੍ਹਾਂ ਲੋਕਾਂ 'ਤੇ ਜਿਨ੍ਹਾਂ ਨੂੰ ਪਤਾ ਹੈ ਕਿ ਪਬਲਿਕ ਸਥਾਨ 'ਤੇ ਕਿਚਨ ਵਾ.ਲਾ ਚਾਕੂ ਫੜ੍ਹ ਕੇ ਫਿਰਨਾ ਵੀ ਗੈਰ-ਕਨੂੰਨੀ ਹੈ ਤਾਂ ਅਸੀਂ ਭਾਰਤ ਸਰਕਾਰ (ਜਿਸ ਬਾਰੇ ਆਪ ਹੀ ਕਹਿੰਦੇ ਹਾਂ ਕਿ ਭਾਰਤੀ ਸਟੇਟ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ 1947 ਤੋਂ ਯਤਨ ਕਰ ਰਹੀ ਸੀ) ਤੋਂ ਆਸ ਰੱਖਦੇ ਸੀ ਕਿ ਉਹ ਆਪਣੇ ਸਿਟੀਜ਼ਨ ਮਰਨੇ ਬਰਦਾਸ਼ਤ ਕਰੀ ਜਾਂਦੀ, ਮਿਲਟਰੀ ਦਾ ਇੱਕ ਸਾਬਕਾ ਜਨਰੈਲ ਫੌਜ ਨਾ.ਲ ਲੜਨ ਦੀ ਮੋਰਚਾਬੰਦੀ ਕਰੀ ਜਾਂਦਾ ਅਤੇ ਸਰਕਾਰ ਚੁੱਪ ਕਰਕੇ ਬੈਠੀ ਰਹਿੰਦੀ? ਕੀ ਅਸੀਂ ਸ਼ਾਂਤਮਈ ਮੋਰਚੇ ਵਿੱਚ ਅਜਿਹੇ ਕੰਮ ਕਰਕੇ ਸਰਕਾਰ ਨੂੰ ਫੌਜ ਭੇਜਣ ਲਈ ਆਪ ਸੱਦਾ ਨਹੀਂ ਦੇ ਰਹੇ ਸੀ? ਅਸੀਂ ਹੁਣ 41 ਸਾਲ ਬਾਅਦ ਤਾਂ ਫੈਸਲਾ ਕਰ ਲਈਏ ਕਿ ਪੀੜ੍ਹਤ ਧਿਰ ਬਣਨਾ ਹੈ ਜਾਂ ਧਾਕੜ ਧਿਰ?

ਉਪਰਲੀਆਂ ਬਹੁਤੀਆਂ ਘਟਨਾਵਾਂ ਦੇ ਵੇਰਵੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਲੀਡਰ ਹਰਮਿੰਦਰ ਸਿੰਘ ਸੰਧੂ ਦੇ ਸਾਬਕਾ ਸਾਥੀਆਂ ਗਵਾਹੀਆਂ ਅਧਾਰਿਤ ਬਲਜੀਤ ਸਿੰਘ ਖਾਲਸਾ ਦੀ ਕਿਤਾਬ, 'ਰੌਸ਼ਨ ਦਿਮਾਗ ਹਰਮਿੰਦਰ ਸਿੰਘ ਸੰਧੂ' ਵਿੱਚੋਂ ਪਾਠਕ ਵਿਸਥਾਰ ਨਾ.ਲ ਪੜ੍ਹ ਸਕਦੇ ਹਨ। ਜਿਨ੍ਹਾਂ ਘਟਨਾਵਾਂ ਨੂੰ ਹੁਣ ਏਜੰਸੀਆਂ ਸਿਰ ਮੜ੍ਹਿਆ ਜਾ ਰਿਹਾ ਹੈ, ਉਸ ਕਿਤਾਬ ਅਨੁਸਾਰ ਉਹ ਸਾਰੀਆਂ ਹਰਮਿੰਦਰ ਸੰਧੂ ਵਲੋਂ ਬਣਾਈ ਹੋਈ ਗੁਪਤ ਜਥੇਬੰਦੀ 'ਦਸ਼ਮੇਸ਼ ਰੈਜਮੈਂਟ' ਵਲੋਂ ਕੀਤੇ ਗਏ ਸਨ। ਇਹ ਸਾਰੇ ਕਾਰਨਾਮੇ ਹਰਮਿੰਦਰ ਸੰਧੂ, ਸੁਰਿੰਦਰ ਸਿੰਘ ਸੋਢੀ, ਜਨਰਲ ਲਾਭ ਸਿੰਘ, ਵਿਰਸਾ ਸਿੰਘ ਵਲਟੋਹਾ, ਰਜਿੰਦਰ ਸਿੰਘ ਮਹਿਤਾ, ਚਾਵਲਾ, ਹਰਮਿੰਦਰ ਸਿੰਘ ਗਿੱਲ ਵਲੋਂ ਸਾਂਝੇ ਰੂਪ ਵਿੱਚ ਕੀਤੇ ਗਏ ਸਨ।

# ਸਿੱਖ ਜਗਤ ਲਈ ਸੋਚਣ ਦਾ ਵਿਸ਼ਾ: ਅਪ੍ਰੇਸ਼ਨ ਬਲਿਊ ਸਟਾਰ ਲਈ ਜ਼ਿੰਮੇਵਾਰ ਕੌਣ?

**ਸਰੀਰਕ ਜ਼ਖ਼ਮ ਸਮੇਂ ਦੇ ਬੀਤਣ ਨਾਲ ਰਿਸਣ ਤੋਂ ਹਟ ਜਾਂਦੇ ਹਨ, ਪ੍ਰੰਤੂ ਮਾਨਸਿਕ ਜ਼ਖ਼ਮ ਹਮੇਸ਼ਾ ਅੱਲੇ ਰਹਿੰਦੇ ਹਨ ਤੇ ਰਿਸਣ ਤੋਂ ਕਦੀਂ ਬੰਦ ਨਹੀਂ ਹੁੰਦੇ। ਜੇਕਰ ਸਰੀਰਕ ਤੇ ਮਾਨਸਿਕ ਦੋਵੇਂ ਤਰ੍ਹਾਂ ਦੇ ਜ਼ਖ਼ਮ ਹੋਣ ਤਾਂ ਫਿਰ ਉਨ੍ਹਾਂ ਦੇ ਰਿਸਣ ਦੇ ਬੰਦ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿੱਖਾਂ ਦੇ ਸਰਵੋਤਮ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਦੇ ਸਿੱਖ ਜਗਤ ਲਈ ਸੋਚਣ ਦਾ ਵਿਸ਼ਾ: ਬਲਿਊ ਸਟਾਰ ਅਪ੍ਰੇਸ਼ਨ ਲਈ ਜ਼ਿੰਮੇਵਾਰ ਕੌਣ?**


ਸਿੱਖਾਂ ਦੇ ਸਰਵੋਤਮ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 40 ਦੇ ਕਰੀਬ ਗੁਰੂ ਘਰਾਂ 'ਤੇ ਭਾਰਤੀ ਫੌਜਾਂ ਵੱਲੋਂ ਕੀਤੇ ਗਏ 'ਓਪ੍ਰੇਸ਼ਨ ਬਲਿਊ ਸਟਾਰ' ਨਾਮ ਦੇ ਅਤਿਅੰਤ ਦੁੱਖਦਾਈ ਹਮਲੇ ਨੂੰ ਭਾਵੇਂ 41 ਸਾਲ ਹੋ ਗਏ ਹਨ, ਪ੍ਰੰਤੂ ਉਸਦੇ ਜ਼ਖ਼ਮ ਅਜੇ ਵੀ ਅੱਲੇ ਹੀ ਹਨ, ਰਿਸਦੇ ਹਨ ਤੇ ਹਮੇਸ਼ਾ ਰਿਸਦੇ ਵੀ ਰਹਿਣਗੇ। ਸਿੱਖਾਂ ਨੂੰ ਕੁਝ ਲੋਕ ਸਲਾਹ ਦਿੰਦੇ ਹਨ ਕਿ ਉਸ ਮੰਦਭਾਗੇ ਹਮਲੇ ਨੂੰ ਭੁੱਲ ਜਾਓ, ਪ੍ਰੰਤੂ ਕਹਿਣਾ ਸੌਖਾ ਹੈ, ਭੁੱਲਣਾ ਅਸੰਭਵ ਹੈ, ਜਿਸਦਾ ਦਿਲ ਵਲੂੰਧਰਿਆ ਗਿਆ ਹੋਵੇ, ਉਸਦਾ ਦੁੱਖ ਉਹ ਹੀ ਮਹਿਸੂਸ ਕਰ ਸਕਦਾ ਹੈ। ਸਰਕਾਰੀ ਕਰੂਰਤਾ ਦੀ ਚੀਸ ਖ਼ਤਮ ਹੋਣ ਵਾਲੀ ਨਹੀਂ ਹੈ। ਕੋਈ ਵੀ ਗੁਰੂ ਦਾ ਸੱਚਾ ਸਿੱਖ

**ਉਜਾਗਰ ਸਿੰਘ**
**ਫੋਨ: 94178-13072**

ਉਸ ਅਣਮਨੁੱਖੀ ਹਮਲੇ ਦੇ ਸੰਤਾਪ ਨੂੰ ਭੁੱਲਣ ਦੀ ਗੁਸਤਾਖ਼ੀ ਕਰ ਹੀ ਨਹੀਂ ਸਕਦਾ। ਅਣਗਿਣਤ ਬੇਦੋਸ਼ੇ ਸ਼ਰਧਾਲੂਆਂ ਦੇ ਡੁਲ੍ਹੇ ਖ਼ੂਨ ਸਿਆਸਤਦਾਨਾਂ ਦੀਆਂ ਰੂਹਾਂ ਨੂੰ ਤੜਪਾਉਂਦੇ ਰਹਿਣਗੇ। ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਵੀ ਭਾਰਤ ਦੀ ਉਸ ਫੌਜ ਵੱਲੋਂ ਕੀਤਾ ਗਿਆ, ਜਿਸ ਵਿਚ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਕੁਰਬਾਨੀਆਂ ਦੇਣ ਵਾਲਿਆਂ ਵਿਚ ਸਿੱਖ ਸ਼ਾਮਲ ਹੀ ਨਹੀਂ ਸਗੋਂ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਦੁੱਖ ਇਸ ਗੱਲ ਦਾ ਵੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਲੇ ਫ਼ੌਜੀਆਂ ਦੀ ਅਗਵਾਈ ਦੋ ਸਿੱਖ ਜਰਨੈਲ ਆਰ.ਐਸ. ਦਿਆਲ ਸਲਾਹਕਾਰ ਰਾਜਪਾਲ ਪੰਜਾਬ ਅਤੇ ਲੈਫ਼. ਜਨਰਲ ਕੁਲਦੀਪ ਸਿੰਘ ਬਰਾੜ ਕਰ ਰਹੇ ਸਨ। ਏਥੇ ਹੀ ਬਸ ਨਹੀਂ, ਦੇਸ਼ ਦੀਆਂ ਫ਼ੌਜਾਂ ਦੇ ਮੁਖੀ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਵੀ ਦੋਵੇਂ ਅੰਮ੍ਰਿਤਧਾਰੀ ਸਿੱਖ ਸਨ। ਫਿਰ ਸਰਕਾਰੀ ਤੰਤਰ ਵੱਲੋਂ ਬਿਰਤਾਂਤ ਇਹ ਸਿਰਜਿਆ ਗਿਆ ਕਿ ਇਸ ਕਾਰਵਾਈ ਦੇ ਜ਼ਿੰਮੇਵਾਰ ਇੱਕੋ-ਇੱਕ ਵਿਅਕਤੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤਾਂ ਸਿੱਖ ਧਰਮ ਦੇ ਪ੍ਰਚਾਰਕ ਸਨ। ਉਹ ਤਾਂ ਦਮਦਮੀ ਟਕਸਾਲ ਦੇ ਮੁਖੀ ਹੁੰਦੇ ਹੋਏ, ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ, ਉਹ ਕਿਸੇ ਸਿਆਸੀ ਪਾਰਟੀ ਨਾਲ ਸੰਬੰਧਤ ਸਿਆਸਤਦਾਨ ਨਹੀਂ ਸਨ। ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਇਹ ਸਾਰਾ ਕੁਝ ਕੇਂਦਰ ਸਰਕਾਰ ਵੱਲੋਂ ਪ੍ਰਕਾਸ਼ਤ ਕੀਤੇ 'ਵ੍ਹਾਈਟ ਪੇਪਰ' ਅਤੇ ਇੰਦਰਾ ਗਾਂਧੀ ਵੱਲੋਂ ਦੋ ਜੂਨ 1984 ਨੂੰ ਰੇਡੀਓ 'ਤੇ ਦਿੱਤੇ ਗਏ ਭਾਸ਼ਣ ਵਿਚ ਕਿਹਾ ਗਿਆ ਹੈ। ਇੰਦਰਾ ਗਾਂਧੀ ਨੇ ਸੰਸਦ ਵਿਚ ਹੋਈ ਡੀਬੇਟ ਵਿਚ ਕਿਹਾ ਸੀ ਕਿ ਪੰਜਾਬ ਦੀ ਸਮੱਸਿਆ ਦਾ ਕੋਈ ਹੱਲ ਨਾ ਲੱਭਣ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖ਼ੁਦ ਹੈ ਕਿਉਂਕਿ ਹਰ ਮੀਟਿੰਗ ਵਿਚ ਉਹ ਨਵੀਂ ਮੰਗ ਰੱਖ ਦਿੰਦੇ ਸਨ।

ਕੇਂਦਰ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸਮੁੱਚੇ ਸਿੱਖਾਂ ਨੂੰ ਲੋਕਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਖਾਸ ਤੌਰ 'ਤੇ ਸਿੱਖਾਂ ਦੇ ਨੇਤਾ ਜਿਹੜੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ, ਉਨ੍ਹਾਂ ਵਿਚੋਂ ਕਿਸੇ ਇੱਕ ਨੇ ਵੀ ਇਨ੍ਹਾਂ ਗੱਲਾਂ ਦਾ ਖੰਡਨ ਨਹੀਂ ਕੀਤਾ। ਇਸ ਲਈ ਇਕਪਾਸੜ ਕਹਾਣੀ ਮੀਡੀਆ ਵਿਚ ਆਉਂਦੀ ਰਹੀ। ਇਹ ਸਾਰਾ ਕੁਝ ਨੈਟ 'ਤੇ ਪਿਆ ਹੈ ਤੇ ਰਹਿੰਦੀ ਦੁਨੀਆਂ ਤੱਕ ਪਿਆ ਰਹੇਗਾ। ਜਦੋਂ ਵੀ ਕੋਈ ਬਲਿਊ ਸਟਾਰ ਅਪ੍ਰੇਸ਼ਨ ਬਾਰੇ ਜਾਨਣ ਲਈ ਨੈਟ ਤੋਂ ਪਤਾ ਕਰੇਗਾ ਤਾਂ ਇਹੋ ਨੈਗੇਟਿਵ ਜਵਾਬ ਮਿਲੇਗਾ। ਸਿੱਖ ਬਦਨਾਮ ਹੁੰਦੇ ਰਹਿਣਗੇ। ਇਸ ਸਾਰੇ ਕੁਝ ਦੇ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਰਾਣੀ ਲੀਡਰਸ਼ਿਪ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀਆਂ ਚਾਰ ਵਾਰ ਸਰਕਾਰਾਂ ਰਹੀਆਂ, ਕਿਸੇ ਨੇ ਵੀ ਇਸ ਗੰਭੀਰ ਇਲਜ਼ਾਮਾਂ ਦਾ ਖੰਡਨ ਨਹੀਂ ਕੀਤਾ ਅਤੇ ਨਾ ਹੀ ਕੋਈ ਸਾਰਥਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਬਲਿਊ ਸਟਾਰ ਅਪ੍ਰੇਸ਼ਨ ਤੋਂ ਬਾਅਦ ਫ਼ੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਹਥਿਆਰਾਂ ਦੀ ਨੁਮਾਇਸ਼ ਲਾ ਕੇ ਬਦਨਾਮ ਕੀਤਾ। ਇਸ ਦਾ ਵੀ ਅਕਾਲੀਆਂ ਦੀ ਲੀਡਰਸ਼ਿਪ ਨੇ ਖੰਡਨ ਨਹੀਂ ਕੀਤਾ। ਜੇ ਹਥਿਆਰਾਂ ਦਾ ਬਰਾਮਦ ਹੋਣਾ ਸੱਚ ਹੈ ਤਾਂ ਇਹ ਹਥਿਆਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਫੋਰਸਾਂ ਦੇ ਨਾਕਿਆਂ ਰਾਹੀਂ ਲੰਘ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਿਵੇਂ ਪਹੁੰਚੇ? ਜਨਰਲ ਸ਼ੁਬੇਗ ਸਿੰਘ 'ਤੇ ਇਲਜ਼ਾਮ ਹੈ ਕਿ ਉਸਨੇ ਨੌਜਵਾਨਾਂ ਨੂੰ ਹਥਿਆਰਾਂ ਨਾਲ ਲਾਮਬੰਦ ਕਰਨ ਵਿਚ ਭੂਮਿਕਾ ਨਿਭਾਈ ਸੀ। ਇਸ ਦੀ ਵੀ ਪੜਤਾਲ ਹੋਣੀ ਜ਼ਰੂਰੀ ਸੀ। ਇਹ ਵੀ ਕਿਹਾ ਜਾਂਦਾ ਹੈ, ਜੇ ਸੰਤ ਜਰਨੈਲ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਾ ਜਾਂਦੇ ਤਾਂ ਫ਼ੌਜੀ ਕਾਰਵਾਈ ਨਹੀਂ ਹੋਣੀ ਸੀ। ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਖ਼ਾਨਾ-ਜੰਗੀ ਕਰਕੇ ਉਨ੍ਹਾਂ ਨੂੰ ਉਥੇ ਲਿਜਾਇਆ ਗਿਆ ਸੀ, ਕਿਉਂਕਿ ਉਨ੍ਹਾਂ ਦੇ ਕੁਝ ਸਮਰਥਕਾਂ ਨੂੰ ਮਾਰ ਦਿੱਤਾ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾ ਸੰਸਾਰ ਵਿਚ ਅੱਜ ਤੱਕ ਕਿਸੇ ਵੀ ਦੇਸ਼ ਦੀ ਫ਼ੌਜ ਨੇ ਧਾਰਮਿਕ ਸਥਾਨ 'ਤੇ ਹਮਲਾ ਨਹੀਂ ਕੀਤਾ। ਹਮਲੇ ਤੋਂ ਪਹਿਲਾਂ ਹੋਰ ਕੋਈ ਵਿਕਲਪ ਕਿਉਂ ਨਹੀਂ ਵਰਤਿਆ ਗਿਆ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਅਜੇ ਬਕਾਇਆ ਹਨ।

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਸਿੱਖ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਹੋ ਗਏ ਸਨ। ਉਨ੍ਹਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਕਰਕੇ ਡਰ ਲੱਗ ਰਿਹਾ ਸੀ, ਕਿਉਂਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਿੱਖ ਜਗਤ ਵਿਚ ਹਰਮਨ-ਪਿਆਰਤਾ ਵਧ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦੀ ਧੜਕਣ ਤੇਜ਼ ਹੋ ਰਹੀ ਸੀ, ਕਿ ਕਿਤੇ ਉਹ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਨਾ ਹੋ ਜਾਣ। ਅੰਦਰਖਾਤੇ ਸਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਰੁੱਧ ਬੋਲ ਰਹੀ ਸੀ। ਉਨ੍ਹਾਂ ਨੇ ਤਾਂ ਇੱਥੋਂ ਤੱਕ ਇਲਜ਼ਾਮ ਲਗਾ ਦਿੱਤਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਗਿਆਨੀ ਜ਼ੈਲ ਸਿੰਘ ਅਕਾਲੀਆਂ ਵਿਰੁੱਧ ਵਰਤ ਰਿਹਾ ਹੈ। ਕਈ ਪੁਸਤਕਾਂ ਲਿਖਣ ਵਾਲੇ ਸਿੱਖ, ਜਿਨ੍ਹਾਂ ਵਿਚ ਸਾਬਕਾ ਰਾਅ ਦੇ ਮੁਖੀ ਜੀ.ਪੀ.ਐਸ. ਸਿੱਧੂ, ਪੀ.ਸੀ. ਅਲੈਗਜ਼ੈਂਡਰ, ਏ.ਪੀ. ਪਾਂਡੇ ਅਤੇ ਕੁਝ ਹੋਰ ਅਧਿਕਾਰੀਆਂ ਨੇ ਵੀ ਇਹੋ ਸੰਦੇਹ ਪ੍ਰਗਟ ਕੀਤਾ ਸੀ, ਜਦੋਂ ਕਿ ਇਸ ਵਿਚ ਕੋਈ ਸਚਾਈ ਨਹੀਂ ਸੀ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਸਿਆਸੀ ਲੜਾਈ ਕਰਕੇ ਦਰਬਾਰਾ ਸਿੰਘ ਦਾ ਧੜਾ ਵੀ ਇਹੋ ਇਲਜ਼ਾਮ ਲਗਾਈ ਜਾ ਰਿਹਾ ਸੀ। ਸਿਆਸਤਦਾਨ ਹਮੇਸ਼ਾ ਦੂਜਿਆਂ ਦੇ ਮੋਢਿਆਂ 'ਤੇ ਰੱਖ ਕੇ ਵਾਰ ਕਰਦੇ ਹਨ। ਮੈਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਕਾਲਤ ਨਹੀਂ ਕਰ ਰਿਹਾ, ਪ੍ਰੰਤੂ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਕਿ ਉਹ ਕਿਸੇ ਧਰਮ ਦੇ ਵਿਰੁੱਧ ਉਕਸਾ ਰਹੇ ਹੋਣ। ਸੰਤ ਭਿੰਡਰਾਂਵਾਲਿਆਂ ਵਿਰੁੱਧ ਇਹ ਸਾਰੀਆਂ ਅਫ਼ਵਾਹਾਂ ਬਹੁ-ਸੰਮਤੀ ਲੋਕਾਂ ਵੱਲੋਂ ਫੈਲਾਈਆਂ ਜਾ ਰਹੀਆਂ ਸਨ।




ਉਨ੍ਹਾਂ ਨੇ ਕਦੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ, ਪ੍ਰੰਤੂ ਇਹ ਜ਼ਰੂਰ ਕਿਹਾ ਸੀ ਕਿ ਜੇ ਦੇਣ ਤਾਂ ਕੋਈ ਇਨਕਾਰ ਨਹੀਂ। ਉਹ ਹਰ ਧਰਮ ਦੇ ਲੋਕਾਂ ਨੂੰ ਆਪੋ-ਆਪਣੇ ਧਰਮ ਵਿਚ ਪਰਪੱਕ ਰਹਿਣ ਲਈ ਕਹਿੰਦੇ ਸਨ।

ਹਰ ਸਮੱਸਿਆ ਦਾ ਹੱਲ ਗੱਲ-ਬਾਤ ਨਾਲ ਹੀ ਹੁੰਦਾ ਹੈ। ਆਸਾਮ ਵਿਚ ਚਾਰ ਸਾਲ ਹਿੰਸਕ ਮਾਹੌਲ ਰਿਹਾ। ਅਖ਼ੀਰ ਕੇਂਦਰ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਸਮਝੌਤਾ ਹੋ ਗਿਆ। ਪੰਜਾਬ ਵਿਚ ਸਮਝੌਤਾ ਕਿਉਂ ਨਹੀਂ ਹੋਇਆ? ਸਿੱਖ ਜਗਤ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੇਂਦਰੀ ਮੰਤਰੀਆਂ ਨਾਲ ਬਾਰਾਂ ਮੀਟਿੰਗਾਂ ਕੀਤੀਆਂ, ਪ੍ਰੰਤੂ ਇਹ ਗੱਲਬਾਤ ਸਿਰੇ ਕਿਉਂ ਨਹੀਂ ਚੜ੍ਹੀ? ਕਿਉਂਕਿ ਅਕਾਲੀ ਲੀਡਰਸ਼ਿਪ ਸਮਝੌਤਾ ਜਾਂ ਤਾਂ ਕਰਨਾ ਨਹੀਂ ਚਾਹੁੰਦੀ ਸੀ ਜਾਂ ਕਮਜ਼ੋਰ ਹੋਣ ਕਰਕੇ ਫੈਸਲਾ ਨਹੀਂ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਇੱਕ ਵਾਰ ਤਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਵੀ ਗੱਲਬਾਤ ਕੀਤੀ ਸੀ। ਹਰ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਮੀਟਿੰਗ ਵਿਚ ਇਹ ਕਹਿੰਦੀ ਰਹੀ ਕਿ ਬਾਅਦ ਵਿਚ ਦੱਸਾਂਗੇ। ਇਸ ਦਾ ਤਾਂ ਇਹੋ ਅਰਥ ਨਿਕਲਦਾ ਹੈ ਕਿ ਉਹ ਸਮਝੌਤਾ ਕਰਨਾ ਨਹੀਂ ਚਾਹੁੰਦੇ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨਾਲ ਆਖ਼ਰੀ ਮੀਟਿੰਗ 26 ਮਈ, 1984 ਨੂੰ ਹੋਈ ਸੀ, ਕੇਂਦਰ ਸਰਕਾਰ ਵੀ ਸੰਜੀਦਾ ਨਹੀਂ ਸੀ, ਇਕ ਪਾਸੇ ਮੀਟਿੰਗਾਂ ਕਰ ਰਹੀ ਸੀ ਤੇ ਦੂਜੇ ਪਾਸੇ 'ਬਲਿਊ ਸਟਾਰ ਅਪ੍ਰੇਸ਼ਨ' ਦੀ ਤਿਆਰੀ। ਇਹ ਅਪ੍ਰੇਸ਼ਨ ਇੱਕ ਦਿਨ ਦਾ ਫੈਸਲਾ ਨਹੀਂ ਸੀ, ਲਗਪਗ ਇੱਕ ਸਾਲ ਤੋਂ ਤਿਆਰੀ ਕੀਤੀ ਜਾ ਰਹੀ ਸੀ। ਰਾਜੀਵ ਗਾਂਧੀ ਨੇ ਮਾਰਚ 1984 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਧਾਰਮਿਕ ਸੰਤ ਪੁਰਸ਼ ਕਿਹਾ ਸੀ। ਫਿਰ ਇਤਨੀ ਜਲਦੀ ਉਸਨੂੰ ਅਤਿਵਾਦੀ ਬਣਾ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਦੀ ਪੜਚੋਲ ਕਰਨੀ ਬਣਦੀ ਹੈ। ਅੱਜ ਤੱਕ ਮੀਟਿੰਗਾਂ ਵਿਚ ਸ਼ਾਮਲ ਹੋਣ ਵਾਲੇ ਕਿਸੇ ਅਕਾਲੀ ਨੇਤਾ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਿਉਂ ਨਹੀਂ ਸਿਰੇ ਚੜ੍ਹ ਸਕਿਆ? ਉਨ੍ਹਾਂ ਵਿਚੋਂ ਕੁਝ ਨੇਤਾ ਤਾਂ ਅੱਜ ਵੀ ਜਿਉਂਦੇ ਹਨ। ਵੱਖ-ਵੱਖ ਸਮੇਂ ਵੱਖ-ਵੱਖ ਮੀਟਿੰਗਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਬਲਬੰਤ ਸਿੰਘ, ਰਵੀਇੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਆਦਿ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹੇ ਸਨ। ਉਹ ਵੀ ਚੁੱਪ ਰਹੇ। ਇਹ ਵੀ ਪ੍ਰਧਾਨ ਮੰਤਰੀ ਦੇ ਦਫ਼ਤਰ ਦੇ ਰਿਕਾਰਡ 'ਚ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ 19 ਫਰਵਰੀ 1983 ਦਾ ਲਿਖਿਆ ਇੱਕ ਖ਼ਤ ਇੱਕ ਅਖ਼ਬਾਰ ਦੇ ਸੰਪਾਦਕ ਭਰਪੂਰ ਸਿੰਘ ਬਲਬੀਰ ਨੇ ਇੰਦਰਾ ਗਾਂਧੀ ਨੂੰ ਨਿੱਜੀ ਤੌਰ 'ਤੇ ਮਿਲ ਕੇ ਦਿੱਤਾ ਸੀ, ਤੇ ਇੰਦਰਾ ਗਾਂਧੀ ਨੇ ਉਸ ਖ਼ਤ ਦਾ ਜਵਾਬ ਭਰਪੂਰ ਸਿੰਘ ਬਲਬੀਰ ਰਾਹੀਂ ਦੋ ਦਿਨ ਬਾਅਦ 21 ਫਰਵਰੀ 1983 ਨੂੰ ਸੰਤਾਂ ਨੂੰ ਭਿਜਵਾਇਆ ਸੀ। ਮਰਹੂਮ ਪੱਤਰਕਾਰ ਦਲਬੀਰ ਸਿੰਘ ਦੇ ਸੰਪਰਕ ਰਾਹੀਂ ਪਤਾ ਲੱਗਿਆ ਸੀ ਕਿ ਸੰਤ ਜਰਨੈਲ ਸਿੰਘ ਨਾਲ ਇੰਦਰਾ ਗਾਂਧੀ ਦੀ ਮੀਟਿੰਗ ਵੀ ਨਿਸ਼ਚਤ ਹੋ ਗਈ ਸੀ, ਪ੍ਰੰਤੂ ਐਨ ਮੌਕੇ 'ਤੇ ਕੁਝ ਵਿਅਕਤੀਆਂ ਨੇ ਅੜਿੱਕਾ ਪਾ ਕੇ ਮੀਟਿੰਗ ਰੱਦ ਕਰਵਾ ਦਿੱਤੀ ਸੀ। ਇਸਦਾ ਅਰਥ ਤਾਂ ਇਹ ਬਣਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਪੰਜਾਬ ਦੇ ਹਾਲਾਤ ਠੀਕ ਕਰਨਾ ਚਾਹੁੰਦਾ ਸੀ, ਪ੍ਰੰਤੂ ਕੁਝ ਸਿਆਸਤਦਾਨ ਨਹੀਂ ਚਾਹੁੰਦੇ ਸਨ, ਕਿਉਂਕਿ ਉਨ੍ਹਾਂ ਦੀਆਂ ਕੁਰਸੀਆਂ ਖਿਸਕਦੀਆਂ ਲੱਗਦੀਆਂ ਸਨ। ਸਾਰਾ ਦੋਸ਼ ਭਿੰਡਰਾਂਵਾਲਿਆਂ ਦੇ ਸਿਰ ਲਾਇਆ ਜਾਂਦਾ ਹੈ। ਜੇ ਸਮਝੌਤਾ ਹੋ ਜਾਂਦਾ ਤਾਂ ਸਿੱਖਾਂ ਨੂੰ ਅਜਿਹੇ ਹਾਲਾਤ 'ਚੋਂ ਨਾ ਗੁਜ਼ਰਨਾ ਪੈਂਦਾ। ਸਿੱਖ ਆਪਣੀ ਪੀੜ੍ਹੀ ਹੇਠ ਸੋਟਾ ਨਹੀਂ ਫੇਰਦੇ ਦੂਜਿਆਂ 'ਤੇ ਇਲਜ਼ਾਮ ਲਗਾਂਦੇ ਹਨ। ਸਿੱਖਾਂ ਨੂੰ ਇੱਕਮੁਠ ਹੋ ਕੇ ਆਪਣੇ 'ਤੇ ਲੱਗੇ ਇਲਜ਼ਾਮ ਬਾਰੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਤਾਂ ਜੋ ਸੰਸਾਰ ਵਿਚ ਉਨ੍ਹਾਂ ਦਾ ਅਕਸ ਬਲਿਊ ਸਟਾਰ ਬਾਰੇ ਸਾਫ ਹੋ ਸਕੇ, ਪ੍ਰੰਤੂ ਇਹ ਕੁਰਸੀਆਂ ਪਿੱਛੇ ਹੀ ਲੜੀ ਜਾ ਰਹੇ ਹਨ।

---

## ਆਦਮ-ਬੋਅ

ਤੋਤੇ ਨੂੰ ਪਈ ਮੈਨਾਂ ਪੁੱਛਦੀ,
ਕਿਉਂ ਸਾਰੀ ਕਾਇਨਾਤ ਹੈ ਰੁੱਸਗੀ..?
ਨਾ ਕੋਈ ਬੋਲੇ, ਨਾ ਕੋਈ ਹੱਸੇ,
ਦਿਲ ਦੀ ਗੱਲ ਨਾ ਕੋਈ ਦੱਸੇ
ਨਾ ਕੋਈ ਝਰਨਾ ਕਲ-ਕਲ ਵਗਦਾ,
ਨਾ ਸੀਤਲ ਕੋਈ ਪੌਣ ਵਗੇਂਦੀ
ਨਾ ਬਾਬਲ ਦੇ ਵਿਹੜੇ ਵਿਚ ਅੱਜ,
ਧੀ-ਰਾਣੀ ਕੋਈ ਰਾਗ ਗਵੇਂਦੀ!

ਪੰਛੀ ਨੇ ਅੱਜ ਕਿਉਂ ਕੁਰਲਾਉਂਦੇ,
ਲੱਗਦਾ ਹੈ ਕੁਛ ਕਹਿਣਾ ਚਾਹੁੰਦੇ?
ਕੋਇਲ ਵੀ ਅੱਜ ਕਿਉਂ ਵੈਣ ਜੇ ਪਾਵੇ,
ਗਾਉਣਾ ਕਾਹਤੋਂ ਭੁੱਲਦੀ ਜਾਵੇ?
ਬੁਲਬੁਲ ਬੈਠੀ ਹੰਝੂ ਕੇਰੇ,
ਲੱਗਦੈ ਭੁੱਲਗੀ ਖੁਸ਼ੀਆਂ ਖੇੜੇ
ਮੋਰ ਵੀ ਭੁੱਲਿਆ ਪੈਲ੍ਹਾਂ ਪਾਉਣੋ,
ਕੁਦਰਤ ਭੁੱਲਗੀ ਨਾਦ ਵਜਾਉਣੋ
ਐਡੀ ਕੀ ਅੱਜ ਆਫ਼ਤ ਆ-ਗੀ?
ਜੱਗ 'ਤੇ ਐਡੀ ਚੁੱਪ ਕਿਉਂ ਛਾਅ-ਗੀ?
ਹਵਾ ਕੀਰਨੇ ਪਾਉਂਦੀ ਵਗਦੀ,
ਪਤਾ ਨੀ ਕੀ ਇਹਨੂੰ ਚੌਂਧੀ ਲੱਗ-ਗੀ?

ਨਾ ਕੋਈ ਕਾਗ ਸੁਨੇਹਾ ਦਿੰਦੇ,
ਬੈਠ ਬਨੇਰੀਂ ਹੰਝੂ ਕੇਰਨ
ਘੋਰ ਉਦਾਸ ਚਕੋਰਾਂ ਵੀ ਅੱਜ,
ਕਾਹਤੋਂ ਚੰਦ ਤੋਂ ਮੂੰਹ ਜਿਹਾ ਫੇਰਨ?
ਕੀ ਹੈ ਦੁਖੜਾ ਇਨ੍ਹਾਂ ਦਾ ਦੱਸ,
ਕਿਉਂ ਸਾਰੇ ਇਹ ਦੁਖੀ ਨੇ ਹੋਏ?
ਚਿੜੀਆਂ ਵੀ ਨਾ ਚੂਕਦੀਆਂ ਅੱਜ,
ਕਿਹੜੇ ਦਰਦ ਨੇ ਜਿਗਰ ਸਮੋਏ?

ਜਾਂ ਪ੍ਰਹਿਲਾਦ ਕੋਈ ਥੰਮ੍ਹ ਹੈ ਬੱਧਾ,
ਜਾਂ ਗੁਰੂ ਦਾ ਲਾਲ ਕੋਈ ਫੜਿਆ?
ਜਾਂ ਕੋਈ ਤੱਤੀ ਤਵੀ ਬਿਠਾਇਆ,
ਜਾਂ ਕੋਈ ਈਸਾ ਸੂਲੀ ਚੜ੍ਹਿਆ?
ਜਾਂ ਕੰਧਾਂ ਵਿਚ ਚਿਣ-ਤਾ ਕੋਈ,
ਜਾਂ ਰਾਜਾ, ਜਾਂ ਬਲੀ ਕੋਈ ਮੋਇਆ?
ਜਾਂ ਕੋਈ ਸੂਰਜ ਟੁਕੜੇ ਕਰਤਾ,
ਜਾਂ ਚੰਦਰਮਾਂ ਫੱਟੜ ਹੋਇਆ?

ਜਾਂ ਫਿਰ ਮੁੜ ਅਬਦਾਲੀ ਆਇਆ,
ਮੱਸਾ ਰੰਘੜ ਕਿਸੇ ਨੇ ਤੱਕਿਆ?
ਜਾਂ ਫਿਰ ਨੰਨ੍ਹੇ ਬਾਲ ਦਾ ਦਿਲ ਅੱਜ,
ਫ਼ੇਰ ਬਾਪ ਦੇ ਮੂੰਹ ਵਿੱਚ ਧੱਕਿਆ?
ਐਡੀ ਕੀ ਅਣਹੋਣੀ ਬੀਤੀ,
ਐਨਾਂ ਸੋਗ ਕਿਉਂ ਜੱਗ ਨੇ ਕਰਿਆ?
ਜਾਂ ਕਿਸੇ ਵਿਧਵਾ ਮਾਤਾ ਦਾ,
ਕੋਈ ਅਕੇਲਾ ਪੁੱਤਰ ਮਰਿਆ?.....

...ਜੱਗੋਂ ਤੇਰ੍ਹਵੀਂ ਹੋਗੀ ਮੈਨਾਂ?
ਧਰਤੀ ਅਤੇ ਪਤਾਲ਼ ਹੈ ਰੋਂਦਾ
ਰੈਣਾਂ ਨੂੰ ਦਿਨ ਪੀੜ ਸੁਣਾਵੇ,
ਸੀਨੇਂ ਤੱਤੀ ਸੀਖ ਪਰੋਂਦਾ
ਕਟਕ ਫੌਜ ਦੇ ਚੜ੍ਹ ਕੇ ਆਏ,
ਦਿੱਲੀਓਂ ਚੱਲੀ ਧਾੜ ਨੀ ਮੈਨਾਂ
ਦੁੱਧ ਚੁੰਘਦੇ ਉਨ੍ਹਾਂ ਬੱਚੇ ਮਾਰੇ,
ਸੀਨਾਂ ਹੋਇਆ ਭਰਾੜ੍ਹ ਨੀ ਮੈਨਾਂ।
ਐਡਾ ਕਹਿਰ ਹਰਿਮੰਦਰ ਵਰ੍ਹਿਆ,
ਗੋਲ਼ੇ ਦਾਗੇ, ਸੰਗਤ ਮਾਰੀ
ਆਦਮ ਨਾ ਅੱਜ ਰੱਬ 'ਤੋਂ ਡਰਦਾ,
ਕਰਨੀ-ਭਰਨੀ ਪੈਣੀ ਭਾਰੀ
ਕਿਸੇ ਦੇ ਹੱਥ ਵਿਚ ਜਾਮ ਛਲਕਦਾ,
ਕੋਈ ਪਿਆ ਕਿਤੇ ਲੱਡੂ ਵੰਡੇ
ਦਿੱਲੀ ਘਰ ਚਿਰਾਗ ਪਏ ਬਲਦੇ,
ਚੁੱਲ੍ਹੇ ਨੇ ਪਏ ਸਾਡੇ ਠੰਢੇ।

ਬੰਦੇ ਨਾਲੋਂ ਪੰਛੀ ਚੰਗੇ,
ਜਿਹੜੇ ਪੀੜ ਦਿਲਾਂ ਦੀ ਜਾਨਣ
ਕਈ ਜਿੰਨ ਦਿੱਲੀ ਵਿਚ ਬੈਠੇ,
ਸੁਣ-ਸੁਣ ਖ਼ਬਰਾਂ ਖੁਸ਼ੀਆਂ ਮਾਨਣ
'ਆਦਮ ਬੋ-ਆਦਮ ਬੋ' ਕਰਦਾ,
ਪਾਪੀ ਕੀ-ਕੀ ਪਾਪ ਕਮਾਉਂਦਾ,
ਤਖਤਾਂ ਦੇ ਓਸ ਤਖਤ ਦੇ ਅੱਗੇ,
'ਜੱਗੀ ਕੁੱਸਾ' ਸੀਸ ਝੁਕਾਉਂਦਾ...

***-ਸ਼ਿਵਚਰਨ ਜੱਗੀ ਕੁੱਸਾ***

---

## ਬਲਿਊ ਸਟਾਰ

ਇੱਕ ਨੀਲਾ ਤਾਰਾ ਸੀ
ਜੋ ਅੰਬਰੀਂ ਚੜ੍ਹਿਆ ਸੀ
ਉਹ ਟਿਮ-ਟਿਮਾਇਆ ਨਹੀਂ
ਬਣ ਬਿਜਲੀ ਵਰ੍ਹਿਆ ਸੀ
ਇਹ ਐਸਾ ਤਾਰਾ ਸੀ
ਸਾਡੀ ਹਿੱਕ 'ਤੇ ਚੜਿਆ ਸੀ।
ਲੈ, ਟੈਂਕਾਂ ਤੋਪਾਂ ਨੂੰ
ਦਰਬਾਰ 'ਚ ਵੜਿਆ ਸੀ ਝਲਕਾਰੇ ਤਾਰੇ ਦੇ
ਸਾਨੂੰ ਅੱਜ ਵੀ ਦਿਸਦੇ ਨੇ
ਇਹਨੇ ਐਸੇ ਜਖਮ ਦਿੱਤੇ
ਜੋ ਅੱਜ ਵੀ ਰਿਸਦੇ ਨੇ।

ਲਹੂ ਰੱਜ ਕੇ ਪੀਤਾ ਸੀ
ਇਹਨੇ ਜਿਗਰ ਦੇ ਟੋਟਿਆਂ ਦਾ
ਬੜਾ ਮਾਸ ਨੋਚਿਆ ਸੀ
ਇਹਨੇ ਪੁੱਤ ਬੇਦੋਸ਼ਿਆਂ ਦਾ।
ਖਹਿ ਨਾਲ ਸੂਰਜਾਂ ਦੇ
ਇਹ ਖਤਮ ਹੋ ਗਿਆ ਸੀ
ਫਿਰ ਵਿਚ ਨਵੰਬਰ ਦੇ
ਇਹ ਭਸਮ ਹੋ ਗਿਆ ਸੀ।

ਇਹ ਤਾਰੇ ਅੰਬਰਾਂ ਦੇ
ਸਦਾ ਟੁੱਟਦੇ ਰਹਿਣੇ ਆ
ਪਰ ਸੂਰਜ ਅਣਖਾਂ ਦੇ
ਸਦਾ ਬੁੱਕਦੇ ਰਹਿਣੇ ਆ।
ਸਦਾ ਜ਼ੋਰ, ਬੜੇ ਲਾਏ
ਇਨ੍ਹਾਂ ਬਲਿਊ ਸਟਾਰਾਂ ਨੇ
ਪਿੱਠ ਲੱਗਣ ਨਾ ਦਿੱਤੀ
ਅਣਖੀ ਸਰਦਾਰਾਂ ਨੇ।

ਇਹਦੀ ਖਸਲਤ ਪਾਣੀ ਹੈ
ਇਹ ਬੂਟਾ ਨਹੀਂ ਸੁੱਕਣਾ
ਇਹ ਪੁੱਤ ਤੁਫ਼ਾਨਾਂ ਦਾ
ਇਹਨੇ ਕਦੇ ਨਹੀ ਰੁਕਣਾ
ਇਹ ਸੂਰਜ ਅਣਖਾਂ ਦਾ
ਇਹ ਕਦੇ ਨਹੀ ਛੁਪਣਾ
ਕਦੇ 'ਡਾਣਸੀਵਾਲੀਆ' ਓਏ ਪੰਜਾਬ ਨਹੀ ਮੁੱਕਣਾ।

***-ਕੁਲਵੀਰ ਸਿੰਘ ਡਾਨਸੀਵਾਲ***

# ਗੁਰਦੀਪ ਸਿੰਘ ਅਣਖੀ ਦੀ ਯਾਦ ਵਿਚ ਸਮਾਗਮ

## ਪਰਿਵਰ ਵਲੋਂ ਸਕਾਲਰਸ਼ਿਪ ਸ਼ੁਰੂ ਕਰਨ ਦਾ ਐਲਾਨ

**ਫਰਿਜ਼ਨੋ:** ਸ. ਗੁਰਦੀਪ ਸਿੰਘ ਅਣਖੀ ਦੀ ਯਾਦ ਵਿਚ ਲੰਘੇ ਐਤਵਾਰ ਇੱਥੇ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਫਰਿਜ਼ਨੋ ਅਤੇ ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਲੋਕਾਂ ਨੇ ਉਨ੍ਹਾਂ ਨੂੰ ਯਾਦ ਕੀਤਾ। ਗੁਰਦੀਪ ਸਿੰਘ ਅਣਖੀ 18 ਮਈ 2022 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਵੰਡ ਤੋਂ ਪਹਿਲਾਂ ਦੇ ਪੰਜਾਬ ਵਿਚ ਢੇਸੀਆਂ, ਚੱਕ ਨੰਬਰ 53 ਵਿਚ ਹੋਇਆ ਸੀ।

1947 ਦੀ ਭਾਰਤ-ਪਾਕਿਸਤਾਨ ਵੰਡ ਦੌਰਾਨ ਉਨ੍ਹਾਂ ਨੂੰ ਵੀ ਹੋਰ ਲੱਖਾਂ ਲੋਕਾਂ ਵਾਂਗ ਆਪਣਾ ਰਸਦਾ-ਵੱਸਦਾ ਘਰ, ਪਿੰਡ, ਯਾਰ ਦੋਸਤ ਤੇ ਸਖਤ ਮਿਹਨਤ ਨਾਲ ਆਬਾਦ ਕੀਤੀਆਂ ਜ਼ਮੀਨਾਂ ਛੱਡ ਕੇ ਆਉਣਾ ਪਿਆ। ਭਾਵੇਂ ਪਿਛਲੇ ਵਕਤ ਲਈ ਪਛਤਾਉਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਨਹੀਂ ਸੀ ਪਰ ਫਿਰ ਵੀ ਵੰਡ ਸਮੇਂ ਆਪਣੀਆਂ ਅੱਖਾਂ ਨਾਲ ਦੇਖੇ ਅਣਮਨੁੱਖੀ ਵਰਤਾਰਿਆਂ, ਰਾਹ ਵਿਚ ਅਤੇ ਵਸੇਬੇ ਦੌਰਾਨ ਝੱਲੀਆਂ ਦੁਸ਼ਵਾਰੀਆਂ ਦੀ ਚੀਸ ਉਨ੍ਹਾਂ ਦੇ ਨਾਲ ਸਾਰੀ ਉਮਰ ਰਹੀ। ਸ਼ਹੀਦੇ-ਆਜ਼ਾਮ ਸ. ਭਗਤ ਸਿੰਘ ਦਾ ਪਿੰਡ ਉਨ੍ਹਾਂ ਦੇ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਹੀ ਸੀ ਜਿਥੇ ਭਗਤ ਸਿੰਘ ਦੀ ਯਾਦ ਵਿਚ ਹਰ ਸਾਲ ਮੇਲਾ ਲੱਗਦਾ ਸੀ। ਇਸ ਮੇਲੇ ਸਮੇਂ ਹੁੰਦੀਆਂ ਜੋਸ਼ੀਲੀਆਂ ਤਕਰੀਰਾਂ ਅਤੇ ਕਵਿਤਾਵਾਂ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਅਸਰ ਪਿਆ। ਇਸੇ ਅਸਰ ਹੇਠ ਉਹ ਆਜ਼ਾਦੀ ਤੋਂ ਬਾਅਦ ਵੀ ਦੇਸ਼ ਭਗਤਾਂ, ਆਜ਼ਾਦੀ ਸੰਗਰਾਮੀਆਂ ਵੱਲ ਖਿਚੇ ਗਏ ਤੇ ਉਨ੍ਹਾਂ ਨੂੰ ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਭਗਤ ਸਿੰਘ ਬਿਲਗਾ ਤੇ ਪੰਡਤ ਕਿਸ਼ੋਰੀ ਲਾਲ ਨਾਲ ਵਿਚਰਨ ਦਾ ਮੌਕਾ ਮਿਲਿਆ। ਇਨ੍ਹਾਂ ਮਹਾਨ ਸ਼ਖਸੀਅਤਾਂ ਕਾਰਨ ਹੀ ਉਨ੍ਹਾਂ ਨੇ ਆਪਣਾ ਜੀਵਨ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਦੀ ਰਾਖੀ ਅਤੇ ਲੋਕ ਸਘੰਰਸ਼ਾਂ ਦੇ ਲੇਖੇ ਲਾਇਆ।

ਪੰਜਾਬ ਤੋਂ ਅਮਰੀਕਾ ਪਹੁੰਚਣ ਤੋਂ ਬਾਅਦ ਵੀ ਉਨ੍ਹਾਂ ਇੰਡੋ-ਅਮਰੀਕਨ ਹੈਰੀਟੇਜ ਫੋਰਮ ਨਾਲ ਜੁੜ ਕੇ ਗਦਰੀ ਬਾਬਿਆਂ ਦੀ ਸੋਚ ਅਤੇ ਕੁਰਬਾਨੀਆਂ ਨੂੰ ਲੋਕਾਂ ਵਿਚ ਪਹੁੰਚਾਉਣ ਦਾ ਕੰਮ ਕੀਤਾ, ਉਨ੍ਹਾਂ ਨੇ ਪੂਰੇ 20 ਸਾਲ ਫੋਰਮ ਦੀ ਅਗਵਾਈ ਕੀਤੀ ਅਤੇ ਦਰਜਨਾਂ ਸਫਲ ਪ੍ਰੋਗਰਾਮ ਕਰਵਾਏ। ਉਨ੍ਹਾਂ ਨੇ ਕੈਲੇਫੋਰਨੀਆ ਦੇ ਹੋਰ ਕਈ ਸ਼ਹਿਰਾਂ ਵਿਚ ਵਸਦੇ ਦੋਸਤਾਂ ਨੂੰ ਉਤਸ਼ਾਹਤ ਕਰਕੇ ਉਥੇ ਵੀ ਗਦਰੀ ਬਾਬਿਆਂ ਨੂੰ ਯਾਦ ਕਰਨ ਵਾਲੀਆਂ ਸੰਸਥਾਵਾਂ ਸ਼ੁਰੂ ਕਰਵਾਈਆਂ। ਉਨ੍ਹਾਂ ਨੇ ਪ੍ਰਸਿੱਧ ਲੇਖਕ ਡਾ. ਗੁਰੂਮੇਲ ਸਿੰਘ ਸਿੱਧੂ ਸਮੇਤ ਹੋਰ ਕਈਆਂ ਨੂੰ ਗਦਰ ਦਾ ਇਤਿਹਾਸ ਲਿਖਣ ਲਈ ਪ੍ਰੇਰਿਆ।

ਡਾ. ਅਰਜਨ ਸਿੰਘ ਜੋਸਨ ਨੇ ਅਣਖੀ ਨੂੰ ਯਾਦ ਕਰਦਿਆਂ ਇਕ ਕਵਿਤਾ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਦਿਤੀ। ਆਂਚਲ ਹੇਅਰ ਨੇ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਅਣਖੀ ਹੁਰਾਂ 'ਤੇ ਇਕ ਕਿਤਾਬ ਲਿਖਣ ਦੀ ਅਪੀਲ ਕੀਤੀ, ਸਵਨੀਤ ਕਿੰਗਰਾ ਨੇ ਵੀ ਪੰਜਾਬੀ ਬੋਲ਼ੀ ਬਾਰੇ ਇਕ ਕਵਿਤਾ ਪੜ੍ਹੀ। ਸ. ਗਿਆਨ ਸਿੰਘ ਬਿਲਗਾ ਨੇ ਅਣਖੀ ਹੁਰਾਂ ਨਾਲ ਆਪਣੇ 50 ਸਾਲ ਲੰਬੀ ਦੋਸਤੀ 'ਚੋਂ ਕਈ ਪਲ ਸਾਂਝੇ ਕੀਤੇ, ਗਿਆਨ ਸਿੰਘ ਦੇ ਪੋਤਰੇ ਏਕਮ ਸਿੰਘ ਨੇ ਵੀ ਅਣਖੀ ਸਾਹਬ ਤੇ ਗਿਆਨ ਦੀ ਦੋਸਤੀ ਦਾ ਜ਼ਿਕਰ ਕੀਤਾ। ਡਾ. ਮਲਕੀਤ ਸਿੰਘ ਕਿੰਗਰਾ, ਅਮੋਲਕ ਸਿੰਘ ਸਿੱਧੂ, ਕੁਲਦੀਪ ਸੁਜੋਂ ਤੇ ਅਮਰੀਕ ਖਡਾਲੀਆਂ, ਜਸਵੰਤ ਸਿੰਘ ਮਾਨ ਨੇ ਵੀ ਅਣਖੀ ਹੁਰਾਂ ਨਾਲ ਆਪਣੀ ਸਾਂਝਬਾਰੇ ਗੱਲਾਂ ਸਾਂਝੀਆਂ ਕੀਤੀਆਂ। ਸ. ਨਾਨਕ ਸਿੰਘ ਨੇ ਉਨ੍ਹਾਂ ਦੀ ਦ੍ਰਿੜ੍ਹਤਾ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਕਾਲੇ ਦੌਰ ਦੌਰਾਨ ਆਪਣਾ ਭਰਾ ਤੇ ਭਤੀਜਾ ਸ਼ਹੀਦ ਹੋਣ ਤੋਂ ਬਾਅਦ ਵੀ ਅਣਖੀ ਜੀ ਅਡੋਲ ਰਹੇ ਤੇ ਹੱਕ-ਸੱਚ ਦੇ ਰਾਹ 'ਤੇ ਚਲਦੇ ਰਹੇ। ਡਾ. ਦਲਜੀਤ ਸਿੰਘ ਨੇ ਉਨ੍ਹਾਂ ਦੀ ਪੰਜਾਬੀ ਮੋਰਚੇ ਸਮੇਂ ਦਿਤੀ ਗ੍ਰਿਫਤਾਰੀ ਦੀ ਗੱਲ ਕਰਦਿਆਂ ਅਫਸੋਸ ਪ੍ਰਗਟ ਕੀਤਾ ਕਿ ਅੱਜ ਪੰਜਾਬ ਦੇ ਰਾਜਸੀ ਤੇ ਧਾਰਮਿਕ ਲੀਡਰ ਤੇ ਸੰਸਥਾਵਾਂ ਪੰਜਾਬੀ ਬੋਲੀ ਪ੍ਰਤੀ ਜਾਗਰੂਕ ਨਹੀਂ ਹਨ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਬਾਨੀ ਮੈਂਬਰ ਸੁਰਿੰਦਰ ਸਿੰਘ ਮੰਢਾਲੀ ਨੇ ਵੀ ਅਣਖੀ ਨਾਲ ਆਪਣੀਆਂ ਯਾਦਾਂ ਦੀ ਸਾਂਝ ਪਾਈ।

ਸ. ਗੁਰਦੀਪ ਸਿੰਘ ਅਣਖੀ ਦੇ ਬੇਟੇ ਹਰਜਿੰਦਰ ਸਿੰਘ ਢੇਸੀ ਨੇ ਆਪਣੇ ਪਿਤਾ ਦੇ ਪਾਏ ਨਕਸ਼ੇ ਕਦਮ 'ਤੇ ਚਲਦੇ ਰਹਿਣ ਦਾ ਪ੍ਰਣ ਦੁਹਰਾਇਆ। ਉਨ੍ਹਾਂ ਨੇ ਆਪਣੇ ਪਿਤਾ ਦੀ ਲੋਕਪੱਖੀ ਸੋਚ ਤੋਂ ਪ੍ਰੇਰਨਾ ਲੈਦਿਆਂ ਪਰਿਵਾਰ ਵਲੋਂ ਸਕਾਲਰਸ਼ਿਪ ਸ਼ੁਰੂ ਕਰਨ ਦਾ ਐਲਾਨ ਕੀਤਾ। ਇਹ ਸਕਾਲਰਸ਼ਿਪ ਗਦਰ ਪਾਰਟੀ ਦੇ ਨਾਂ 'ਤੇ ਹੋਏਗਾ ਅਤੇ ਫੋਰਮ ਦੇ ਅਗਲੇ ਮੇਲੇ ਵਿਚ ਇਸ ਸਕਾਲਰਸ਼ਿਪ ਦੀ ਪੂਰੀ ਰੂਪ-ਰੇਖਾ ਦਾ ਐਲਾਨ ਕੀਤਾ ਜਾਵੇਗਾ।

ਪ੍ਰੋਗਰਾਮ ਦੇ ਦੂਜੇ ਹਿੱਸੇ ਵਿਚ ਕਵੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਗੁਰਦੀਪ ਸਿੰਘ ਅਣਖੀ ਨੂੰ ਸ਼ਰਧਾਂਜਲੀ ਦਿਤੀ। ਕੁਲਵੰਤ ਸਿੰਘ ਨੇ ਉਨ੍ਹਾਂ ਦਾ ਲਿਖਿਆ ਇਕ ਗੀਤ ਗਾ ਕੇ ਸ਼ਰਧਾਂਜਲੀ ਭੇਟ ਕੀਤੀ। ਹੋਰ ਕਵੀਆਂ ਵਿਚ ਰਾਜ ਬਰਾੜ, ਸ਼ਰਨ ਧਾਲੀਵਾਲ, ਜੋਤ ਰਣਜੀਤ, ਅੰਜੂ ਮੀਰਾ, ਸਾਧੂ ਸਿੰਘ ਸੰਘਾ, ਦਿਲਜੀਤ ਸਿੰਘ ਰਿਆੜ, ਕਮਲਜੀਤ ਕੌਰ, ਹੈਰੀ ਮਾਨ, ਇੰਦਰਜੀਤ ਚੁਗਾਵਾਂ ਤੇ ਸੰਤੋਖ ਸਿੰਘ ਮਿਨਹਾਸ ਸ਼ਾਮਲ ਹੋਏ। ਇਸ ਸਾਰੇ ਪ੍ਰੋਗਰਾਮ ਨੂੰ ਇਕਸੁਰਤਾ ਨਾਲ ਚਲਾਉਣ ਦੀ ਜ਼ਿੰਮੇਵਾਰੀ ਸ਼ਾਇਰ ਹਰਜਿੰਦਰ ਕੰਗ ਹੁਰਾਂ ਬਾਖੂਬੀ ਨਿਭਾਈ।

ਇਹ ਪ੍ਰੋਗਰਾਮ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਸ਼ਾਇਰ ਤਜੱਮਲ ਕਲੀਮ ਅਤੇ ਡਾ. ਰਤਨ ਸਿੰਘ ਜੱਗੀ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਪੱਤਰਕਾਰ ਰਾਜ ਸਿੰਘ ਵੀ ਸ਼ਾਮਲ ਹੋਏ। ਤਸਵੀਰਾਂ ਦੀ ਜ਼ਿੰਮੇਵਾਰੀ ਹੇਅਰ ਮੀਡੀਆ ਵਲੋਂ ਕੁਲਵੀਰ ਹੇਅਰ ਨੇ ਨਿਭਾਈ। ਦੇਸ਼ ਦੁਆਬਾ ਵੀਕ਼ਲੀ ਨਿਊਜ਼ ਪੇਪਰ ਅਤੇ ਅੰਬੇਦਕਰ ਟਾਇਮਜ਼ ਵਲੋਂ ਪ੍ਰੇਮ ਕੁਮਾਰ ਚੁੰਬਰ ਉਚੇਚੇ ਤੌਰ 'ਤੇ ਪ੍ਰੋਗਰਾਮ ਦੀ ਕਵਰੇਜ ਕਰਨ ਲਈ ਸੈਕਰਾਮੈਂਟੋ ਤੋਂ ਪਹੁੰਚੇ। ਅਵਤਾਰ ਸਿੰਘ ਗੋਂਦਾਰਾ ਵਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ।







# ਮਨੁੱਖੀ ਯੋਗਤਾ ਨੂੰ ਪਛਾਣਨ ਦੀ ਯੋਗਤਾ

ਫ਼ਰਾਂਸ ਦੇ ਪ੍ਰਸਿੱਧ ਲੇਖਕ ਅਤੇ ਦਾਰਸ਼ਨਿਕ ਵੋਲਟਾਇਰ ਨੇ ਕਿਹਾ ਹੈ "ਪ੍ਰਸੰਸਾ ਕਰਨ ਦੀ ਸਮਰੱਥਾ ਆਪਣੇ ਆਪ ਵਿੱਚ ਇੱਕ ਵਿਸ਼ੇਸ਼ ਅਤੇ ਵੱਡਾ ਗੁਣ ਹੈ। ਜਦੋਂ ਕੋਈ ਵਿਅਕਤੀ ਕਿਸੇ ਦੂਸਰੇ ਵਿਅਕਤੀ ਦੀ ਚੰਗਿਆਈ ਜਾਂ ਯੋਗਤਾ ਨੂੰ ਸਵੀਕਾਰਦਾ ਹੈ, ਤਾਂ ਇਹ ਦਰਸਾਉਂਦਾ ਹੈ ਕਿ ਉਸਦੇ ਅੰਦਰ ਵੀ ਉਹੀ ਗੁਣ ਮੌਜੂਦ ਹਨ ਜਾਂ ਘੱਟੋ-ਘੱਟ ਉਹ ਉਨ੍ਹਾਂ ਗੁਣਾਂ ਦੀ ਮਹੱਤੱਤਾ ਨੂੰ ਸਮਝਣ ਵਾਲੀ ਦ੍ਰਿਸ਼ਟੀ ਰੱਖਦਾ ਹੈ।" ਇਹ ਕਥਨ ਬਿਲਕੁਲ ਸੱਚ ਹੈ ਕਿਉਂਕਿ ਕਿਸੇ ਦੀ ਕਾਬਲੀਅਤ ਅਤੇ ਯੋਗਤਾ ਨੂੰ ਪਛਾਣਨਾ ਵੀ ਆਪਣੇ ਆਪ ਵਿੱਚ ਬਹੁਤ ਵੱਡੀ ਯੋਗਤਾ ਹੁੰਦੀ ਹੈ ਜੋ ਅਜੋਕੇ ਪਦਾਰਥਵਾਦੀ ਅਤੇ ਪੂੰਜੀਵਾਦੀ ਸਮਾਜ ਵਿੱਚ ਕਿਸੇ ਵਿਰਲੇ ਮਨੁੱਖ ਦੇ ਹੀ ਹਿੱਸੇ ਆਉਂਦੀ ਹੈ।

ਇਹ ਗੱਲ ਸਮਾਜਿਕ ਤੌਰ 'ਤੇ ਵੀ ਮਹੱਤਵਪੂਰਨ ਹੈ, ਕਿਉਂਕਿ ਅੱਜ ਦੇ ਸਮੇਂ ਵਿੱਚ ਜਿੱਥੇ ਨਿਜੀ ਲਾਭ ਅਤੇ ਮੁਕਾਬਲੇ ਦੀ ਭਾਵਨਾ ਹਾਵੀ ਹੈ, ਉਥੇ ਕਿਸੇ ਹੋਰ ਦੀ ਸੱਚੀ ਪ੍ਰਸੰਸਾ ਕਰਨਾ ਜਾਂ ਉਸ ਦੀ ਕਾਬਲੀਅਤ ਨੂੰ ਪਛਾਣਨਾ ਵਧੇਰੇ ਮਸ਼ਕਿਲ ਹੁੰਦਾ ਜਾ ਰਿਹਾ ਹੈ। ਅਸਲ ਵਿੱਚ ਹਰੇਕ ਵਿਅਕਤੀ ਪ੍ਰਸੰਸਾ ਅਤੇ ਹੌਸਲਾ ਅਫ਼ਜ਼ਾਈ ਦਾ ਭੁੱਖਾ ਹੁੰਦਾ ਹੈ ਭਾਵੇਂ ਉਹ ਕਿਸੇ ਵੀ ਉਮਰ ਦਾ ਹੋਵੇ ਜਾਂ ਕਿਸੇ ਵੀ ਅਹੁਦੇ 'ਤੇ ਹੋਵੇ ਕਿਉਂਕਿ ਇਹ ਸਾਡੀ ਸਭ ਤੋਂ ਵੱਡੀ ਭਾਵਨਾਤਮਕ ਜ਼ਰੂਰਤ ਹੁੰਦੀ ਹੈ। ਜਿਸ ਵਿਅਕਤੀ ਦੇ ਅੰਦਰ ਚੰਗਿਆਈ ਮੌਜੂਦ ਹੁੰਦੀ ਹੈ ਉਹੀ ਦੂਸਰਿਆਂ ਦੀ ਚੰਗਿਆਈ ਨੂੰ ਦੇਖਣ ਅਤੇ ਉਸ ਦੀ ਸੱਚੀ ਪ੍ਰਸੰਸਾ ਕਰਨ ਦੇ ਯੋਗ ਹੁੰਦਾ ਹੈ।

ਹਰ ਇਨਸਾਨ ਵਿੱਚ ਕੋਈ ਨਾ ਕੋਈ ਵਿਸ਼ੇਸ਼ ਗੁਣ ਹੁੰਦਾ ਹੈ ਜੋ ਬਹੁਤੀ ਵਾਰ ਉਦੋਂ ਉਜਾਗਰ ਹੁੰਦਾ ਹੈ ਜਦੋਂ ਕੋਈ ਕਦਰਦਾਨ ਵਿਅਕਤੀ ਉਸ ਗੁਣ ਨੂੰ ਪਛਾਣਦਾ ਹੈ ਅਤੇ ਖੁੱਲ੍ਹ ਕੇ ਉਸ ਦੀ ਪ੍ਰਸੰਸਾ ਕਰਦਾ ਹੈ। ਉਹ ਕਦਰਦਾਨ ਵਿਅਕਤੀ ਸਾਡੇ ਮਾਪੇ, ਅਧਿਆਪਕ, ਭੈਣ-ਭਰਾ, ਰਿਸ਼ਤੇਦਾਰ, ਦੋਸਤ, ਸਹਿਕਰਮੀ, ਮੈਨੇਜਰ ਆਦਿ ਕੋਈ ਵੀ ਹੋ ਸਕਦਾ ਹੈ। ਪਰ ਅਜੋਕੇ ਪੂੰਜੀਵਾਦੀ ਅਤੇ ਪਦਾਰਥਵਾਦੀ ਯੁੱਗ ਵਿੱਚ ਮਨੁੱਖੀ ਰਿਸ਼ਤਿਆਂ ਦੀ ਕਦਰ ਘੱਟ ਗਈ ਹੈ ਅਤੇ ਹਰੇਕ ਵਿਅਕਤੀ ਆਪਣੇ ਫ਼ਾਇਦੇ ਦੀ ਦੌੜ ਵਿੱਚ ਭੱਜ ਰਿਹਾ ਹੈ। ਅਸੀਂ ਦੂਸਰਿਆਂ ਦੀਆਂ ਖਾਮੀਆਂ ਅਤੇ ਕਮਜ਼ੋਰੀਆਂ 'ਤੇ ਨਜ਼ਰ ਮਾਰਨ ਵਿੱਚ ਦਿਲਚਸਪੀ ਰੱਖਦੇ ਹਾਂ, ਪਰ ਉਨ੍ਹਾਂ ਦੀਆਂ ਖੂਬੀਆਂ ਅਤੇ ਨੇਕੀਆਂ ਵੱਲ ਸਾਡਾ ਧਿਆਨ ਨਹੀਂ ਜਾਂਦਾ।


ਮਨੁੱਖੀ ਯੋਗਤਾ ਦੀ ਪਛਾਣ ਕਰਨਾ ਕੋਈ ਆਮ ਕੌਸ਼ਲ ਨਹੀਂ, ਇਹ ਇਕ ਅਜਿਹੀ ਕਲਾ ਹੈ ਜੋ ਸਿਰਫ਼ ਪੁਸਤਕੀ ਗਿਆਨ ਨਾਲ ਨਹੀਂ, ਸਗੋਂ ਲੰਮੇ ਅਨੁਭਵ, ਅੰਦਰੂਨੀ ਸਮਝ ਅਤੇ ਗਹਿਰੀ ਸੂਝ-ਬੂਝ ਨਾਲ ਵਿਕਸਤ ਹੁੰਦੀ ਹੈ। ਜੋ ਵਿਅਕਤੀ ਇਹ ਯੋਗਤਾ ਰੱਖਦਾ ਹੈ, ਉਹ ਨਾ ਸਿਰਫ਼ ਆਪਣੇ ਜੀਵਨ ਨੂੰ, ਬਲਕਿ ਹੋਰਨਾਂ ਦੇ ਜੀਵਨ ਨੂੰ ਵੀ ਬਿਹਤਰ ਬਣਾ ਸਕਦਾ ਹੈ। ਜਿਵੇਂ ਇਕ ਮੋਤੀ ਨੂੰ ਮਿੱਟੀ ਵਿੱਚੋਂ ਲੱਭਣ ਲਈ ਪਾਰਖੂ ਨਜ਼ਰ ਚਾਹੀਦੀ ਹੈ, ਉਵੇਂ ਯੋਗਤਾ ਦੀ ਪਛਾਣ ਲਈ ਦਿਲ ਦੀ ਨਿਗਾਹ ਅਤੇ ਮਨ ਦੀ ਸੰਵੇਦਨਸ਼ੀਲਤਾ ਜ਼ਰੂਰੀ ਹੈ। ਇਹ ਯੋਗਤਾ ਸਿੱਖਣਯੋਗ ਹੈ ਅਤੇ ਜਦੋਂ ਇਹ ਕਲਾ ਕਿਸੇ ਮਨੁੱਖ ਵਿਚ ਆ ਜਾਂਦੀ ਹੈ, ਤਾਂ ਉਹ ਮਨੁੱਖ ਸਮਾਜ ਲਈ ਰੌਸ਼ਨੀ ਦਾ ਦੀਵਾ ਬਣ ਜਾਂਦਾ ਹੈ।

*-ਡਾ. ਹਰਗੁਣਪ੍ਰੀਤ ਸਿੰਘ*

# ਜੂਨ 1984 ਵਿਚ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੇ ਕੁਝ ਅਣਜਾਣੇ ਤੱਥ -2

***ਸਾਕਾ ਨੀਲਾ ਤਾਰਾ ਪੰਜਾਬੀ ਲੋਕ-ਇਤਿਹਾਸ ਦੀ ਅਤਿ ਦੁਖਦਾਈ ਘਟਨਾ ਹੈ। ਪੰਜਾਬੀ ਦੇ ਉਘੇ ਲਿਖਾਰੀ ਡਾ. ਹਰਭਜਨ ਸਿੰਘ ਨੇ ਇਸ ਨੂੰ 'ਜੜ੍ਹਾਂ ਵਾਲਾ ਫੋੜਾ' ਆਖਿਆ ਸੀ। ਉਨ੍ਹਾਂ ਲਿਖਿਆ ਸੀ ਕਿ ਇਹ ਅਜਿਹਾ ਲਾਇਲਾਜ ਨਾਸੂਰ ਹੈ ਜਿਹੜਾ ਲਗਾਤਾਰ ਵਗੀ ਜਾ ਰਿਹਾ ਹੈ। ਇਸ ਘਟਨਾ ਨੂੰ ਭੁੱਲਣਾ ਵਾਕਈ ਨਾਮੁਮਕਿਨ ਹੈ ਪਰ ਇਸ ਦੇ ਕਾਰਨਾਂ ਦੀ ਪੁਣਛਾਣ ਕਰ ਕੇ ਇਸ ਤੋਂ ਸਬਕ ਜ਼ਰੂਰ ਲਿਆ ਜਾ ਸਕਦਾ ਹੈ। ਇਸ ਦੀ ਵਰ੍ਹੇਗੰਢ 'ਤੇ ਅਸੀਂ ਸਿੱਖ ਇਤਿਹਸ ਦੇ ਬਾਬਾ ਬੋਹੜ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦਾ ਲਿਖਿਆ ਬਹੁਤ ਕੀਮਤੀ ਜਾਣਕਾਰੀ ਭਰਪੂਰ ਲੇਖ ਛਾਪਣ ਦਾ ਮਾਣ ਹਾਸਿਲ ਕਰ ਰਹੇ ਹਾਂ। ਲੇਖ ਵੱਡਾ ਹੈ ਇਸ ਕਰ ਕੇ ਇਸ ਦੀ ਦੂਜੀ ਕਿਸ਼ਤ ਪਾਠਕਾਂ ਦੀ ਨਜ਼ਰ ਹੈ।***

### ਦਰਬਾਰ ਸਾਹਿਬ 'ਤੇ ਹਮਲੇ ਦੀ ਤਫ਼ਸੀਲ



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

ਤਕਰੀਬਨ ਇਕ ਲੱਖ ਫ਼ੌਜ ਇਸ ਸਾਰੀ ਮੁਹਿੰਮ ਵਿਚ, ਇਕ ਜਾਂ ਦੂਜੇ ਤਰੀਕੇ ਨਾਲ, ਸ਼ਾਮਿਲ ਸੀ। ਇਨ੍ਹਾਂ ਵਿਚ, ਆਰਮੀ, ਨੇਵੀ ਤੇ ਏਅਰਫ਼ੋਰਸ, ਤਿੰਨੇ ਸ਼ਾਮਿਲ ਸਨ। ਪਹਿਲੀ ਜੂਨ ਨੂੰ ਚੰਡੀਗੜ੍ਹ ਕੋਲ ਚੰਡੀ ਮੰਦਰ '2 ਕੋਰ' ਦੇ ਹੈੱਡਕੁਆਰਟਰ ਵਿਚ ਕੇ.ਐਸ. ਬਰਾੜ, ਲੈਫ਼ਟੀਨੈਂਟ ਜਨਰਲ ਕੇ. ਸੁੰਦਰਜੀ, ਆਰ.ਐਸ. ਦਿਆਲ ਅਤੇ ਕਈ ਹੋਰ ਫ਼ੌਜੀ ਅਫ਼ਸਰ ਇਕੱਠੇ ਹੋਏ। ਇਨ੍ਹਾਂ ਵਿਚੋਂ ਸੁੰਦਰਜੀ ਪਾਕਿਸਤਾਨ ਨਾਲ ਹੋਈ 1965 ਦੀ ਲੜਾਈ ਵਿਚ ਇਕ ਰਜਮੈਂਟ ਦਾ ਕਮਾਂਡਰ ਰਿਹਾ ਸੀ ਤੇ ਦਿਆਲ ਵੀ ਇਸੇ ਲੜਾਈ ਵਿਚ ਹਿੱਸਾ ਲੈ ਰਹੀ ਪੈਰਾਸ਼ੂਟ ਰਜਮੈਂਟ ਦਾ ਮੇਜਰ ਸੀ। ਚੰਡੀ ਮੰਦਰ ਛਾਉਣੀ ਵਿਚ ਹੋਈ ਇਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਗਿਆਨੀ ਜ਼ੈਲ ਸਿੰਘ ਅਤੇ ਇੰਦਰਾ ਵਲੋਂ ਦਿੱਤੀ ਹਦਾਇਤ ਮੁਤਾਬਕ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਜਾਣਾ ਸੀ ਅਤੇ ਸਾਰੇ ਕੰਪਲੈਕਸ ਦਾ ਪੂਰਾ ਕਬਜ਼ਾ 48 ਤੋਂ 72 ਘੰਟੇ ਵਿਚ ਮੁਕੰਮਲ ਕੀਤਾ ਜਾਣਾ ਸੀ। ਇਸ ਐਕਸ਼ਨ ਦੇ ਦੋ ਮੁਖ ਹਿੱਸੇ ਸਨ: ਦਰਬਾਰ ਸਾਹਿਬ 'ਤੇ ਹਮਲਾ ਅਤੇ ਕਬਜ਼ਾ ਕਰਨਾ (ਓਪ੍ਰੇਸ਼ਨ ਬਲੂ ਸਟਾਰ) ਅਤੇ ਅੰਮ੍ਰਿਤਸਰ ਦੀ ਪਾਕਿਸਤਾਨ ਵੱਲ ਅਤੇ ਬਾਕੀ ਪੰਜਾਬ ਨਾਲ ਸਰਹੱਦ ਸੀਲ ਕਰਨਾ (ਓਪ੍ਰੇਸ਼ਨ ਵੁੱਡ ਰੋਜ਼)। ਸਰਹੱਦ ਸੀਲ ਕਰਨ ਦਾ ਕੰਮ 11 ਕੋਰ ਯੂਨਿਟ, ਜਿਸ ਦਾ ਮੁਖੀ ਲੈਫ਼ਟੀਨੈਂਟ ਜਨਰਲ ਕੇ. ਗੌਰੀ ਸ਼ੰਕਰ ਸੀ, ਨੂੰ ਸੌਂਪਿਆ ਗਿਆ ਸੀ। (ਇਹ ਕੋਰਾ ਝੂਠ ਹੈ ਕਿ ਗਿਆਨੀ ਜ਼ੈਲ ਸਿੰਘ ਨੂੰ ਹਮਲੇ ਦਾ ਪਤਾ ਨਹੀਂ ਸੀ ਤੇ ਉਸ ਨੇ ਦਸਤਖ਼ਤ ਨਹੀਂ ਸਨ ਕੀਤੇ। ਦਰਅਸਲ ਇਹ ਹਮਲਾ ਉਸ ਦੀ ਮਰਜ਼ੀ ਨਾਲ ਹੋਇਆ ਸੀ)।

ਕੇ.ਐਸ. ਬਰਾੜ ਪਹਿਲੀ ਜੂਨ ਨੂੰ ਤੜਕਸਾਰ ਆਪਣੇ ਡਿਪਟੀ ਬ੍ਰਿਗੇਡੀਅਰ ਐਨ.ਕੇ. ਤਲਵਾੜ ਨਾਲ ਅੰਮ੍ਰਿਤਸਰ ਪੁੱਜ ਚੁੱਕਾ ਸੀ। ਇਸ ਵੇਲੇ ਤਕ 15 ਪਿਆਦਾ ਡਿਵੀਜ਼ਨ ਫ਼ੌਜ ਨੂੰ ਤਿਆਰ ਕਰ ਲਿਆ ਗਿਆ ਹੋਇਆ ਸੀ। ਇਨ੍ਹਾਂ ਦੇ ਹੈਡਕੁਆਰਟਰ ਵਿਚ ਦਰਬਾਰ ਸਾਹਿਬ, ਅਕਾਲ ਬੁੰਗਾ ਅਤੇ ਹੋਰ ਸਾਰੇ ਪਾਸਿਓਂ ਮਿੰਟ-ਮਿੰਟ ਦੀ ਖ਼ਬਰ ਪੁਜ ਰਹੀ ਸੀ। ਦਿੱਲੀ ਨਾਲ ਇਨ੍ਹਾਂ ਦਾ ਸਿੱਧਾ ਰਾਬਤਾ ਸੀ ਜੋ ਫ਼ੋਨ ਰਾਹੀਂ ਹਾਟ-ਲਾਈਨ 'ਤੇ ਹੋ ਰਿਹਾ ਸੀ। ਇਸ ਦੇ ਨਾਲ ਹੀ ਲੈਫ਼ਟੀਨੈਂਟ ਕਰਨਲ ਕੇ.ਐਸ. ਰੰਧਾਵਾ ਤੇ ਬ੍ਰਿਗੇਡੀਅਰ ਡੀ.ਵੀ. ਰਾਓ ਦੀ ਅਗਵਾਈ ਹੇਠ, ਦਰਬਾਰ ਸਾਹਿਬ 'ਚੋਂ ਸੂਹਾਂ ਹਾਸਿਲ ਕਰਨ ਦੀ ਨਿਗਰਾਨੀ ਕਰ ਰਹੇ ਸਨ। ਇਸ ਸਬੰਧ ਵਿਚ ਉਨ੍ਹਾਂ ਦੀ ਮਦਦ ਵਾਸਤੇ 12 ਬਿਹਾਰ ਬਟਾਲੀਅਨ ਤੇ 10 ਗਾਰਡ ਤਿਆਰ ਖੜ੍ਹੀਆਂ ਸਨ। ਵਧੇਰੇ ਸੂਹ ਲੈਣ ਵਾਸਤੇ ਕੈਪਟਨ ਜਸਬੀਰ ਰੈਣਾ ਦਰਬਾਰ ਸਾਹਿਬ 'ਚ ਸਾਦੇ ਕੱਪੜਿਆਂ ਵਿਚ ਗਿਆ। ਇੰਵ 2 ਤਾਰੀਖ਼ ਸ਼ਾਮ ਤਕ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਪੂਰੀ ਤਿਆਰੀ ਕਰ ਲਈ ਸੀ। ਇਸੇ ਰਾਤ ਸਵਾ ਨੌਂ ਵਜੇ ਇੰਦਰਾ ਨੇ ਟੀ.ਵੀ. 'ਤੇ ਤਕਰੀਰ ਕੀਤੀ। ਟੀ.ਵੀ. 'ਤੇ ਬੋਲਣ ਲੱਗਿਆਂ ਇੰਦਰਾ ਥਕੀ ਹੋਈ, ਡਰੀ ਹੋਈ ਤੇ 'ਖ਼ੁਦਕੁਸ਼ੀ ਤੋਂ ਪਹਿਲਾਂ ਵਾਲੀ ਹਾਲਤ' ਵਿਚ ਨਜ਼ਰ ਆ ਰਹੀ ਸੀ। ਇਸ ਤਕਰੀਰ ਵਿਚ ਉਸ ਨੇ ਫ਼ੌਜੀ ਹਮਲੇ ਦੀ ਗੱਲ ਨਹੀਂ ਕੀਤੀ, ਪਰ ਜਿਸ ਵੇਲੇ ਉਹ ਟੀ.ਵੀ. 'ਤੇ ਬੋਲ ਰਹੀ ਸੀ, ਉਸ ਵੇਲੇ ਇਕ ਪਿਆਦਾ ਬਟਾਲੀਅਨ '12-ਬਿਹਾਰ' ਦੇ ਫ਼ੌਜੀ ਦਰਬਾਰ ਸਾਹਿਬ ਨੂੰ ਘੇਰਾ ਪਾ ਰਹੇ ਸਨ। ਸੀ.ਆਰ.ਪੀ.ਐਫ਼. ਨੇ ਪਹਿਲੋਂ ਹੀ ਦਰਬਾਰ ਸਾਹਿਬ ਦੇ ਦੁਆਲੇ ਪੁਜ਼ੀਸ਼ਨਾਂ ਲਈਆਂ ਹੋਈਆਂ ਸਨ।

ਦਿੱਲੀ ਵਿਚ 'ਅਪਰੇਸ਼ਨ ਬਲੂ ਸਟਾਰ' ਦੀ ਸਾਰੀ ਕਾਰਵਾਈ ਦੀ ਨਿਗਰਾਨੀ ਇੰਦਰਾ, ਰਾਜੀਵ, ਅਰੁਣ ਨਹਿਰੂ, ਅਰੁਣ ਸਿੰਹ ਵਗ਼ੈਰਾ ਆਪ ਕਰ ਰਹੇ ਸਨ। 3 ਜੂਨ ਨੂੰ ਤੜਕੇ ਹੀ 12 ਬਿਹਾਰ ਦੇ ਫ਼ੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਾਰੀਆਂ ਇਮਾਰਤਾਂ ਵਿਚ ਮੋਰਚੇ ਸੰਭਾਲ ਲਏ ਸਨ। ਉਨ੍ਹਾਂ ਕੋਲ ਹਰ ਤਰ੍ਹਾਂ ਦੇ ਮਾਰੂ ਹਥਿਆਰ ਸਨ। ਇਸ ਯੂਨਿਟ ਦਾ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਰੰਧਾਵਾ ਸੀ। ਉਸ ਨੇ ਹਮਲੇ ਵਾਸਤੇ ਟਿਕਾਣਿਆਂ ਦੀ ਨਿਸ਼ਾਨ-ਦੇਹੀ ਕਰ ਲਈ ਸੀ। ਪਹਿਲੋਂ, ਪਹਿਲੀ ਜੂਨ ਨੂੰ, ਸੀ.ਆਰ.ਪੀ.ਐਫ਼. ਨੇ ਵੀ ਦਰਬਾਰ ਸਾਹਿਬ 'ਤੇ ਅੰਨ੍ਹੇ-ਵਾਹ ਫ਼ਾਇਰਿੰਗ ਕਰ ਕੇ ਕੋਸ਼ਿਸ਼ ਕੀਤੀ ਸੀ ਕਿ ਉਸ ਨੂੰ ਪਤਾ ਲਗ ਸਕੇ ਕਿ ਮੁਕਾਬਲਾ ਕਿੱਥੋਂ-ਕਿੱਥੋਂ ਹੋਣਾ ਹੈ। ਪਰ ਉਸ ਦਿਨ ਖਾੜਕੂਆਂ ਨੇ ਸੀ.ਆਰ.ਪੀ.ਐਫ਼. ਦੀ ਕਾਰਵਾਈ ਦਾ ਜਵਾਬ ਨਹੀਂ ਦਿੱਤਾ ਸੀ, ਕਿਉਂਕਿ ਉਹ ਅਸਲਾ ਗੁਆਉਣਾ ਨਹੀਂ ਸਨ ਚਾਹੁੰਦੇ। ਇਸ ਦਿਨ ਫ਼ੌਜ ਦੀਆਂ ਗੋਲੀਆਂ ਨਾਲ ਇਕ ਸਿੱਖ ਭਾਈ ਕੁਲਵੰਤ ਸਿੰਘ ਸ਼ਹੀਦ ਹੋਇਆ ਸੀ। ਫਿਰ 2 ਜੂਨ ਦੇ ਦਿਨ ਵੀ ਫ਼ੌਜ ਨੇ ਅਕਾਲ ਤਖ਼ਤ ਦੇ ਪਿਛਲੇ ਪਾਸੇ 32 ਫ਼ਾਇਰ ਕੀਤੇ; ਇਸ ਫ਼ਾਇਰਿੰਗ ਨਾਲ 20-25 ਬੰਦੇ ਮਾਰੇ ਗਏ ਸਨ (ਇਸ 2 ਜੂਨ ਦੀ ਘਟਨਾ ਦੀ ਰਿਪੋਰਟਿੰਗ ਕਿਸੇ ਸੋਮੇ ਨੇ ਨਹੀਂ ਕੀਤੀ)।

2 ਜੂਨ ਨੂੰ ਰਾਤ ਦੇ 9 ਵਜੇ ਸਾਰੇ ਪੰਜਾਬ ਵਿਚ 36 ਘੰਟੇ ਵਾਸਤੇ ਕਰਫ਼ਿਊ ਲਾ ਦਿੱਤਾ ਗਿਆ (ਮਗਰੋਂ ਇਸ ਨੂੰ ਹੋਰ ਵਧਾ ਦਿੱਤਾ ਗਿਆ ਸੀ)। ਇਸ ਤੋਂ ਸਾਫ਼ ਸਮਝਿਆ ਜਾ ਸਕਦਾ ਸੀ ਕਿ ਫ਼ੌਜ ਦਰਬਾਰ ਸਾਹਿਬ 'ਤੇ ਹਮਲਾ ਕਰ ਦੇਵੇਗੀ। ਦਰਬਾਰ ਸਾਹਿਬ ਦੇ ਅੰਦਰ ਬੈਠੇ ਖਾੜਕੂਆਂ ਦੀ ਕਮਾਨ ਜਨਰਲ ਸੁਬੇਗ ਸਿੰਘ ਕੋਲ ਸੀ। ਉਸ ਨੇ ਇਸ ਹਮਲੇ ਦਾ ਅੰਦਾਜ਼ਾ ਲਾ ਲਿਆ ਸੀ ਅਤੇ ਵੱਖ-ਵੱਖ ਥਾਵਾਂ 'ਤੇ ਮੋਰਚਿਆਂ ਵਿਚ ਖਾੜਕੂਆਂ ਨੂੰ ਤਾਇਨਾਤ ਕਰ ਦਿੱਤਾ ਸੀ।

3 ਤਾਰੀਖ਼ ਦੀ ਰਾਤ ਨੂੰ ਹੀ ਦਰਬਾਰ ਸਾਹਿਬ ਤੋਂ ਸਿਰਫ਼ 300 ਮੀਟਰ ਦੂਰ ਫ਼ੌਜ ਨੇ ਆਪਣਾ ਕੰਟਰੋਲ ਰੂਮ ਕਾਇਮ ਕਰ ਲਿਆ ਸੀ। ਇਹ ਇਕ ਉੱਚੀ ਇਮਾਰਤ ਦੀ ਉਪਰਲੀ ਮੰਜ਼ਿਲ 'ਤੇ ਸੀ। ਇਸ ਜਗ੍ਹਾ 'ਆਰਡਰਜ਼ ਗਰੁਪ', ਜਿਸ ਨੂੰ ਬਰਾੜ ਨੇ ਹੁਕਮ ਦੇ ਕੇ ਲਾਗੂ ਕਰਵਾਉਣਾ ਸੀ, ਅਤੇ ਹੋਰ ਅਫ਼ਸਰ ਹਾਜ਼ਰ ਸਨ। ਇਨ੍ਹਾਂ ਵਿਚ 350 ਪਿਆਦਾ ਬਰਗੇਡ ਦਾ ਕਮਾਂਡਰ ਅਤੇ ਇਸ ਹੇਠ ਰੱਖੀਆਂ ਚਾਰ ਪਿਆਦਾ ਬਟਾਲੀਅਨਾਂ ਦੇ ਕਮਾਂਡਿੰਗ ਅਫ਼ਸਰ ਵੀ ਸਨ। ਇਹ ਚਾਰ ਬਟਾਲੀਅਨ ਸਨ: 10 ਗਾਰਡ, 26 ਮਦਰਾਸ, 12 ਬਿਹਾਰ ਤੇ 9 ਕਮਾਊਂ। ਇਸੇ ਸ਼ਾਮ ਨੂੰ ਜਨਰਲ ਸੁੰਦਰਜੀ ਅਤੇ ਦਿਆਲ ਵੀ ਡਿਵੀਜ਼ਨ ਦੇ ਹੈਡ-ਕੁਆਰਟਰ 'ਤੇ ਪਹੁੰਚ ਗਏ।

ਇਸ ਵੇਲੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਸੀ। ਉਸ ਨੇ ਰਸਮੀ ਤੌਰ 'ਤੇ ਵੀ ਦਰਬਾਰ ਸਾਹਿਬ 'ਤੇ ਹਮਲੇ ਦੀ ਮਨਜ਼ੂਰੀ ਦੇਣ ਵਾਸਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ। ਇਸ 'ਤੇ ਉਸ ਨੂੰ ਛੁੱਟੀ 'ਤੇ ਭੇਜ ਕੇ ਉਸ ਦੀ ਥਾਂ ਰਮੇਸ਼ਇੰਦਰ ਸਿੰਘ ਨੂੰ ਲਾ ਦਿੱਤਾ ਗਿਆ ਜਿਸ ਨੇ ਚੁਪ-ਚਾਪ ਦਸਤਖ਼ਤ ਕਰ ਦਿੱਤੇ। (ਇਸ ਰਮੇਸ਼ਇੰਦਰ ਨੂੰ ਬਾਦਲ ਨੇ ਚੀਫ਼ ਮਨਿਸਟਰ ਬਣਨ 'ਤੇ ਦੋਵੇਂ ਵਾਰ ਆਪਣਾ ਚੀਫ਼ ਸੈਕਟਰੀ ਲਾਇਆ ਸੀ)

3-4 ਜੂਨ 1984 ਦੀ ਰਾਤ ਨੂੰ ਦਰਬਾਰ ਸਾਹਿਬ ਦੀ ਬਿਜਲੀ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ (ਇਹ ਮਹੀਨਾ ਪੰਜਾਬ ਵਿਚ ਅਤਿ ਦੀ ਗਰਮੀ ਦਾ ਹੁੰਦਾ ਹੈ; ਫ਼ੌਜ ਦਾ ਨਿਸ਼ਾਨਾ ਸਿੱਖਾਂ ਨੂੰ ਪਿਆਸੇ ਮਾਰਨਾ ਵੀ ਸੀ)। ਸਵੇਰੇ ਚਾਰ ਵਜ ਕੇ ਚਾਲੀ ਮਿੰਟ 'ਤੇ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਅੱਗੇ ਭੇਜੀਆਂ ਜਾਣ ਵਾਲੀਆਂ ਚਾਰ ਪਿਆਦਾ ਬਟਾਲੀਅਨਾਂ ਅਤੇ ਦੋ ਕੰਪਨੀਆਂ ਦੀ ਗਿਣਤੀ ਦੇ ਬਰਾਬਰ ਕਮਾਂਡੋ ਸਨ। ਇਸ ਪਹਿਲੀ ਹਮਲਾਵਰ ਫ਼ੌਜ ਨੂੰ ਇੰਵ ਵੰਡਿਆ ਗਿਆ ਸੀ: (ੳ) ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਉੱਤਰ-ਪੱਛਮੀ ਬਾਹੀਆਂ (ਘੰਟਾ ਘਰ ਤੋਂ ਅਕਾਲ ਬੁੰਗਾ ਤਕ ਦਾ ਇਲਾਕਾ)= ਇਕ ਪਿਆਦਾ ਬਟਾਲੀਅਨ, ਇਕ ਕੰਪਨੀ ਪੈਰਾ ਕਮਾਂਡੋ, ਇਕ ਕੰਪਨੀ ਸਪੈਸ਼ਲ ਬਾਰਡਰ ਫ਼ੋਰਸ (ਐਸ.ਐਫ਼.ਐਸ.) (ਅ) ਦਰਬਾਰ ਸਾਹਿਬ ਵਾਸਤੇ= ਕਮਾਂਡੋ ਟੋਲਿਆਂ ਦੀ ਹੱਲਾ-ਬੋਲ ਟੋਲੀ (ੲ) ਦਰਬਾਰ ਸਾਹਿਬ ਦੀਆਂ ਦੱਖਣੀ ਤੇ ਪੂਰਬੀ ਬਾਹੀਆਂ (ਆਟਾ ਮੰਡੀ, ਸਿੱਖ ਰੈਫ਼ਰੈਂਸ ਲਾਇਬਰੇਰੀ, ਮੰਜੀ ਸਾਹਿਬ, ਬਾਬਾ ਅਟਲ)= ਇਕ ਪਿਆਦਾ ਬਟਾਲੀਅਨ। (ਸ) ਇਨ੍ਹਾਂ ਸਾਰੀਆਂ ਵਾਸਤੇ ਰਿਜ਼ਰਵ = ਇਕ ਪਿਆਦਾ ਬਟਾਲੀਅਨ। (ਹ) ਘੇਰਾਬੰਦੀ = ਇਕ ਪਿਆਦਾ ਬਟਾਲੀਅਨ।

ਫ਼ੌਜ ਨੇ ਹਮਲਾ ਕਰਨ ਵੇਲੇ ਸਭ ਤੋਂ ਪਹਿਲਾਂ ਰਾਮਗੜ੍ਹੀਆ ਬੁੰਗਿਆਂ ਤੇ ਗੁਰੂ ਰਾਮਦਾਸ ਸਰਾਂ ਦੇ ਪਿੱਛੇ ਵਾਲੀ ਟੈਂਕੀ ਉੱਤੇ 106 ਐਮ.ਐਮ. ਦੀ ਤੋਪ ਤੇ 3.7 ਇੰਚ ਦੀ ਹਾਊਵਿਟਜ਼ਰ ਲਾਲ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਲਗਾਤਾਰ ਗੋਲਾ-ਬਾਰੀ ਨਾਲ ਟੈਂਕੀ ਟੁੱਟ ਗਈ ਅਤੇ ਬੁੰਗਿਆਂ ਦਾ ਉਪਰਲਾ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਗਿਆ। ਇਸ ਦੇ ਨਾਲ ਹੀ ਇਹ ਮੋਰਚੇ ਬਿਨਾਂ ਕਿਸੇ ਲੜਾਈ ਤੋਂ ਖ਼ਤਮ ਹੋ ਗਏ।

ਭਾਵੇਂ ਅਸਲ ਲੜਾਈ 4 ਜੂਨ ਸਵੇਰੇ 4 ਵਜ ਕੇ 40 ਮਿੰਟ 'ਤੇ ਸ਼ੁਰੂ ਹੋਈ ਸੀ, ਪਰ ਫ਼ੌਜੀ ਹਮਲੇ ਦਾ ਚੀਫ਼ ਬਰਾੜ ਆਪਣੀ ਕਿਤਾਬ ਅਪਰੇਸ਼ਨ ਬਲੂ ਸਟਾਰ ਵਿਚ ਇਸ ਨੂੰ ਪੰਜ ਜੂਨ ਸ਼ਾਮ ਸਾਢੇ ਚਾਰ ਵਜੇ ਤੋਂ ਲਿਖਦਾ ਹੈ, ਜਦੋਂ ਉਸ ਮੁਤਾਬਿਕ, ਫ਼ੌਜ ਨੇ ਲਾਊਡ ਸਪੀਕਰਾਂ ਰਾਹੀਂ ਲੋਕਾਂ ਨੂੰ ਦਰਬਾਰ ਸਾਹਿਬ 'ਚੋਂ ਬਾਹਰ ਆ ਜਾਣ ਵਾਸਤੇ ਆਖਿਆ। ਬਰਾੜ ਮੁਤਾਬਿਕ ਇਹ ਐਲਾਨ ਸ਼ਾਮ 7 ਵਜੇ ਤਕ ਕੀਤੇ ਜਾਂਦੇ ਰਹੇ। ਉਸ ਦਾ ਕਹਿਣਾ ਹੈ ਕਿ 7 ਵਜੇ ਦੇ ਕਰੀਬ ਸਿਰਫ਼ 129 ਆਦਮੀ, ਔਰਤਾਂ ਅਤੇ ਬੱਚੇ ਹੀ ਬਾਹਰ ਆਏ। ਇਨ੍ਹਾਂ ਬਾਲਗਾਂ ਵਿਚੋਂ ਬਹੁਤੇ ਬੀਮਾਰ ਸਨ। ਪਰ, ਬਰਾੜ ਦੀ ਦਿੱਤੀ ਤਾਰੀਖ਼ ਅਤੇ ਵਕਤ ਦੋਵੇਂ ਗ਼ਲਤ ਹਨ। ਬਰਾੜ ਦੀ ਦਿੱਤੀ ਤਾਰੀਖ਼ ਦਰਅਸਲ 'ਆਖ਼ਰੀ ਵੱਡੇ ਹਮਲੇ' ਦੀ ਸ਼ੁਰੂਆਤ ਦੀ ਤਾਰੀਖ਼ ਹੈ।

ਬਰਾੜ ਮੁਤਾਬਿਕ ਫ਼ੌਜ ਨੇ ਉਸ ਰਾਤ 10 ਵਜੇ ਤਕ ਹੋਟਲ 'ਟੈਂਪਲ ਵਿਊ' ਅਤੇ ਬ੍ਰਹਮ ਬੂਟਾ ਅਖਾੜਾ 'ਤੇ ਕਬਜ਼ਾ ਕਰ ਲਿਆ ਸੀ। ਇਸ ਤੋਂ ਤਿੰਨ ਘੰਟੇ ਤੋਂ ਵੀ ਘੱਟ ਸਮੇਂ ਦੇ ਅੰਦਰ-ਅੰਦਰ ਭਾਰਤੀ ਫ਼ੌਜ ਦੀ '10 ਗਾਰਡ' ਘੰਟਾ ਘਰ ਵਲੋਂ ਦਰਬਾਰ ਸਾਹਿਬ ਵੱਲ ਦਾਖ਼ਿਲ ਹੋਈ। ਦਾਖ਼ਿਲ ਹੁੰਦਿਆਂ ਹੀ ਇਸ ਦੇ 50 ਫ਼ੌਜੀ ਖਾੜਕੂਆਂ ਹੱਥੋਂ ਮਾਰੇ ਗਏ। ਜ਼ਖ਼ਮੀ ਹੋਣ ਵਾਲਿਆਂ ਵਿਚ ਜਸਬੀਰ ਰੈਣਾ ਵੀ ਸੀ (ਜੋ 3 ਜੂਨ ਨੂੰ ਦਰਬਾਰ ਸਾਹਿਬ ਦੇ ਅੰਦਰ ਜਾ ਕੇ, ਜਾਸੂਸੀ ਕਰ ਕੇ ਆਇਆ ਸੀ)। ਜਸਬੀਰ ਰੈਣਾ ਨੂੰ ਲਗੀਆਂ ਗੋਲੀਆਂ ਕਾਰਨ ਮਗਰੋਂ ਉਸ ਦੀ ਲੱਤ ਵੀ ਕਟਣੀ ਪਈ ਸੀ। (ਲੋਕ ਇਸ ਨੂੰ 'ਗ਼ਦਾਰੀ ਦੀ ਸਜ਼ਾ' ਆਖਦੇ ਹਨ)। ਘੰਟਾ ਘਰ ਵਲੋਂ 10 ਗਾਰਡ ਦੇ ਨਾਲ-ਨਾਲ ਪੈਰਾ ਕਮਾਂਡੋ ਅਤੇ ਐਸ.ਐਸ.ਐਫ਼. ਨੇ ਵੀ ਓਪਰੇਸ਼ਨ ਸ਼ੁਰੂ ਕੀਤਾ ਸੀ।

ਸੈਂਕੜੇ ਫ਼ੌਜੀ ਥੋੜ੍ਹਾ-ਥੋੜ੍ਹਾ ਕਰ ਕੇ ਇਧਰੋਂ ਅਕਾਲ ਬੁੰਗਾ ਵੱਲ ਵਧਦੇ ਗਏ ਤੇ ਮਾਰੇ ਜਾਂਦੇ ਰਹੇ। ਉਨ੍ਹਾਂ ਦਾ ਨਿਸ਼ਾਨਾ ਅਕਾਲ ਬੁੰਗਾ ਦੀ ਇਮਾਰਤ ਨੇੜੇ ਪਹੁੰਚ ਕੇ ਇਸ ਦੇ ਅੰਦਰ ਗੈਸ ਦੇ ਗੋਲੇ ਸੁੱਟਣਾ ਸੀ, ਜਿਸ ਨਾਲ ਖਾੜਕੂ ਬੇਹੋਸ਼ ਹੋ ਜਾਂਦੇ ਜਾਂ ਮਾਰੇ ਜਾਂਦੇ। ਪਰ ਇਸ ਨਿਸ਼ਾਨੇ 'ਚ ਫ਼ੌਜ ਨੂੰ ਕਾਮਯਾਬੀ ਹਾਸਿਲ ਨਾ ਹੋਈ ਤੇ ਸੈਂਕੜੇ ਫ਼ੌਜੀ ਮਾਰੇ ਗਏ। ਉਨ੍ਹਾਂ ਜ਼ਮੀਨ 'ਤੇ ਸਰਕ-ਸਰਕ ਕੇ, ਰਿੜ੍ਹ-ਰਿੜ੍ਹ ਕੇ ਵੀ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਪਰ ਖਾੜਕੂਆਂ ਵਲੋਂ ਫ਼ਰਸ਼ 'ਤੇ ਫ਼ਿਟ ਕੀਤੀ ਮਸ਼ੀਨਗੰਨ ਨੇ ਸੈਂਕੜੇ ਫ਼ੌਜੀ ਮਾਰ ਦਿੱਤੇ ਅਤੇ ਕਈ ਘੰਟਿਆਂ ਬਾਅਦ ਹੀ ਭਾਰਤੀ ਫ਼ੌਜੀ ਦਰਸ਼ਨੀ ਡਿਉਢੀ ਦੇ ਨੇੜੇ ਪੁੱਜਣ 'ਚ ਕਾਮਯਾਬ ਹੋਏ, ਪਰ ਉਦੋਂ ਹੀ ਹਵਾ ਦਾ ਰੁਖ਼ ਉਨ੍ਹਾਂ ਵੱਲ ਹੋ ਗਿਆ, ਜਿਸ ਨਾਲ ਇਹ ਗੈਸ ਉਲਟਾ ਉਨ੍ਹਾਂ ਵਾਸਤੇ ਹੀ ਮੁਸੀਬਤ ਬਣ ਗਈ। ਹੁਣ ਤਕ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਉਢੀ ਤੇ ਨਿਸ਼ਾਨ ਸਾਹਿਬ ਦੇ ਵਿਚਕਾਰ ਸਿਰਫ਼ ਲਾਸ਼ਾਂ ਹੀ ਲਾਸ਼ਾਂ ਸਨ ਤੇ ਕੋਈ ਵੀ ਫ਼ੌਜੀ ਬਚ ਨਹੀਂ ਸੀ ਸਕਿਆ।

ਇਸ ਅਪਰੇਸ਼ਨ ਦੌਰਾਨ ਫ਼ੌਜ ਨੇ ਪਰਿਕਰਮਾ ਦੇ ਸਾਰੇ ਕਮਰਿਆਂ, ਜਿੱਥੋਂ-ਜਿੱਥੋਂ ਫ਼ੌਜ ਲੰਘਦੀ ਗਈ, ਵਿਚ ਗਰਨੇਡ ਸੁੱਟ ਕੇ ਉੱਥੇ ਹਾਜ਼ਰ ਹਰ ਸ਼ਖ਼ਸ ਨੂੰ ਮਾਰ ਦਿੱਤਾ। ਪਰ ਅਜਿਹਾ ਕਰਦਿਆਂ ਵੀ ਦਰਜਨਾਂ ਫ਼ੌਜੀ ਮਾਰੇ ਗਏ। ਬਚੇ-ਖੁਚੇ ਫ਼ੌਜੀਆਂ ਦੀ ਅਗਵਾਈ ਲੈਫ਼ਟੀਨੈਂਟ ਜਨਰਲ ਇਸਰਾਰ ਖ਼ਾਨ ਨੇ ਸੰਭਾਲੀ ਹੋਈ ਸੀ। ਦੂਜੇ ਪਾਸੇ ਰੀਜ਼ਰਵ ਕੰਪਨੀ ਨੇ ਅਲਮੀਨੀਅਮ ਦੀ ਇਕ ਪੌੜੀ ਲਾਈ ਤੇ ਉਹ ਪਰਿਕਰਮਾ ਦੀ ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਪੁੱਜ ਗਈ। ਉਨ੍ਹਾਂ ਨੇ ਗਰਨੇਡ ਸੁੱਟ ਕੇ ਅਤੇ ਗੋਲੀਆਂ ਦੀ ਵਾਛੜ ਕਰ ਕੇ ਘੰਟਾ ਘਰ ਦੇ ਬਿਲਕੁਲ ਨੇੜੇ ਦੇ ਕਮਰਿਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਐਕਸ਼ਨ ਵਿਚ ਵੀ ਬਹੁਤ ਸਾਰੀ ਫ਼ੌਜ ਮਾਰੀ ਗਈ ਤੇ ਕਈ ਖਾੜਕੂ ਵੀ ਜਾਨ ਗੁਆ ਬੈਠੇ।

ਉਧਰ ਅਕਾਲ ਬੁੰਗਾ ਵੱਲ ਭਾਵੇਂ ਫ਼ੌਜੀਆਂ ਨੂੰ ਮੌਤ ਤੋਂ ਸਿਵਾ ਕੁਝ ਨਹੀਂ ਸੀ ਹਾਸਿਲ ਹੋ ਸਕਿਆ, ਪਰ ਫਿਰ ਵੀ ਉਨ੍ਹਾਂ ਨੇ ਆਪਣਾ ਐਕਸ਼ਨ ਜਾਰੀ ਰੱਖਿਆ। ਹੁਣ ਲੈਫ਼ਟੀਨੈਂਟ ਜਨਰਲ ਕੇ.ਸੀ. ਪੱਡਾ ਆਪਣੇ ਸੂਬੇਦਾਰ ਮੇਜਰ ਤੇ 30 ਕਮਾਂਡੋ ਲੈ ਕੇ ਅੱਗੇ ਵਧਿਆ। ਪਰ ਉਹ ਸਾਰੇ ਹੀ ਮਾਰੇ ਗਏ। ਇਸ ਤੋਂ ਬਾਅਦ ਫ਼ੌਜ ਦੀ ਇਕ ਟੁਕੜੀ ਗੁਰਦੁਆਰਾ ਥੜ੍ਹਾ ਸਾਹਿਬ ਦੇ ਨਾਲ ਦੀ ਇਮਾਰਤ 'ਤੇ ਪੁੱਜ ਗਈ ਤੇ ਅਕਾਲ ਬੁੰਗਾ 'ਤੇ ਗੋਲੇ ਵਰ੍ਹਾਣੇ ਸ਼ੁਰੂ ਕਰ ਦਿੱਤੇ। ਉਧਰ ਹੌਲੀ-ਹੌਲੀ ਐਸ.ਐਸ.ਐਫ਼. ਦੀ ਗੈਸ ਸੁੱਟਣ ਵਾਲੀ ਟੋਲੀ ਦਰਸ਼ਨੀ ਡਿਉਢੀ ਵਲ ਵਧੀ ਤੇ 20 ਮੀਟਰ ਤੋਂ ਅਕਾਲ ਬੁੰਗਾ 'ਤੇ ਅੰਨ੍ਹੇ-ਵਾਹ ਗੋਲੇ ਸੁੱਟਣੇ ਸ਼ੁਰੂ ਕੀਤੇ ਪਰ ਵਰ੍ਹਦੀਆਂ ਗੋਲੀਆਂ ਨੇ ਉਨ੍ਹਾਂ ਦਾ ਸਫ਼ਾਇਆ ਕਰ ਦਿੱਤਾ। ਇਨ੍ਹਾਂ ਗੈਸ-ਗੋਲਿਆਂ ਦਾ ਵੀ ਖਾੜਕੂਆਂ 'ਤੇ ਕੋਈ ਅਸਰ ਨਾ ਹੋ ਸਕਿਆ ਕਿਉਂਕਿ ਅਕਾਲ ਬੁੰਗਾ ਦੀ ਇਮਾਰਤ ਦੇ ਦਰਵਾਜ਼ੇ, ਖਿੜਕੀਆਂ ਤੇ ਰੌਸ਼ਨਦਾਨ ਸਭ ਪੂਰੀ ਤਰ੍ਹਾਂ ਬੰਦ ਸਨ। ਦੂਜਾ, ਝਰੋਖਿਆਂ 'ਚੋਂ ਫ਼ੌਜੀਆਂ 'ਤੇ ਗੋਲਾਬਾਰੀ ਹੋ ਰਹੀ ਸੀ ਤੇ ਫ਼ੌਜੀ ਮਾਰੇ ਜਾ ਰਹੇ ਸਨ। ਤੀਜਾ, ਗੈਸ ਦੇ ਧੂੰਏਂ ਦਾ ਰੁਖ਼ ਫ਼ੌਜ ਵਾਲੇ ਪਾਸੇ ਹੋਣ ਕਰਕੇ ਵੀ ਫ਼ੌਜ ਦਾ ਬਹੁਤ ਨੁਕਸਾਨ ਹੋ ਰਿਹਾ ਸੀ।

ਉਧਰ 26 ਮਦਰਾਸ ਰਜਮੈਂਟ ਨੇ ਰਾਤ 10 ਵਜੇ ਜਲ੍ਹਿਆਂ ਵਾਲਾ ਬਾਗ਼ ਤੋਂ ਗੁਰੂ ਰਾਮਦਾਸ ਸਰਾਂ ਵੱਲ ਹਮਲਾ ਕਰਨਾ ਸੀ ਜਦੋਂ ਇਹ ਰਜਮੈਂਟ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਦੇ ਮੇਨ ਗੇਟ 'ਤੇ ਪੁੱਜੀ ਤਾਂ ਉਸ ਕੋਲੋਂ ਇਹ ਗੇਟ ਖੁੱਲ੍ਹ ਹੀ ਨਾ ਸਕਿਆ। ਅਖੀਰ ਉਸ ਨੇ ਟੈਂਕ ਮੰਗਵਾ ਲਏ ਤੇ ਟੈਂਕਾਂ ਨਾਲ ਸਰਾਂ ਵਾਲੇ ਪਾਸੇ ਦਾ ਮੇਨ ਗੇਟ ਤੋੜਿਆ। ਇਸ ਵੇਲੇ ਸਰਾਂ, ਲੰਗਰ ਅਤੇ ਬਾਬਾ ਅਟਲ ਵਾਲੇ ਮੋਰਚਿਆਂ ਤੋਂ ਗੋਲੀਬਾਰੀ ਨੇ ਭਾਰਤੀ ਫ਼ੌਜ ਦਾ ਅੱਗੇ ਵਧਣਾ ਰੋਕ ਦਿੱਤਾ। ਹੁਣ ਟੈਂਕਾਂ ਨੇ ਖਾੜਕੂਆਂ ਦੇ ਮੋਰਚਿਆਂ 'ਤੇ ਜ਼ਬਰਦਸਤ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਸ ਦੇ ਬਾਵਜੂਦ 26 ਮਦਰਾਸ ਬਹੁਤਾ ਅੱਗੇ ਨਾ ਵਧ ਸਕੀ। ਹਾਲਾਂਕਿ ਇਸ ਦਾ ਨਿਸ਼ਾਨਾ ਦਰਬਾਰ ਸਾਹਿਬ 'ਚ ਦਾਖ਼ਿਲ ਹੋ ਕੇ ਪਰਿਕਰਮਾ ਵਿਚ ਦੱਖਣੀ ਪਾਸਿਓਂ ਅਕਾਲ ਬੁੰਗਾ ਵੱਲ ਵਧਣਾ ਸੀ, ਪਰ ਇਹ ਰਜਮੈਂਟ ਕਈ ਘੰਟੇ ਸਰਾਂ ਦੇ ਨੇੜੇ ਹੀ ਗਹਿ-ਗੱਚ ਲੜਾਈ ਵਿਚ ਫਸੀ ਰਹੀ।

ਜਦੋਂ 26 ਮਦਰਾਸ ਬੁਰੀ ਤਰ੍ਹਾਂ ਦੀ ਲੜਾਈ 'ਚ ਉਲਝ ਗਈ ਤਾਂ 9 ਗੜ੍ਹਵਾਲ ਦੀਆਂ ਦੋ ਕੰਪਨੀਆਂ ਨੂੰ ਆਟਾ ਮੰਡੀ ਵਾਲੇ ਘੰਟਾ ਘਰ ਵਲੋਂ ਹਮਲਾ ਕਰਨ ਵਾਸਤੇ ਆਖਿਆ ਗਿਆ। ਉਨ੍ਹਾਂ ਦੇ ਪਿੱਛੇ 15 ਕਮਾਊਂ (2 ਕੰਪਨੀਆਂ ਘਟ) ਨੇ ਆਉਣਾ ਸੀ। 15 ਕਮਾਊਂ ਦੀ ਇਹ ਫ਼ੌਜ ਗੁਰੂ ਰਾਮਦਾਸ ਨਿਵਾਸ, ਅਕਾਲ ਰੈਸਟ ਹਾਊਸ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ 'ਤੇ ਕਬਜ਼ਾ ਕਰਨ ਵਾਸਤੇ ਰੀਜ਼ਰਵ ਰੱਖੀ ਹੋਈ ਸੀ। ਹੁਣ ਇਸ ਨੂੰ ਇਸ ਐਕਸ਼ਨ ਦੀ ਜਗ੍ਹਾ ਦੱਖਣੀ ਦਰਵਾਜ਼ੇ ਵੱਲ ਟੋਰ ਦਿੱਤਾ ਗਿਆ।

9 ਗੜ੍ਹਵਾਲ ਦੀਆਂ ਕੰਪਨੀਆਂ ਨੇ ਤੜਕੇ ਡੇਢ ਵਜੇ ਤਕ ਸਿੱਖ ਰੈਫ਼ਰੈਂਸ ਲਾਇਬਰੇਰੀ ਅਤੇ ਇਸ ਦੇ ਦੋਹੀਂ ਪਾਸੀਂ ਮਕਾਨਾਂ 'ਤੇ ਕਬਜ਼ਾ ਕਰ ਲਿਆ ਸੀ। ਇਸ ਵੇਲੇ ਤਕ 15 ਕਮਾਊਂ ਐਕਸ਼ਨ ਫੋਰਸ, ਲੈਫ਼ਟੀਨੈਂਟ ਜਨਰਲ ਐਨ.ਸੀ. ਪੰਤ ਦੀ ਕਮਾਨ ਹੇਠ ਐਕਸ਼ਨ ਵਿਚ ਰੁੱਝੀ ਹੋਈ ਸੀ। ਬਰਾੜ ਮੁਤਾਬਿਕ 6 ਜੂਨ ਤੜਕੇ 2 ਵਜੇ ਤਕ ਹਾਲਾਤ ਇੰਵ ਸੀ:

(1) 10 ਗਾਰਡ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਸੀ ਤੇ ਉਸ ਨੇ ਉੱਤਰੀ ਘੰਟਾ ਘਰ 'ਤੇ ਕਬਜ਼ਾ ਕਰ ਲਿਆ ਸੀ, ਪਰ ਅਜੇ ਵੀ ਪਰਿਕਰਮਾ ਦੇ ਕਮਰਿਆਂ ਵਿਚ ਖਾੜਕੂਆਂ ਦੀਆਂ ਗੋਲੀਆਂ ਭਾਰਤੀ ਫ਼ੌਜੀਆਂ ਦੀਆਂ ਜਾਨਾਂ ਲੈ ਰਹੀਆਂ ਸਨ।

(2) 26 ਮਦਰਾਸ ਦੱਖਣੀ ਬਾਹੀ ਵਿਚ ਪਹੁੰਚ ਚੁੱਕੀ ਸੀ।

(3) 9 ਗੜ੍ਹਵਾਲ ਰਾਈਫ਼ਲ ਦੀਆਂ ਦੋ ਕੰਪਨੀਆਂ ਦੱਖਣੀ ਦੁਆਰ (ਸਿੱਖ ਰੈਫ਼ਰੈਂਸ ਲਾਇਬਰੇਰੀ) ਦੇ ਦੋਹੀਂ ਪਾਸੀ ਕਬਜ਼ਾ ਕਰ ਚੁੱਕੀਆਂ ਸਨ।

(4) 1 ਪੈਰਾ-ਕਮਾਂਡੋ ਅਤੇ ਐਸ.ਐਸ.ਐਫ਼. ਵਲੋਂ ਅਕਾਲ ਬੁੰਗਾ ਤਕ ਪੁੱਜਣ ਦੀਆਂ ਸਾਰੀਆਂ ਕੋਸ਼ਿਸਾਂ ਨਾਕਾਮ ਰਹੀਆਂ ਸਨ ਤੇ ਉਹ ਸਾਰੇ ਉੱਥੇ ਜਾਣ ਦੀ ਕੋਸ਼ਿਸ਼ ਵਿਚ ਮਾਰੇ ਜਾ ਚੁੱਕੇ ਸਨ। ***(ਚੱਲਦਾ)***







# ਨਾਨਾ ! ਕਿੰਨੀਆਂ ਛੁੱਟੀਆਂ... !



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮੇਰੀ ਤਿੰਨ ਸਾਲ ਦੀ ਦੋਹਤੀ ਅਕਸਰ ਹੀ ਦਿਨੇ ਸਾਡੇ ਕੋਲ ਹੀ ਰਹਿੰਦੀ ਹੈ ਜਦ ਬੇਟੀ ਜਾਂ ਸਾਡਾ ਜਵਾਈ ਕੰਮ 'ਤੇ ਹੁੰਦੇ ਹਨ। ਭਾਵੇਂ ਬੇਟੀ ਹਫ਼ਤੇ ਵਿਚ ਦੋ/ਤਿੰਨ ਦਿਨ ਹੀ ਕਲੀਨਿਕ ਜਾਂਦੀ ਹੈ ਅਤੇ ਸਾਡੇ ਜਵਾਈ ਦਾ ਕੰਮ ਵੀ ਲਚਕੀਲਾ ਹੈ। ਉਨ੍ਹਾਂ ਨੂੰ ਆਪਣੀ ਬੇਟੀ ਨਾਲ ਸਮਾਂ ਬਿਤਾਉਣ ਲਈ ਕਾਫ਼ੀ ਵਕਤ ਮਿਲ ਜਾਂਦਾ ਹੈ। ਪਰ ਜਦ ਵੀ ਮੈਂ ਯੂਨੀਵਰਸਿਟੀ ਤੋਂ ਪੜ੍ਹਾ ਕੇ ਘਰ ਆਵਾਂ ਤਾਂ ਦੋਹਤੀ ਦਾ ਸਭ ਤੋਂ ਪਹਿਲਾ ਪ੍ਰਸ਼ਨ ਹੁੰਦਾ ਕਿ ਨਾਨਾ! ਕਿੰਨੀਆਂ ਛੁੱਟੀਆਂ? ਇਹੀ ਪ੍ਰਸ਼ਨ ਉਹ ਆਪਣੀ ਮੰਮੀ ਅਤੇ ਡੈਡੀ ਨੂੰ ਵੀ ਪੁੱਛਦੀ ਹੈ। ਬੱਚੇ ਦਾ ਇਹ ਪ੍ਰਸ਼ਨ ਹਰ ਰੋਜ਼ ਪੁੱਛਣਾ ਦਰਅਸਲ ਸੰਵੇਦਨਸ਼ੀਲ ਵਿਅਕਤੀ ਦੇ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਪੈਦਾ ਕਰਦਾ ਹੈ।

ਜਦ ਮੈਂ ਜਾਂ ਉਸ ਦੇ ਮੰਮੀ/ਡੈਡੀ ਦੱਸਦੇ ਕਿ ਤਿੰਨ-ਚਾਰ ਛੁੱਟੀਆਂ ਹਨ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਹਿੰਦਾ। ਖਿੜ-ਖਿੜ ਹੱਸਦੀ। ਉਸ ਦੇ ਚਿਹਰੇ 'ਤੇ ਨੂਰ ਆ ਜਾਂਦਾ। ਉਸ ਦੀਆਂ ਤੋਤਲੀਆਂ ਗੱਲਾਂ ਵਿਚ ਹਾਸੀ ਅਤੇ ਉਸ ਦੀਆਂ ਹਰਕਤਾਂ ਵਿਚ ਮਾਸੂਮੀਅਤ ਅਤੇ ਅਥਾਹ ਜੋਸ਼ ਆ ਜਾਂਦਾ।

ਉਹ ਹਰੇਕ ਨੂੰ ਪੁੱਛਣ 'ਤੇ ਦੱਸਦੀ ਕਿ ਨਾਨਾ ਨੂੰ ਚਾਰ ਛੁੱਟੀਆਂ ਹਨ। ਪੰਜਾਬੀ ਮਾਹੌਲ ਵਿਚ ਪਲੀ ਹੋਣ ਕਾਰਨ ਉਹ ਪੰਜਾਬੀ ਵਿਚ ਹੀ ਗੱਲਾਂ ਕਰਦੀ ਹੈ। ਗੁਰਦੁਆਰੇ ਜਾ ਕੇ ਸੱਚੇ ਸ਼ਰਧਾਲੂ ਵਾਂਗ ਮੱਥਾ ਟੇਕਦੀ ਤਾਂ ਮਨ ਨੂੰ ਹੁਲਾਸ ਅਤੇ ਸੰਤੁਸ਼ਟੀ ਮਿਲਦੀ ਕਿ ਉਸ ਦਾ ਨਿੱਕੇ ਹੁੰਦਿਆਂ ਆਪਣੇ ਵਿਰਸੇ ਨਾਲ ਜੁੜ ਜਾਣਾ, ਵੱਡੇ ਹੋ ਕੇ ਵੀ ਇਸ ਦੇ ਚੇਤਿਆਂ ਵਿਚ ਰਹੇਗਾ। ਉਹ ਆਪਣੇ ਵਿਰਸੇ ਨਾਲ ਭਵਿੱਖ ਵਿਚ ਵੀ ਜੁੜੀ ਰਹੇਗੀ।

ਮੈਂ ਅਕਸਰ ਸੋਚਦਾ ਹਾਂ ਕਿ ਮਾਸੂਮ ਬੱਚੇ ਦੇ ਮਨ ਵਿਚ ਇਹ ਪ੍ਰਸ਼ਨ ਕਿਉਂ ਆਇਆ? ਕੀ ਉਹ ਆਪਣੇ ਵਡੇਰਿਆਂ ਦੇ ਕੋਲ ਵੱਧ ਤੋਂ ਵੱਧ ਰਹਿਣਾ ਚਾਹੁੰਦਾ? ਕੀ ਉਸ ਨੂੰ ਚੰਗਾ ਲੱਗਦਾ ਕਿ ਉਹ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਦਾ ਨਿੱਘ ਅਤੇ ਪਿਆਰ ਵੱਧ ਤੋਂ ਵੱਧ ਮਾਣੇ? ਕੀ ਉਸ ਦੇ ਮਨ ਵਿਚ ਕੋਈ ਅਸੁਰੱਖਿਆ ਜਾਂ ਸਹਿਮ ਤਾਂ ਨਹੀਂ? ਕੀ ਉਹ 'ਕੱਲੀ ਰਹਿਣ ਤੋਂ ਡਰਦੀ ਹੈ?

ਬੱਚੇ ਦੀਆਂ ਭਾਵਨਾਵਾਂ ਨੂੰ ਸਮਝਣਾ। ਭਾਵਨਾਵਾਂ ਨੂੰ ਪੂਰਾ ਕਰਨਾ ਅਤੇ ਉਸ ਦੇ ਮਨ ਵਿਚ ਅਪਣੱਤ ਤੇ ਮੋਹ ਭਰੇ ਜਜ਼ਬਾਤ ਪੈਦਾ ਕਰਨਾ ਜ਼ਰੂਰੀ ਹੈ। ਉਸ ਦੀ ਇਹ ਚਾਹਤ ਤਾਂ ਨਹੀਂ ਕਿ ਮੰਮੀ/ਡੈਡੀ ਜਾਂ ਨਾਨਾ ਨੂੰ ਜ਼ਿਆਦਾ ਛੁੱਟੀਆਂ ਹੀ ਰਹਿਣ ਤਾਂ ਕਿ ਉਸ ਨੂੰ ਮਨ ਆਈਆਂ ਕਰਦਿਆਂ ਹਰ ਸ਼ਰਾਰਤ ਕਰਨ ਅਤੇ ਖਾਣ-ਪੀਣ ਦੀਆਂ ਰੀਝਾਂ ਪੂਰੀਆਂ ਕਰਨ ਦਾ ਮੌਕਾ ਮਿਲਦਾ ਰਹੇ। ਭਾਵੇਂ ਉਸ ਦੀ ਨਾਨੀ ਘਰ ਹੀ ਰਹਿੰਦੀ ਹੈ। ਹਰ ਪਲ ਉਸ ਦੀ ਤਾਮੀਰਦਾਰੀ ਵਿਚ ਰੁੱਝੀ, ਉਸ ਦੇ ਭੋਲੇ-ਭਾਲੇ ਪ੍ਰਸ਼ਨਾਂ ਦਾ ਜਵਾਬ ਦਿੰਦੀ ਹੈ।

ਕਈ ਵਾਰ ਉਸ ਦਾ ਹਰ ਗੱਲ 'ਤੇ 'ਕਿਉਂ" ਕਹਿਣਾ ਅਚੰਭਿਤ ਵੀ ਕਰਦਾ। ਪਰ ਚੰਗਾ ਲੱਗਦਾ ਹੈ, ਉਸ ਦੇ 'ਕਿਉਂ" ਦਾ ਜਵਾਬ ਦੇ ਕੇ ਉਸ ਦੀ ਹਰ ਗੱਲ ਨੂੰ ਜਾਣਨ ਅਤੇ ਸਮਝਣ ਦੀ ਤਾਂਘ ਨੂੰ ਪੂਰਾ ਕਰਨਾ।

ਆਧੁਨਿਕਤਾ ਦੀ ਦੌੜ ਅਤੇ ਨਿੱਜੀ ਜ਼ਿੰਦਗੀ ਨੂੰ ਤਰਜੀਹ ਦੇਣ ਦੀ ਹੋੜ ਵਿਚ ਅਸੀਂ ਪਰਿਵਾਰਕ ਨਿੱਘ ਤੋਂ ਬਹੁਤ ਦੂਰ ਹੋ ਗਏ ਹਾਂ। ਇਸ ਦਾ ਖ਼ਮਿਆਜ਼ਾ ਨਿੱਕੇ-ਨਿੱਕੇ ਬੱਚਿਆਂ ਨੂੰ ਭੁਗਤਣਾ ਪੈ ਰਿਹਾ ਹੈ। ਕਈ ਵਾਰ ਦਾਦਾ/ਦਾਦੀ ਜਾਂ ਨਾਨਾ/ਨਾਨੀ ਆਪਣੀ ਨਿੱਜੀ ਜ਼ਿੰਦਗੀ ਨੂੰ ਸਭ ਤੋਂ ਅਹਿਮ ਸਮਝਦੇ, ਉਹ ਆਪਣੇ ਪੋਤੇ/ਪੋਤਰੀਆਂ ਜਾਂ ਦੋਹਤੇ/ਦੋਹਤੀਆਂ ਦੇ ਪਿਆਰ ਅਤੇ ਉਨ੍ਹਾਂ ਨਾਲ ਬਿਤਾਏ ਜਾਣ ਵਾਲੇ ਅਮੁੱਲੇ ਸਮੇਂ ਨੂੰ ਟਿੱਚ ਸਮਝਦੇ। ਬੱਚਿਆਂ ਨਾਲ ਨਿੱਘੇ ਅਤੇ ਪੁਰ-ਸਕੂਨ ਪਲ ਮਾਣਨ ਤੋਂ ਵਿਰਵੇ ਰਹਿ ਜਾਂਦੇ।

ਆਪਣੀ ਅਗਲੀ ਪੀੜ੍ਹੀ ਨਾਲ ਨੇੜਤਾ ਰੱਖਣ ਤੋਂ ਪਾਸਾ ਵਟਣਾ ਅਤੇ ਫਿਰ ਆਸ ਰੱਖਣੀ ਕਿ ਉਨ੍ਹਾਂ ਦੀ ਅਗਲੀ ਨਸਲ ਆਪਣੇ ਬਜ਼ੁਰਗਾਂ ਨਾਲ ਜੁੜੇ ਰਹੇਗੀ, ਸੰਭਵ ਨਹੀਂ ਹੁੰਦਾ। ਮੀਆਂ/ਬੀਵੀ ਦੇ ਆਪਣੇ ਕੰਮਾਂ-ਕਾਰਾਂ ਵਿਚ ਰੁੱਝੇ ਹੋਣ ਕਾਰਨ ਅਤੇ ਇਕਹਿਰੇ ਪਰਿਵਾਰ ਕਾਰਨ ਬੱਚਿਆਂ ਨੂੰ ਸਾਝਰੇ ਹੀ ਬੇਬੀ ਕੇਅਰ ਸੈਂਟਰ ਵਿਚ ਛੱਡਣ ਦਾ ਰੁਝਾਨ ਇਕ ਜ਼ਰੂਰਤ ਹੈ। ਇਸ ਨਾਲ ਨਿੱਕੇ ਬੱਚਿਆਂ ਦੀ ਮਾਨਸਿਕਤਾ ਵਿਚ ਵਿਗਾੜ ਪੈਦਾ ਹੋਣਾ, ਉਨ੍ਹਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਦਾ ਵਿਗੜ ਜਾਣਾ, ਰਿਸ਼ਤਿਆਂ ਤੋਂ ਮੋਹ ਭੰਗ ਹੋ ਜਾਣਾ, ਆਪਣੇ ਵਿਰਸੇ ਤੋਂ ਦੂਰ ਹੋਣਾ ਅਤੇ ਆਪਣੇ ਸਭਿਆਚਾਰ ਤੋਂ ਦੂਰੀ ਹੋਣੀ ਸੁਭਾਵਕ ਹੈ। ਬੱਚਿਆਂ ਦਾ ਸੁਭਾਅ ਚਿੜਚਿੜਾ ਅਤੇ ਮਾਪਿਆਂ ਜਾਂ ਭੈਣ/ਭਰਾਵਾਂ ਨਾਲ ਸਬੰਧ ਵੀ ਮਕੈਨਿਕੀ ਹੋ ਜਾਂਦੇ। ਇਸ ਦੀ ਸਮਝ ਬਹੁਤ ਦੇਰ ਬਾਅਦ ਆਉਂਦੀ ਜਦ ਮਾਪੇ ਆਪਣੀ ਔਲਾਦ ਨੂੰ ਗਵਾ ਕੇ ਹਿਸਾਬ-ਕਿਤਾਬ ਲਾਉਂਦੇ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਬਚਪਣੇ ਨੂੰ ਵਿਸਾਰ, ਮੋਹ ਭਿੱਜੀਆਂ ਗੱਲਾਂ ਦਾ ਅਨੰਦ ਮਾਣਨ ਤੋਂ ਟਾਲ਼ਾ ਵੱਟ ਕੇ ਕੀ ਖੱਟਿਆ ਅਤੇ ਕੀ ਗਵਾਇਆ? ਸਮਾਂ ਬੀਤਣ ਤੋਂ ਬਾਅਦ ਤਾਂ ਪਛਤਾਵਾ ਹੀ ਹੱਥ ਵਿਚ ਰਹਿ ਜਾਂਦਾ।

ਪੰਜਾਬੀ ਵਿਚ ਅਖਾਣ ਹੈ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ। ਇਸੇ ਮਾਨਸਿਕਤਾ ਕਾਰਨ ਅਸੀਂ ਕੈਨੇਡਾ ਤੋਂ ਅਮਰੀਕਾ ਆਉਣ ਦਾ ਫ਼ੈਸਲਾ ਕੀਤਾ। ਜੂਨ 2014 ਵਿਚ ਮੇਰੀ ਵੱਡੀ ਬੇਟੀ ਕੈਨੇਡਾ ਮਿਲਣ ਆਈ ਤਾਂ ਉਸ ਨੇ ਦਾਈਏ ਨਾਲ ਹੱਕ ਜਤਾਉਂਦਿਆਂ ਕਿਹਾ ਕਿ ਮੈਂ ਆਪਣੀ ਕਲੀਨਿਕ ਖੋਲ੍ਹਣੀ ਚਾਹੁੰਦੀ ਹਾਂ। ਮੈਂ ਚਾਹੁੰਦੀ ਹਾਂ ਕਿ ਮੇਰੇ ਬੱਚੇ ਨਾ ਰੁਲਣ। ਉਨ੍ਹਾਂ ਨੂੰ ਪਰਿਵਾਰਕ ਅਪਣੱਤ ਅਤੇ ਸਨੇਹ ਮਿਲੇ। ਇਸ ਲਈ ਤੁਸੀਂ ਮੇਰੇ ਅਤੇ ਬੱਚਿਆਂ ਵਾਸਤੇ ਅਮਰੀਕਾ ਆ ਜਾਵੋ ਤਾਂ ਕਿ ਬੱਚਿਆਂ ਦੀ ਸ਼ਖਸੀਅਤ ਦਾ ਵਿਕਾਸ ਸੰਤੁਲਿਤ ਹੋ ਸਕੇ। ਉਹ ਰਿਸ਼ਤਿਆਂ ਅਤੇ ਵਿਰਾਸਤ ਨਾਲ ਜੁੜੇ ਰਹਿਣ।

ਉਸ ਸਮੇਂ ਅਸੀਂ ਬਰੈਂਪਟਨ ਵਿਚ ਆਪਣਾ ਘਰ ਲੈ ਕੇ ਸਥਾਪਤ ਹੋ ਚੁੱਕੇ ਸਾਂ। ਔਖਾ ਲੱਗਦਾ ਸੀ ਕਿ ਹੋਰ ਸਾਲ



ਤੀਕ ਕੈਨੇਡਾ ਵਿਚ ਮਿਲਣ ਵਾਲੀ ਪੈਨਸ਼ਨ ਅਤੇ ਹੋਰ ਸਹੂਲਤਾਂ ਛੱਡ ਕੇ ਅਮਰੀਕਾ ਚਲੇ ਜਾਣਾ। ਪਰ ਸਾਡੇ ਲਈ ਇਹ ਜ਼ਿਆਦਾ ਅਹਿਮ ਸੀ ਕਿ ਆਪਣੇ ਦੋਹਤੇ/ਦੋਹਤੀਆਂ ਦਾ ਸਾਥ ਮਾਣਦਿਆਂ, ਜਿੱਥੇ ਪਿਛਲੇਰੇ ਜੀਵਨ ਵਿਚ ਸਾਨੂੰ ਸੁਖਦ ਅਹਿਸਾਸ ਹੋਵੇਗਾ ਉੱਥੇ ਬੱਚਿਆਂ ਨੂੰ ਨਾਨਾ/ਨਾਨੀ ਦੀ ਨਿੱਘੀ ਗਲਵੱਕੜੀ, ਅਸੀਸਾਂ ਅਤੇ ਦੁਆਵਾਂ ਮਿਲਣਗੀਆਂ ਜੋ ਸਾਡੇ ਮਨ ਨੂੰ ਰਾਹਤ ਦੇਣਗੀਆਂ। ਇਹ ਵੀ ਅਹਿਸਾਸ ਸੀ ਕਿ ਬੇਬੀ ਕੇਅਰ ਸੈਂਟਰ ਸਿਰਫ਼ ਨਿਗਰਾਨੀ ਕਰਦੇ, ਸ਼ਖ਼ਸੀ ਨਿਰਮਾਣ ਨਹੀਂ ਕਰਦੇ। ਬੱਚਾ ਬਹੁਤ ਕੁਝ ਸੁਚੇਤ ਅਤੇ ਅਚੇਤ ਰੂਪ ਵਿਚ ਹਾਸਲ ਕਰਦਾ। ਬੱਚਿਆਂ ਨੂੰ ਚੰਗਾ ਲੱਗਦਾ ਹੈ ਕਿ ਉਹ ਵੱਧ ਤੋਂ ਵੱਧ ਸਮਾਂ ਆਪਣੇ ਵਡੇਰਿਆਂ ਨਾਲ ਗੁਜ਼ਾਰਨ। ਮਾਪੇ ਤਾਂ ਆਪਣੇ ਕੰਮਾਂ-ਕਾਰਾਂ ਵਿਚ ਬਿਜ਼ੀ ਹੁੰਦੇ। ਪਰ ਬਜ਼ੁਰਗਾਂ ਦੀ ਹਾਜ਼ਰੀ ਵਿਚ ਉਨ੍ਹਾਂ ਨੂੰ ਮਾਪਿਆਂ ਦੀ ਗੈਰ-ਹਾਜ਼ਰੀ ਨਹੀਂ ਰੜਕਦੀ।

ਵੱਡੀ ਬੇਟੀ ਦੇ ਬੱਚਿਆਂ ਨਾਲ ਛੋਟੇ ਹੁੰਦਿਆਂ ਤੋਂ ਪੈਦਾ ਹੋਈ ਅਪਣੱਤ ਅਤੇ ਮੋਹ ਦੀ ਕੇਹੀ ਮਜ਼ਬੂਤ ਤੰਦ ਕਿ ਉਹ ਆਪਣੇ ਵੀਕ ਐਂਡ 'ਤੇ ਹੁਣ ਵੀ ਜਦ ਰਾਤ ਗੁਜ਼ਾਰਨ ਸਾਡੇ ਕੋਲ ਆਉਂਦੇ ਤਾਂ ਉਹ ਨਿਰ-ਉਚੇਚ ਆਪਣੀ ਨਾਨੀ ਕੋਲੋਂ ਮਨਪਸੰਦ ਖਾਣ ਲਈ ਬਣਵਾਉਂਦੇ। ਸਾਡੇ ਨਾਲ ਦਿਲਲਗੀਆਂ ਕਰਦੇ, ਗੱਲਾਂ ਵਿਚੋਂ ਜ਼ਿੰਦਗੀ ਦੀਆਂ ਅਮੁੱਲ ਸਿੱਖਿਆਵਾਂ ਵੀ ਗ੍ਰਹਿਣ ਕਰਦੇ ਅਤੇ ਰਿਸ਼ਤਿਆਂ ਨੂੰ ਨਿਭਾਉਣ ਦੀ ਕਲਾ ਵੀ ਸਿੱਖਦੇ। ਇਹ ਸਮਾਂ ਤੁਹਾਡੇ ਬੁਢਾਪੇ ਨੂੰ ਵੀ ਸੁਖਨਵਰ ਬਣਾਉਂਦਾ ਬਸ਼ਰਤੇ ਕਿ ਤੁਸੀਂ ਬੱਚਿਆਂ ਦੇ ਸ਼ੋਰ-ਓ ਗੁੱਲ, ਸ਼ਰਾਰਤਾਂ ਜਾਂ ਤੋਤਲੇ ਬੋਲਾਂ ਨੂੰ ਰੂਹ ਦੀ ਖ਼ੁਰਾਕ ਬਣਾ, ਖ਼ੁਦ ਨੂੰ ਆਨੰਦਿਤ ਕਰ ਸਕੋ। ਅਜੇਹੇ ਪਲਾਂ ਨੂੰ ਸੂਖਮਭਾਵੀ ਮਨ ਉਲਥਾਉਂਦਾ;

ਦੋਹਤਾ/ਦੋਹਤੀਆਂ ਨਾਨਕੇ ਆਉਂਦੇ
ਨਾਨਕਾ ਘਰ ਬਚਪਨੀ ਰੰਗਤ 'ਚ ਰੰਗਿਆ ਜਾਂਦਾ
ਘਰ ਬੋਲਣ, ਨੱਚਣ ਅਤੇ ਮਹਿਕਣ ਲੱਗਦਾ
ਰਸੋਈ 'ਚ ਪੱਕਦੇ ਖਾਣਿਆਂ ਦੀ ਮਹਿਕ ਸਾਰੇ ਘਰ 'ਚ ਫੈਲਦੀ
ਬਜ਼ੁਰਗੀ ਰਫ਼ਤਾਰ ਫੁਰਤੀਲੀ ਹੋ ਜਾਂਦੀ
ਮੁਰਝਾਏ ਚਿਹਰਿਆਂ ਤੇ ਹੁਲਾਸ ਪਸਰਦਾ
ਥੱਕੇ ਹੋਏ ਕਦਮਾਂ 'ਚ ਜੋਸ਼ ਭਰਦਾ
ਘਰ ਦੀ ਉਦਾਸੀਨਤਾ ਕਾਫ਼ੂਰ ਹੋ ਜਾਂਦੀ
ਤੇ ਉਨ੍ਹਾਂ ਦੀ ਹਾਸੀ ਦੇ ਕਮਰਿਆਂ ਵਿਚ ਗੂੰਜਦੀ
ਘਰ ਦੀ ਫ਼ਿਜ਼ਾ ਨੂੰ ਮਟਕਾਉਂਦੀ।
ਦੋਹਤਾ/ਦੋਹਤੀਆਂ ਦੇ ਤੋਤਲੇ ਬੋਲਾਂ ਵਿਚੋਂ
ਧੀਆਂ ਦੇ ਸਿਆਣਪੀ ਬੋਲ ਯਾਦ ਆਉਂਦੇ
ਉਨ੍ਹਾਂ ਦੀ ਮੁਸਕਰਾਹਟ ਵਿਚੋਂ
ਧੀਆਂ ਦੇ ਹੁਲਾਸੇ ਚਿਹਰੇ ਚੇਤੇ ਆਉਂਦੇ
ਉਨ੍ਹਾਂ ਦੀਆਂ ਫਰਾਕਾਂ ਦੇ ਰੰਗ ਵਰਗੀ ਚੁੰਨੀ
ਧੀਆਂ ਦੇ ਸਿਰਾਂ ਦਾ ਕੱਜਣ ਹੋ ਜਾਂਦੀ
ਉਨ੍ਹਾਂ ਵੱਲੋਂ ਕੰਧਾਂ ਤੇ ਮਾਰੀਆਂ ਲੀਕਾਂ
ਧੀਆਂ ਦੇ ਪਾਏ ਹੋਏ ਪੂਰਨੇ ਜਾਪਦੀਆਂ
ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਹਾਕਾਂ ਵਿਚੋਂ
ਧੀਆਂ ਦੇ ਹੁੰਗਾਰਿਆਂ ਦੀ ਮਹਿਕ ਆਉਂਦੀ
ਬੋਚ ਕੇ ਨਿੱਕੇ ਨਿੱਕੇ ਕਦਮ ਧਰਦੀਆਂ
ਤਾਂ ਜਾਪਦਾ ਧੀਆਂ ਜੀਵਨੀ ਸਫ਼ਰ ਦਾ ਮਾਣ ਹਨ
ਉਨ੍ਹਾਂ ਦਾ ਪੁੱਛਿਆ ਬਚਪਨੀ ਸਵਾਲ
ਧੀਆਂ ਦੇ ਜੀਵਨ-ਉੱਤਰਾਂ ਦੀ ਪਛਾਣ ਹੁੰਦਾ
ਉਨ੍ਹਾਂ ਦੀਆਂ ਆਲ਼ੀਆਂ ਭੋਲ਼ੀਆਂ ਗੱਲਾਂ ਵਿਚੋਂ
ਧੀਆਂ ਦੀ ਅਰਥ ਮਈ ਜ਼ਿੰਦਗੀ ਨਜ਼ਰ ਆਉਂਦੀ
ਉਨ੍ਹਾਂ ਦੇ ਖਿਡੌਣਿਆਂ ਤੇ ਖੇਡਾਂ ਵਿਚੋਂ
ਧੀਆਂ ਦਾ ਬਚਪਨ ਤੇ ਖੇਡਾਂ ਯਾਦ ਆਉਂਦੀਆਂ
ਤੇ ਉਨ੍ਹਾਂ ਦੀਆਂ ਮਾਸੂਮ ਹਰਕਤਾਂ ਵਿਚੋਂ
ਧੀਆਂ ਦੇ ਸੋਚ-ਅੰਬਰ ਦੇ ਨਕਸ਼ ਉੱਘੜਦੇ।

ਦੋਹਤਾ/ਦੋਹਤੀਆਂ ਘਰ ਵਿਚ ਰੌਣਕ ਲਾਉਂਦੇ
ਘਰ ਨੂੰ ਬੋਲਣਾ, ਹੱਸਣਾ ਤੇ ਮੁਸਕਰਾਉਣਾ ਯਾਦ ਕਰਵਾਉਂਦੇ
ਤੇ ਨਾਨਕਿਆਂ ਦੀ ਝੋਲੀ 'ਚ ਸਾਹਾਂ ਦੀਆਂ ਨਿਆਮਤਾਂ ਪਾਉਂਦੇ।

ਦੋਹਤਾ/ਦੋਹਤੀਆਂ ਆਉਂਦੇ
ਤਾਂ ਜ਼ਿੰਦਗੀ ਦਾ ਨਾਦ
ਵਿਹੜੇ ਵਿਚ ਬਚਪਨੀ ਅਲਫਾਜ਼
ਤੇ ਨਿੱਕੀਆਂ ਸੋਚਾਂ ਦੀ ਵਡੇਰੀ ਪਰਵਾਜ਼
ਰੁਆਂਸੀ ਜਿਹੀ ਫ਼ਿਜ਼ਾ ਦੇ ਨਾਮ ਕਰ
ਨਾਨਕਾ ਘਰ ਨੂੰ ਜਿਊਣ ਜੋਗਾ ਕਰ ਜਾਂਦੇ।

ਦੋਹਤਾ/ਦੋਹਤੀਆਂ ਕੁਝ ਸਮਾਂ ਬਿਤਾ
ਆਪਣੇ ਘਰਾਂ ਨੂੰ ਪਰਤ ਜਾਂਦੇ
ਤੇ ਉਨ੍ਹਾਂ ਦੇ ਫਿਰ ਆਉਣ ਦੀ ਆਸ ਵਿਚ
ਨਾਨਕਾ ਘਰ ਦਰਾਂ ਤੇ ਚਿਪਕੀ ਉਡੀਕ ਜਾਂਦਾ।

ਦੋਹਤਾ/ਦੋਹਤੀਆਂ
ਨਾਨਕੇ ਘਰ ਆਉਂਦੇ
ਤੇ ਕੰਧਾਂ ਨੂੰ ਘਰ ਬਣਾਉਂਦੇ

ਬੱਚਿਆਂ ਦੀ ਅਣਦੇਖੀ ਕਰਦਿਆਂ ਕਈ ਵਾਰ ਸਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਇਸ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਕਿੰਨੀਆਂ ਵਲੂੰਧਰੀਆਂ ਜਾਂਦੀਆਂ? ਇਹ ਉਨ੍ਹਾਂ ਦੇ ਮਨ ਵਿਚ ਪਈਆਂ ਤਰੇੜਾਂ ਦੇ ਨਿਸ਼ਾਨ ਹੀ ਹੁੰਦੇ ਕਿ ਉਹ ਅਸਾਵੀਂ ਸ਼ਖਸੀਅਤ ਵਾਲੇ ਬਣ, ਕਈ ਵਾਰ ਮਾੜੀ ਸੰਗਤ ਵਿਚ ਪੈ ਕੇ ਆਪਣੀ ਅਤੇ ਆਪਣੇ ਮਾਪਿਆਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੰਦੇ। ਕਈ ਵਾਰ ਮਾਂ ਪਿਓ ਆਪਣੇ ਕੈਰੀਅਰ ਦੀ ਤਰਜੀਹ ਕਾਰਨ ਬੱਚਿਆਂ ਦੇ ਬਚਪਨੇ ਨੂੰ ਨਰਕ ਬਣਾ ਦਿੰਦੇ। ਉਹ ਸਮਝਦੇ ਕਿ ਧਨ ਨਾਲ ਸਭ ਕੁਝ ਖ਼ਰੀਦਿਆ ਜਾ ਸਕਦਾ।

ਯਾਦ ਰੱਖਣਾ! ਪੈਸੇ ਨਾਲ ਤੁਸੀਂ ਸੁੱਖ-ਸਹੂਲਤਾਂ ਤਾਂ ਖ਼ਰੀਦ ਸਕਦੇ ਹੋ ਪਰ ਬੱਚਿਆਂ ਨਾਲ ਬਿਤਾਉਣ ਵਾਲੇ ਵਕਤ ਦੀ ਕੀਮਤ ਦਾ ਅੰਦਾਜ਼ਾ ਕਿੰਝ ਲਾਵੋਗੇ? ਬੱਚਿਆਂ ਨੂੰ ਸਿਰਫ਼ ਖਿਡੌਣਿਆਂ ਨਾਲ ਵਰਚਾਉਂਦੇ, ਉਨ੍ਹਾਂ ਦੀ ਖੇਡਣ ਰੁੱਤ ਦੇ ਰੁੱਸ ਜਾਣ ਦਾ ਹਰਜਾਨਾ ਕੌਣ ਭਰੇਗਾ? ਖਿਡੌਣੇ ਕਦੇ ਵੀ ਖੇਡਦੇ ਨਹੀਂ, ਸਗੋਂ ਇਨ੍ਹਾਂ ਨੂੰ ਖਿਡਾਉਣਾ ਪੈਂਦਾ? ਕੀਮਤ ਖਿਡੌਣੇ ਦੀ ਨਹੀਂ ਹੁੰਦੀ, ਖਿਡੌਣੇ ਨਾਲ ਖਿਡਾਉਣ ਵਾਲਿਆਂ ਅਤੇ ਖੇਡਣ ਦੀ ਹੁੰਦੀ ਅਤੇ ਇਹੀ ਅਸੀਂ ਗਵਾ ਦਿੰਦੇ ਹਾਂ।

ਕਦੇ ਕਦਾਈਂ ਬੱਚੇ ਦੀ ਨਿੱਕੀ-ਨਿੱਕੀ ਗੱਲ ਦਾ ਜਵਾਬ ਦਿੰਦਿਆਂ, ਉਸ ਦੀ ਹਰ ਖ਼ਾਹਿਸ਼ ਪੂਰੀ ਕਰਦਿਆਂ, ਉਸ ਨਾਲ ਨੱਚਦਿਆਂ/ਟੱਪਦਿਆਂ ਅਤੇ ਬੱਚਿਆਂ ਦੀਆਂ ਖੇਡਾਂ ਸੰਗ ਬੱਚਾ ਬਣ ਕੇ ਦੇਖਣਾ, ਤੁਹਾਡੇ ਲਈ ਜੀਵਨ ਦੇ ਅਰਥ ਹੀ ਬਦਲ ਜਾਣਗੇ।

ਯਾਦ ਰਹੇ ਕਿ ਬੱਚੇ ਰੋਬੋਟ ਨਹੀਂ ਹੁੰਦੇ। ਇਹੀ ਉਸ ਦਾ ਮਾਨਸਿਕ ਵਿਕਾਸ ਅਤੇ ਸਰੀਰਕ ਵਿਕਾਸ ਦਾ ਸਮਾਂ ਹੁੰਦਾ ਜਿਸ ਦੇ ਅਧਾਰ 'ਤੇ ਉਸ ਦੇ ਵਿਅਕਤੀਤਵ ਨੇ ਵਿਕਾਸ ਕਰਨਾ ਹੁੰਦਾ। ਇਸ ਲਈ ਜ਼ਰੂਰੀ ਹੁੰਦਾ ਕਿ ਉਸ ਦੀਆਂ ਬਚਪਨੀ ਆਦਤਾਂ, ਸਲੀਕਾ, ਤਹਿਜ਼ੀਬ, ਤਰਜੀਹ, ਨਜ਼ਰੀਆ ਜਾਂ ਤੌਰ-ਤਰੀਕਿਆਂ ਨੂੰ ਸਹੀ ਸੇਧ ਮਿਲੇ ਤਾਂ ਉਹ ਆਪਣੀ ਮੰਜ਼ਲ ਪ੍ਰਾਪਤੀ ਦੌਰਾਨ ਸਹੀ ਮਾਰਗ 'ਤੇ ਚੱਲਦਿਆਂ, ਸੁਪਨਿਆਂ ਦਾ ਸੱਚ ਆਪਣੇ ਦੀਦਿਆਂ ਸਾਹਵੇਂ ਪ੍ਰਤਿਆ ਸਕਣ ਅਤੇ ਆਪਣੀ ਕੁਲ ਨੂੰ ਰੁਸ਼ਨਾ ਸਕਣ।

ਨੰਨ੍ਹੇ-ਮੁੰਨੇ ਬੱਚੇ ਤੁਹਾਡਾ ਆਪਣਾ ਖ਼ੂਨ, ਤੁਹਾਡੀ ਜ਼ਿੰਦਗੀ ਦਾ ਹਿੱਸਾ। ਉਨ੍ਹਾਂ ਦੀਆਂ ਖ਼ੁਸ਼ੀਆਂ ਵਿਚੋਂ ਮਿਲਣ ਵਾਲਾ ਸੁਖਨ ਬਹੁਤ ਵਿਰਲਿਆਂ ਦਾ ਨਸੀਬ। ਕਿੰਨੇ ਭਾਗਾਂ ਵਾਲੇ ਹੁੰਦੇ ਨੇ ਉਹ ਲੋਕ ਜਿਨ੍ਹਾਂ ਨੂੰ ਦੋਹਤੇ/ਦੋਹਤੀਆਂ ਜਾਂ ਪੋਤੇ/ਪੋਤਰੀਆਂ ਨਾਲ ਆਪਣੇ ਬਚਪਨੇ ਨੂੰ ਮੁੜ ਜਿਊਣ ਦਾ ਮੌਕਾ ਮਿਲਦੈ। ਉਹ ਆਪਣੀ ਅਗਲੀ ਨਸਲ ਦੇ ਨੈਣਾਂ ਰਾਹੀਂ ਆਪਣੇ ਬੀਤੇ ਨੂੰ ਮਾਣਦੇ। ਆਪਣੇ ਬੁਢਾਪੇ ਦੀਆਂ ਤਕਲੀਫ਼ਾਂ ਅਤੇ ਸਰੀਰਕ ਅਲਾਮਤਾਂ ਤੋਂ ਅਲੂਫ ਰਹਿ ਕੇ ਆਪਣੇ ਬਜ਼ੁਰਗੀ ਸਮੇਂ ਨੂੰ ਵੀ ਜ਼ਿੰਦਗੀ ਦਾ ਜਸ਼ਨ ਬਣਾ ਲੈਂਦੇ।

ਕਿੰਨੇ ਅਭਾਗੇ ਹੁੰਦੇ ਉਹ ਲੋਕ ਜਿਹੜੇ ਆਪਣੇ ਅਗਲੀ ਨਸਲ ਨੂੰ ਦਰਕਿਨਾਰ ਕਰ ਕੇ ਮਾਨਸਿਕ ਸੰਕੀਰਨਤਾ ਰਾਹੀਂ ਆਪਣੇ ਬੁਢਾਪੇ ਨੂੰ ਜਿਊਣ ਜੋਗਾ ਅਤੇ ਅਨੰਦਮਈ ਬਣਾਉਣ ਤੋਂ ਉੱਕ ਜਾਂਦੇ। ਬੱਚਿਆਂ ਨਾਲ ਕਦੇ ਬੱਚਾ ਬਣ ਕੇ ਇਲਾਹੀ ਅਨੰਦ ਅਤੇ ਬਚਪਨੀ ਵਰੇਸ ਦੀਆਂ ਖ਼ੁਸ਼ੀਆਂ ਮਾਣਨਾ, ਪਤਾ ਲੱਗੇਗਾ ਕਿ ਬਚਪਨੇ ਦਾ ਸਾਥ ਕਿੰਨਾ ਨਿੱਘਾ ਅਤੇ ਚਾਵਾਂ ਵਾਲਾ ਹੁੰਦਾ। ਤੁਹਾਨੂੰ ਆਪਣੀ ਜ਼ਿੰਦਗੀ ਦੇ ਸਾਲ ਵੀ ਭੁੱਲ ਜਾਂਦੇ ਅਤੇ ਬਚਪਨੀ ਖੇਡਾਂ ਰਾਹੀਂ ਆਪਣੀ ਉਮਰ ਨੂੰ ਪਿਛਲਖੁਰੀ ਤੋਰ ਲੈਂਦੇ।

ਕਈ ਵਾਰ ਇੰਝ ਹੁੰਦਾ ਕਿ ਕੰਮ 'ਤੇ ਜਾਣ ਤੋਂ ਪਹਿਲਾਂ ਛੋਟੀ ਬੱਚੀ ਨੂੰ ਸਾਡੇ ਘਰ ਛੱਡਣ ਲਈ ਉਸ ਦੇ ਮੰਮੀ/ਡੈਡੀ ਆਉਂਦੇ ਤਾਂ ਕਾਰ ਵਿਚ ਆਉਂਦਿਆਂ ਹੀ ਉਹ ਰਾਹ ਵਿਚ ਸੌਂ ਜਾਂਦੀ। ਫਿਰ ਮੇਰਾ ਕੰਮ ਹੁੰਦਾ ਕਿ ਸੁੱਤੀ ਹੋਈ ਬੱਚੀ ਨੂੰ ਕਾਰ ਸੀਟ ਵਿਚੋਂ ਕੱਢ ਕੇ ਸਹਿਜ ਨਾਲ ਅੰਦਰ ਲਿਆਂਦਾ ਜਾਵੇ। ਖ਼ਿਆਲ ਰੱਖਿਆ ਜਾਵੇ ਕਿ ਉਸ ਦੀ ਨੀਂਦ ਨਾ ਉੱਖੜੇ। ਵਰਨਾ ਕੱਚੀ ਨੀਂਦਰੇ ਉੱਠ ਕੇ ਬੱਚਾ ਚਿੜਚਿੜਾ ਹੀ ਹੋ ਜਾਂਦਾ।

ਅਕਸਰ ਹੀ ਇੰਜ ਹੁੰਦਾ ਕਿ ਮੈਂ ਉਸ ਨੂੰ ਆਪਣੀ ਹਿੱਕ ਨਾਲ ਲਾ ਕੇ ਅੰਦਰ ਲਿਆਉਂਦਾ। ਸੋਫ਼ੇ 'ਤੇ ਅੱਧ ਲੇਟਿਆ ਹੀ ਪਿਆ ਰਹਿੰਦਾ ਤਾਂ ਕਿ ਉਹ ਮੇਰੇ ਉੱਪਰ ਪਈ ਆਪਣੀ ਨੀਂਦ ਪੂਰੀ ਕਰ ਲਵੇ। ਘੰਟਾ ਡੇਢ ਘੰਟੇ ਦਾ ਸਮਾਂ ਮੈਨੂੰ ਸਕੂਨ ਨਾਲ ਭਰ ਦਿੰਦਾ ਜਦ ਮੇਰੇ ਅਤੇ ਬੱਚੀ ਦੇ ਸਾਹ ਇਕਸੁਰ ਹੋਏ ਸੰਗੀਤਕ ਰਿਦਮ ਵਿਚ ਧੜਕਦੇ। ਜੀਵਨ ਦਾ ਪਰਮ ਸੁੱਖ ਮਿਲਦਾ ਅਤੇ ਮੈਂ ਬੱਚੀ ਦੇ ਸੁੱਤੇ ਹੋਏ ਚਿਹਰੇ ਅਤੇ ਉਸ ਦੀ ਨੀਂਦ ਵਿਚਲੀ ਬੇਫ਼ਿਕਰੀ ਅਤੇ ਅਲਮਸਤਾ ਵਿਚੋਂ ਆਪਣੀ ਰੂਹ ਨੂੰ ਸੰਤੁਸ਼ਟੀ ਨਾਲ ਭਰਦਾ।

ਜੀਅ ਕਰਦਾ ਕਿ ਬੱਚੀ ਇਸ ਤਰ੍ਹਾਂ ਹੀ ਲੇਟੀ ਹੋਈ ਮੈਨੂੰ ਸਕੂਨ ਨਾਲ ਭਰਦੀ ਰਹੇ। ਬੱਚੀ ਦੇ ਇਸ ਸਨੇਹ ਭਰਪੂਰ ਨਿੱਕੇ-ਨਿੱਕੇ ਹੱਥਾਂ ਨਾਲ ਪਾਈ ਗਲਵੱਕੜੀ ਵਿਚੋਂ ਨਿੱਘ ਮਿਲਦਾ ਰਹੇ।

ਅਜੇਹੇ ਪਲਾਂ ਦੌਰਾਨ ਮੇਰੇ ਅਚੇਤ ਮਨ ਵਿਚ ਬਹੁਤ ਕੁਝ ਵਾਪਰਦਾ ਜੋ ਸ਼ਬਦਾਂ ਰਾਹੀਂ ਕਵਿਤਾ ਦਾ ਰੂਪ ਧਾਰ ਲੈਂਦਾ;

ਮੈਂ ਸੋਫ਼ੇ 'ਤੇ ਅੱਧ-ਲੇਟਿਆਂ ਹਾਂ
ਬੱਚੀ ਮੇਰੇ ਉੱਪਰ ਘੂਕ ਸੁੱਤੀ ਪਈ ਹੈ
ਮੇਰੀ ਛਾਤੀ ਉਸ ਦਾ ਮਖ਼ਮਲੀ ਵਿਛੌਣਾ
ਤੇ ਮੋਢਾ ਸਿਰ ਦਾ ਸਿਰਹਾਣਾ
ਉਸ ਦੀ ਮਲੂਕ ਬਾਂਹਾਂ ਦੀ ਕੁਰੰਗੜੀ
ਮੇਰੇ ਗਲ਼ ਦੁਆਲੇ ਫੁੱਲਾਂ ਦਾ ਹਾਰ
ਉਸ ਦਾ ਹਰ ਸਾਹ ਬਣ ਰਿਹਾ ਮੇਰੀ ਧੜਕਣ
ਉਸ ਦੇ ਚਿਹਰੇ ਦੀ ਮਸੂਮੀਅਤ
ਮੇਰੀ ਕੁਰੱਖਤਾ ਲਈ ਸਬਕ
ਉਸ ਦੀ ਗੂੜ੍ਹੀ ਨੀਂਦ ਦਾ ਪ੍ਰਤਾਪ
ਮੇਰੀ ਭਟਕਣ ਨੂੰ ਵਿਰਾਮ
ਉਸ ਦੀ ਬਚਪਨੀ ਅਲੋਕਾਰਤਾ
ਮੇਰਾ ਮਖੌਟਾ ਉਤਾਰਦੀ
ਤੇ ਉਸ ਦੀ ਕੋਮਲਤਾ ਦਾ ਜਲੌ
ਮੇਰੇ ਅੰਤਰੀਵ ਦੀ ਰੌਸ਼ਨੀ।

ਬੱਚੀ ਨੂੰ ਸੁੱਤਿਆਂ ਦੇਖ
ਮੇਰਾ ਬਚਪਣਾ ਪਰਤਿਆ
ਜਾਪਿਆ ਮੈਂ ਬਾਪ ਦੀ ਗੋਦ 'ਚ
ਨੀਂਦ ਦੇ ਹਿਲੋਰੇ ਮਾਣ ਰਿਹਾ ਹੋਵਾਂ।

ਬੱਚੀ ਜਾਗ ਪੈਂਦੀ ਹੈ
ਮੇਰਾ ਬਚਪਨੀ ਤਲਿੱਸਮ ਟੁੱਟ ਜਾਂਦਾ ਹੈ
ਤੇ
ਮੈਂ ਫਿਰ ਬਜ਼ੁਰਗ ਬਣ ਜਾਂਦਾ ਹਾਂ।

ਬਹੁਤ ਹੀ ਸੰਵੇਦਨਸ਼ੀਲ ਅਤੇ ਸੂਖਮਭਾਵੀ ਲੋਕ 'ਕਿੰਨੀਆਂ ਛੁੱਟੀਆਂ' ਦਾ ਅਰਥਨਾਮਾ ਆਪਣੀ ਰੂਹ 'ਤੇ ਉਕਰਦੇ ਨੇ। ਕੀ ਤੁਸੀਂ ਵੀ ਕਦੇ ਬੱਚੇ ਨਾਲ ਬੱਚਾ ਬਣ ਕੇ ਆਪਣੀ ਬਜ਼ੁਰਗੀ ਨੂੰ ਦਰਕਿਨਾਰ ਕੀਤਾ ਹੈ? ਕਦੇ ਅਜੇਹੇ ਪਲਾਂ ਨੂੰ ਮਾਣਨਾ, ਤੁਸੀਂ ਬਚਪਨੀ ਪਲਾਂ ਨੂੰ ਮੁੜ ਤੋਂ ਜੀਵੋਗੇ।

# ਮਲਿਆਲੀ ਰੂਹ ਤੇ ਸੁਰ ਪੰਜਾਬੀ

# ਰੰਜਨਾ

ਰੰਜਨਾ ਭੱਟੀ ਉਹ ਸੁਰੀਲੀ ਆਵਾਜ਼, ਜਿਸ ਨੇ ਨਾ ਸਿਰਫ਼ ਪੰਜਾਬੀ ਸੰਗੀਤ ਨੂੰ ਨਵੇਂ ਆਸਮਾਨ ਦਿੱਤੇ, ਸਗੋਂ ਸੱਭਿਆਚਾਰਕ ਏਕਤਾ ਦਾ ਇਕ ਉੱਤਮ ਨਮੂਨਾ ਵੀ ਪੇਸ਼ ਕੀਤਾ। ਉਹ ਕੇਰਲ ਸੂਬੇ ਦੀ ਹੋਣ ਦੇ ਬਾਵਜੂਦ ਪੰਜਾਬੀ ਲੋਕ ਗੀਤਾਂ ਵਿਚ ਆਪਣੀ ਵੱਖਰੀ ਪਛਾਣ





ਬਣਾਉਣ ਵਿਚ ਕਾਮਯਾਬ ਰਹੀ। ਮਲਿਆਲਮ ਮਾਂ ਬੋਲੀ ਹੋਣ ਦੇ ਬਾਵਜੂਦ, ਉਨ੍ਹਾਂ ਦਾ ਪੰਜਾਬੀ ਉਚਾਰਨ, ਲਹਿਜ਼ਾ ਅਤੇ ਜਜ਼ਬਾਤ ਇਉਂ ਪ੍ਰਗਟ ਹੁੰਦੇ ਸਨ ਜਿਵੇਂ ਉਹ ਪੰਜਾਬ ਦੀਆਂ ਗਲੀਆਂ ਵਿਚ ਹੀ ਖੇਡਦੀ ਰਹੀ ਹੋਵੇ । ਅਸਲ ਪਛਾਣ ਉਨ੍ਹਾਂ ਨੂੰ 1975 ਵਿਚ ਉਦੋਂ ਮਿਲੀ, ਜਦੋਂ ਦੂਰਦਰਸ਼ਨ ਕੇਂਦਰ ਅੰਮ੍ਰਿਤਸਰ ਵਗਦੀ ਏ ਰਾਵੀ, ਵਿਚ ਸੁਰਮਾ ਕੀਹਨੇ ਡੋਲ੍ਹਿਆ' ਵਰਗੇ ਲੋਕ ਗੀਤ ਰਾਹੀਂ ਦਰਸ਼ਕਾਂ ਦੇ ਦਿਲਾਂ ਵਿਚ ਥਾਂ ਬਣਾਈ। ਇਸ ਤੋਂ ਬਾਅਦ ਰੰਜਨਾ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਹਰੇਕ ਨਵੇਂ ਸਾਲ ਮੌਕੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰੋਗਰਾਮ ਉਨ੍ਹਾਂ ਦੇ ਗੀਤ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਸੀ। ਦੂਰਦਰਸ਼ਨ ਦੇ ਸੁਨਹਿਰੀ ਦਿਨਾਂ 'ਚ ਗਾਇਕਾ ਰੰਜਨਾ ਭੱਟੀ ਵਲੋਂ ਗਾਏ ਅਤੇ ਹਰਜੀਤ ਸਿੰਘ ਵਲੋਂ ਨਿਰਦੇਸ਼ਿਤ ਕੀਤੇ ਗੀਤ, ਦਿਲ ਲੈ ਗਿਆ ਨੀ ਕੋਈ ਦਿਲ ਲੈ ਗਿਆ', 'ਰਾਂਝਾ ਜੋਗੀ ਹੋਇਆ', ਅਤੇ ਲਖਵਿੰਦਰ ਜੌਹਲ ਵਲੋਂ ਨਿਰਦੇਸ਼ਿਤ ਕੀਤੇ ਉਸਦੇ ਗੀਤ 'ਮੈਨੂੰ ਸੁਰਮੇ ਦੀ ਡੱਬੀ ਵਿਚ ਰੱਖ ਮੁੰਡਿਆ', ਅਤੇ 'ਉਡੇ ਉਡੂੰ ਕਰੇ ਮੇਰਾ ਜੀਅ ਨੀਂ ਸਹੇਲੀਓ' ਵਰਗੇ ਗੀਤ ਸੁਣਨ ਵਾਲਿਆਂ ਦੇ ਦਿਲਾਂ 'ਚ ਵੱਖਰਾ ਹੀ ਪਿਆਰ ਜਗਾਉਂਦੇ ਸਨ।



ਉਨ੍ਹਾਂ ਦੀ ਗਾਇਕੀ ਵਿਚ ਪੰਜਾਬੀ ਸੱਭਿਆਚਾਰ, ਰਿਸ਼ਤੇ, ਭਾਵਨਾਵਾਂ ਅਤੇ ਸਮਾਜਿਕ ਸੰਦੇਸ਼ ਵੀ ਝਲਕਦੇ ਸਨ। ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਸ਼ਮਸ਼ੇਰ ਸੰਧੂ, ਬਾਬੂ ਸਿੰਘ ਮਾਨ, ਅਮਰੀਕ ਤਲਵੰਡੀ ਆਦਿ ਵਰਗੇ ਮਹਾਨ ਗੀਤਕਾਰਾਂ ਦੀਆਂ ਰਚਨਾਵਾਂ ਨੂੰ ਉਨ੍ਹਾਂ ਨੇ ਆਪਣੇ ਸੁਰਾਂ ਰਾਹੀਂ ਅਮਰ ਕਰ ਦਿੱਤਾ। ਸਕੂਲੀ ਪੜ੍ਹਾਈ ਨਾ ਦੇ ਬਰਾਬਰ ਹੋਣ ਦੇ ਬਾਵਜੂਦ ਵੀ ਰੰਜਨਾ ਨੇ ਕੇਵਲ ਪੰਜਾਬੀ ਹੀ ਨਹੀਂ, ਸਗੋਂ ਹਿੰਦੀ, ਡੋਗਰੀ, ਮਲਿਆਲਮ ਅਤੇ ਬੰਗਾਲੀ ਭਾਸ਼ਾਵਾਂ ਵਿਚ ਵੀ ਗੀਤ, ਗ਼ਜ਼ਲਾਂ, ਭਜਨ ਆਦਿ ਦਾ ਗਾਇਨ ਕੀਤਾ। ਉਨ੍ਹਾਂ ਦੇ ਪਤੀ ਸਵ: ਮੇਵੀ ਭੱਟੀ ਨੇ ਵੀ ਹਮੇਸ਼ਾ ਉਨ੍ਹਾਂ ਦੇ ਸੰਗੀਤਕ ਯਤਨਾਂ ਵਿਚ ਸਾਥ ਦਿੱਤਾ। ਅਤੇ ਅੱਗੇ ਵਧਣ ਦਾ ਹੌਸਲਾ ਦਿੱਤਾ। ਅੱਜ 75 ਸਾਲ ਦੀ ਉਮਰ ਵਿਚ ਰੰਜਨਾ ਭੱਟੀ ਜਲੰਧਰ ਵਿਖੇ ਆਪਣੀ ਧੀ-ਜਵਾਈ ਨਾਲ ਰਹਿ ਰਹੀ ਹੈ। ਉਨ੍ਹਾਂ ਦਾ ਘਰ ਇਨਾਮਾਂ, ਸਨਮਾਨਾਂ, ਯਾਦਗਾਰ ਤਸਵੀਰਾਂ ਅਤੇ ਪੁਰਾਣੀਆਂ ਐਚ. ਐਮ. ਵੀ. ਰਿਕਾਰਡਿੰਗ ਕੈਸਟਾਂ ਨਾਲ ਸਜਿਆ ਹੋਇਆ ਹੈ। ਲਗਭਗ 30 ਫ਼ਿਲਮਾਂ ਦੀ ਗਾਇਕਾ ਹੋਣ ਦੇ ਨਾਲ-ਨਾਲ ਰੰਜਨਾ ਭੱਟੀ ਦੀ ਸੁਰੀਲੀ ਆਵਾਜ਼ ਅੱਜ ਵੀ ਰੇਡੀਓ, ਦੂਰਦਰਸ਼ਨ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਗੂੰਜਦੀ ਹੈ।

-0-

## ਕਲਾ ਪਰਿਕਰਮਾ

# ਜਿਊਂਦਾ ਰਹੇਗਾ ਏ.ਸੀ.ਪੀ. ਪ੍ਰਦਿਊਮਨ



1998 'ਚ ਕ੍ਰਾਈਮ ਟੀ.ਵੀ. ਸ਼ੋਅ 'ਸੀ. ਆਈ. ਡੀ.' ਦੀ ਸ਼ੁਰੂਆਤ ਤੋਂ ਹੀ ਏ. ਸੀ. ਪੀ. ਪ੍ਰਦਿਊਮਨ ਇਸ ਸ਼ੋਅ ਦੇ . ਨਾਇਕ ਰਹੇ ਹਨ। ਉਨ੍ਹਾਂ ਦਾ ਇਹ ਸ਼ੋਅ ਦੁਨੀਆ ਦੇ ਸਭ ਤੋਂ ਲੰਬੇ ਸਮੇਂ ਤੱਕ ਚੱਲਣ ਵਾਲੇ ਸ਼ੋਆਂ 'ਚੋਂ ਇਕ ਹੈ। ਭਾਰਤ ਵਿਚ ਇਸ ਨੂੰ ਇਕ ਕਲਟ ਹਿੱਟ ਮੰਨਿਆ ਜਾਂਦਾ ਹੈ। ਥੋੜ੍ਹੀ ਦੇਰ ਪਹਿਲਾਂ ਹੀ 'ਸੀ. ਆਈ. ਡੀ.' ਦੇ ਇਕ ਲੜੀਵਾਰ ਵਿੱਚ 'ਪ੍ਰਦਿਊਮਨ ਦੀ ਇਕ ਵਿਸਫੋਟ ਨਾਲ ਹੱਤਿਆ ਕਰ ਦਿੱਤੀ ਗਈ ਸੀ, ਜਿਸ ਕਾਰਨ ਇਸ ਕਿਰਦਾਰ ਨੂੰ ਨਿਭਾਉਣ ਵਾਲੇ ਐਕਟਰ ਸ਼ਿਵਾਜੀ ਸਾਟਮ ਦੇ ਪ੍ਰਸ਼ੰਸਕਾਂ 'ਚ ਕਾਫੀ ਗੁੱਸਾ ਨਜ਼ਰ ਆਇਆ। ਉਹ ਏ.ਸੀ.ਪੀ. ਪ੍ਰਦਿਊਮਨ ਦੀ ਮੌਤ ਨੂੰ ਪਚਾ ਨਹੀਂ ਪਾ ਰਹੇ ਹਨ। ਇਸ ਦੇ ਨਾਲ ਹੀ ਇਸ ਤਰ੍ਹਾਂ ਦੀ ਚਰਚਾ ਵੀ ਸਾਹਮਣੇ ਆਈ ਕਿ 'ਕਸੌਟੀ ਜ਼ਿੰਦਗੀ ਕੀ 2' ਨਾਲ ਜਾਣੇ ਜਾਂਦੇ ਪਾਰਥ ਸਮਥਾਨ ਜਲਦ ਹੀ 'ਸੀ. ਆਈ. ਡੀ. .2' 'ਚ ਸ਼ਿਵਾਜੀ ਸਾਟਮ ਦੀ ਜਗ੍ਹਾ ਲੈ ਸਕਦੇ ਹਨ।

21 ਦਸੰਬਰ, 2024 ਹੈਂ ਮੇਠੀ ਟੀ.ਵੀ. 'ਤੇ ਟੈਲੀਕਾਸਟ ਹੋ ਰਹੇ 'ਸੀ.ਆਈ.ਡੀ.-2' ਦੀ ਸ਼ੁਰੂਆਤ ਚੰਗੇ ਹੁੰਗਾਰੇ ਨਾਲ ਹੋਈ ਸੀ। ਓ.ਟੀ.ਟੀ. 'ਤੇ ਸ਼ੋਅ ਕੁਝ ਦਿਨ ਟੈਂਡ ਵੀ ਕਰਦਾ ਰਿਹਾ ਪਰ ਬਾਅਦ ਵਿਚ ਇਸ ਸ਼ੋਅ ਨੂੰ ਉਮੀਦ ਅਨੁਸਾਰ ਹੁੰਗਾਰਾ ਨਹੀਂ ਮਿਲਿਆ। ਟੀ.ਆਰ.ਪੀ. ਦੇ ਅੰਕੜਿਆਂ ਵਿਚ ਇਹ ਸ਼ੋਅ ਬਾਕੀ ਪਾਪੂਲਰ ਸ਼ੋਆਂ ਤੋਂ ਕਾਫੀ ਪਿੱਛੇ ਹੁੰਦਾ ਚਲਾ ਗਿਆ।

ਇਸ ਲਈ ਇਸ ਤਰ੍ਹਾਂ ਦੀਆਂ ਅਟਕਲਾਂ ਵੀ ਲਗਾਈਆਂ ਜਾ ਰਹੀਆਂ ਹਨ ਕਿ 'ਸੀ.ਆਈ.ਡੀ.-2' ਨੂੰ ਹਿੱਟ ਕਰਵਾਉਣ ਲਈ ਨਿਰਮਾਤਾ ਨੇ ਇਹ ਵੱਡਾ ਪੈਂਤਰਾ ਅਪਣਾਉਂਦੇ ਹੋਏ ਸ਼ੋਅ ਵਿਚ ਏ.ਸੀ.ਪੀ. ਪ੍ਰਦਿਊਮਨ ਦੀ 'ਮੌਤ' ਵਾਲਾ ਟ੍ਰੈਕ ਪਲਾਨ ਕੀਤਾ ਗਿਆ। ਸੂਤਰਾਂ ਅਨੁਸਾਰ ਤਾਂ ਏ.ਸੀ.ਪੀ. ਪ੍ਰਦਿਊਮਨ ਦੀ ਮੌਤ ਸਿਰਫ਼ ਦਿਖਾਵੇ ਲਈ ਹੈ। ਅਸਲ ਵਿਚ ਉਹ ਮਰੇ ਨਹੀਂ ਹਨ ਅਤੇ ਕੁਝ ਹੀ ਲੜੀਵਾਰਾਂ ਤੋਂ ਬਾਅਦ ਸ਼ੋਅ ਵਿਚ ਫਿਰ ਤੋਂ ਉਨ੍ਹਾਂ ਦੀ ਵਾਪਸੀ ਹੋਵੇਗੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਜੂਨ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-694



*ਚਿੜੀਆਂ ਦੇ ਚੰਬੇ ਮੁੱਕੇ, ਧਰਤੀ ਦੇ ਪਾਣੀ ਸੁੱਕੇ,*
*ਰੁੱਖਾਂ ਤੇ ਕੁੱਖਾਂ ਸੁੱਕੀਆਂ, ਮਾਰੂਥਲ ਆਣ ਢੁੱਕੇ।*
*ਰੁੰਡ-ਮਰੁੰਡ ਬੂਟਿਆਂ 'ਤੇ, ਆਣ ਬੈਠੀ ਹੈ ਡਾਰ,*
*ਉੱਡ ਚਲੀਏ ਹੁਣ ਕਿੱਥੇ, ਕਰਨ ਸੋਚ ਵਿਚਾਰ।*

## ਕੈਪਸ਼ਨ ਮੁਕਾਬਲਾ-692



ਸਿੱਖਿਆ ਘਰ ਤੋਂ ਸ਼ੁਰੂ ਹੈ ਹੁੰਦੀ,
ਮਾਪੇ ਹੁੰਦੇ ਪਹਿਲੇ ਟੀਚਰ,
ਦੇਖਾਂ ਤਸਵੀਰ ਤਾਂ ਮੂੰਹੋਂ ਬੋਲਦੀ,
ਹੈ ਇਹਦਾ ਵਿਸ਼ੇਸ਼ ਫ਼ੀਚਰ।
ਕਰੋ ਸਹਾਇਤਾ ਇੱਕ ਦੂਸਰੇ ਦੀ,
ਮਾਪੇ ਨੇ ਨਿੱਤ ਸਿਖਾਉਂਦੇ,
ਅਚੇਤ ਮਨ ਵਿੱਚ ਛਪ ਨੇ ਜਾਂਦੇ,
ਲੋੜ ਵੇਲ਼ੇ ਕਰ ਦਿਖਾਉਂਦੇ।
***-ਸੇਵਾ ਸਿੰਘ 'ਨੂਰਪੁਰੀ'***

---

ਸਲੀਬ ਦੇ ਥੱਲੇ ਦੱਬਿਆ ਵੇਖ ਕੇ
ਨਿੱਕੀ ਜਿੰਦ ਨੂੰ ਤਰਸ ਹੈ ਆਇਆ।
ਉਸਦਾ ਦੁੱਖ ਵੰਡਾਉਣ ਦੀ ਖਾਤਰ
ਬਣਦਾ ਆਪਣਾ ਜ਼ੋਰ ਲਗਾਇਆ।
'ਇਹ ਤਾਂ ਕਮਾਲ ਸੀ ਕਲਾਕਾਰ ਦੀ'
ਭੋਲ਼ਾ ਬਚਪਨ ਸਮਝ ਨਾ ਪਾਇਆ।
***-ਜਗਮੀਤ ਸਿੰਘ ਪੰਧੇਰ***
***ਫੋਨ: +91 98783-37222***

ਬੁੱਤ ਨੂੰ ਵੇਖ, ਜਾਣ ਖਿਡੌਣਾ
ਬੱਚੇ, ਹੱਥ ਸਲੀਬ ਨੂੰ ਪਾਇਆ।
ਉਹ ਕੀ ਜਾਣੇ ਮਰਮ ਏਸਦਾ,
ਸੋ ਜਾਣੇ ਜਿਸ ਦਰਦ ਹੰਢਾਇਆ।
ਵਿਚ ਨਸ਼ੇ ਤਾਕਤ ਦੇ ਜ਼ਾਲਮ,
ਜਾਨ ਪੀਰ ਫਕੀਰਾਂ ਦੀ ਲੈਂਦੇ;
ਉਨ੍ਹਾਂ ਨਸ਼ਾ ਸ਼ਹਾਦਤ ਸੰਦਾ,
ਦਰ ਦਰਗਾਹੀ ਖੁਲ੍ਹਾ ਪਾਇਆ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864-318-5500***

---

ਭੋਲੇ-ਭਾਲੇ, ਪਿਆਰੇ ਬੱਚੇ
ਤਨ ਦੇ ਸੱਚੇ, ਮਨ ਦੇ ਸੱਚੇ।
ਦਯਾਵਾਨ ਨੂੰ ਤਰਸ ਹੈ ਆਇਆ।
ਭੱਜ ਕੇ ਮਦਦ ਦੇ ਲਈ ਆਇਆ
ਪਿਘਲ ਗਿਆ ਦਿਲ, ਮੋਮ ਬੱਚੇ ਦਾ
ਨੇੜੇ ਆ ਕੇ ਪੱਥਰ ਆਇਆ।
ਚੁੱਕਣ ਦੇ ਲਈ ਜ਼ੋਰ ਲਗਾਇਆ
ਕੋਸ਼ਿਸ਼ ਤਾਂ ਕੀਤੀ, ਜੇ ਚੁੱਕ ਨੀ ਪਾਇਆ।
***-ਲੋਕ ਨਾਥ ਸ਼ਰਮਾ***
***ਫੋਨ: 94171-76877***

---

ਨਿੱਕਾ ਪਰ ਸੋਚ ਵੱਡੀ
ਅਸਲੀ ਜਾਂ ਨਕਲੀ
ਬੰਦਾ ਜਾਂ ਬੁੱਤ
ਸੋਚ-ਸ਼ਕਤੀ, ਕਾਹਲ, ਅੜੀ
ਦੇਖ ਦਰਦ ਨਾ ਸਹਿਆ ਗਿਆ
ਚੁੱਕ ਸਕਿਆ ਜਾਂ ਨਾ
ਪਰ ਜ਼ੇਰਾ ਤਾਂ ਕਾਬਲੇਗੌਰ ਹੈ।
***-ਦਰਸ਼ਨ ਪਾਲ ਦੋਸਾਂਝ***

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਵੱਡੀਆਂ ਕੰਪਨੀਆਂ ਵੱਲੋਂ ਜਨਤਾ ਦੀ ਲੁੱਟ

ਅੱਜ-ਕਲ੍ਹ ਘਰੇਲੂ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਗਾਹਕਾਂ ਨੂੰ ਲੁੱਟਣ ਲਈ ਕੁਝ ਅਜਿਹੇ ਨਿਵੇਕਲੇ ਢੰਗ ਵਰਤੇ ਜਾ ਰਹੇ ਹਨ ਕਿ ਖਰੀਦਦਾਰ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਸ ਦੀ ਜੇਬ ਕੱਟੀ ਜਾ ਚੁੱਕੀ ਹੈ। ਆਨਲਾਈਨ ਸ਼ਾਪਿੰਗ ਐਪਾਂ ਨੇ ਤਾਂ ਇਸ ਧੰਦੇ ਨੂੰ ਸਿਰੇ ਲਗਾ ਦਿੱਤਾ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਐਂਡਰਾਇਡ ਮੋਬਾਈਲ (ਸੈਮਸੰਗ ਆਦਿ) ਤੋਂ ਕਿਸੇ ਸਾਮਾਨ ਦਾ ਮੁੱਲ ਚੈੱਕ ਕੀਤਾ ਜਾਵੇ ਤਾਂ ਉਹ ਆਈ.ਓ.ਐਸ. ਸਾਫਟਵੇਅਰ ਵਰਤਣ ਵਾਲੇ ਫੋਨ (ਐਪਲ) ਤੋਂ ਕਿਤੇ ਘੱਟ ਹੁੰਦਾ ਹੈ। ਸ਼ਾਇਦ ਇਹ ਕੰਪਨੀਆਂ ਸੋਚਦੀਆਂ ਹਨ ਕਿ ਸਸਤੇ ਚੀਨੀ ਫੋਨ ਵਾਲੇ ਐਪਲ ਫੋਨ ਵਾਲਿਆਂ ਤੋਂ ਗਰੀਬ ਹੁੰਦੇ ਹਨ। ਜਨਵਰੀ 2025 ਵਿਚ



**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)**
**ਫੋਨ: 95011-00062**

ਆਨਲਾਈਨ ਸ਼ਾਪਿੰਗ ਕੰਪਨੀ ਜ਼ੈਪਟੋ 'ਤੇ ਐਂਡਰਾਇਡ ਵਾਲਿਆਂ ਵਾਸਤੇ ਪਿਆਜ਼ ਦਾ ਰੇਟ 43 ਰੁਪਏ ਕਿੱਲੋ ਸੀ ਤੇ ਐਪਲ ਵਾਲਿਆਂ ਵਾਸਤੇ 57 ਰੁਪਏ ਕਿੱਲੋ, ਐਪਲ ਵਾਲਿਆਂ ਵਾਸਤੇ 500 ਗ੍ਰਾਮ ਅੰਗੂਰ 146 ਰੁਪਏ ਦੇ ਤੇ ਐਂਡਰਾਇਡ ਵਾਸਤੇ ਸਿਰਫ 65 ਰੁਪਏ ਸੀ।

ਦੂਸਰਾ ਧੋਖਾ ਇਹ ਦਿੱਤਾ ਜਾ ਰਿਹਾ ਹੈ ਕਿ ਸਾਮਾਨ ਦਾ ਰੇਟ ਨਹੀਂ ਵਧਾਇਆ ਜਾ ਰਿਹਾ ਬਲਕਿ ਮਿਕਦਾਰ ਘੱਟ ਕੀਤੀ ਜਾ ਰਹੀ ਹੈ। ਮੈਗੀ ਨੂਡਲਜ਼ ਦੇ ਪੈਕਟ ਦਾ ਵਜ਼ਨ 80 ਗ੍ਰਾਮ ਤੋਂ ਘਟ ਕੇ 55 ਗ੍ਰਾਮ ਹੋ ਗਿਆ ਹੈ ਪਰ ਰੇਟ ਪੁਰਾਣਾ ਹੀ ਹੈ। ਲੇਜ਼ ਦੇ ਪੈਕਟ ਵਿਚ ਚਿਪਸ ਗਿਣਤੀ ਦੇ ਹੀ ਹੁੰਦੇ ਹਨ ਬਾਕੀ ਸਿਰਫ ਹਵਾ ਵੇਚੀ ਜਾ ਰਹੀ ਹੈ। ਇੰਜ ਹੀ ਭਾਂਡੇ ਧੋਣ ਵਾਲੀ ਵਿੰਮ ਬਾਰ, ਹਲਦੀ ਰਾਮ, ਮੈਕਡੋਨਲਡ, ਕੇ ਐਫ ਸੀ ਅਤੇ ਵਾਲਮਾਰਟ ਆਦਿ ਵੀ ਕਰ ਰਹੇ ਹਨ। 20 ਰੁਪਏ ਵਿਚ ਮਿਲਣ ਵਾਲੀ ਬੋਤਲ ਵਿਚ ਕੋਕ ਦੀ ਮਾਤਰਾ 250 ਮਿ.ਲੀ. ਤੋਂ ਘਟਾ ਕੇ 200 ਮਿ.ਲੀ. ਕਰ ਦਿੱਤੀ ਗਈ ਹੈ। ਇਥੋਂ ਤੱਕ ਕਿ ਟਾਇਲਟ ਪੇਪਰ ਦੀ ਲੰਬਾਈ ਵੀ ਚੁੱਪ ਚੁਪੀਤੇ 25% ਦੇ ਕਰੀਬ ਘਟਾ ਦਿੱਤੀ ਗਈ ਹੈ। ਕੁਝ ਸਾਲ ਪਹਿਲਾਂ ਪਾਰਲੇ ਜੀ ਦੇ 10 ਰੁਪਏ ਵਾਲੇ ਪੈਕਟ ਦਾ ਵਜ਼ਨ 140 ਗ੍ਰਾਮ ਸੀ ਜੋ ਹੁਣ ਘਟ ਕੇ 110 ਗ੍ਰਾਮ ਰਹਿ ਗਿਆ ਹੈ। ਇਸ ਤੋਂ ਇਲਾਵਾ ਕੰਪਨੀਆਂ ਜਾਣ ਬੁੱਝ ਕੇ ਅਜਿਹੇ ਪ੍ਰੋਡਕਟ ਤਿਆਰ ਕਰਦੀਆਂ ਹਨ ਜੋ ਜਲਦੀ ਖਰਾਬ ਹੋ ਜਾਣ ਤਾਂ ਜੋ ਗਾਹਕ ਨੂੰ ਦੁਬਾਰਾ ਪੈਸਾ ਖਰਚਣਾ ਪਵੇ, ਹਾਲਾਂਕਿ ਉਨ੍ਹਾਂ ਕੋਲ ਵਧੀਆ ਸਾਮਾਨ ਤਿਆਰ ਕਰਨ ਦੀਆਂ ਅਤਿ ਆਧੁਨਿਕ ਤਕਨੀਕਾਂ ਮੌਜੂਦ ਹਨ। ਐਪਲ ਅਤੇ ਸੈਮਸੰਗ ਆਦਿ ਵਰਗੀਆਂ ਮੋਬਾਈਲ ਕੰਪਨੀਆਂ ਦੋ-ਚਾਰ ਸਾਲਾਂ ਬਾਅਦ ਜਾਣ-ਬੁੱਝ ਕੇ ਗਾਹਕਾਂ ਦੇ ਫੋਨਾਂ ਨੂੰ ਧੀਮਾ ਕਰ ਦਿੰਦੀਆਂ ਹਨ। ਇਹ ਗਾਹਕ ਨੂੰ ਦੱਸੇ ਬਗੈਰ ਅਜਿਹੇ ਸਾਫਟਵੇਅਰ ਅੱਪਡੇਟ ਭੇਜ ਦਿੰਦੀਆਂ ਹਨ ਜਿਨ੍ਹਾਂ ਨੂੰ ਡਾਊਨਲੋਡ ਕਰਨ ਉਪਰੰਤ ਫੋਨ ਧੀਮਾ ਹੋ ਜਾਂਦਾ ਹੈ। ਆਮ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਆਈਕੂ, ਰੀਅਲਮੀ, ਓਪੋ, ਵੀਵੋ ਅਤੇ ਵੰਨ ਪਲੱਸ ਬਰਾਂਡ ਦੇ ਮੋਬਾਈਲਾਂ ਦਾ ਨਿਰਮਾਣ ਚੀਨ ਦੀ ਇੱਕ ਹੀ ਕੰਪਨੀ ਬੀ.ਬੀ.ਕੇ. ਇਲੈਕਟਰੋਨਿਕਸ ਦੁਆਰਾ ਕੀਤਾ ਜਾਂਦਾ ਹੈ। ਉਹ ਵੀ ਧੜੱਲੇ ਨਾਲ ਇਹ ਕੰਮ ਕਰ ਰਹੀ ਹੈ।

ਵਿਸ਼ਵ ਭਰ ਤੋਂ ਅਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਜੇ ਦੇਰ ਰਾਤ ਕਿਸੇ ਸੁੰਨਸਾਨ ਜਗ੍ਹਾ ਤੋਂ ਉਬਰ ਦੀ ਟੈਕਸੀ ਲੈਣ ਵਾਸਤੇ ਅਜਿਹੇ ਫੋਨ ਤੋਂ ਕਾਲ ਕੀਤੀ ਜਾਵੇ, ਜਿਸ ਦੀ ਸਿਰਫ ਬੈਟਰੀ ਖਤਮ ਹੋਣ ਵਾਲੀ ਹੋਵੇ ਤਾਂ ਉਸ ਕੋਲੋਂ ਦੁਣੇ ਤੋਂ ਵੱਧ ਕਿਰਾਇਆ ਵਸੂਲਿਆ ਜਾਂਦਾ ਹੈ। ਕੰਪਨੀ ਦੇ ਸਰਵਰਾਂ ਵਿਚ ਅਜਿਹੀ ਤਕਨੀਕ ਲੋਡ ਕੀਤੀ ਗਈ ਹੈ ਜੋ ਉਸ ਵਿਅਕਤੀ ਦੀ ਮਜਬੂਰੀ ਸਮਝ ਜਾਂਦੇ ਹਨ ਕਿ ਇਸ ਕੋਲ ਜਲਦੀ ਟੈਕਸੀ ਲੈਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਉਬਰ ਦੀ ਇਸ ਠੱਗੀ ਦਾ ਪਰਦਾਫਾਸ਼ ਅਮਰੀਕਾ ਦੇ ਪ੍ਰਸਿੱਧ ਖੋਜੀ ਪੱਤਰਕਾਰ ਜੈਕ ਸ਼ੁਮੇਕਰ ਨੇ ਦਸੰਬਰ 2015 ਵਿਚ ਦਰਜਨਾਂ ਪੱਤਰਕਾਰਾਂ ਦੀ ਮੌਜੂਦਗੀ ਵਿਚ ਨਿਊਯਾਰਕ ਵਿਖੇ ਕੀਤਾ ਸੀ। ਰਾਤ ਦੇ 12.30 ਵਜੇ ਪਹਿਲਾਂ ਉਸ ਨੇ ਅਜਿਹੇ ਫੋਨ ਤੋਂ ਕਾਲ ਕੀਤੀ ਜਿਸ ਵਿਚ ਸਿਰਫ 3% ਬੈਟਰੀ ਬਚੀ ਸੀ ਤਾਂ ਕਿਰਾਇਆ ਦੱਸਿਆ ਗਿਆ 100 ਡਾਲਰ। ਫਿਰ ਉਸ ਨੇ 100% ਬੈਟਰੀ ਵਾਲੇ ਫੋਨ ਤੋਂ ਕਾਲ ਕੀਤੀ ਤਾਂ ਕਿਰਾਇਆ ਦੱਸਿਆ ਗਿਆ 50 ਡਾਲਰ। ਇਸ ਤੋਂ ਇਲਾਵਾ ਜਦੋਂ ਉਸ ਨੇ ਐਂਡਰਾਇਡ ਅਤੇ ਐਪਲ ਤੋਂ ਕਾਲ ਕੀਤੀ ਤਾਂ ਐਂਡਰਾਇਡ ਫੋਨ 'ਤੇ ਕਿਰਾਇਆ ਘੱਟ ਆਇਆ। ਇਸ ਕਾਰਨ ਦੁਨੀਆਂ ਭਰ ਵਿਚ ਉਬਰ ਦੀ ਬਦਨਾਮੀ ਹੋਈ ਸੀ ਤੇ ਉਸ ਨੂੰ ਕਈ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ ਸੀ।

ਫਰਵਰੀ 2025 ਵਿਚ ਉਬਰ ਦੇ ਸਾਬਕਾ ਇਕਨਾਮਿਕ ਰਿਸਰਚ ਚੀਫ ਕੀਥ ਚੇਨ ਨੇ ਬੈਲਜੀਅਮ ਦੀ ਪ੍ਰਸਿੱਧ ਵੈੱਬ ਨਿਊਜ਼ ਪੋਰਟਲ ਐਨ.ਪੀ.ਆਰ. ਨੂੰ ਦਿੱਤੀ ਇੱਕ ਇੰਟਰਵਿਊ ਵਿਚ ਉਬਰ ਦਾ ਭਾਂਡਾ ਭੰਨਿਆ ਸੀ ਕਿ ਉਸ ਦਾ ਸਾਫਟਵੇਅਰ ਘੱਟ ਬੈਟਰੀ ਵਾਲੇ ਫੋਨਾਂ ਤੋਂ ਕਾਲ ਕਰਨ 'ਤੇ ਵੱਧ ਕਿਰਾਇਆ ਵਸੂਲਦਾ ਹੈ। ਇਸ ਤੋਂ ਇਲਾਵਾ ਉਬਰ ਐਪਲ ਤੋਂ ਫੋਨ ਕਰਨ 'ਤੇ ਵੀ ਵੱਧ ਕਿਰਾਇਆ ਵਸੂਲਦਾ ਹੈ। ਇਹ ਕੰਮ ਇਕੱਲਾ ਉਬਰ ਹੀ ਨਹੀਂ, ਬਲਕਿ ਦੁਨੀਆਂ ਭਰ ਵਿਚ ਸੈਂਕੜੇ ਕੰਪਨੀਆਂ ਕਰ ਰਹੀਆਂ ਹਨ। ਜੇ ਸਭ ਦੀ ਜ਼ਰੂਰਤ ਬਣ ਚੁੱਕੇ ਮੋਬਾਈਲ ਫੋਨ ਦੀ ਗੱਲ ਕੀਤੀ ਜਾਵੇ ਤਾਂ ਕਿਸੇ ਵੀ ਮੋਬਾਈਲ ਦੀ ਬੈਟਰੀ 4-5 ਸਾਲ ਤੋਂ ਵੱਧ ਸਮਾਂ ਨਹੀਂ ਚੱਲਦੀ ਤੇ ਐਨੀ ਬੇਕਾਰ ਹੋ ਜਾਂਦੀ ਹੈ ਕਿ ਗਾਹਕ ਨੂੰ ਨਵਾਂ ਫੋਨ ਖਰੀਦਣ ਲਈ ਮਜਬੂਰ ਹੋਣਾ ਪੈਂਦਾ ਹੈ। ਸਭ ਨੂੰ ਪਤਾ ਹੈ ਕਿ ਜਦੋਂ ਮੋਬਾਈਲ ਨਵੇਂ ਨਵੇਂ




ਆਏ ਸਨ ਤਾਂ ਬੈਟਰੀ ਬਹੁਤ ਅਰਾਮ ਨਾਲ ਬਾਹਰ ਕੱਢੀ ਜਾ ਸਕਦੀ ਸੀ। ਪਰ ਹੁਣ ਬੈਟਰੀਆਂ ਨੂੰ ਇਸ ਢੰਗ ਨਾਲ ਪੈਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਬਾਹਰ ਕੱਢਣਾ ਲੱਗਭਗ ਨਾਮੁਮਕਿਨ ਹੈ। ਅੱਜ ਦੇ ਮੋਬਾਈਲ ਫੋਨ ਤਕਰੀਬਨ ਵੰਨ ਪੀਸ ਹੀ ਹੁੰਦੇ ਹਨ।

ਮੋਬਾਈਲਾਂ ਦੇ ਧੀਮਾ ਹੋਣ ਦੀਆਂ ਦੁਨੀਆਂ ਭਰ ਵਿਚੋਂ ਸ਼ਿਕਾਇਤਾਂ ਆ ਰਹੀਆਂ ਹਨ ਪਰ ਕੁਝ ਹੀ ਇਮਾਨਦਾਰ ਦੇਸ਼ਾਂ ਨੂੰ ਛੱਡ ਕੇ ਕਿਸੇ ਨੇ ਵੀ ਇਸ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ। 2018 ਵਿਚ ਇਟਲੀ ਦੀ ਸਰਕਾਰ ਨੇ ਇਸ ਸਬੰਧੀ ਤਫਤੀਸ਼ ਕਰਨ ਲਈ ਇੱਕ ਹਾਈ ਪਾਵਰ ਕਮੇਟੀ ਨਿਯੁਕਤ ਕੀਤੀ ਸੀ ਜਿਸ ਦੀ ਰਿਪੋਰਟ ਵਿਚ ਗਾਹਕਾਂ ਦੀਆਂ ਸ਼ਿਕਾਇਤਾਂ ਸਹੀ ਪਾਈਆਂ ਗਈਆਂ ਸਨ। ਇਸ ਤੋਂ ਬਾਅਦ ਇਟਲੀ ਨੇ ਐਪਲ 'ਤੇ ਇੱਕ ਕਰੋੜ ਯੂਰੋ (ਤਕਰੀਬਨ 100 ਕਰੋੜ ਰੁਪਏ) ਅਤੇ ਸੈਮਸੰਗ 'ਤੇ 50 ਲੱਖ ਯੂਰੋ (ਤਕਰੀਬਨ 50 ਕਰੋੜ ਰੁਪਏ) ਦਾ ਜੁਰਮਾਨਾ ਕੀਤਾ। 2020 ਵਿਚ ਫਰਾਂਸ ਨੇ ਵੀ ਇਸੇ ਕਾਰਨ ਐਪਲ 'ਤੇ ਢਾਈ ਕਰੋੜ ਯੂਰੋ (ਤਕਰੀਬਨ ਢਾਈ ਅਰਬ ਰੁਪਏ) ਦਾ ਜੁਰਮਾਨਾ ਲਗਾਇਆ ਸੀ ਤੇ 2024 ਦੌਰਾਨ ਐਪਲ ਨੂੰ ਅਮਰੀਕਾ ਵਿਚ ਵੀ ਗਾਹਕਾਂ ਨੂੰ ਇਸੇ ਕਾਰਨ 50 ਕਰੋੜ ਡਾਲਰ (ਤਕਰੀਬਨ 40 ਅਰਬ ਰੁਪਏ) ਦੇਣੇ ਪਏ ਸਨ। ਪਰ ਇਹ ਤਰੀਕਾ ਕੋਈ ਨਵਾਂ ਨਹੀਂ ਹੈ। ਕਰੀਬ 100 ਸਾਲ ਪਹਿਲਾਂ ਬਿਜਲੀ ਦੇ ਬਲਬ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਢੰਗ ਅਪਣਾਇਆ ਸੀ। ਪਹਿਲਾਂ ਉਹ ਅਜਿਹੇ ਬਲਬ ਬਣਾਉਂਦੇ ਸਨ ਜੋ ਲੰਬਾ ਸਮਾਂ ਚੱਲਦੇ ਸਨ ਜਿਸ ਕਾਰਨ ਉਨ੍ਹਾਂ ਦਾ ਮੁਨਾਫਾ ਬਹੁਤ ਘਟ ਗਿਆ ਸੀ। ਫਿਰ ਉਨ੍ਹਾਂ ਨੇ ਇੱਕ ਗੁਪਤ ਸਮਝੌਤਾ ਕੀਤਾ ਤੇ ਅਜਿਹੇ ਬਲਬ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਤਿੰਨ-ਚਾਰ ਮਹੀਨੇ ਤੋਂ ਵੱਧ ਨਹੀਂ ਸੀ ਚੱਲਦੇ। ਹੁਣ ਫਰਿੱਜ, ਮਾਈਕਰੋਵੇਵ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਨੀਤੀ ਅਪਣਾ ਲਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ 6-7 ਸਾਲ ਤੋਂ ਬਾਅਦ ਖਰਾਬ ਹੋਣਾ ਸ਼ੁਰੂ ਹੋ ਜਾਂਦੇ ਹਨ। ਜੇ ਆਪਣੇ ਮਾਪਿਆਂ ਨੂੰ ਪੁੱਛਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਜ਼ਮਾਨੇ ਵਿਚ ਫਰਿੱਜ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਸਾਲ-ਦਰ-ਸਾਲ ਚੱਲਦੇ ਸਨ। ਮੇਰੇ ਜਨਮ (1965) ਵੇਲੇ ਖਰੀਦਿਆ ਗਿਆ ਊਸ਼ਾ ਕੰਪਨੀ ਦਾ ਛੱਤ ਵਾਲਾ ਪੱਖਾ ਹੁਣ ਤੱਕ ਵੀ ਠੀਕ-ਠਾਕ ਚੱਲ ਰਿਹਾ ਹੈ।

ਕੰਪਨੀਆਂ ਦੀਆਂ ਇਨ੍ਹਾਂ ਮਨ-ਮਾਨੀਆਂ ਨੂੰ ਸਿਰਫ ਸਰਕਾਰਾਂ ਹੀ ਨੱਥ ਪਾ ਸਕਦੀਆਂ ਹਨ। ਮਿਸਾਲ ਵਜੋਂ 2021 ਵਿਚ ਯੂਰਪੀਨ ਯੂਨੀਅਨ ਨੇ ਰਾਈਟ ਟੂ ਰਿਪੇਅਰ ਕਾਨੂੰਨ ਪਾਸ ਕੀਤਾ ਸੀ ਜਿਸ ਅਨੁਸਾਰ ਕੰਪਨੀਆਂ ਨੂੰ ਪਾਬੰਦ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਕਿਸੇ ਵੀ ਵਸਤੂ ਨੂੰ ਬਣਾਉਣ ਤੋਂ ਲੈ ਕੇ ਦਸ ਸਾਲ ਤੱਕ ਉਸ ਦੇ ਸਪੇਅਰ ਪਾਰਟਸ ਮੁਹੱਈਆ ਕਰਵਾਉਣੇ ਪੈਣਗੇ। ਕਿਸੇ ਵੀ ਵਸਤੂ ਨੂੰ ਘਰ ਵਿਚ ਹੀ ਰਿਪੇਅਰ ਕਰਨਾ ਆਸਾਨ ਹੋਣਾ ਚਾਹੀਦਾ ਹੈ। ਜੋ ਵੀ ਨਟ-ਬੋਲਟ ਅਤੇ ਕਿੱਲ-ਕਾਂਟੇ ਆਦਿ ਵਰਤੇ ਜਾਣ, ਉਹ ਆਸਾਨੀ ਨਾਲ ਸੰਸਾਰ ਦੇ ਹਰ ਦੇਸ਼ ਵਿਚ ਮਿਲਦੇ ਹੋਣੇ ਚਾਹੀਦੇ ਹਨ। ਜੇ ਗਾਹਕ ਉਸ ਵਸਤੂ ਦੀ ਰਿਪੇਅਰ ਖੁਦ ਕਰੇ ਜਾਂ ਆਪਣੀ ਮਰਜ਼ੀ ਦੇ ਮੈਕੇਨਿਕ ਤੋਂ ਕਰਵਾਏ, ਵਾਰੰਟੀ ਖਤਮ ਨਹੀਂ ਕੀਤੀ ਜਾ ਸਕਦੀ। ਇਸ ਕਾਨੂੰਨ ਅਧੀਨ ਐਪਲ ਨੂੰ ਵੀ ਆਪਣੇ ਫੋਨ ਚਾਰਜ ਕਰਨ ਲਈ ਯੂਨੀਵਰਸਲ ਚਾਰਜਰ ਵਰਤਣਾ ਸ਼ੁਰੂ ਕਰਨਾ ਪਿਆ ਹੈ ਜੋ ਸੈਮਸੰਗ ਆਦਿ ਦੁਨੀਆਂ ਦੀਆਂ ਬਾਕੀ ਕੰਪਨੀਆਂ ਵਰਤ ਰਹੀਆਂ ਹਨ। ਪੱਛਮੀ ਦੇਸ਼ਾਂ ਵਿਚ ਗਾਹਕ ਬਹੁਤ ਜਾਗਰੂਕ ਹਨ, ਉਹ ਕੰਪਨੀਆਂ ਦੀ ਥੋੜ੍ਹੀ ਜਿਹੀ ਬੇਈਮਾਨੀ ਕਰਨ 'ਤੇ ਹੀ ਕੇਸ ਕਰ ਦਿੰਦੇ ਹਨ। ਪਰ ਭਾਰਤ ਵਰਗੇ ਦੇਸ਼ਾਂ ਵਿਚ ਅਨਪੜ੍ਹਤਾ ਅਤੇ ਆਪਣੇ ਹੱਕਾਂ ਦੀ ਜਾਣਕਾਰੀ ਨਾ ਹੋਣ ਕਾਰਨ ਲੋਕ ਚੁੱਪ-ਚਾਪ ਇਨ੍ਹਾਂ ਕੰਪਨੀਆਂ ਦੇ ਜ਼ੁਲਮ ਸਹਿ ਰਹੇ ਹਨ। ਇਹ ਹੁਣ ਕੇਂਦਰ ਅਤੇ ਸੂਬਾਈ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਸਖਤ ਕਾਨੂੰਨ ਬਣਾਉਣ ਤੇ ਆਮ ਜਨਤਾ ਦੇ ਹੱਕਾਂ ਦੀ ਰਾਖੀ ਕਰਨ।

# ਆਓ ! ਸ਼ਬਦਾਂ ਦੀ ਮਿਠਾਸ ਨਾਲ ਕੁੜੱਤਣ ਮਿਟਾਈਏ

ਲਿਖਣ ਦੀ ਨਬਜ਼ 'ਤੇ ਹੱਥ ਰੱਖ ਕੇ ਕਲਮ ਦੇ ਮੂਡ ਦਾ ਪਤਾ ਲਗਾਉਣਾ ਇੱਕ ਸੱਚੇ ਲੇਖਕ ਅਤੇ ਪਾਠਕ-ਡਾਕਟਰ ਦੀ ਵਿਸ਼ੇਸ਼ਤਾ ਹੈ ਜੋ ਆਪਣੇ ਦਿਲ ਅਤੇ ਦਿਮਾਗ ਦੇ ਪਿੱਛੇ ਕਿਤਾਬਾਂ ਦੀ ਦੁਨੀਆ ਵਿਚ ਯਾਤਰਾ 'ਤੇ ਨਿਕਲਿਆ ਹੁੰਦਾ ਹੈ, ਅਤੇ ਆਪਣੀਆਂ ਭਾਵਨਾਵਾਂ ਅਤੇ ਸ਼ਬਦਾਵਾਂ ਦੀ ਪ੍ਰੇਰਨਾ ਨਾਲ, ਉਹ ਇਲਾਜ ਕਰਨ ਵਾਲੀਆਂ ਸਾਹਿਤਕ ਜੜ੍ਹੀਆਂ ਬੂਟੀਆਂ ਦੀ ਖੋਜ ਕਰਦਾ ਹੈ, ਫਿਰ ਉਨ੍ਹਾਂ ਨੂੰ ਆਪਣੀ ਕਲਮ ਦੇ ਕਟੋਰੇ ਵਿਚ ਪੀਸਦਾ ਹੈ ਅਤੇ ਉਨ੍ਹਾਂ ਨੂੰ ਆਮ ਮਨਾਂ ਦੇ ਪੇਟ ਵਿਚ ਪਹੁੰਚਾਉਂਦਾ

**ਜ਼ਫ਼ਰ ਇਕਬਾਲ ਜ਼ਫ਼ਰ**

ਹੈ। ਫਿਰ ਚੇਤਨਾ ਦੀ ਦ੍ਰਿਸ਼ਟੀ ਵਧਣ ਲੱਗਦੀ ਹੈ। ਰੱਬ ਵੱਲੋਂ ਦਿੱਤੀਆਂ ਗਈਆਂ ਸੁਧਾਈਆਂ ਦੇ ਹੁਨਰ ਨਾਲ ਲਿਖੀਆਂ ਲਿਖਤਾਂ ਪਾਠਕਾਂ ਦੇ ਮਨਾਂ ਨੂੰ ਮੋਹਿਤ ਕਰਦੀਆਂ ਹਨ। ਲੇਖਕ ਕੁਦਰਤ ਦੀ ਜਿਸ ਦੁਨੀਆਂ ਵਿਚੋਂ ਲੰਘਦਾ ਹੈ ਅਤੇ ਆਪਣੀ ਲਿਖਣ ਸ਼ੈਲੀ ਨਾਲ ਉਸਨੂੰ ਆਨੰਦ ਦਿੰਦਾ ਹੈ, ਉਸਨੂੰ ਪੜ੍ਹਨ ਵਾਲਾ ਪਾਠਕ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਉਹ ਉਸ ਯੁੱਗ ਅਤੇ ਦੁਨੀਆਂ ਨੂੰ ਆਪਣੀਆਂ ਅੱਖਾਂ ਨਾਲ ਦੇਖ ਰਿਹਾ ਹੋਵੇ। ਜਾਦੂਈ ਕਲਮ ਨਾਲ ਲਿਖੀ ਕਿਤਾਬ ਦੀ ਮਹੱਤਤਾ ਕਦੇ ਘੱਟ ਨਹੀਂ ਹੁੰਦੀ। ਸਿਰਫ਼ ਪਾਠਕ ਹੀ ਕਲਮ ਦੇ ਨਵੇਂ ਕੋਣ ਤੋਂ, ਜੋਸ਼ ਅਤੇ ਉਤਸ਼ਾਹ ਨਾਲ ਭਰੇ, ਲੁਕੇ ਹੋਏ ਦ੍ਰਿਸ਼ਾਂ ਦੀ ਝਲਕ ਦੇਖ ਸਕਦੇ ਹਨ।

ਗਿਆਨ ਅਤੇ ਚੇਤਨਾ ਦੀ ਧਰਤੀ ਹਮੇਸ਼ਾ ਲੇਖਕਾਂ ਅਤੇ ਪਾਠਕਾਂ ਵਰਗੇ ਫੁੱਲਾਂ ਨਾਲ ਵੱਸਦੀ ਹੈ, ਜਿਨ੍ਹਾਂ ਦੀ ਖੁਸ਼ਬੂ ਨੇ ਅਣਗਿਣਤ ਖੁਸ਼ਕਿਸਮਤ ਲੋਕਾਂ ਨੂੰ ਮੋਹਿਤ ਕੀਤਾ ਹੈ। ਕਲਮ ਦਾ ਬੀਜ ਸਾਹਿਤ ਦੀ ਮਿੱਟੀ ਵਿਚ ਬੀਜਿਆ ਜਾਂਦਾ ਹੈ, ਅਤੇ ਨਵੀਆਂ ਅਤੇ ਤਾਜ਼ੀਆਂ ਲਿਖਤਾਂ ਦੇ ਫਲ ਵਧਦੇ ਰਹਿੰਦੇ ਹਨ। ਜਿਹੜੇ ਲੋਕ ਬੋਲੀ ਦੀ ਧਰਤੀ 'ਤੇ ਵੱਡੇ ਹੋਏ ਹਨ, ਉਹ ਆਪਣੀਆਂ ਕਿਤਾਬਾਂ ਅਤੇ ਲਿਖਤਾਂ ਰਾਹੀਂ ਉਨ੍ਹਾਂ ਲੇਖਕਾਂ ਨੂੰ ਮਿਲਦੇ ਹਨ ਜੋ ਉਨ੍ਹਾਂ ਤੋਂ ਪਹਿਲਾਂ ਦੇ ਯੁੱਗ ਵਿਚ ਰਹਿੰਦੇ ਸਨ, ਜਿਨ੍ਹਾਂ ਤੋਂ ਲੇਖਕ ਦੇ ਮਨ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੁਆਰਾ ਦਰਸਾਏ ਗਏ ਮਾਰਗਾਂ 'ਤੇ ਯਾਤਰਾ ਕਰਦੇ ਹੋਏ, ਅਧਿਐਨ ਦੀ ਮਦਦ ਨਾਲ, ਨਵੀਂ ਕਲਪਨਾ ਨੂੰ ਲਿਖਤੀ ਹੋਂਦ ਵਿਚ ਲਿਆਂਦਾ ਜਾ ਸਕੇ। ਕੁਦਰਤ ਦੀ ਸੁੰਦਰਤਾ, ਬੀਜਾਂ ਵਾਂਗ, ਆਪਣੇ ਅੰਦਰ ਇੰਨੇ ਵਿਸ਼ਾਲ ਰੁੱਖ ਰੱਖਦੀ ਹੈ, ਜਿਨ੍ਹਾਂ ਦੇ ਹਰੇਕ ਪੱਤੇ ਅਤੇ ਟਾਹਣੀ ਦੇ ਅਣਗਿਣਤ ਅਰਥ ਅਤੇ ਦ੍ਰਿਸ਼ ਹਨ, ਹਵਾ ਦੇ ਅਣਗਿਣਤ ਝੌਂਕਿਆਂ ਵਾਂਗ। ਜਦੋਂ ਦ੍ਰਿਸ਼ਾਂ ਦੀਆਂ ਬੂੰਦਾਂ ਮਨ ਦੀ ਪਿਆਸੀ ਧਰਤੀ 'ਤੇ ਟਪਕ ਰਹੀਆਂ ਹੋਣ, ਤਾਂ ਰੰਗੀਨ ਲਿਖਤ ਵਿਚ ਬਸੰਤ ਦੀ ਸਿਆਹੀ ਨਾਲ ਕਲਮ ਨੂੰ ਨਸ਼ਾ ਕਰੋ। ਇਨ੍ਹਾਂ ਆਨੰਦਮਈ ਪਲਾਂ ਨੂੰ ਆਪਣੀ ਹੋਂਦ ਦੀ ਪਕੜ ਵਿਚ ਭਰੋ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਸੰਭਾਲੋ ਕਿ ਤੁਹਾਡੀ ਇਕਾਂਤ ਦੁਰਲੱਭ ਭਾਵਨਾਵਾਂ ਅਤੇ ਸੰਵੇਦਨਾਵਾਂ ਨਾਲ ਸ਼ਿੰਗਾਰੀ ਹੋਵੇ। ਬਹੁਤ ਘੱਟ ਲੋਕ ਹਨ ਜੋ ਆਪਣੇ ਅੰਦਰ ਇੱਕ ਇੱਕਠ ਵਾਂਗ ਰਹਿੰਦੇ ਹਨ। ਇਹ ਸਨਮਾਨ ਸਿਰਫ਼ ਇੱਕ ਲੇਖਕ ਜਾਂ ਪਾਠਕ ਨੂੰ ਹੀ ਪ੍ਰਾਪਤ ਹੁੰਦਾ ਹੈ, ਜੋ ਇੱਕ ਜ਼ਿੰਦਗੀ ਵਿਚ ਕਈ ਜ਼ਿੰਦਗੀਆਂ ਜੀਉਂਦਾ ਹੈ, ਕਿਤਾਬਾਂ ਦੀਆਂ ਉਂਗਲਾਂ ਫੜਦਾ ਹੈ। ਸਿਰਫ਼ ਉਨ੍ਹਾਂ ਨੂੰ ਹੀ ਇੱਕ ਅਨਮੋਲ ਸਾਥੀ ਦਾ ਅਹਿਸਾਸ ਹੁੰਦਾ ਹੈ ਜੋ ਆਪਣੀ ਚੇਤਨਾ ਦੇ ਕਦਮਾਂ ਨੂੰ ਆਪਣੀਆਂ ਲਿਖਤਾਂ ਦੇ ਨਕਸ਼ੇ-ਕਦਮਾਂ 'ਤੇ ਲੈ ਕੇ ਤੁਰਦੇ ਹਨ। ਤੁਸੀਂ ਸਾਹਿਤ ਨਾਲ ਰਹਿੰਦੇ ਹੋ, ਇਸ ਲਈ ਵਧਾਈਆਂ। ਸਾਹਿਤ ਨੇ ਤੁਹਾਨੂੰ ਜਿਉਣ ਲਈ ਚੁਣਿਆ ਹੈ। ਸੱਚਾਈ ਅਤੇ ਜਾਗਰੂਕਤਾ ਦਾ ਸੁਰਮਾ ਆਪਣੀਆਂ ਅੱਖਾਂ 'ਤੇ ਲਗਾਉਣ ਨਾਲ, ਤੁਸੀਂ ਹਰ ਜਗ੍ਹਾ ਪਰਮਾਤਮਾ ਨੂੰ ਵੇਖਣਾ ਅਤੇ ਅਨੁਭਵ ਕਰਨਾ ਸ਼ੁਰੂ ਕਰ ਦਿੰਦੇ ਹੋ। ਇਹ ਵਿਲੱਖਣ ਅਤੇ ਦੁਰਲੱਭ ਲੋਕ ਰੇਗਿਸਤਾਨਾਂ ਵਿਚ ਦੀਵਿਆਂ ਵਾਂਗ ਆਪਣੇ ਮਨਾਂ ਵਿਚ ਸਾਹਿਤ ਦੀ ਰੌਸ਼ਨੀ ਲੈ ਕੇ ਬੈਠੇ ਹਨ। ਉਨ੍ਹਾਂ ਨੂੰ ਭੀੜ ਦੇ ਹਨੇਰੇ ਵਿਚ ਰੱਖਣ ਦੀ ਸਖ਼ਤ ਲੋੜ ਹੈ, ਮਾਨਸਿਕ ਟਕਰਾਅ ਤੋਂ ਪੀੜਤ। ਉਨ੍ਹਾਂ ਦੀ ਕਦਰ ਉਨ੍ਹਾਂ ਦੇ ਬਲਣ ਲਈ ਬਾਲਣ ਹੈ। ਸਾਹਿਤ ਇਨ੍ਹਾਂ ਰਾਹੀਂ ਆਪਣੇ ਨਵੇਂ ਰੰਗਾਂ ਦਾ ਪ੍ਰਚਾਰ ਕਰਦਾ ਹੈ, ਜੋ ਸਤਿਕਾਰਯੋਗ ਲੋਕਾਂ ਦੇ ਹਿੱਸੇ ਆਉਂਦਾ ਹੈ।

ਜਿੱਥੇ ਚੇਤਨਾ ਦੇ ਸਰੀਰ ਨੂੰ ਬਦਲ ਦੇਣ ਵਾਲੀਆਂ ਲਿਖਤਾਂ ਸਵੀਕ੍ਰਿਤੀ ਵਿਚ ਹੱਥ ਉੱਚੇ ਕਰ ਕੇ ਬੈਠੀਆਂ ਹਨ, ਉੱਥੇ ਸਾਹਿਤ ਦੇ ਵਿਦਿਆਰਥੀ ਵੀ ਜੋਸ਼ ਵਿਚ ਆਪਣੇ ਪੈਰ ਫੈਲਾ ਕੇ ਬੈਠੇ ਹਨ। ਇਹ ਅਵਸਥਾ, ਦਿਲ ਅਤੇ ਮਨ ਦੀਆਂ ਧਰਤੀਆਂ 'ਤੇ ਵਸ ਕੇ, ਮਨੁੱਖਤਾ ਦੇ ਫੁੱਲਾਂ ਦੀ ਸੇਜ ਨੂੰ ਆਪਣੀ ਖੁਸ਼ਬੂ ਨਾਲ ਖੁਸ਼ਬੂਦਾਰ ਰੱਖਦੀ ਹੈ। ਉਹ ਬੁੱਧੀਮਾਨ ਲੋਕ ਪ੍ਰਸ਼ੰਸਾ ਦੇ ਪਾਤਰ ਹਨ ਜੋ ਸ਼ਬਦਾਂ ਦੇ ਚਿਹਰਿਆਂ ਤੋਂ ਪਰਦੇ ਹਟਾਉਂਦੇ ਹਨ ਅਤੇ ਅਰਥ ਦੇ ਅਸਲ ਸਾਰ ਤੱਕ ਪਹੁੰਚਦੇ ਹਨ, ਅਤੇ ਆਪਣੀਆਂ ਅੱਖਾਂ 'ਤੇ ਵਿਆਖਿਆਵਾਂ ਦਾ ਮਸਕਾਰਾ ਲਗਾ ਕੇ, ਉਨ੍ਹਾਂ ਨੂੰ ਯਥਾਰਥਵਾਦ ਦਾ ਇੱਕ ਮਨਮੋਹਕ ਦ੍ਰਿਸ਼ ਪ੍ਰਦਾਨ ਕਰਦੇ ਹਨ। ਇਨ੍ਹਾਂ ਲਿਖਤਾਂ ਦੇ ਲੇਖਕਾਂ ਦੇ ਦਿਲ ਦੀ ਖੁਸ਼ੀ ਜੋ ਇਸ ਸਿੱਟੇ ਤੱਕ ਲੈ ਜਾਂਦੀ ਹੈ, ਉਨ੍ਹਾਂ ਨੂੰ ਇੰਨਾ ਨਸ਼ਾ ਕਰ ਦਿੰਦੀ ਹੈ ਕਿ ਉਹ ਖੁਦ ਵੀ ਇਸਨੂੰ ਕਲਮ ਦੀ ਜ਼ੁਬਾਨ 'ਤੇ ਪ੍ਰਗਟ ਕਰਨ ਤੋਂ ਅਸਮਰੱਥ ਹਨ। ਉਹ ਕੁਦਰਤ ਦੀ ਚੁੱਪ ਪ੍ਰਸ਼ੰਸਾ ਵਿਚ ਡੁੱਬੇ ਰਹਿੰਦੇ ਹਨ।

ਹਰ ਕੋਈ ਜ਼ਿੰਦਗੀ ਨੂੰ ਭਰੀਆਂ ਅੱਖਾਂ ਨਾਲ ਦੇਖਣਾ ਚਾਹੁੰਦਾ ਹੈ, ਪਰ ਇੱਥੇ, ਗੈਰ-ਮਿਆਰੀ ਹਾਲਾਤ ਅਤੇ ਮਾਮਲੇ ਜ਼ਿੰਦਗੀ ਦੇ ਰੰਗਾਂ ਨੂੰ ਆਪਣੇ ਪਰਦੇ ਨਾਲ ਢੱਕ ਕੇ ਲਾਸ਼ ਦਾ ਦ੍ਰਿਸ਼ ਪੇਸ਼ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿੱਥੇ ਨਕਲੀ ਦੁੱਖ ਪੈਦਾ ਕੀਤਾ ਜਾਂਦਾ ਹੈ, ਉੱਥੇ ਲੋਕ ਬੇਲੋੜੇ ਉਦਾਸ ਰਹਿਣ ਲੱਗ ਪੈਂਦੇ ਹਨ। ਪੱਥਰ ਦੀਆਂ ਇਮਾਰਤਾਂ ਵਿਚ ਸ਼ਾਂਤੀ ਚਾਹੁੰਦੇ ਸੜਦੇ ਸਰੀਰਾਂ ਨੂੰ ਕੋਈ ਦੱਸੇ ਕਿ ਉਹ ਚਾਂਦਨੀ ਰਾਤ ਦੇ ਤਾਰਿਆਂ ਦੀ ਛਾਂ ਵਿਚ ਤੰਬੂ ਲਗਾ ਕੇ ਆਤਮਾ ਦੀ ਠੰਢਕ ਦਾ ਮੁਫ਼ਤ ਵਿਚ ਆਨੰਦ ਮਾਣ ਸਕਦੇ ਹਨ। ਕੁਦਰਤ ਨੇ ਆਪਣੀ ਮਹਿੰਗੀ ਰਚਨਾ ਆਪਣੇ ਮਨੁੱਖਾਂ ਲਈ ਮੁਫ਼ਤ ਵਿਚ ਰੱਖੀ ਹੈ। ਮਨੁੱਖੀ ਹੋਂਦ ਦੀ ਬਹੁਤ ਕੀਮਤ ਹੈ। ਇਸ ਮਿੱਟੀ ਦੇ ਘੜੇ ਵਿਚ ਰੌਸ਼ਨੀ ਦਾ ਦੀਵਾ ਬਲਦਾ ਹੈ। ਉਸ ਘੜੇ ਨੂੰ ਬੇਕਾਰ ਨਾ ਸਮਝੋ ਜਿਸ ਵਿਚ ਕੁਦਰਤ ਨੇ ਆਪਣੀ ਰੌਸ਼ਨੀ ਸੰਭਾਲੀ ਹੋਈ ਹੈ। ਮਨੁੱਖੀ ਦਿਲ ਪਰਮਾਤਮਾ ਦਾ ਸਿੰਘਾਸਣ ਹੈ। ਦਿਲ ਦੇ ਸਿੰਘਾਸਣ 'ਤੇ, ਜਿੱਥੇ ਪਰਮਾਤਮਾ ਬੈਠਾ ਹੈ, ਜ਼ਿੰਦਗੀ ਹੱਥ ਜੋੜ ਕੇ ਖੜ੍ਹੀ ਹੈ ਤਾਂ ਜੋ ਜ਼ਿੰਦਗੀ ਵਿਚ ਕੋਈ ਗਲਤੀ ਨਾ ਹੋਵੇ। ਸਾਹਿਤ ਹਰ ਜੀਵਤ ਮਨੁੱਖ ਨੂੰ ਇਸ ਮੁਕਾਮ 'ਤੇ ਪਹੁੰਚਾਉਣਾ ਚਾਹੁੰਦਾ ਹੈ ਜਿੱਥੇ ਉਦੇਸ਼ਹੀਣ ਯਾਤਰਾਵਾਂ 'ਤੇ ਥੱਕਣ ਵਾਲਿਆਂ ਨੂੰ ਸਹੀ ਦਿਸ਼ਾ ਦਿੱਤੀ ਜਾ ਸਕੇ ਅਤੇ ਖਿੰਡੇ ਹੋਏ ਮਨੁੱਖਾਂ ਨੂੰ ਇਕੱਠਾ ਕਰ ਕੇ ਵਾਪਸ ਲਿਆਂਦਾ ਜਾ ਸਕੇ। ਸਿਰਫ਼ ਸਾਹਿਤ ਹੀ ਇਹ ਹਿੰਮਤ ਪੈਦਾ ਕਰ ਸਕਦਾ ਹੈ ਕਿ ਤੁਸੀਂ ਕਿਸੇ ਨੂੰ ਆਪਣੀ ਜਗ੍ਹਾ ਲੈ ਸਕਦੇ ਹੋ। ਉਨ੍ਹਾਂ ਦੇ ਮੋਢਿਆਂ 'ਤੇ ਬੈਠੋ ਅਤੇ ਕਹੋ, "ਦੇਖੋ, ਤੁਹਾਡਾ ਕੱਦ ਮੇਰੇ ਨਾਲੋਂ ਵੀ ਉੱਚਾ ਹੋ ਗਿਆ ਹੈ। ਪੜ੍ਹਨ ਅਤੇ ਸੁਣਨ ਦੀ ਸਿਆਣਪ ਨੂੰ ਇੰਨਾ ਵਧਾਓ ਕਿ ਤੁਹਾਡੀ ਗੱਲਬਾਤ ਮਨਮੋਹਕ ਹੋ ਜਾਵੇ ਅਤੇ ਲੋਕ ਦੁਨੀਆ ਦੇ ਗੁੰਝਲਦਾਰ ਰਸਤਿਆਂ 'ਤੇ ਚੱਲਣ ਦਾ ਹੁਨਰ ਹਾਸਲ ਕਰ ਲੈਣ। ਉਨ੍ਹਾਂ ਲੋਕਾਂ ਲਈ ਰਸਤੇ ਦੇ ਕੰਡਿਆਂ ਨੂੰ ਦੂਰ ਕਰਨ ਦਾ ਸਾਧਨ ਬਣੋ ਜੋ ਤੁਹਾਡੇ ਤੋਂ ਬਾਅਦ ਆਉਂਦੇ ਹਨ, ਆਸਾਨੀ, ਚੰਗਿਆਈ ਅਤੇ ਸੁਧਾਰ ਦੇ ਸਾਧਨਾਂ ਨੂੰ ਪਿੱਛੇ ਛੱਡ ਕੇ, ਅਤੇ ਹਮੇਸ਼ਾ ਲਈ ਉਨ੍ਹਾਂ ਵਿਚ ਰਹੋ।"

ਜਦੋਂ, ਦੁਨਿਆਵੀ ਹਿੱਤਾਂ ਦੀ ਰਣਨੀਤੀ ਵਿਚ, ਲੋਕ ਰਾਜਨੀਤੀ ਦੀਆਂ ਹਥੇਲੀਆਂ ਤੋਂ ਲਾਭ ਉਠਾਉਣ ਲਈ ਸੱਤਾਧਾਰੀ ਲੋਕਾਂ ਦੇ ਪੈਰ ਫੜਨ ਲਈ ਤਿਆਰ ਹੁੰਦੇ ਹਨ, ਤਾਂ ਸਾਹਿਤ ਉਨ੍ਹਾਂ ਲੋਕਾਂ ਨੂੰ ਦਿਲਾਂ ਦਾ ਤਖ਼ਤ ਭੇਟ ਕਰਨ ਦਾ ਰਸਤਾ ਦਿਖਾਉਂਦਾ ਹੈ ਜੋ ਕਮਜ਼ੋਰਾਂ ਦੇ ਹੱਥ ਫੜਦੇ ਹਨ। ਹਰ ਯੁੱਗ ਵਿਚ ਜੋ ਜ਼ਿੰਦਗੀ ਦੇ ਟੁਕੜਿਆਂ ਨੂੰ ਬੇਕਾਰ ਰਾਜਨੀਤੀ ਦੀ ਨੋਕ ਨਾਲ ਤੋੜਦਾ ਹੈ, ਸਾਹਿਤ ਮਨੁੱਖਤਾ ਵਿਚ ਪਿਆਰ ਦੇ ਟਾਂਕੇ ਸਿਉਂਦਾ ਰਹਿੰਦਾ ਹੈ ਅਤੇ ਆਪਣੇ ਪ੍ਰੇਮੀਆਂ ਨੂੰ ਇਹ ਹੁਨਰ ਸਿਖਾਉਂਦਾ ਹੈ ਕਿ ਉਹ ਕੁੜੱਤਣ ਅਤੇ ਦੁੱਖ ਕਿਵੇਂ ਸਾਂਝੇ ਕਰ ਸਕਦੇ ਹਨ। ਦਰਅਸਲ, ਕੁਦਰਤ ਦੀ ਸਿਰਜਣਾ, ਭਾਵਨਾਵਾਂ ਅਤੇ ਭਾਵਨਾਵਾਂ ਦੇ ਸੁੰਦਰ ਪ੍ਰਤੀਬਿੰਬ ਨਾਲ ਮਨੁੱਖੀ ਮਨਾਂ ਨੂੰ ਕੈਦ ਕਰਨ ਅਤੇ ਉਨ੍ਹਾਂ ਨੂੰ ਜੀਣ ਦਾ ਸੱਚਾ ਆਨੰਦ ਮਾਣਨ ਵਿਚ ਕਲਮ ਦਾ ਹੱਥ ਹੈ। ਅਤੇ ਇੱਜ਼ਤ ਅਤੇ ਪਿਆਰ ਦਾ ਨਾਮ ਵੀ ਉਸ ਦੇ ਹੱਥ ਵਿਚ ਹੀ ਪੈਦਾ ਹੁੰਦਾ ਹੈ ਜਿਸ ਕੋਲ ਕਲਮ ਹੈ। ਜਿਵੇਂ ਸੁਪਨੇ ਸਾਨੂੰ ਬੰਦ ਅੱਖਾਂ ਨਾਲ ਪਿਛਲੇ ਯੁੱਗ ਦੀ ਯਾਤਰਾ ਕਰਨ ਲਈ ਮਜਬੂਰ ਕਰਦੇ ਹਨ, ਉਸੇ ਤਰ੍ਹਾਂ ਕਿਤਾਬਾਂ ਵਿਚ ਖੁੱਲ੍ਹੀਆਂ ਅੱਖਾਂ ਨਾਲ ਦੇਖਣ ਦੇ ਯੋਗ ਹੋਣ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਇਹ ਤੁਹਾਨੂੰ ਪਰਮਾਤਮਾ ਵੱਲੋਂ ਆਉਣ ਵਾਲੇ ਹਰ ਚੰਗੇ ਵਿਚਾਰ ਨੂੰ ਲਿਖਣ ਲਈ ਮਾਰਗਦਰਸ਼ਨ ਕਰਦਾ ਹੈ, ਕਿਉਂਕਿ ਇਹ ਇੱਕ ਅਮਾਨਤ ਹੈ ਜਿਸਨੂੰ ਅਣਜਾਣ ਲੋਕਾਂ ਤੱਕ ਪਹੁੰਚਾਉਣਾ ਤੁਹਾਡਾ ਫਰਜ਼ ਹੈ।

ਸਮਾਜ ਦੀਆਂ ਸਮੱਸਿਆਵਾਂ ਉਨ੍ਹਾਂ ਲੋਕਾਂ ਦੁਆਰਾ ਹੱਲ ਨਹੀਂ ਕੀਤੀਆਂ ਜਾ ਰਹੀਆਂ ਜੋ ਆਪਣੇ ਮਨਾਂ ਨੂੰ ਅੰਗਰੇਜ਼ੀ ਲਾਲਟੈਣਾਂ ਦੀ ਰੌਸ਼ਨੀ ਨਾਲ ਭਰਦੇ ਹਨ। ਅਜਿਹੀ ਸਥਿਤੀ ਵਿਚ, ਮਾਂ-ਬੋਲੀ ਅਤੇ ਰਾਸ਼ਟਰੀ ਭਾਸ਼ਾ ਦੇ ਸੂਰਜ ਨੂੰ ਚੜ੍ਹਾਉਣ ਲਈ ਸਾਹਿਤ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਇੱਕੋ ਸਮਾਜ ਵਿਚ ਰਹਿਣ ਵਾਲਿਆਂ ਦੀਆਂ ਸਮੱਸਿਆਵਾਂ ਵੀ ਇੱਕੋ ਜਿਹੀਆਂ ਹਨ। ਇਸ ਲਈ, ਵਿਅਕਤੀਗਤ ਤੌਰ 'ਤੇ ਚਿੰਤਤ ਹੋਣ ਦੀ ਬਜਾਏ, ਸਮੂਹਿਕ ਸ਼ਕਤੀ ਰਾਹੀਂ ਖੁਸ਼ਹਾਲੀ ਲਿਆਉਣ ਲਈ ਸਾਹਿਤ ਤੋਂ ਵਧੀਆ ਕੋਈ ਸ਼ਕਤੀ ਨਹੀਂ ਹੈ। ਇਸ ਵੱਡੇ ਹੋਏ ਸਮਾਜ ਨੂੰ ਫਿਰਕਾਪ੍ਰਸਤੀ ਅਤੇ ਫਿਰਕਾਪ੍ਰਸਤੀ ਨਾਲ ਜੋੜਨ ਲਈ, ਜੇਕਰ ਇਸਲਾਮ ਨੂੰ ਸਾਹਿਤ ਦੀ ਭਾਸ਼ਾ ਰਾਹੀਂ ਬੋਲਿਆ ਜਾਂਦਾ ਹੈ, ਤਾਂ ਹਰ ਕੌਮ ਇਸਨੂੰ ਖੁਸ਼ੀ ਨਾਲ ਸਵੀਕਾਰ ਕਰ ਲਵੇ। ਜੇਕਰ ਇਹ ਰਣਨੀਤੀ ਵਿਕਸਤ ਕੀਤੀ ਜਾਂਦੀ ਹੈ, ਤਾਂ ਸਭ ਕੁਝ ਸੁਣਿਆ ਜਾਂਦਾ ਹੈ। ਇਸ ਜੁਗਤ ਨੂੰ ਸਿਖਾਉਣ

*(ਬਾਕੀ ਸਫਾ 23 'ਤੇ)*

## ਧਰਤੀ 'ਤੇ ਰਹਿੰਦਿਆਂ...

# ਭਾਵੁਕ ਅਤੇ ਸੰਵੇਦਨਸ਼ੀਲ ਮਨ ਦੀ ਖ਼ੂਬਸੂਰਤ ਕਿਰਤ!!

ਡਾ. ਕੁਲਵਿੰਦਰ ਬਾਠ
ਫੋਨ: 209-600-2897

ਲਫ਼ਜ਼ਾਂ ਅਤੇ ਸ਼ਬਦਾਂ ਦੀ ਜਾਦੂਗਰੀ ਵਾਲਾ ਮਿਠਬੋਲੜਾ ਅਮਰਜੀਤ ਕੌਂਕੇ ਇੱਕ ਸਮਰੱਥ, ਸੰਵੇਦਨਸ਼ੀਲ ਅਤੇ ਖ਼ੂਬਸੂਰਤ ਰੂਹ ਵਾਲਾ ਲੇਖਕ ਹੈ। ਉਸ ਦੀ ਲੇਖਣੀ ਅਤੇ ਸੁਹਿਰਦ ਪਾਠਕਾਂ ਦਾ ਘੇਰਾ ਵੀ ਉਸ ਦੀ ਸੋਚਣੀ ਵਾਂਗ ਹੀ ਵਿਸ਼ਾਲ ਅਤੇ ਬਾਕਮਾਲ ਹੈ। ਪੰਜਾਬੀ ਅਤੇ ਹਿੰਦੀ ਵਿਚ ਰਚੀਆਂ ਦਰਜਨਾਂ ਕਿਤਾਬਾਂ ਤੋਂ ਇਲਾਵਾ ਅਨੇਕਾਂ ਈ ਪੁਸਤਕਾਂ ਦਾ ਅਨੁਵਾਦ ਕਰ ਚੁੱਕੇ ਅਮਰਜੀਤ ਕੌਂਕੇ ਦੀ ਝੋਲੀ ਵੀ ਸਨਮਾਨਾਂ ਨਾਲ 'ਉੱਲਰ' ਰਹੀ ਹੈ। ਦਹਾਕਿਆਂ 'ਤੋਂ ਮਿਆਰੀ ਪੰਜਾਬੀ ਮੈਗਜ਼ੀਨ 'ਪ੍ਰਤਿਮਾਨ' ਪਾਠਕਾਂ ਦੇ ਹੱਥਾਂ ਤੱਕ ਪਹੁੰਚਾਉਂਦਾ ਆ ਰਿਹਾ ਹੈ। ਸਮਾਜ ਨੂੰ ਖ਼ੂਬਸੂਰਤ ਬਣਾਉਣ ਦੇ ਸੁਪਨੇ ਬੁਣਦਿਆਂ, ਆਪਣੇ ਫ਼ਰਜ਼ ਨੂੰ ਸਮਝਦਿਆਂ ਅਤੇ ਨਿਭਾਉਂਦਿਆਂ ਇੱਕ ਸਕਾਰਾਤਮਕ ਸੋਚ ਦਾ ਹੋਕਾ ਦਿੰਦਾ ਆਪਣੀ ਤੋਰੇ ਤੁਰਦਾ-ਤੁਰਦਾ ਤੁਰਦਾ ਹੀ ਰਹਿੰਦਾ ਹੈ! ਉਸ ਦੀਆਂ ਡੂੰਘੀਆਂ ਅਤੇ ਬਹੁਪਰਤੀ ਕਵਿਤਾਵਾਂ ਅਤੇ ਰਚਨਾਵਾਂ ਅਜੋਕੇ ਸਮਾਜ ਦੇ ਚੁਗਿਰਦੇ ਨੂੰ ਲੂਹ ਰਹੀਆਂ ਹਵਾਵਾਂ ਦੇ ਦਰਮਿਆਨ ਸੀਤ ਅਤੇ ਰਮਣੀਕ ਫਿਜ਼ਾਵਾਂ ਦੇ ਬੁੱਲਿਆਂ ਦੇ ਸਮਾਨ ਮਹਿਸੂਸ ਹੁੰਦੀਆਂ ਹਨ।

ਇਸ ਧਰਤੀ 'ਤੇ ਰਹਿੰਦਿਆਂ...

'ਇਸ ਧਰਤੀ 'ਤੇ ਰਹਿੰਦਿਆਂ' ਅਮਰਜੀਤ ਕੌਂਕੇ ਦੇ ਸਾਹਿਤਕ ਸਫ਼ਰ ਦਾ ਨਵਾਂ ਮੀਲ ਪੱਥਰ ਹੈ ਜਿਸ ਨੂੰ ਉਸ ਨੇ ਹੁਣੇ-ਹੁਣੇ ਹੀ ਸਰ ਕੀਤਾ ਹੈ। ਪ੍ਰਤੀਕ ਪਬਲੀਕੇਸ਼ਨ, ਪਟਿਆਲਾ ਦੁਆਰਾ ਪ੍ਰਕਾਸ਼ਿਤ 160 ਸਫਿਆਂ ਅਤੇ ਖ਼ੂਬਸੂਰਤ ਸਰਵਰਕ ਨਾਲ ਸ਼ਿੰਗਾਰੀ ਇਹ ਮਾਰਮਿਕ ਪੁਸਤਕ ਸਮਾਜ ਅਤੇ ਸਮਾਜ ਦੇ ਤਾਣਿਆਂ-ਬਾਣਿਆਂ ਦੇ ਅੰਗ-ਸੰਗ ਘੁੰਮਦੀ ਹੈ। ਇੱਕ ਕੋਮਲ ਕਵੀ-ਦਿਲ ਦੇ ਵਲਵਲਿਆਂ ਵਿਚੋਂ ਉਪਜੀ ਸੰਵੇਦਨਸ਼ੀਲ ਕਾਵਿ ਰਚਨਾ ਹੈ ਜੋ ਪਾਠਕਾਂ ਦਾ ਧਿਆਨ ਖਿੱਚਦੀ ਹੈ। ਪੜ੍ਹਨ ਵਾਲਿਆਂ ਨਾਲ ਸੰਵਾਦ ਰਚਾਉਣ ਨੂੰ ਕਾਹਲੀ ਹੈ...।

ਗੁਰੂਆਂ ਦੀ ਬਾਣੀ ਵਿਚ ਪੌਣ-ਪਾਣੀ ਅਤੇ ਧਰਤੀ ਦਾ ਖ਼ਾਸ ਜ਼ਿਕਰ ਹੈ। ਫਿਰ ਵੀ ਨਾਸ਼ੁਕਰਾ ਇਨਸਾਨ ਕੁਦਰਤ ਅਤੇ ਕੁਦਰਤ ਦੇ ਸੋਮਿਆਂ ਨੂੰ ਬਰਬਾਦ ਕਰਨ ਵਿਚ ਕੋਈ ਕਸਰ ਬਾਕੀ ਰਹਿਣ ਨਹੀਂ ਦੇ ਰਿਹਾ। ਪਲੀਤ ਹੋ ਰਹੇ ਵਾਤਾਵਰਨ ਅਤੇ ਜ਼ਲੀਲ ਹੋ ਰਹੇ ਸਮਾਜਿਕ ਵਰਤਾਰਿਆਂ ਕਾਰਨ ਉੱਠ ਰਹੇ ਤੂਫ਼ਾਨ ਦੀ ਚੁੱਪ ਵਿਚੋਂ ਸ਼ੋਰ ਨੂੰ ਭਾਂਪਦਿਆਂ ਅਮਰਜੀਤ ਕੌਂਕੇ ਦਾ ਕਵੀ ਮਨ ਇਨਸਾਨ ਅਤੇ ਇਨਸਾਨੀਅਤ ਨੂੰ ਹਲੂਣਦਾ ਹੈ ਅਤੇ ਵੰਗਾਰਦਾ ਵੀ ਹੈ। ਉਸ ਦੀਆਂ ਭਾਵਨਾਵਾਂ ਲਫ਼ਜ਼ਾਂ ਦੇ ਬਸਤਰ ਪਹਿਨ ਪਾਠਕਾਂ ਨੂੰ ਵੀ ਹਲੂਣ ਜਾਂਦੀਆਂ ਹਨ ਅਤੇ ਉਹ ਕੁਝ ਵੀ ਦਿਖਾ ਜਾਂਦੀਆਂ ਹਨ ਜੋ ਸ਼ਾਇਦ ਬਹੁਤੇ ਲੋਕ ਦੇਖ ਕੇ ਵੀ ਨਹੀਂ ਦੇਖਦੇ। 'ਇਸ ਧਰਤੀ 'ਤੇ ਰਹਿੰਦਿਆਂ' ਕਾਵਿ ਸੰਗ੍ਰਹਿ ਪੜ੍ਹ ਕੇ ਪੰਜਾਬੀ ਸਾਹਿਤ ਦੇ ਸੁਹਿਰਦ ਪਾਠਕ ਯਕੀਨਨ ਹੀ ਇੰਜ ਮਹਿਸੂਸ ਕਰਨਗੇ।

ਪੁਸਤਕ ਦੀ ਪਹਿਲੀ ਕਵਿਤਾ 'ਇੱਕ ਬਲ਼ਦੀ ਦੁਪਿਹਰ' ਵਿਚ ਲੇਖਕ ਦਾ ਕੋਮਲ ਅਤੇ ਪਸੀਜਿਆ ਹੋਇਆ ਮਨ, ਰਿਸ਼ੀਆਂ-ਮੁਨੀਆਂ ਦੀ ਧਰਤੀ ਦੇ ਵਾਰਸਾਂ ਦੀ ਮਰ ਚੁੱਕੀ ਇਨਸਾਨੀਅਤ ਨੂੰ ਫਿਟਕਾਰਦਾ ਹੈ...

ਸਿਖ਼ਰ ਬਲ਼ਦੀ ਦੁਪਹਿਰ
ਆਪਣੇ ਮੋਢਿਆਂ 'ਤੇ
ਇਕੱਲਾ ਚੁੱਕੀ ਜਾ ਰਿਹਾ
ਇੱਕ ਲਾਚਾਰ ਇਨਸਾਨ
ਆਪਣੀ ਪਤਨੀ ਦੀ ਲਾਸ਼
ਨਾਲ ਬੱਚੀ ਉਸਦੀ
ਜ਼ਾਰੋ ਜ਼ਾਰ ਅੱਥਰੂ ਕੇਰਦੀ


ਮੇਰੇ ਦੇਸ਼ ਦੀ ਜਨਤਾ
ਤੱਕ ਰਹੀ ਉਸਨੂੰ
ਫੋਟੋਆਂ ਖਿੱਚ ਰਹੀ
ਫੇਸਬੁੱਕ ਤੇ ਪਾ ਰਹੀ....।

ਸਦੀਆਂ 'ਤੋਂ ਈ ਚੱਲੀ ਆ ਰਹੀ ਨਾਰੀ ਦੀ ਚੁੱਪ ਨੂੰ ਬਹੁਤ ਈ ਗੰਭੀਰ ਲਫ਼ਜ਼ਾਂ ਵਿਚ ਇੰਜ ਤੋੜਦੇ ਹਨ,

'ਬੋਲਣ ਦਿਉ ਉਸ ਨੂੰ'
ਸਦੀਆਂ 'ਤੋਂ
ਉਸਦੇ ਅੰਦਰ ਪਿਆ ਲਾਵਾ
ਫੁੱਟਣ ਲੱਗਿਆ ਹੈ
ਪੀੜ੍ਹੀਆਂ 'ਤੋਂ
ਉਸ 'ਤੇ ਹੁੰਦੇ
ਤਸ਼ੱਦਦ ਦੀਆਂ ਪਰਤਾਂ
ਵਿਸਫੋਟ ਕਰਨ ਲੱਗੀਆਂ ਹਨ
ਬੋਲਣ ਦਿਆਕਾਸ਼ 'ਤੇ ਚੜ੍ਹੀ ਗਹਿਰ ਹੈ
ਇੱਥੇ ਕਦੇ ਘੁੱਗ ਵੱਸਦਾ ਪੰਜਾਬ ਹੁੰਦਾ ਸੀ...

ਬਦਲਦੇ ਸਮੇਂ ਦੇ ਬਦਲਾ" ਨਾ਼ਲ ਬੜਾ ਕੁਝ ਬਦਲ ਗਿਆ ਹੈ ਅਤੇ ਬਦਲ ਵੀ ਰਿਹਾ ਹੈ। ਬਹੁਤ ਚੰਗਾ ਕੁਛ ਗੁਆਚ ਵੀ ਗਿਆ ਹੈ। ਜਿਸ ਨੂੰ ਨਾ ਬਚਾ ਸਕਣ ਦਾ ਦੁੱਖ ਲੇਖਕ ਨੂੰ ਮੁੜ-ਮੁੜ ਸਤਾਉਂਦਾ ਹੈ।

ਬਹੁਤ ਕੁਝ ਹੋਰ ਸੀ
ਜੋ ਮੈਂ ਬਚਾ ਲੈਣਾ ਚਾਹੁੰਦਾ ਸਾਂ
ਇਹ ਰੁਮਕਦੀ ਪੌਣ
ਇਹ ਸਾਫ਼ ਸ਼ਫਾਫ਼ ਪਾਣੀ
ਬਿਰਖ ਪੌਦੇ ਜੰਗਲ
ਇਹ ਫੁੱਲ ਇਹ ਪਰਿੰਦੇ
ਇਹ ਚਿੜੀਆਂ ਨਿੱਕੀਆਂ ਨਿੱਕੀਆਂ
ਜੋ ਰੁੱਸ ਕੇ ਸਾਥੋਂ




ਦੂਰ ਤੁਰ ਗਈਆਂ
ਪਤਾ ਨੀ ਕਿਧਰੇ...

ਬੇਸ ਏਨਾ ਕੁ ਕੀਤਾ ਮੈਂ
ਕਿ ਬਚਾ ਲਏ
ਕੁਝ ਕੁ ਸ਼ਬਦ
ਆਪਣੀਆਂ ਕਵਿਤਾਵਾਂ ਦੇ ਵਿਚ।

ਆਦਿ ਕਾਲ ਤੋਂ ਹੀ ਮਨੁੱਖ ਆਪਣੇ ਮਨ ਦੇ ਭਾਵਾਂ, ਚਾਵਾਂ, ਅਹਿਸਾਸਾਂ ਤੇ ਵਲਵਲਿਆਂ ਨੂੰ ਲਫਜ਼ਾਂ ਵਿਚ ਉਤਾਰ ਕੇ ਦੂਸਰੇ ਮਨੁੱਖਾਂ ਨਾਲ ਸਾਂਝਿਆਂ ਕਰਦਾ ਰਿਹਾ ਹੈ। ਲ਼ਫ਼ਜ਼ਾਂ ਅਤੇ ਭਾਸ਼ਾਵਾਂ ਦਾ ਹੀ ਮਰ ਜਾਣਾ ਜਾਂ ਫਿਰ ਮਾਰ ਦੇਣਾ ਕੌਮਾਂ ਦੇ ਅੰਤ ਦਾ ਸੂਚਕ ਹੁੰਦਾ ਹੈ। ਅਮਰਜੀਤ ਕੌਂਕੇ ਮਨੁੱਖ ਦੇ ਇਸ ਵਰਤਾਰੇ 'ਤੇ ਸਵਾਲ ਕਰਦਾ ਹੈ...

ਹੈਰਾਨ ਹੈ ਭਾਸ਼ਾ
ਕਿਹੋ ਜਿਹਾ ਬਣ ਗਿਆ ਹੈ ਮਨੁੱਖ
ਭਾਸ਼ਾ ਦੇ ਅੰਗਾਂ ਨੂੰ
ਖੱਟਣ-ਵੱਢਣ ਲੱਗਿਆ

ਜਿਸ ਕੌਮ ਦੀ
ਭਾਸ਼ਾ ਮਰਨ ਲੱਗਦੀ
ਉਸ ਕੌਮ ਦਾ ਅੰਤ ਵੀ
ਬਹੁਤੀ ਦੂਰ ਨਾ ਹੁੰਦਾ।

ਮਨੁੱਖੀ ਜੀਵਨ ਵਿਚ ਪੀੜ੍ਹੀਆਂ ਦਾ ਅੰਤਰ (Generational gap) ਚਲਦਾ ਆਇਆ ਹੈ। ਮੇਰਾ ਬਾਪ ਮੈਨੂੰ ਯਾਦ ਕਰਾਉਂਦਾ ਰਹਿੰਦਾ ਸੀ ਕਿ ਚਾਹੁੰਦੇ ਜਾਂ ਨਾ ਚਾਹੁੰਦੇ ਹੋਏ ਵੀ ਅਸੀਂ ਇੱਕੋ ਜਿਹੀ ਸੋਚ ਨਹੀਂ ਰੱਖ ਸਕਦੇ, ਕਿਉਂਕਿ ਪੀੜ੍ਹੀ ਦਰ ਪੀੜ੍ਹੀ ਦਾ ਬਦਲਾ" ਹੋਣਾ ਕੁਦਰਤੀ ਈ ਹੈ। ਪਰ ਅਜੋਕੇ ਤੇਜ਼ ਤਰਾਰ ਅਤੇ ਟੈਕਨੌਲੋਜੀ ਯੁੱਗ ਵਿਚ ਇੰਜ ਲੱਗਦਾ ਹੈ ਕਿ ਪੀੜ੍ਹੀਆਂ ਦੀ ਵਿਭਿੰਨਤਾ ਹੈਰਾਨੀਜਨਕ ਹੱਦਾਂ ਪਾਰ ਗਈ ਹੈ ਅਤੇ ਕਰ ਰਹੀ ਵੀ ਹੈ।

'ਆਖ਼ਰੀ ਪੀੜ੍ਹੀ ਦੇ ਲੋਕ' ਕਵਿਤਾ ਦੀਆਂ ਕੁਝ ਖ਼ੂਬਸੂਰਤ ਲਾਈਨਾਂ...

ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ
ਜਿਨ੍ਹਾਂ ਨੂੰ ਸ਼ਬਦਾਂ ਨਾਲ ਮੁਹੱਬਤ ਸੀ
ਸ਼ਬਦਾਂ ਦੇ ਖੰਭਾਂ 'ਤੇ ਬੈਠ
ਅਸੀਂ ਕਿੰਨੇ ਅੰਬਰਾਂ ਵਿਚ
ਘੁੰਮ ਆਉਂਦੇ
ਨਹੀਂ ਸਨ ਸਾਡੇ ਕੋਲ
ਫੇਸਬੁੱਕ, ਵਟਸਐਪ, ਇੰਟਰਨੈਟ, ਇੰਸਟਾਗ੍ਰਾਮ
ਸਾਨੂੰ ਤਾਂ ਮਹਿਬੂਬ ਨੂੰ
ਪਰਪੋਜ਼ ਕਰਨ ਲਈ
ਸਾਰੀ ਸਾਰੀ ਉਮਰ ਲੰਘ ਜਾਂਦੀ
ਮਾਂ ਪਿ" ਦੀ ਇੱਜ਼ਤ ਰੱਖਣ ਲਈ
ਡਰਦਿਆਂ ਡਰਦਿਆਂ
ਸੀਨੇ ਵਿਚ ਆਪਣੇ ਅਰਮਾਨਾਂ ਨੂੰ ਦੱਬ ਕੇ
ਸਾਰੀ ਉਮਰ ਜਿਉਂਈ ਜਾਣ ਵਾਲੀ
ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ।

'ਘਰ ਤੁਹਾਨੂੰ ਉਡੀਕਦੇ ਹਨ' ਕਵਿਤਾ ਦੀਆਂ ਲਾਈਨਾਂ ਤਾਂ ਮੇਰੇ ਦਿਲ ਨੂੰ ਧੂਹ ਈ ਪਾ ਗਈਆਂ। ਮੇਰੇ ਵਰਗੇ ਕਈ ਹੋਰ ਵੀ ਦੂਹਰੀ ਜ਼ਿੰਦਗੀ ਦਾ ਸੰਤਾਪ ਹੰਢਾਉਂਦੇ ਹੋਣਗੇ, ਜਿਸ ਨੂੰ ਲੇਖਕ ਨੇ ਖ਼ੂਬਸੂਰਤ ਲ਼ਫ਼ਜ਼ਾਂ ਵਿਚ ਪ੍ਰੋਇਆ ਹੈ:

ਘਰਾਂ ਨੂੰ ਅਲਵਿਦਾ ਕਹਿ ਕੇ
ਤੁਰ ਗਏ ਦੋਸਤੋ!
ਇਹ ਘਰ ਅੱਜ
ਤੁਹਾਡੇ ਹਾਸਿਆਂ 'ਤੋਂ ਬਿਨਾਂ
ਉਦਾਸ ਹਨ
ਤੁਹਾਡੀਆਂ ਅਵਾਜ਼ਾਂ ਦੀ
ਸਰਗਮ ਤੋਂ ਬਿਨਾਂ
ਨਿਰਾਸ਼ ਹਨ

ਘਰ ਤੁਹਾਨੂੰ ਉਡੀਕਦੇ ਹਨ
ਵੱਸਦੇ ਘਰਾਂ ਨੂੰ
ਛੱਡ ਕੇ ਤੁਰ ਗਏ ਦੋਸਤੋ!
ਹੋ ਸਕੇ ਤਾਂ
ਘਰਾਂ ਨੂੰ ਪਰਤ ਆ"...!
ਉਹ ਘਰ ਤੁਹਾਨੂੰ ਉਡੀਕਦੇ ਹਨ!

ਇਸ ਪੁਸਤਕ ਵਿਚ ਦਰਜ 71 ਕੁ ਕਵਿਤਾਵਾਂ ਬਾਰੇ ਵਿਸਤਾਰ ਨਾ਼ਲ ਲਿਖਣਾ ਤਾਂ ਸੰਭਵ ਨਹੀਂ, ਪਰ ਫਿਰ ਵੀ ਸੰਖੇਪ ਵਿਚ- 'ਬਿਸਾਤ', 'ਵਿਰਲਾਪ', 'ਇਸ ਧਰਤੀ 'ਤੇ ਰਹਿੰਦਿਆਂ', 'ਆਖ਼ਰੀ ਪੀੜ੍ਹੀ ਦੇ ਲੋਕ', 'ਵੰਡ', 'ਵੈਂਟੀਲੇਟਰ ਤੇ ਲੱਗੇ ਰਿਸ਼ਤੇ', 'ਘਰ ਤੁਹਾਨੂੰ ਉਡੀਕਦੇ ਹਨ', 'ਮਾਂ ਦਾ ਚਿਹਰਾ', 'ਕੁਝ ਸ਼ਹਿਰ', 'ਕਿਤੇ ਨਹੀਂ ਕੋਈ ਥਾਂ', 'ਦਰਦ ਦੀ ਪਰਿਭਾਸ਼ਾ', 'ਪੁਰਾਣੇ ਸ਼ਹਿਰ 'ਚੋਂ ਲੰਘਦਿਆਂ', 'ਇੱਕ ਸਫ਼ਲ ਬੁੱਧੀਜੀਵੀ', 'ਬੂਟੇ', 'ਕੁੜੀਆਂ', ਸਈਏ ਨੀ', 'ਕਾਲੀ ਹਨ੍ਹੇਰੀ', 'ਦੂਰੋਂ ਦੂਰੋਂ", 'ਸੱਭ ਦੇ ਹਿੱਸੇ ਨਹੀਂ", 'ਗੁਆਚੇ ਲੈਟਰਬਕਸ', 'ਗੁਆਚੀਆਂ ਹੋਈਆਂ ਕਵਿਤਾਵਾਂ' ਜਾਂ ਫਿਰ 'ਪੇਕਿਆਂ ਦਾ ਸੂਟ' ਕਵਿਤਾਵਾਂ ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਤੁਸੀਂ ਲੇਖਕ ਦੀ ਸਮਰੱਥ ਸੋਚਣੀ ਤੇ ਵਿਸ਼ਾਲ ਲੇਖਣੀ ਦਾ ਅੰਦਾਜ਼ਾ ਸਹਿਜੇ ਈ ਲਗਾ ਸਕਦੇ ਹੋ। ਅਮਰਜੀਤ ਕੌਂਕੇ ਇੱਕ ਸਧਾਰਨ ਜਿਹੀ 'ਚਿੱਟੇ ਰੰਗੀ ਕਿਰਨ' ਨੂੰ ਤੋੜ-ਮਰੋੜ/ਉਧੇੜ ਕੇ ਵਿਚੋਂ 'ਸੱਤ ਰੰਗ' ਵੱਖਰੇ-ਵੱਖਰੇ ਛਾਂਟ ਲੈਂਦਾ ਹੈ... ਹਰੇਕ ਰੰਗ ਨੂੰ ਘੋਖਦਾ ਹੈ...ਤੇ...ਫਿਰ ਉਹੀ ਰੰਗ ਮਿਲਾ ਕੇ 'ਅਣਗਿਣਤ' ਈ ਨਵੇਂ ਰੰਗ ਬਣਾਉਣ ਦਾ ਨਿਪੁੰਨ ਖਿਡਾਰੀ ਹੈ। ਹਰੇਕ ਕਵਿਤਾ ਦਾ ਆਪਣਾ ਅਲੱਗ ਈ ਰੰਗ ਅਤੇ ਸਕਾਰਾਤਮਕ ਸੁਨੇਹਾ ਵੀ। ਮੈਨੂੰ ਆਸ ਈ ਨਹੀਂ ਬਲਕਿ ਯਕੀਨ ਹੈ ਕਿ ਪਾਠਕ ਇਹ 'ਮਾਸਟਰ ਪੀਸ' ਜ਼ਰੂਰ ਪਸੰਦ ਕਰਨਗੇ।

ਕਾਸ਼! ਮੈਂ ਵੀ ਲੇਖਕ ਜਿਹੇ ਹੀ ਖ਼ੂਬਸੂਰਤ ਲ਼ਫ਼ਜ਼ਾਂ ਵਿਚ ਇਸ ਅਨਮੋਲ ਕਿਤਾਬ ਬਾਰੇ ਕੁਝ ਚੰਗਾ ਲਿਖ ਸਕਦਾ, ਪਰ ਫਿਰ ਵੀ ਇੱਕ ਪਾਠਕ ਹੋਣ ਦੇ ਨਾਤੇ ਮੈਂ ਜਿੰਨਾ ਕੁ ਪੜ੍ਹਿਆ, ਜਾਣਿਆ ਅਤੇ ਮਾਣਿਆ, ਮੈਨੂੰ ਇਹ ਕਾਵਿ ਸੰਗ੍ਰਹਿ ਬਹੁਤ ਖ਼ੂਬਸੂਰਤ ਅਤੇ ਬਾਕਮਾਲ ਰਚਨਾ ਲੱਗਿਆ- ਇੱਕ ਭਾਵੁਕ ਅਤੇ ਸੰਵੇਦਨਸ਼ੀਲ ਮਨ ਦੀ ਖ਼ੂਬਸੂਰਤ ਕਿਰਤ!!

ਪੰਜਾਬੀ ਸਾਹਿਤ ਦੇ ਸੁਹਿਰਦ ਪਾਠਕਾਂ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਡਾ. ਅਮਰਜੀਤ ਕੌਂਕੇ ਨੂੰ ਮੇਰੇ ਵਲੋਂ ਬਹੁਤ ਬਹੁਤ ਮੁਬਾਰਕਾਂ। ਇਨ੍ਹਾਂ ਦੇ ਅਗਲੇ ਅਤੇ ਅਗਲੇਰੇ ਸਾਹਿਤਕ ਸਫ਼ਰ ਲਈ ਸ਼ੁੱਭ ਇੱਛਾਵਾਂ ਵੀ!!

ਜ਼ਿੰਦਗੀ ਜ਼ਿੰਦਾਬਾਦ॥

---

## ਈਦ-ਉਲ-ਜ਼ੁਹਾ 'ਤੇ

# ਇਸਲਾਮੀ ਦਾਨ ਉਰਫ਼ ਜ਼ਕਾਤ ਅਤੇ ਉਸ ਦੇ ਲਾਭਪਾਤਰੀ

ਰਮੇਸ਼ ਬੱਗਾ ਚੋਹਲਾ
ਫੋਨ: 94631-32719

ਇਸਲਾਮ ਦੇ ਪੰਜ ਥੰਮ੍ਹਾਂ (ਬੁਨਿਆਦੀ ਸਿਧਾਂਤਾਂ) ਵਿਚ ਜ਼ਕਾਤ ਦਾ ਬਹੁਤ ਹੀ ਅਹਿਮਤਰੀਨ ਸਥਾਨ ਹੈ। ਜ਼ਕਾਤ ਤੋਂ ਭਾਵ ਉਸ ਦਾਨ ਤੋਂ ਹੈ ਜੋ ਉਨ੍ਹਾਂ ਪਦਾਰਥਾਂ ਜਾਂ ਧਨ ਵਿਚੋਂ ਦਿੱਤਾ ਜਾਂਦਾ ਹੈ ਜੋ ਇੱਕ ਮੁਸਲਮਾਨ ਕੋਲ ਉਸ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰੀਆਂ ਕਰਨ ਉਪਰੰਤ ਬਚ ਜਾਂਦਾ ਹੈ। ਜ਼ਕਾਤ ਦੇਣ ਦਾ ਮੁੱਖ ਮਨੋਰਥ ਮਨੁੱਖਤਾ ਵਿਸ਼ੇਸ਼ ਕਰਕੇ ਗ਼ਰੀਬਾਂ, ਅਨਾਥਾਂ, ਬੀਮਾਰਾਂ ਅਤੇ ਲੋੜਵੰਦਾਂ ਦੀ ਭਲਾਈ ਹੈ। ਜ਼ਕਾਤ ਦੇਣਾ ਇੱਕ ਸੱਚੇ-ਸੁੱਚੇ ਮੁਸਲਮਾਨ ਦਾ ਫ਼ਰਜ਼ ਹੈ। ਕੁਰਾਨ ਅਤੇ ਹਦੀਸ ਦੀ ਰੌਸ਼ਨੀ ਵਿਚ ਸਮੂਹ ਮੁਸਲਿਮ ਭਾਈਚਾਰਾ ਇਸ ਗੱਲ ਨਾਲ ਇਤਫ਼ਾਕ ਰੱਖਦਾ ਹੈ ਕਿ ਜਿਹੜਾ ਮੁਸਲਮਾਨ ਜ਼ਕਾਤ ਦੇ ਫ਼ਰਜ਼ ਤੋਂ ਇਨਕਾਰੀ ਹੋਵੇਗਾ, ਉਸ ਦਾ ਸ਼ੁਮਾਰ ਕਾਫ਼ਰਾਂ ਵਿਚ ਹੋਵੇਗਾ ਅਤੇ ਆਖ਼ਰ ਵੇਲੇ ਸਖ਼ਤ ਸਜ਼ਾਵਾਂ ਦਾ ਭਾਗੀਦਾਰ ਬਣੇਗਾ।

ਅੱਲ੍ਹਾ-ਤਾਅਲਾ ਨੇ ਕੁਰਾਨ ਵਿਚ ਇਹ ਵੀ ਫ਼ਰਮਾਇਆ ਹੈ ਕਿ ਜਿਹੜੇ ਧਨ ਪਦਾਰਥਾਂ ਨੂੰ ਜੋੜ ਕੇ ਰੱਖਦੇ ਹਨ ਅਤੇ ਉਸ ਨੂੰ ਅੱਲਾਹ ਦੇ ਰਾਹ ਵਿਚ ਖਰਚ ਨਹੀਂ ਕਰਦੇ ਉਹ ਦੋਜ਼ਖ ਦੀ ਅੱਗ ਦੇ ਸੇਕ ਤੋਂ ਨਹੀਂ ਬਚ ਸਕਦੇ। ਹਜ਼ੂਰ ਨਬੀ ਕਰੀਮ ਦਾ ਫ਼ਰਮਾਨ ਹੈ ਕਿ 'ਜਦੋਂ ਕਿਸੇ ਮੁਸਲਮਾਨ ਦੇ ਮਾਲ ਵਿਚ ਜ਼ਕਾਤ ਰਲ ਜਾਵੇ ਤਾਂ ਉਹ ਮਾਲ ਉਸ ਲਈ ਹਲਾਕਤ ਦੇ ਸਮਾਨ ਹੈ।' ਇਸਲਾਮ ਵਿਚ ਜ਼ਕਾਤ ਨੂੰ ਇੱਕ ਇਬਾਦਤ ਕਰਕੇ ਜਾਣਿਆ ਜਾਂਦਾ ਹੈ ਅਤੇ ਇਸ ਨੂੰ ਅੱਲ੍ਹਾ ਦਾ ਹੁਕਮ ਸਵੀਕਾਰਿਆ ਜਾਂਦਾ ਹੈ।

ਇੱਕ ਮੁਸਲਮਾਨ ਵਲੋਂ ਆਪਣਾ ਪਾਕਿ ਫ਼ਰਜ਼ ਸਮਝ ਕੇ ਅਦਾ ਕੀਤੀ ਜਾਣ ਵਾਲੀ ਜ਼ਕਾਤ ਨੂੰ ਲੈਣ ਦਾ ਅਸਲੀ ਪਾਤਰ/ਹੱਕਦਾਰ ਕੌਣ ਹੈ ਇਸ ਬਾਬਤ ਕੁਰਾਨ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:




1. ਫ਼ਕੀਰ ਤੇ ਜ਼ਰੂਰਤਮੰਦ: ਇਨ੍ਹਾਂ ਵਿਚ ਉਹ ਲੋਕ ਸ਼ਾਮਿਲ ਹਨ ਜਿਨ੍ਹਾਂ ਕੋਲ ਕੁੱਝ ਮਾਇਆ ਤਾਂ ਹੈ ਪਰ ਉਨ੍ਹਾਂ ਦੀਆਂ ਵਾਜਿਬ ਲੋੜਾਂ ਨੂੰ ਪੂਰਾ ਨਹੀਂ ਕਰਦੀ। ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਵੀ ਇਹ ਲੋਕ ਕਿਸੇ ਅੱਗੇ ਆਪਣੇ ਹੱਥ ਨਹੀਂ ਫੈਲਾਉਂਦੇ।

2. ਮਿਸਕੀਨ ਤੇ ਅਨਾਥ: ਇਸ ਵਰਗ ਦੇ ਲੋਕਾਂ ਦੀ ਝੋਲੀ ਆਮ ਤੌਰ 'ਤੇ ਸੱਖਣੀ ਹੀ ਰਹਿੰਦੀ ਹੈ ਅਤੇ ਇਹ ਗ਼ਰੀਬਾਂ ਵਾਲੀ ਲਾਈਨ ਤੋਂ ਵੀ ਹੇਠਾਂ ਹੀ ਹੁੰਦੇ ਹਨ। ਇਸ ਵਰਗ ਵਿਚ ਅਨਾਥ, ਮੁਥਾਜ, ਅਪਾਹਜ ਅਤੇ ਵਿਧਵਾ ਔਰਤਾਂ ਸ਼ਾਮਿਲ ਹਨ। ਬੇਰੁਜ਼ਗਾਰ ਭਾਈਚਾਰਾ ਵੀ ਇਸ ਵਿਚ ਹੀ ਸ਼ਾਮਿਲ ਕੀਤਾ ਜਾਂਦਾ ਹੈ।

3. ਆਮਿਲੀਨਾ: ਇਸ ਸ਼੍ਰੇਣੀ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਦੇ ਨਾਮ ਹਕੂਮਤ ਵੱਲੋਂ ਜ਼ਕਾਤ ਦੀ ਵਸੂਲੀ ਲਈ ਮੁਕੱਰਰ ਕੀਤੇ ਜਾਂਦੇ ਹਨ, ਭਾਵ ਉਨ੍ਹਾਂ ਦੀ ਤਨਖ਼ਾਹ ਜ਼ਕਾਤ ਵਿਚੋਂ ਦਿੱਤੀ ਜਾਂਦੀ ਹੈ।

4. ਮੁਅੱਲਫ਼ਤੁਲ ਕੁਲੂਬ: ਇਸ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਨੂੰ ਇਸਲਾਮ ਦਾ ਹਾਮੀ ਬਣਾਈ ਰੱਖਣ ਲਈ ਰੁਪਏ ਦੀ ਲੋੜ ਪੇਸ਼ ਆਵੇ। ਇਸ ਫੰਡ ਨਾਲ ਨਵੇਂ ਬਣੇ ਮੁਸਲਿਮ ਲੋਕਾਂ ਨੂੰ ਵੀ ਸੰਤੁਸ਼ਟ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦਾ ਮਨ ਇਸਲਾਮ ਵਿਚ ਲੱਗਾ ਰਹੇ।

5. ਫ਼ਿਰਿਕਾਬ: ਜੇ ਕੋਈ ਵਿਅਕਤੀ ਗ਼ੁਲਾਮੀ ਦੀ ਜ਼ੰਜੀਰ ਤੋਂ ਛੁਟਕਾਰਾ ਚਾਹੁੰਦਾ ਹੈ ਪਰ ਉਸ ਕੋਲ ਪੈਸੇ ਨਹੀਂ ਹਨ ਤਾਂ ਉਸ ਦੀ ਸਹਾਇਤਾ ਵੀ ਜ਼ਕਾਤ ਦੀ ਰਕਮ ਨਾਲ ਕੀਤੀ ਜਾ ਸਕਦੀ ਹੈ। ਜੇਕਰ ਕੋਈ ਮੁਸਲਿਮ ਕੈਦੀ ਬਿਨਾ ਕਿਸੇ ਕਸੂਰ ਤੋਂ ਕੈਦ ਭੁਗਤ ਰਿਹਾ ਹੋਵੇ ਅਤੇ ਕੁੱਝ ਜੁਰਮਾਨਾ ਅਦਾ ਕਰਕੇ ਉਸ ਦਾ ਖਹਿੜਾ ਛੁੱਟ ਜਾਂਦਾ ਹੋਵੇ ਤਾਂ ਉਸ ਜੁਰਮਾਨੇ ਦੀ ਰਾਸ਼ੀ ਵੀ ਜ਼ਕਾਤ ਵਿਚੋਂ ਦਿੱਤੀ ਜਾ ਸਕਦੀ ਹੈ।


6. ਅਲਗਾਰਿਮੀਨ: ਇਹ ਉਹ ਲੋਕ ਹਨ ਜਿਨ੍ਹਾਂ ਦੇ ਸਿਰ 'ਤੇ ਕਰਜ਼ੇ ਦੀ ਭਾਰੀ ਪੰਡ ਹੋਵੇ ਅਤੇ ਇਸ ਬੋਝ ਕਾਰਨ ਉਨ੍ਹਾਂ ਨੂੰ ਜੀਵਨ ਔਖਿਆਲਾ ਲੱਗਣ ਲੱਗ ਪਏ। ਇਨ੍ਹਾਂ ਦਾ ਜੀਵਨ ਕੁੱਝ ਸੁਖਾਲਾ ਕਰਨ ਹਿੱਤ ਵੀ ਜ਼ਕਾਤ ਦੀ ਲੋੜੀਂਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਇਸ ਮਦ ਵਿਚ ਕਿਸੇ ਐਸ਼ ਬਿਰਤੀ ਜਾਂ ਫ਼ਜ਼ੂਲ ਖ਼ਰਚੇ ਹਿੱਤ ਲਏ ਕਰਜ਼ੇ ਨੂੰ ਉਤਾਰਨਾ ਸ਼ਾਮਿਲ ਨਹੀਂ ਹੈ।

7. ਫ਼ੀਸਬੀ ਲਿੱਲਾਹ: ਇਸ ਮਦ ਅਧੀਨ ਹਰੇਕ ਭਾਂਤ ਦੇ ਨੇਕ ਅਤੇ ਸ਼ੁਭ ਕਾਰਜ ਆਉਂਦੇ ਹਨ ਪਰ ਤਰਜੀਹੀ ਰੂਪ ਵਿਚ ਦੀਨ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕੀਤੇ ਜਾਣ ਵਾਲੇ ਕਾਰਜ ਸ਼ਾਮਿਲ ਹਨ। ਅੱਲ੍ਹਾ ਦੁਆਰਾ ਬਣਾਏ ਗਏ ਮਾਨਵ ਹਿੱਤਕਾਰੀ ਕਾਨੂੰਨਾਂ ਨੂੰ ਸੰਸਾਰ ਵਿਚ ਲਾਗੂ ਕਰਨ ਲਈ ਵਰਤੇ ਜਾਂਦੇ ਜਾਇਜ਼ ਢੰਗ-ਤਰੀਕਿਆਂ ਲਈ ਜ਼ਕਾਤ ਦੀ ਵਰਤੋਂ ਕੀਤੀ ਜਾ ਸਕਦੀ ਹੈ।

8. ਇਬਨੁੱਸਬੀਲ (ਮੁਸਾਫ਼ਿਰ): ਇਸ ਵਿਚ ਉਹ ਮੁਸਾਫ਼ਿਰ ਆਉਂਦੇ ਜਿਹੜੇ ਸਫ਼ਰ ਦੀ ਹਾਲਤ ਵਿਚ ਕਿਰਾਏ-ਭਾੜੇ ਅਤੇ ਹੋਰ ਖ਼ਰਚੇ ਲਈ ਮਜਬੂਰ ਅਤੇ ਆਪਣੀ ਨਿਰਧਾਰਤ ਮੰਜ਼ਿਲ ਤੋਂ ਦੂਰ ਹੁੰਦੇ ਹਨ। ਭਾਵੇਂ ਪ੍ਰਚੱਲਿਤ ਵਿਧਾਨ ਦੇ ਮੁਤਾਬਿਕ ਜ਼ਕਾਤ ਦੀ ਰਕਮ ਨੂੰ ਮਦਰੱਸਿਆਂ ਦੀ ਬੇਹਤਰੀ ਲਈ ਖਰਚ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਪਰ ਕੁਰਾਨ ਮਜੀਦ ਵਿਚ ਦਰਸਾਈਆਂ ਉਪਰੋਕਤ ਮੱਦਾਂ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

# ਮਾਂਗੀ ਪਾਇ ਸੰਧੂਰੁ


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353




ਪਾਕਿਸਤਾਨੀ ਦਹਿਸ਼ਤਗਰਦਾਂ ਵਲੋਂ ਪਹਿਲਗਾਮ ਵਿਚ ਸੈਲਾਨੀਆਂ 'ਤੇ ਕੀਤੇ ਘਾਤਕ ਹਮਲੇ ਪਿਛੋਂ ਭਾਰਤੀ ਸੈਨਾ ਨੇ ਜਵਾਬੀ ਕਾਰਵਾਈ ਵਜੋਂ ਪਾਕਿਸਤਾਨ ਵਿਚ ਵਿਭਿੰਨ ਠਿਕਾਣਿਆਂ 'ਤੇ ਹਮਲੇ ਕਰਕੇ ਉਨ੍ਹਾਂ ਨੂੰ ਤਹਿਸ-ਨਹਿਸ ਕਰਨ ਦਾ ਦਾਅਵਾ ਕੀਤਾ। ਇਸ ਕਾਰਵਾਈ ਦਾ ਨਾਂ 'ਓਪਰੇਸ਼ਨ ਸਿੰਦੂਰ' ਇਸ ਲਈ ਰੱਖਿਆ ਗਿਆ ਕਿਉਂਕਿ ਇਸ ਨੂੰ ਉਨ੍ਹਾਂ ਔਰਤਾਂ ਪ੍ਰਤੀ ਸਮਰਪਿਤ ਕੀਤਾ ਗਿਆ, ਜਿਨ੍ਹਾਂ ਦੇ ਪਤੀ ਇਸ ਹਮਲੇ ਦੌਰਾਨ ਮਾਰੇ ਗਏ, ਅਰਥਾਤ ਜਿਨ੍ਹਾਂ ਦੀ ਮਾਂਗ 'ਚੋਂ ਸੰਧੂਰ ਮੇਟ ਦਿੱਤੇ ਗਏ। ਇਸ ਤਰ੍ਹਾਂ ਇਹ ਓਪਰੇਸ਼ਨ ਸੰਧੂਰ ਮੇਟਣ ਵਾਲਿਆਂ ਵਿਰੁਧ ਕੀਤੀ ਗਈ ਕਾਰਵਾਈ ਬਿਆਨਿਆ ਗਿਆ। ਕਈ ਹਲਕਿਆਂ ਵਲੋਂ ਓਪਰੇਸ਼ਨ ਦੇ ਇਸ ਨਾਂ ਦੀ ਸਖਤ ਨੁਕਤਾਚੀਨੀ ਕੀਤੀ ਗਈ। ਆਲੋਚਕਾਂ ਦਾ ਕਹਿਣਾ ਹੈ ਕਿ ਰਵਾਇਤੀ ਤੌਰ 'ਤੇ ਕਿਸੇ ਫੌਜੀ ਕਾਰਵਾਈ ਦਾ ਨਾਂ ਸੈਨਾ ਦੇ ਅਧਿਕਾਰੀ ਰੱਖਦੇ ਹਨ, ਜੋ ਆਮ ਤੌਰ ਤੇ ਅਜਿਹਾ ਹੁੰਦਾ ਹੈ ਜਿਸ ਵਿਚ ਸੈਨਾ ਦੀ ਸੂਰਬੀਰਤਾ ਝਲਕਦੀ ਹੋਵੇ। ਮੋਦੀ ਸਰਕਾਰ ਵਲੋਂ ਰੱਖੇ ਹਥਲੇ ਨਾਂ ਵਿਚੋਂ ਹਾਕਮ ਪਾਰਟੀ ਦੇ ਰਾਜਸੀ ਮੁਫਾਦ ਹਾਸਿਲ ਕਰਨ ਦਾ ਕਪਟ ਇਰਾਦਾ ਸਪੱਸ਼ਟ ਝਲਕਦਾ ਹੈ। ਹਿੰਦੂ ਵਿਆਹੁਤਾ ਇਸਤਰੀਆਂ ਸਿਰ 'ਤੇ ਸਿੰਦੂਰ (ਪੰਜਾਬੀ ਸੰਧੂਰ) ਲਾਉਂਦੀਆਂ ਹਨ, ਇਸ ਤਰਾਂ ਇਹ ਹਿੰਦੂ ਸੰਸਕ੍ਰਿਤੀ ਦਾ ਚਿੰਨ੍ਹ ਹੈ। ਇਹ ਨਾਂ ਰੱਖ ਕੇ ਭਾਰਤੀ ਲੋਕਾਂ ਨਾ ਸੱਚ ਵੋਟਰਾਂ ਨੂੰ ਇਹ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਇਸ ਓਪਰੇਸ਼ਨ ਨਾਲ ਹਿੰਦੂ ਸੰਸਕ੍ਰਿਤੀ ਨੂੰ ਪਹੁੰਚਾਈ ਠੇਸ ਨੂੰ ਮੁੜ ਬਹਾਲ ਕੀਤਾ ਜਾ ਰਿਹਾ ਹੈ। ਸ਼ਬਦਾਂ ਨਾਲ ਖੇਲ੍ਹ ਕਰਨ ਵਿਚ ਮਾਹਿਰ ਮੋਦੀ ਸਾਹਿਬ ਨੇ ਤਾਂ ਹਾਲ ਹੀ ਵਿਚ ਬੰਗਾਲ ਵਿਖੇ ਇੱਕ ਰੈਲੀ ਵਿਚ ਪਾਕਿਸਤਾਨ ਨੂੰ 'ਸਿੰਦੂਰ ਖੇਲਾ' ਕਰਨ ਦਾ ਦਬਕਾ ਵੀ ਮਾਰਿਆ ਹੈ। ਬੰਗਾਲੀ ਖੇਲਾ, ਪੰਜਾਬੀ ਖੇਲ/ਖੇਡ ਸੰਸਕ੍ਰਿਤ ਕ੍ਰੀੜਾ 'ਤੋਂ ਵਿਉਤਪਤ ਹੋਏ। ਬੰਗਾਲ ਵਿਚ ਦੁਰਗਾ ਪੂਜਾ ਸਮੇਂ ਵਿਆਹੁਤਾ ਔਰਤਾਂ ਇੱਕ-ਦੂਜੇ ਨੂੰ ਸੰਧੂਰ ਲਾ ਕੇ ਇਕ ਦੂਜੇ ਦੇ ਸੁਹਾਗ ਦੀ ਕਾਮਨਾ ਕਰਦੀਆਂ ਹਨ। ਇਸ ਜਸ਼ਨ ਨੂੰ ਸਿੰਦੂਰ ਖੇਲਾ ਕਿਹਾ ਜਾਂਦਾ ਹੈ। ਕਿਸੇ ਵੀ ਸਮੂਹਕ ਹਿੰਸਕ ਵਾਰਦਾਤ ਦੇ ਸਭ ਤੋਂ ਵੱਧ ਦੁਖਾਂਤਕ ਸਿੱਟੇ ਅਬਲਾਵਾਂ ਨੂੰ ਹੀ ਭੁਗਤਣੇ ਪੈਂਦੇ ਹਨ, ਉਨ੍ਹਾਂ ਦਾ ਬਲਾਤਕਾਰ ਹੁੰਦਾ ਹੈ, ਉਹ ਜ਼ਿੰਦਗੀ ਭਰ ਵਿਧਵਾ ਰਹਿਣ ਤੇ ਮਜਬੂਰ ਹੁੰਦੀਆਂ ਹਨ। ਗੁਰੂ ਨਾਨਕ ਨੇ ਬਾਬਰ ਦੇ ਹਿੰਦੁਸਤਾਨ 'ਤੇ ਹਮਲੇ ਦੇ ਨਤੀਜੇ ਭੁਗਤਦੀਆਂ ਇਸਤਰੀਆਂ ਦੀ ਦੁਰਦਸ਼ਾ ਦਰਸਾਉਂਦਿਆਂ ਸੰਧੂਰ ਦਾ ਪ੍ਰਤੀਕ ਵਰਤਿਆ ਹੈ:

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ

ਸਾਹਿਤ ਅਤੇ ਲੋਕ ਜੀਵਨ ਵਿਚ ਵੀ ਸੰਧੂਰ ਭਾਰਤੀ ਇਸਤਰੀ ਦੇ ਸੁਹਾਗ, ਹੁਸਨ, ਸਵੈਮਾਨਤਾ, ਵਫਾਦਾਰੀ ਆਦਿ ਦੇ ਪ੍ਰਤੀਕ ਵਜੋਂ ਸਾਹਮਣੇ ਆਉਂਦਾ ਹੈ।

ਰੱਖੋ ਅਮਨ ਅਤੇ ਖੇੜੇ
ਰੱਖੋ ਹੰਸੂ ਹੰਸੂ ਵੇਹੜੇ
ਨਾਲੇ ਵਹੁਟੀਆਂ ਦਾ ਰੱਖਣਾ ਸੰਧੂਰ ਚਾਹੀਦਾ
-ਮੋਹਨ ਸਿੰਘ।
ਸੱਜ ਵਿਆਂਦੜਾਂ ਦੇ ਮਾਂਗ ਦੇ ਸੰਧੂਰ
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ
- ਸੰਤ ਰਾਮ ਉਦਾਸੀ।
ਮਾਂਗ ਤੇ ਸੰਧੂਰ ਭੁੱਕ ਕੇ,
ਰੰਨ ਮਾਰਦੀ ਛੱਪੜ ਤੇ ਗੇੜੇ।

ਲਾਲ ਰੰਗ ਦੇ ਇਸ ਧੂੜੇ ਨੂੰ ਲਾਲ ਸਿੱਕਾ ਕਿਹਾ ਗਿਆ ਹੈ। ਇਹ ਪਾਰੇ ਦੇ ਸਲਫਾਈਡ ਜਾਂ ਸਿੱਕੇ (ਲਆਦ) ਦੇ ਟੈਟਰਅਕਸਾਈਡ 'ਤੋਂ ਬਣਾਇਆ ਜਾਂਦਾ ਹੈ। ਇਹ ਜੜੀ ਬੂਟੀਆਂ ਖਾਸ ਤੌਰ ਤੇ ਹਲਦੀ, ਆਉਲਾ, ਚੂਨਾ ਆਦਿ ਮਿਲਾ ਕੇ ਵੀ ਬਣਾਇਆ ਜਾਂਦਾ ਰਿਹਾ ਹੈ। ਅੱਜ ਕਲ੍ਹ ਸਿੰਥੈਟਿਕ ਸੰਧੂਰ ਵੀ ਚਲਦੇ ਹਨ। ਵਿਆਹ ਦੇ ਤੁਰੰਤ ਪਿੱਛੋਂ ਵਿਆਂਦੜ ਖੁਦ ਆਪਣੀ ਪਤਨੀ ਦੀ ਮਾਂਗ ਅਤੇ ਮੱਥੇ ਵਿਚ ਸੰਧੂਰ ਭਰਦਾ ਹੈ। ਇਸ ਰਸਮ ਨੂੰ ਸਿੰਦੂਰਦਾਨ ਕਿਹਾ ਜਾਂਦਾ ਹੈ। ਇਸ ਨੂੰ ਮਾਂਗ ਭਰਨਾ ਵੀ ਕਿਹਾ ਜਾਂਦਾ ਹੈ ਜਿਸ ਤੋਂ ਸਮਾਜਕ ਤੌਰ ਤੇ ਇਹ ਭਾਵ ਲਿਆ ਜਾਂਦਾ ਹੈ ਕਿ ਇਹ ਇਸਤਰੀ ਹੁਣ ਮਾਂਗ ਭਰਨ ਵਾਲੇ ਦੀ ਹੋ ਗਈ ਹੈ। ਕਹਿੰਦੇ ਹਨ ਕਿ ਸੰਧੂਰ ਕਦੇ ਝੂਠ ਨਹੀਂ ਬੋਲਦਾ। ਸਮਾਜ ਵਿਚ ਪ੍ਰਚਲਤ ਰਸਮਾਂ-ਰਿਵਾਜਾਂ ਦੀ ਸਮੇਂ-ਸਮੇਂ ਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵੱਖ ਵੱਖ ਵੱਖ ਪ੍ਰਤੀਕਾਤਮਕ ਵਿਆਖਿਆ ਹੋਣ ਲਗਦੀ ਹੈ। ਮਾਂਗ ਦੇ ਸੰਧੂਰ ਨੂੰ ਔਰਤ ਦੇ ਸੁਹਾਗਣ ਹੋਣ, ਉਸਦੇ ਪਤੀ ਪ੍ਰਤੀ ਨਿਸ਼ਠਾਵਾਨ ਹੋਣ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। 'ਮਾਂਗ ਵਿਚ ਸੁਆਹ ਪੈਣੀ' ਮੁਹਾਵਰੇ ਦਾ ਅਰਥ ਹੈ ਰੰਡੀ ਹੋ ਜਾਣਾ। ਪੁਰਾਣਾਂ ਵਿਚ ਸਿਖਿਆ ਦਿੱਤੀ ਗਈ ਹੈ ਕਿ ਪਤੀ ਦੀ ਦੀਰਘ ਆਯੂ ਚਾਹੁਣ ਵਾਲੀਆਂ ਪਤੀਵ੍ਰਤਾ ਔਰਤਾਂ 'ਸਿੰਦੂਰ ਤੋਂ ਦੂਰ' ਨਾ ਜਾਣ। ਇਹ ਮਾਨਤਾ ਲੋਕ ਮਨ ਵਿਚ ਏਨੀ ਪੱਕੀ ਹੈ ਕਿ ਸੁਹਾਗਣ ਦੀ ਸੰਧੂਰਦਾਨੀ ਉਸ ਦੀ ਅਸਥੀ ਦੇ ਨਾਲ ਹੀ ਜਾਂਦੀ ਹੈ। ਸੰਧੂਰ ਨੂੰ ਉਰਵਰਤਾ ਅਰਥਾਤ ਜਣਨ ਸ਼ਕਤੀ ਦੀ ਦੇਵੀ ਪਾਰਵਤੀ ਵਲੋਂ ਪਤਨੀ ਨੂੰ ਪਤੀ ਦੀ ਚਿਰੰਜੀਵਤਾ ਲਈ ਦਿੱਤਾ ਅਸ਼ੀਰਵਾਦ ਸਮਝਿਆ ਜਾਂਦਾ ਹੈ। ਇਸ ਦੀ ਅਧਿਆਤਮਕ ਮਹੱਤਾ ਵੀ ਦੱਸੀ ਜਾਂਦੀ ਹੈ। ਅਖੇ ਸਿਰ ਵਿਚ ਮਾਂਗ ਵਾਲੇ ਹਿੱਸੇ ਵਿਚ ਮਨੁੱਖ ਦੀ ਤੀਜੀ ਅੱਖ (ਅਜਨ ਚੱਕਰ) ਹੁੰਦਾ ਹੈ। ਸੰਧੂਰ ਇਸ ਤੀਜੀ ਅੱਖ ਨੂੰ ਖੋਲ੍ਹ ਕੇ ਜੀਵਨ ਦੀ ਸਮਝ ਨੂੰ ਉਚੇਰੇ ਪੱਧਰ 'ਤੇ ਲੈ ਜਾਂਦਾ ਹੈ। ਇਸ ਨਾਲ ਭਾਵਕ ਸਮਤੋਲ ਵੀ ਬਣਿਆ ਰਹਿੰਦਾ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਪਰੰਪਰਕ ਤੌਰ 'ਤੇ ਭਾਰਤ ਵਿਚ ਵਿਆਹੁਤਾ ਔਰਤਾਂ ਸ਼ਿੰਗਾਰ ਵਜੋਂ ਸੰਧੂਰ, ਬਿੰਦੀ, ਚੂੜੀਆਂ ਤੇ ਜੋ ਕੁਝ ਹੋਰ ਗਹਿਣੇ ਪਹਿਨਦੀਆਂ ਹਨ (ਜੇ ਸਾਲੂ ਵੀ ਵਿਚ ਗਿਣ ਲਈਏ) ਉਨ੍ਹਾਂ ਦਾ ਰੰਗ ਲਾਲ ਸੂਹਾ ਹੁੰਦਾ ਹੈ। ਲਾਲ ਰੰਗ ਲਹੂ ਰੰਗਾ ਹੋਣ ਕਾਰਨ ਉਤਸ਼ਾਹ, ਪ੍ਰੇਮ, ਉਰਬਰਤਾ, ਸ਼ਕਤੀ, ਲਗਨ ਅਤੇ ਜੀਵੰਤਤਾ ਦੀ ਨਿਸ਼ਾਨੀ ਸਮਝੀ ਜਾਦੀ ਹੈ। ਪੰਜਾਬੀ ਵਿਚ ਕਿਹਾ ਜਾਂਦਾ ਹੈ, ਮਾਂਗ ਵਿਚ ਸੰਧੂਰ ਵਰਸੇ। ਗੁਰੂ ਨਾਨਕ ਵੀ ਕਹਿੰਦੇ ਹਨ, 'ਭਰੀਐ ਮਾਂਗ ਸੰਧੂਰੇ'। ਸੰਸਕ੍ਰਿਤ ਵਿਚ ਸਿੰਦੂਰਿਕਾ ਦਾ ਮਤਲਬ ਸੁਹਾਗਣ ਹੁੰਦਾ ਹੈ।

ਦੂਜੇ ਪਾਸੇ ਨਾਰੀਵਾਦੀ ਸੋਚ ਅਨੁਸਾਰ ਸੰਧੂਰ ਔਰਤ ਵਲੋਂ ਮਰਦ ਦੇ ਚੁੱਪ-ਚਾਪ ਪਿਛਲੱਗ ਬਣ ਜਾਣ ਦਾ ਪ੍ਰਤੀਕ ਹੈ ਤੇ ਇਸ ਲਈ ਇਹ ਤਿਆਗਣਯੋਗ ਹੈ। 'ਓਪਰੇਸ਼ਨ ਸਿੰਦੂਰ' ਤੇ ਇਸ ਦਾ ਪਰਚਾਰ ਇਸ ਨਾਰੀਵਾਦੀ ਸੋਚ ਦੇ ਵਿਰੋਧ ਵਿਚ ਔਰਤ ਦੀ ਮਰਦ ਤੇ ਨਿਰਭਰਤਾ ਨੂੰ ਦ੍ਰਿੜ ਕਰਦਾ ਹੈ: 'ਮੈਂ ਮਾਂਗ ਭਰਾਈ ਪਰ ਮਨ ਖਾਲੀ ਸੀ' ਜਿਹੀ ਤੁਕ ਔਰਤ ਦੀ ਮਰਜ਼ੀ ਬਿਨਾਂ ਹੋਏ ਵਿਆਹ ਵੱਲ ਸੰਕੇਤ ਕਰਦੀ ਹੈ, ਅਰਥਾਤ ਰਿਸ਼ਤਾ ਤਾਂ ਹੋਇਆ ਪਰ ਅੰਦਰੋਂ ਪਿਆਰ ਭਾਵਨਾ ਅਲੋਪ ਸੀ। ਮੇਰੀ ਜਾਚੇ ਹੋਰ ਸ਼ਿੰਗਾਰ ਸਮੱਗਰੀਆਂ ਦੀ ਤਰ੍ਹਾਂ ਸੰਧੂਰ ਵੀ ਮੁਢਲੇ ਤੌਰ 'ਤੇ ਮਰਦ ਨੂੰ ਰਿਝਾਵਣ ਦਾ ਇਕ ਵਸੀਲਾ ਹੈ, ਬਾਕੀ ਵਿਆਖਿਆਵਾਂ ਬਾਅਦ ਦੀਆਂ ਹਨ। ਲਾਲ ਰੰਗ ਇਸਤਰੀ ਦੀ ਮਾਹਵਾਰੀ ਦਾ ਰੰਗ ਹੈ ਜਿਸ ਕਾਰਨ ਇਹ ਉਰਬਰਤਾ ਦਾ ਪ੍ਰਤੀਕ ਹੈ। ਇਸਤਰੀ ਨੂੰ ਪਰੰਪਰਕ ਤੌਰ 'ਤੇ ਜਣਨੀ ਹੀ ਸਮਝਿਆ ਗਿਆ ਹੈ।

ਆਪਟੇ ਦੇ ਸੰਸਕ੍ਰਿਤ ਕੋਸ਼ ਅਨੁਸਾਰ ਸਿੰਦੂਰ ਦੀ ਵਿਉਤਪਤੀ 'ਸਯੰਦ+ਊਰਨ' ਤੋਂ ਹੈ। ਸੰਸਕ੍ਰਿਤ ਸਯੰਦ ਵਿਚ ਰਿਸਣ, ਟਪਕਣ, ਚੋਣ ਦੇ ਭਾਵ ਹਨ। ਕੋਸ਼ ਨੇ ਸਪੱਸ਼ਟ ਨਹੀਂ ਕੀਤਾ ਕਿ ਸਿੰਦੂਰ ਦਾ ਰਿਸਣ ਨਾਲ ਕੀ ਸਬੰਧ ਹੈ। ਕੀ ਸਿੰਦੂਰ ਮਾਂਗ ਵਿਚ ਟਪਕਾਇਆ ਜਾਂਦਾ ਹੈ? ਸਿੰਦੂਰ ਇਕ ਦਰਖਤ ਦਾ ਵੀ ਨਾਂ ਹੈ, ਸੰਭਵ ਤੌਰ 'ਤੇ ਪਹਿਲੀਆਂ ਵਿਚ ਇਸ ਦੇ ਰਿਸਾਅ 'ਤੋਂ ਸੰਧੂਰ ਬਣਾਇਆ ਜਾਂਦਾ ਹੋਵੇਗਾ। ਸਯੰਦ ਤੋਂ ਬਣੇ ਕੋਈ ਵੀ ਹੋਰ ਉਦਾਹਰਣ ਮੈਨੂੰ ਸੰਸਕ੍ਰਿਤ ਸਮੇਤ ਕਿਸੇ ਹੋਰ ਭਾਸ਼ਾ ਵਿਚ ਨਹੀਂ ਮਿਲੇ। ਕਿਧਰੇ ਕਿਧਰੇ ਸਿੰਧ ਦਰਿਆ ਦਾ ਨਾਂ ਵੀ ਇਸ ਨਾਲ ਜੋੜਿਆ ਮਿਲਦਾ ਹੈ। ਸੰਧੂਰ ਦੀ ਵਰਤੋਂ ਚਿੱਤਰਾਂ ਆਦਿ ਬਣਾਉਣ ਵਾਲੇ ਰੰਗ ਵਜੋਂ ਵੀ ਕੀਤੀ ਜਾਂਦੀ ਹੈ ਤੇ ਪੂਜਾ ਸਮੱਗਰੀ ਵਜੋਂ ਵੀ। ਸੰਧੂਰ ਵਰਗੇ ਲਾਲ ਰੰਗ ਨੂੰ ਸੰਧੂਰੀ ਕਿਹਾ ਜਾਂਦਾ ਹੈ, ਸੰਧੂਰ ਰੰਗੇ ਅੰਬ ਸੰਧੂਰੀ ਕਹਾਉਂਦੇ ਹਨ। ਸੰਧੂਰ ਪੂੰਝਣਾ, ਸੰਧੂਰ ਮਿਟਾਉਣਾ ਆਦਿ ਮੁਹਾਵਰੇ ਹਨ। ਸੰਧੂਰਨਾ ਦਾ ਮਤਲਬ ਹੈ ਸੰਧੂਰ ਚੜ੍ਹਾਉਣਾ। ਊਸ਼ਾ ਵੇਲੇ ਗਾਈ ਜਾਣ ਵਾਲੀ ਇੱਕ ਰਾਗਣੀ ਦਾ ਨਾਂ ਹੈ ਸੰਧੂਰੀ ਟੋਡੀ। ਕੁਝ ਹੋਰ ਭਾਸ਼ਾਵਾਂ ਵਿਚ ਸੰਧੂਰ ਲਈ ਸ਼ਬਦ ਹਨ: ਸਿੰਧੀ: ਸਿੰਦੂਰੂ, ਕਮਾਉਣੀ: ਸਿਨੂਰ ਬੰਗਾਲੀ,ਉੜੀਆ; ਸਿੰਦੁਰ, ਭੋਜਪੁਰੀ; ਸੇਨੁਰ, ਮਰਾਠੀ: ਸੇਂਦੂਰ ਆਦਿ।

ਸੰਧੂਰ ਦਾ ਜ਼ਿਕਰ ਮਾਂਗ ਤੋਂ ਬਿਨਾਂ ਅਧੂਰਾ ਹੈ। ਉਝ ਵੀ 'ਮਾਂਗ ਭਰਨਾ' ਦਾ ਮਤਲਬ ਹੀ ਮਾਂਗ ਵਿਚ ਸੰਧੂਰ ਭਰਨਾ ਹੈ। ਮਈਆ ਸਿੰਘ ਦੇ ਕੋਸ਼ ਵਿਚ ਮਾਂਗ ਦਾ ਅਰਥ ਹੀ ਸੰਧੂਰ ਦੱਸਿਆ ਗਿਆ ਹੈ। ਇਸ ਲਈ ਮਾਂਗ ਸ਼ਬਦ ਦੀ ਵਿਆਖਿਆ ਵੀ ਜ਼ਰੂਰੀ ਹੈ। ਮਾਂਗ ਕੇਸਾਂ ਵਿਚਕਾਰ ਵਾਲਾਂ ਨੂੰ ਦੋ ਹਿੱਸਿਆਂ ਵਿਚ ਵੰਡਦੀ ਲੀਕ ਨੂੰ ਆਖਦੇ ਹਨ। ਪੰਜਾਬੀ ਵਿਚ ਇਸ ਲਈ ਸਵੈ-ਸਿੱਧ ਸ਼ਬਦ ਚੀਰ ਹੈ। ਚੀਰ ਕਢਣਾ ਆਮ ਮੁਹਾਵਰਾ ਹੈ। ਗੌਰਤਲਬ ਹੈ ਕਿ ਚੀਰ ਸ਼ਬਦ ਮਰਦ ਦੇ ਪਟਿਆਂ ਨੂੰ ਦੋ ਹਿੱਸਿਆਂ ਵਿਚ ਵੰਡਦੀ ਰੇਖਾ ਨੂੰ ਵੀ ਕਿਹਾ ਜਾ ਸਕਦਾ ਹੈ ਪਰ ਮਾਂਗ ਸਿਰਫ਼ ਇਸਤਰੀ ਦੇ ਚੀਰ ਲਈ ਰਾਖਵਾਂ ਹੋ ਗਿਆ ਹੈ। ਬੰਗਾਲੀ ਮਰਦਾਂ ਦੀ ਬੋਲ-ਚਾਲ ਵਿਚ ਮਾਂਗ ਨੂੰ ਯੋਨੀ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਸੰਸਕ੍ਰਿਤ ਵਲੋਂ ਆਏ ਮਾਂਗ ਸ਼ਬਦ ਦਾ ਇੱਕ ਅਰਥ ਅਵੱਸ਼ਕਤਾ, ਲੋੜ, ਚਾਹ, ਜਾਚਨਾ ਜਿਹਾ ਹੈ, ਜਿਸ ਦਾ ਪੰਜਾਬੀ ਰੂਪ ਮੰਗ ਹੈ। ਇਕ ਸ੍ਰੋਤ ਨੇ ਉਲ-ਜਲੂਲ ਦਲੀਲਾਂ ਨਾਲ ਇਸ ਚੀਰ ਵਾਲੀ ਮਾਂਗ ਨੂੰ ਲੋੜ ਦੇ ਅਰਥਾਂ ਵਾਲੇ ਮਾਂਗ ਸ਼ਬਦ ਨਾਲ ਜੋੜ ਦਿੱਤਾ ਹੈ। ਇਸ ਅਨੁਸਾਰ ਮਾਂਗ ਦੀ ਲੀਕ ਜਾਂ ਚੀਰ ਔਰਤ ਦੇ ਸਿਰ ਦੀ ਉਹ ਰੇਖਾ ਹੈ ਜਿਸ ਉਪਰ ਪਤੀ ਅਧਿਕਾਰ ਜਮਾ ਲੈਂਦਾ ਹੈ ਅਰਥਾਤ ਜਿਸ ਦੀ ਪਤੀ ਨੇ ਮਾਂਗ (ਮੰਗ) ਕੀਤੀ ਹੈ। ਸੰਧੂਰ ਇਸ ਦਾਅਵੇ ਦੇ ਪ੍ਰਮਾਣ ਦੀ ਨਿਸ਼ਾਨੀ ਹੈ, ਅਰਥਾਤ ਇਸ ਮੰਗ ਦੀ ਪੂਰਤੀ ਹੋ ਗਈ ਹੈ। ਇਸ ਵਿਆਖਿਆ ਨੂੰ ਹੋਰ ਪੁਸ਼ਟ ਕਰਨ ਲਈ ਕੁੜਮਾਈ ਦੇ ਅਰਥਾਂ ਵਾਲਾ ਮੰਗਣੀ ਸ਼ਬਦ ਪ੍ਰਸਤੁਤ ਕਰ ਦਿੱਤਾ, ਮੰਗਣੀ ਰਾਹੀਂ ਭਾਵੀ ਪਤੀ ਕਿਸੇ ਨਾਰ ਨੂੰ ਆਪਣੀ ਪਤਨੀ ਬਣਨ ਦੀ ਮੰਗ ਕਰਦਾ ਹੈ।

ਹਕੀਕਤ ਵਿਚ ਮਾਂਗ ਸ਼ਬਦ ਰਾਹ, ਪੰਥ ਦੇ ਅਰਥਾਂ ਵਾਲੇ 'ਮਾਰਗ' ਸ਼ਬਦ ਨਾਲ ਸਬੰਧਤ ਹੈ। ਦੋ ਪਾਸਿਆਂ ਵਿਚ ਵੰਡੇ ਹੋਏ ਸਿਰ ਦੇ ਵਾਲਾਂ ਦੀ ਵਿਚਕਾਰਲੀ ਲੀਕ ਇੱਕ ਮਾਰਗ ਦਾ ਭੁਲੇਖਾ ਹੀ ਤਾਂ ਪਾਉਂਦੀ ਹੈ। ਮਾਰਗ ਤੋਂ ਪ੍ਰਾਕ੍ਰਿਤ ਵਿਚ ਮੱਗ ਸ਼ਬਦ ਬਣਦਾ ਹੈ, ਜਿਸ ਤੋਂ ਅੱਗੇ ਮਾਂਗ ਵਿਉਤਪਤ ਹੁੰਦਾ ਹੈ। ਮਾਰਗ ਤੇ ਇਸ ਨਾਲ ਜੁੜਦੇ ਸ਼ਬਦਾਂ ਬਾਰੇ ਬਹੁਤ ਪਹਿਲਾਂ ਲਿਖਿਆ ਗਿਆ ਸੀ, ਪਰ ਉਦੋਂ ਹਥਲੇ ਮਾਂਗ ਦਾ ਜ਼ਿਕਰ ਨਹੀਂ ਸੀ ਕੀਤਾ ਗਿਆ। ਸੰਖੇਪ ਵਿਚ ਦੁਹਰਾਈ ਜ਼ਰੂਰੀ ਹੈ। ਇਸ ਸ਼ਬਦ ਦਾ ਸੰਸਕ੍ਰਿਤ ਧਾਤੂ ਮ੍ਰਗ ਹੈ ਜਿਸ ਵਿਚ ਲੱਭਣਾ, ਖੋਜਣਾ, ਤਲਾਸ਼ਣਾ ਦੇ ਭਾਵ ਹਨ। ਸ਼ਿਕਾਰ ਕਰਦਿਆਂ ਜਾਨਵਰ ਆਪਣੇ ਸ਼ਿਕਾਰ ਦੀ ਖੋਜ ਹੀ ਕਰਦੇ ਹਨ, ਇਸ ਲਈ ਖੋਜ ਦੀ ਪ੍ਰਕਿਰਿਆ ਕਿਸੇ ਰਸਤੇ ਡੰਡੀ 'ਤੇ ਹੁੰਦੀ ਹੈ। ਐਨ ਪੰਥ ਦੀ ਤਰ੍ਹਾਂ ਧਰਮ, ਦਰਸ਼ਨ, ਵਿਚਾਰਧਾਰਾ ਆਦਿ ਦੇ ਪ੍ਰਸੰਗ ਵਿਚ ਮਾਰਗ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇ ਜੈਨ ਮਾਰਗ। ਪੰਥ ਸ਼ਬਦ ਵਿਚ ਵੀ ਮਾਰਗ ਜਾਂ ਇਕ ਵਿਸ਼ੇਸ਼ ਮਾਰਗ ਦੇ ਭਾਵ ਨਿਹਿਤ ਹਨ। ਇਸ ਲਈ ਮੁਢਲੇ ਤੌਰ 'ਤੇ ਮਾਰਗ ਉਹ ਹੀ ਰਸਤਾ ਹੈ ਜਿਸ ਵਿਚ ਦੀ ਜਾਨਵਰ ਆਪਣੇ ਸ਼ਿਕਾਰ ਲਈ ਤੁਰਦਾ ਹੈ। ਪ੍ਰਾਚੀਨ ਵਿਚ ਮਿਰਗ ਸ਼ਬਦ ਦਾ ਅਰਥ ਕੋਈ ਵੀ ਚੌਪਾਇਆ ਜਾਨਵਰ ਸੀ, 'ਬਨ ਕਾ ਮਿਰਗੁ ਮੁਕਤਿ ਸਭੁ ਹੋਗ'-ਕਬੀਰ। ਭਾਵੇਂ ਕਿ ਅੱਜ ਅਸੀਂ ਇਸ ਨੂੰ ਹਿਰਨ ਦੇ ਅਰਥਾਂ ਵਿਚ ਹੀ ਜਾਣਦੇ ਹਾਂ। ਮਿਰਗ ਸ਼ਬਦ ਹਿਰਨਾਂ ਜਿਹੇ ਹੋਰ ਜਾਨਵਰਾਂ ਜਿਵੇਂ ਸਾਂਬਰ, ਬਾਰਾਂਸਿੰਗਾ ਆਦਿ ਲਈ ਆਮ ਸ਼ਬਦ ਹੈ। ਮਿਰਗ ਤ੍ਰਿਸ਼ਨਾ ਵਿਚ ਵੀ ਪਾਣੀ ਦੀ ਖੋਜ ਦਾ ਹੀ ਭਾਵ ਹੈ। ਹਿਰਨ ਦੇ ਸਿਰ ਜਿਹਾ ਹੋਣ ਕਰਕੇ ਇੱਕ ਨਛੱਤਰ ਦਾ ਨਾਂ ਮਿਰਗਸ਼ੀਰਸ਼ ਹੈ। ਦੇਸੀ ਨੌਵੇਂ ਮਹੀਨੇ ਦਾ ਨਾਂ ਇਸ ਪਿੱਛੇ ਹੀ ਰੱਖਿਆ ਗਿਆ ਹੈ। ਇਸ 'ਤੋਂ ਵਿਗੜ ਕੇ ਪੰਜਾਬੀ ਮੱਘਰ ਬਣਿਆ। ਫਾਰਸੀ ਵਲੋਂ ਆਇਆ ਮੁਰਗ ਸ਼ਬਦ ਇਸ ਦਾ ਸਜਾਤੀ ਹੈ। ਫਾਰਸੀ ਵਿਚ ਮੁਰਗ ਕਿਸੇ ਵੀ ਪੰਛੀ ਨੂੰ ਆਖਦੇ ਹਨ ਭਾਵੇਂ ਕਿ ਮੁਰਗਾ ਦੇ ਰੂਪ ਵਿਚ ਅਸੀਂ ਇਸ ਨੂੰ ਕੁੱਕੜ ਦੇ ਅਰਥਾਂ ਵਿਚ ਹੀ ਲੈਂਦੇ ਹਾਂ। ਮੁਰਗਾਬੀ (ਮੁਰਗ+ਆਬ) ਪਾਣੀ ਵਿਚ ਤੈਰਨ ਵਾਲਾ ਪੰਛੀ ਹੈ।

# ਅਪਰੇਸ਼ਨ ਸੰਧੂਰ ਬਨਾਮ ਵਿਧਵਾ ਕਲੋਨੀ


ਮੰਝੈਲ ਸਿੰਘ ਸਰਾਂ


ਬੇਗੁਨਾਹ ਤੇ ਨਿਹੱਥੇ ਦਾ ਕਤਲ ਕਰਨਾ ਕਾਨੂੰਨਨ ਅਪਰਾਧ ਹੀ ਨਹੀਂ ਬਲਿਕ ਘਿਨਾਉਣਾ ਪਾਪ ਵੀ ਹੁੰਦਾ ਹੈ, ਮੁਲਕ ਦਾ ਕਾਨੂੰਨ ਮੁਜਰਿਮ ਦੀ ਪਛਾਣ ਕਰ ਕੇ ਉਹਨੂੰ ਕਟਹਿਰੇ ਵਿਚ ਖੜ੍ਹਾ ਕਰਦਾ ਤੇ ਅਪਰਾਧੀ ਨੂੰ ਉਹਦੀ ਕੀਤੀ ਕਰਤੂਤ ਦੀ ਬਣਦੀ ਸਜ਼ਾ ਦਿੰਦਾ ਪਰ ਪਾਪ ਦੀ ਸਜ਼ਾ ਕਈ ਵਾਰ ਲੰਮਾ ਵਕਤ ਲੈ ਜਾਂਦੀ; ਅਗਲੀਆਂ ਪੀੜ੍ਹੀਆਂ ਤੱਕ ਵੀ ਚਲੇ ਜਾਂਦੀ ਆ ਕਿਉਂਕਿ ਇਹ ਸਜ਼ਾ ਕਿਸੇ ਦੁਨਿਆਵੀ ਅਦਾਲਤ ਨੇ ਨਹੀਂ ਦੇਣੀ ਹੁੰਦੀ ਇਹ ਉਨ੍ਹਾਂ ਬਦਕਿਸਮਤ ਜਿਸਮਾਂ 'ਚੋਂ ਧੁਰ ਅੰਦਰੋਂ ਨਿਕਲਦੀਆਂ ਧਾਹਾਂ ਨੇ ਦੁਆਣੀ ਹੁੰਦੀ, ਜਿਨ੍ਹਾਂ ਨੇ ਆਪਣਿਆਂ ਨੂੰ ਆਪਣੀਆਂ ਅੱਖਾਂ ਨਾਲ ਗੋਲੀ ਖਾ ਕੇ ਲਹੂ ਦੀਆਂ ਧਰਾਲਾਂ ਦੇ ਛੱਪੜ ਵਿਚ ਬਦਲਦੇ ਦੇਖਿਆ ਹੋਵੇ ਜਿਹੜਾ ਮਹਿਜ਼ ਇੱਕ ਮਿੰਟ ਪਹਿਲਾਂ ਹੀ ਹੱਸ-ਹੱਸ ਗੱਲਾਂ ਕਰਦਾ ਸੀ। ਕੁਛ ਦਿਨ ਪਹਿਲਾਂ ਬਣੀ ਸੁਹਾਗਣ ਆਪਣੇ ਡਿੱਗੇ ਸੁਹਾਗ ਦੇ ਕੋਲ ਬਹਿ ਕੇ ਉਹਨੂੰ ਲਾਸ਼ ਕਿੱਦਾਂ ਕਹੇ ਉਹਦਾ ਅੰਦਰਲਾ ਦਰਦ ਸ਼ਾਇਦ ਅੱਖਾਂ ਵੀ ਇਹ ਮੰਨਣ ਨੂੰ ਤਿਆਰ ਨਾ ਹੋਣ ਕਿਉਂਕਿ ਅਕਹਿ ਖੁਸ਼ੀ ਤੋਂ ਅਸਹਿ ਗਮੀ ਵਿਚ ਬਦਲਣਾ ਉਹ ਵੀ ਇੱਕ ਮਿੰਟ ਵਿਚ ਜਿਹੜੀ ਇੱਕ ਸ਼ੈਤਾਨ ਤੇ ਹੈਵਾਨ ਬੰਦੇ ਦੀ ਗੋਲੀ ਨੇ ਕਰ ਦਿੱਤਾ ਜਾਂ ਕਰਵਾ ਦਿੱਤਾ।

ਅਪ੍ਰੈਲ ਮਹੀਨੇ ਵਿਚ ਇੱਕ ਏਹੋ ਜਿਹੀ ਦਰਿੰਦਗੀ ਨੂੰ ਪਹਿਲਗਾਮ ਵਿਚ ਅੰਜ਼ਾਮ ਦਿੱਤਾ ਗਿਆ। ਹਸਦੇ-ਖੇਡਦੇ ਘਰੋਂ ਛੁੱਟੀਆਂ ਮਨਾਉਣ ਆਏ 26 ਇਨਸਾਨਾਂ ਨੂੰ ਉਨ੍ਹਾਂ ਦੇ ਘਰਦੇ ਜੀਆਂ ਦੇ ਸਾਹਮਣੇ ਦੋ ਮਿੰਟ 'ਚ ਗੋਲੀਆਂ ਨਾਲ ਭੁੰਨ ਸੁੱਟਿਆ, ਐਡਾ ਕਹਿਰ, ਐਨੀ ਜ਼ੁਲਮ ਦੀ ਇੰਤਹਾ ਕਿ 26 ਬੀਬੀਆਂ ਦੇ ਸਿਰ ਦੇ ਸੰਧੂਰ ਮਿਟਾ ਕੇ ਜਰਵਾਣੇ 'ਓਹ ਗਏ ਓਹ ਗਏ' ਮੁਲਕ ਵਿਚ ਤਾਂ ਹਲਚਲ ਮਚਣੀ ਹੀ ਸੀ ਸਾਰੀ ਦੁਨੀਆਂ ਨੇ ਇਹਨੂੰ ਕਾਇਰਾਨਾ ਹਰਕਤ ਗਰਦਾਨਿਆ। ਇਸ ਮੁਲਕ ਵਿਚ ਸੰਧੂਰ ਇਹ ਪਹਿਲੀ ਵਾਰ ਨਹੀਂ ਮਿਟਾਏ ਬੱਸ ਆਵਾਜ਼ ਹੀ ਇਹਦੇ ਖ਼ਿਲਾਫ ਸਿਰਫ ਗੁਰੂ ਨਾਨਕ ਜੀ ਨੇ ਉਠਾਈ ਸੀ 'ਜਿਨਿ ਸਿਰੁ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ' ਉਨ੍ਹਾਂ ਨੇ ਆਪਣੀ ਬਾਬਰਵਾਣੀ ਵਿਚ ਸਿੱਧਾ ਹੀ ਉਂਗਲੀ ਕਰ ਕੇ ਜਿੱਥੇ ਬਾਬਰ ਨੂੰ ਜ਼ਿੰਮੇਵਾਰ ਕਿਹਾ, ਨਾਲ ਹੀ ਦਿੱਲੀ ਵਾਲਿਆਂ ਨੂੰ ਵੀ ਕਸੂਰਵਾਰ ਠਹਿਰਾਇਆ ਕਿ ਜੇ ਤੁਸੀਂ ਮਰਦ ਹੁੰਦੇ ਤਾਂ ਬਾਹਰੋਂ ਆ ਕੇ ਕੋਈ ਹਮਲਾਵਰ ਸੰਧੂਰ ਮਿਟਾਉਣ ਦੀ ਜੁਰਅਤ ਵੀ ਕਿੱਦਾਂ ਕਰ ਜਾਂਦਾ, ਹੁਣ ਵਾਲਾ ਹਿੰਦੁਸਤਾਨ ਪੰਜ ਸੌ ਸਾਲ ਪਹਿਲਾਂ ਵਾਲਾ ਨਹੀਂ ਰਿਹਾ। ਹੁਣ ਦਾ ਹਿੰਦੂ ਹੁਕਮਰਾਨ ਬੜਾ ਸ਼ਕਤੀਸ਼ਾਲੀ ਬਣ ਚੁੱਕੈ। ਉਹ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਹਦੀ ਜ਼ਮੀਨ 'ਤੇ ਐਨੇ ਬੰਦਿਆਂ ਦਾ ਕਤਲ ਤੇ ਉਹ ਵੀ ਹਿੰਦੂਆਂ ਦਾ, ਸਾਰੇ ਮੁਲਕ ਦੇ ਲੀਡਰ ਸਭ ਆਪਣੇ ਗਿਲੇ-ਸ਼ਿਕਵੇ ਪਿਛੇ ਛੱਡ ਇੱਕ ਆਵਾਜ਼ ਵਿਚ ਮੁਲਕ ਦੇ ਹੁਕਮਰਾਨ ਦੇ ਨਾਲ ਖੜ੍ਹ ਗਏ ਕਿ ਜਿੰਨੀ ਛੇਤੀ ਹੋ ਸਕਦੈ, ਇਹਦਾ ਬਦਲਾ ਲਿਆ ਜਾਵੇ। ਕਿਸੇ ਨੇ ਨਹੀਂ ਕਿਹਾ ਕਿ ਪਹਿਲਾਂ ਇਹ ਕਾਲਾ ਕਾਰਨਾਮਾ ਕਰਨ ਵਾਲਿਆਂ ਦੀ ਸ਼ਨਾਖਤ ਤਾਂ ਕਰੋ, ਫਿਰ ਮਾਰੋ ਚੁਰਾਹੇ 'ਚ ਖੜ੍ਹੇ ਕਰ ਕੇ ਗੋਲੀ, ਪਰ ਇਹਦੇ ਨਾਲ ਓਹ ਗੱਲ ਬਣਨੀ ਨਹੀਂ ਸੀ ਜਿਹੜੀ ਹੁਕਮਰਾਨ ਦੇ ਢਿੱਡ ਵਿਚ ਸੀ। ਓਹ ਬਹੁਤ ਵੱਡਾ ਬਦਲਾ ਲੈਣਾ ਚਾਹੁੰਦਾ ਸੀ ਜਿਸਦੀ ਛਾਪ ਹਰ ਹਿੰਦੁਸਤਾਨੀ ਦੇ ਦਿਮਾਗ 'ਤੇ ਅਸਰ ਕਰੇ ਇਹਦਾ ਨਾਮ ਹੀ ਇਹੋ ਜਿਹਾ ਰੱਖਿਆ ਜਾਵੇ ਕਿ ਜਿਥੇ ਹਰ ਇੱਕ ਦੀ ਹਮਦਰਦੀ ਭਰੀ ਹਮਾਇਤ ਹੋਵੇ ਉਥੇ ਨਫਰਤ ਵੀ ਸਿਖਰ ਤੇ ਸਿਰ ਚੜ੍ਹ ਕੇ ਬੋਲੇ। ਨਫਰਤ ਤਾਂ ਖੈਰ ਪਹਿਲਾਂ ਹੀ ਅਸਮਾਨੇ ਚਾੜ੍ਹੀ ਹੋਈ ਆ: ਐਡਾ ਵੱਡਾ ਖੇਲ੍ਹ ਖੇਲਿਆ ਹੋਵੇ ਅੰਦਰਖਾਤੇ ਹੁਕਮਰਾਨ ਨੇ ਇਹਦਾ ਬਦਲਾ ਤਾਂ ਇਹ ਤੋਂ ਵੀ ਕਈ ਗੁਣਾਂ ਵੱਡਾ ਹੋਣਾ ਲਾਜ਼ਮੀ ਸੀ ਕੇਵਲ ਮੁਲਕ ਵਿਚ ਹੀ ਹਿੰਦੂ ਮੁਸਲਮਾਨ ਦੇ ਨਾਅਰੇ ਨਾਲ ਨਹੀਂ ਸੀ ਸੰਧੂਰ ਦਾ ਬਦਲਾ ਲਿਆ ਜਾਣਾ ਕਿਉਂਕਿ ਇਹੋ ਜਿਹਾ ਤਾਂ ਇਹ ਬਹੁਤ ਵਾਰੀ ਕਰ ਚੁੱਕਾ ਸੀ, ਇਸੇ ਕਸ਼ਮੀਰ ਵਿਚ ਸਿੱਖ ਵੀ ਤੇ ਆਪਣੇ ਹੀ ਫੌਜੀ ਮਰਵਾ ਕੇ ਪਹਿਲਾਂ ਹੀ ਦੇਖ ਚੁੱਕੇ ਸੀ।

ਹੁਕਮਰਾਨ ਨੂੰ ਇਹ ਸਹੀ ਲੱਗਿਆ ਕਿ ਇਹ ਕਾਲਾ ਕਾਰਨਾਮਾ ਕਰਨ ਵਾਲੇ ਸਰਹਦੋਂ ਪਾਰੋਂ ਆਏ ਸੀ ਜਿਨ੍ਹਾਂ ਨੂੰ ਮੁਲਕ ਦੇ ਕਾਨੂੰਨ ਮੁਤਾਬਿਕ ਸਜ਼ਾ ਦੇਣੀ ਨਾਮੁਮਕਿਨ ਸੀ, ਇਸ ਕਰਕੇ ਪਾਕਿਸਤਾਨ ਨੂੰ ਇਸਦਾ ਦੋਸ਼ੀ ਕਿਹਾ ਗਿਆ ਤੇ ਉਸਦਾ ਬਾਈਕਾਟ ਕਰ ਕੇ ਦਰਿਆਵਾਂ ਦੇ ਪਾਣੀ ਤੱਕ ਰੋਕ ਦਿੱਤੇ ਗਏ ਤਾਂ ਕਿ ਇਥੋਂ ਦੇ ਲੋਕਾਂ ਨੂੰ ਵੀ ਸਬਕ ਸਿਖਾਇਆ ਜਾ ਸਕੇ। ਫਿਰ ਅਗਲੀ ਤਜਵੀਜ਼ਸ਼ੁਦਾ ਸਕੀਮ ਮੁਤਾਬਿਕ ਤੇ ਪੂਰੀ ਰਾਸ਼ਟਰਵਾਦ ਦੀ ਭਾਵਨਾ ਹਿੱਤ ਮੁਲਕ ਦੀ ਸਮੂਹਿਕ ਚੇਤਨਾ ਨੂੰ ਧਿਆਨ ਵਿਚ ਰੱਖਦੇ ਹੋਏ ਪਾਕਿਸਤਾਨ 'ਤੇ 'ਓਪਰੇਸ਼ਨ ਸੰਧੂਰ' ਤਹਿਤ ਮਿਜ਼ਾਈਲਾਂ ਨਾਲ ਹਮਲਾ ਕਰ ਕੇ ਉਥੇ ਅਤਿਵਾਦੀਆਂ ਦੇ ਟਿਕਾਣਿਆਂ ਨੂੰ ਨੇਸਤੋ-ਨਾਬੂਦ ਕਰ ਦਿੱਤਾ। ਆਪਣੀ ਸਾਰੀ ਫੌਜੀ ਤਾਕਤ ਇਸ ਬਦਲਾ ਲੈਣ 'ਚ ਲਾ ਦਿੱਤੀ, ਇਥੋਂ ਤੱਕ ਕਿ ਆਪਣਾ ਸਭ ਤੋਂ ਮਹਿੰਗਾ ਹਥਿਆਰ ਰਾਫੇਲ ਜਹਾਜ਼ ਵੀ ਇਸ ਬਦਲੇ 'ਚ ਝੋਕ ਦਿੱਤਾ ਤੇ ਪਾਕਿਸਤਾਨ ਦੇ ਕਈ ਫੌਜੀ ਟਿਕਾਣੇ ਵੀ ਬਰਬਾਦ ਕਰ ਦਿੱਤੇ, ਬਿਲਕੁਲ ਦਰੁਸਤ ਕੀਤਾ! ਬਦਲਾ ਲੈਣਾ ਹੋਵੇ ਮਿਟਾਏ ਸੰਧੂਰ ਦਾ, ਇੱਦਾਂ ਹੀ ਲੈਣਾ ਬਣਦਾ। ਉਹ ਕੀ ਯਾਦ ਰੱਖਣਗੇ ਕਿ ਵਾਸਤਾ ਛਪੰਜਾ ਇੰਚ ਆਲੇ ਨਾਲ ਪਿਆ। ਇਹ ਤਾਂ ਵੱਡੇ ਸਰਪੰਚ ਨੇ ਰੋਕ ਦਿੱਤਾ ਨਹੀਂ ਤਾਂ ਗੁਆਂਢੀ ਦਾ ਸਭ ਕੁਛ ਢਾਹ ਕੇ ਓਹ ਮਾਰਨਾ ਸੀ ਭਾਵੇਂ ਪੰਜਾਂ ਦੀ ਬਜਾਏ ਪੰਜਾਹ ਰਾਫੇਲ ਵੀ ਕਿਉਂ ਨਾ ਤਬਾਹ ਹੋ ਜਾਂਦੇ। ਨਾਲੇ ਇਸਦੀ ਕੋਈ ਪ੍ਰਵਾਹ ਨਹੀਂ ਕਿ ਸ਼ੱਕ ਕਰਨ ਵਾਲੇ ਤਾਂ ਪਹਿਲਗਾਮ ਨੂੰ ਵੀ ਛਪੰਜਾ ਇੰਚ ਨਾਲ ਜੋੜੀ ਜਾਂਦੇ ਆ। ਆਉਣ ਆਲੇ ਵਕਤ ਵਿਚ ਬੜਾ ਕੁਛ ਨੰਗਾ ਹੋ ਜਾਣਾ, ਅੰਦਰਖਾਤੇ ਗੁੰਦੀਆਂ ਗੋਂਦਾਂ ਦਾ ਇਸ ਸੰਧੂਰ ਓਪਰੇਸ਼ਨ ਬਾਰੇ! ਗੁਰਬਾਣੀ ਵਿਚ ਇਨ੍ਹਾਂ ਵਰਗਿਆਂ ਬਾਰੇ ਹੀ ਤਾਂ ਕਿਹਾ ਹੋਇਆ। ਦੁਨੀਆਂ ਨੂੰ ਦੱਸ ਦਿੱਤਾ ਕਿ ਤੱਟ-ਫੱਟ ਬਦਲਾ ਐਦਾਂ ਲਿਆ ਜਾਂਦਾ।

ਕੁਛ ਕੁ ਦਿਨਾਂ ਦੇ ਅੰਦਰ ਹੀ ਸੰਧੂਰ ਦਾ ਬਦਲਾ ਲੈਣ ਵਾਲੇ ਹਾਕਮ ਨੂੰ ਕਦੇ ਦਿੱਲੀ ਵਿਚ ਇਨ੍ਹਾਂ ਵਲੋਂ ਖੁਦ ਵਸਾਈ ਵਿਧਵਾ ਕਲੋਨੀ ਪਿਛਲੇ 40 ਸਾਲਾਂ ਤੋਂ ਦਿਖਾਈ ਕਿਉਂ ਨਹੀਂ ਦਿੰਦੀ। ਇਥੇ ਤਾਂ 26 ਨਹੀਂ 3000 ਤੋਂ ਵੀ ਵੱਧ ਸੰਧੂਰ ਉਜਾੜੇ ਗਏ ਸੀ ਉਹ ਵੀ ਸ਼ਰ੍ਹੇਆਮ ਲਲਕਾਰ ਕੇ ਲਗਾਤਾਰ ਤਿੰਨ ਦਿਨ, ਇਕੱਲੇ ਸੰਧੂਰ ਹੀ ਨਹੀਂ ਸੀ ਮਿਟਾਏ, ਬਲਕਿ ਸੰਧੂਰ ਦੀ ਅਜ਼ਮਤ ਵੀ ਲੁੱਟੀ ਸੀ ਦਿਨ ਦਿਹਾੜੇ ਤੇ ਭੰਗੜੇ ਪਾਏ ਗਏ ਸੀ ਇਸ ਖੁਸ਼ੀ 'ਚ। ਇਹ ਕਰਤੂਤ ਕਰਨ ਵਾਲੇ ਪਛਾਣੇ ਵੀ ਗਏ, ਪਛਾਣਨੇ ਕਿਹੜੇ ਮੁਸ਼ਕਿਲ ਸੀ ਹਾਕਮਾਂ ਦੇ ਹੀ ਗੁੰਡੇ ਸੀ ਜਿਨ੍ਹਾਂ ਨੇ ਕਿਹਾ ਸੀ ਕਿ 'ਬੜਾ ਪੇੜ ਗਿਰਨੇ ਸੇ ਧਰਤੀ ਕਾਂਪਤੀ ਹੀ ਹੈ' ਹੁਣ ਜੇ ਹਵਾਈ ਜਹਾਜ਼ ਤੇ ਮਿਜ਼ਾਈਲਾਂ ਨਾਲ ਸੰਧੂਰ ਮਿਟਾਉਣ ਵਾਲਿਆਂ 'ਤੇ ਹਮਲਾ ਕੀਤਾ ਗਿਆ ਤਾਂ ਚੁਰਾਸੀ 'ਚ ਇੱਕ ਗੋਲੀ ਵੀ ਨਾ ਚਲਾਈ ਗਈ, ਜਦੋਂ ਕਿ ਸਾਰੇ ਦਰਿੰਦੇ ਹਾਕਮ ਦੀਆਂ ਅੱਖਾਂ ਮੂਹਰੇ ਫਿਰਦੇ ਸੀ। ਚਾਲੀ ਸਾਲ ਤੋਂ ਸੰਧੂਰ ਅਦਾਲਤਾਂ 'ਚ ਰੁਲਦਾ-ਫਿਰਦਾ ਇਨਸਾਫ਼ ਲੈਣ ਲਈ। ਮਜਾਲ ਆ ਕਿ ਛਪੰਜਾ ਇੰਚ ਦੇ ਕੰਨ 'ਤੇ ਜੂੰ ਵੀ ਸਰਕੀ ਹੋਵੇ, ਨਾਲੇ ਇਸ ਛਪੰਜਾ ਇੰਚ ਦਾ ਤਾਂ ਆਪਣਾ ਖੁਦ ਦਾ ਰਿਕਾਰਡ ਬੋਲਦਾ ਸੰਧੂਰ ਮਿਟਾਉਣ ਆਲਿਆਂ 'ਚ। ਇਸ ਹਾਕਮ ਨੂੰ ਸੰਧੂਰ-ਸੰਧੂਰ 'ਚ ਬੜਾ ਵੱਡਾ ਫਰਕ ਨਜ਼ਰ ਆਇਆ। ਦਿੱਲੀ ਵਾਲਾ ਸੰਧੂਰ ਸਿੱਖ ਦਾ ਸੀ, ਜਦੋਂ ਕਿ ਪਹਿਲਗਾਮ ਵਾਲਾ ਹਿੰਦੂ ਦਾ, ਭਾਵੇਂ ਕਿ ਇਨ੍ਹਾਂ ਦੋਹਾਂ ਸੰਧੂਰਾਂ ਵਿਚ ਇੱਕ ਸਮਾਨਤਾ ਵੀ ਹੋਵੇ ਕਿ ਇਹ ਸੰਧੂਰ ਮਿਟਾਏ ਵੀ ਹੁਕਮਰਾਨ ਦੀ ਸ਼ਹਿ 'ਤੇ ਹੋਣ। ਸਾਡੇ ਤਾਂ ਗੁਰੂ ਸਾਹਿਬਾਨ ਨੇ ਹੀ ਇਨ੍ਹਾਂ ਹਾਕਮਾਂ ਬਾਰੇ ਗੁਰਬਾਣੀ ਵਿਚ ਕਿਹਾ ਹੋਇਆ 'ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਇ' ਇਨ੍ਹਾਂ ਹਾਕਮਾਂ ਨੇ ਕਦੇ ਇਹ ਸ਼ਰਮ ਮਹਿਸੂਸ ਨਹੀਂ ਕੀਤੀ ਕਿ ਦੁਨੀਆਂ 'ਚ ਸਭ ਤੋਂ ਵੱਡੇ ਲੋਕਤੰਤਰ 'ਚ ਉਹਦੀ ਹੀ ਰਾਜਧਾਨੀ ਵਿਚ ਇੱਕ ਵਿਧਵਾ ਕਲੋਨੀ ਵੀ ਜਿਹੜੀ ਕਿਸੇ ਕੁਦਰਤੀ ਆਫ਼ਤ ਕਰਕੇ ਨਹੀਂ, ਸਗੋਂ ਇਸ ਵੱਡੇ ਲੋਕਤੰਤਰ ਦੀ ਦੇਣ ਹੈ। ਦੁਨੀਆਂ ਭਰ ਦੇ ਵੱਡੇ ਤੋਂ ਵੱਡੇ ਲੀਡਰ ਇਸ ਲੋਕਤੰਤਰ ਨੂੰ ਦੇਖਣ ਆਉਂਦੇ ਆ; ਹੇ ਰਾਮ ਦੀ ਮੜ੍ਹੀ 'ਤੇ ਲਿਜਾਣ ਦੀ ਬਜਾਏ ਵਿਧਵਾ ਕਲੋਨੀ ਦੇ ਦਰਸ਼ਨ ਕਰਾਉਣ ਲਿਜਾਇਆ ਕਰੋ ਕਿ ਦੇਖੋ ਸਾਡੀ ਪ੍ਰਾਪਤੀ। ਓਪਰੇਸ਼ਨ ਸੰਧੂਰ ਦੇ ਨਾਮ 'ਤੇ ਥਾਪੀਆਂ ਮਾਰਨ ਵਾਲਿਓ ਆਪਣਾ ਲੁਕਵਾਂ ਅਸਲੀ ਚਿਹਰਾ ਵੀ ਬੇਨਕਾਬ ਕਰਿਆ ਕਰੋ।

# ਗੁਣਕਾਰੀ ਦੇਸੀ 'ਸਨੈਕ'- ਛੱਲੀਆਂ

ਸਾਡੀ ਉਮਰ ਦੇ ਜਿਸ ਪੇਂਡੂ ਪੰਜਾਬੀ ਨੇ ਜੀਵਨ ਵਿਚ ਕਦੀ ਛੱਲੀਆਂ ਨਹੀਂ ਚੱਬੀਆਂ, ਸਮਝੋ ਉਹ ਪੰਜਾਬੀ ਹੀ ਨਹੀਂ! ਅਸੀਂ ਤਾਂ ਇਹ ਕਹਾਂਗੇ ਕਿ 50 ਸਾਲ ਜਾਂ ਇਸ ਤੋਂ ਕੁਝ ਘੱਟ-ਵੱਧ ਦੀ ਉਮਰ ਵਾਲਿਆਂ ਉਪਰ ਵੀ ਇਹ ਗੱਲ ਲਾਗੂ ਹੁੰਦੀ ਹੈ। ਭਾਵੇਂ ਇਹ ਇੱਕ ਹੂੰਝਾ-ਫੇਰ ਬਿਆਨ (ਸਵੀਪਿੰਗ ਸਟੇਟਮੈਂਟ) ਹੈ ਪਰ ਹੈ ਸਹੀ। ਤੁਸੀਂ ਇਸ ਨੂੰ ਸਾਡੀ ਛੱਲੀਆਂ ਨਾਲ ਭਾਵੁਕ ਸਾਂਝ ਵੀ ਕਹਿ ਸਕਦੇ ਹੋ ਤੇ ਉਲਾਰ-ਬਚਨੀ ਵੀ। ਚਾਹੋ ਤਾਂ 'ਸੱਤਰਿਆ-ਬਹੱਤਰਿਆ' ਵਾਲਾ ਲਕਬ ਵੀ ਮੜ੍ਹ ਸਕਦੇ ਹੋ!



ਅਸੀਂ ਜ਼ਿੰਦਗੀ ਦੇ 75ਵੇਂ ਸਾਲ ਵਿਚ ਪ੍ਰਵੇਸ਼ ਕਰ ਚੁੱਕੇ ਹਾਂ ਪਰ ਅਜੇ ਵੀ ਭਖਦੇ ਕੋਲਿਆਂ ਜਾਂ ਮਘਦੀਆਂ ਲੱਕੜਾਂ ਉਪਰ ਭੁੱਜਦੀਆਂ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਛੱਲੀਆਂ ਦੁਆਰਾ ਪੂਰੀ ਫਿਜ਼ਾ ਨੂੰ ਸੁਗੰਧਿਤ ਕਰ ਰਹੀ ਸੋਂਧੀ-ਸੋਂਧੀ ਖੁਸ਼ਬੂ ਸਾਨੂੰ ਧੂਹ ਕੇ ਉਸ ਰੇਹੜੀ ਜਾਂ ਅੰਗੀਠੀ ਕੋਲ ਲੈ ਜਾਂਦੀ ਹੈ, ਜਿਥੇ ਇਹ ਸੁਨਹਿਰੀ ਅੰਗਿਆਰਾਂ ਤੇ ਸੋਨੇ ਰੰਗੇ ਰਸਿਕ, ਸੁਆਦਲੇ ਤੇ ਮੋਹ-ਖੋਰੇ 'ਸਨੈਕ' 'ਰੋਸਟ' ਹੋ ਰਹੇ ਹੁੰਦੇ ਹਨ। (ਅਸੀਂ ਆਹ ਅੰਗਰੇਜ਼ੀ ਨੂੰ ਮੂੰਹ ਨਵੀਂ ਪੀੜ੍ਹੀ ਕਾਰਨ ਮਾਰਿਆ ਹੈ)। ਇੱਕ ਪਾਸੇ ਸਵਰਗ ਹੋਵੇ ਤੇ ਦੂਜੇ ਪਾਸੇ ਚੱਬਣ ਲਈ ਛੱਲੀਆਂ ਜਾਂ ਚੂਪਣ ਲਈ ਟਪਕੇ ਅੰਬ ਹੋਣ ਤਾਂ ਅਸੀਂ ਸਵਰਗ ਨੂੰ ਲੱਤ ਮਾਰਾਂਗੇ ਤੇ ਆਪਣੀਆਂ ਦੋਨਾਂ 'ਦੇਸੀ ਡੈਲੀਕੇਸੀਆਂ' ਦਾ ਆਨੰਦ ਮਾਣਾਂਗੇ!

ਛੱਲੀਆਂ ਨੂੰ 'ਬੁੱਟਾ' ਵੀ ਕਿਹਾ ਜਾਂਦਾ ਹੈ।

ਸਾਡਾ ਛੱਲੀਆਂ ਨਾਲ ਰਿਸ਼ਤਾ 65-68 ਸਾਲ ਪੁਰਾਣਾ ਹੈ। ਉਦੋਂ ਸਾਰੇ ਦੁਆਬੇ ਵਿਚ ਮੱਕੀ ਅਤੇ ਕਣਕ ਦਾ ਫਸਲੀ ਚੱਕਰ ਪ੍ਰਧਾਨ ਸੀ। ਝੋਨਾ ਤਾਂ ਇਧਰ ਬਹੁਤ ਬਾਅਦ ਵਿਚ ਆਇਆ। ਸਾਨੂੰ ਤਾਂ ਲੋਕ 'ਦੁਆਬੀਏ ਮੱਕੀ ਖਾਣੇ' ਕਹਿੰਦੇ ਸਨ। ਮੇਰੇ ਨਾਨਕੇ ਮਾਝੇ ਵਿਚ ਹਨ। ਉਧਰੋਂ ਜਦ ਵੀ ਕਿਸੇ ਨੇ ਆਉਣਾ ਤਾਂ ਪਹਿਲਾਂ ਭੁੰਨੀਆਂ ਛੱਲੀਆਂ ਖੁਆਉਣ ਦੀ ਮੰਗ ਕਰਨੀ।

ਅਸੀਂ ਤਾਂ ਖੂਹ ਉਪਰ ਹੀ ਧੂਣੀ ਬਾਲ ਕੇ ਟਾਂਡਿਆਂ ਸਮੇਤ ਛੱਲੀਆਂ ਭੁੰਨ ਲਈਦੀਆਂ ਸਨ। ਸਵਾਦ ਦਾ ਸਵਾਦ, ਖਾਣੇ ਦਾ ਖਾਣਾ। ਇੱਕ ਪੰਥ ਦੋ ਕਾਜ! ਕਈ ਵਾਰ ਤਾਂ ਛੱਲੀਆਂ ਉਤੋਂ ਪਰਦੇ/ਛਿੱਲੜ ਵੀ ਨਹੀਂ ਸਨ ਲਾਹੀਦੇ। ਇਸ ਤਰ੍ਹਾਂ ਛੱਲੀਆਂ 'ਸਟੀਮ' (ਭਾਫ-ਨਮ) ਵੀ ਹੋ ਜਾਂਦੀਆਂ ਤੇ ਭੁੱਜ ਵੀ ਜਾਂਦੀਆਂ, ਪਰ ਕਦੀ ਕਦੀ ਧੁਆਂਖੀਆਂ ਵੀ ਜਾਂਦੀਆਂ।

ਅਸਲ 'ਚ ਛੱਲੀ ਭੁੱਜਦੀ ਤਾਂ ਭਖਦੇ ਕੋਲਿਆਂ ਉਪਰ ਹੀ ਹੈ, ਤੇ ਜਾਂ ਮਚਦੀਆਂ ਲੱਕੜਾਂ/ਗੋਹਟਿਆਂ 'ਤੇ। ਨਰਮ ਦਾਣਿਆਂ ਵਾਲੀ ਭੁੱਜੀ ਦੋਧਾ-ਛੱਲੀ ਬੜੀ ਮਜ਼ੇਦਾਰ ਹੁੰਦੀ ਹੈ। ਨਿੰਬੂ, ਨਮਕ ਤੇ ਮਿਰਚ-ਮਸਾਲਾ ਪਾ ਕੇ ਖਾਣ ਦਾ ਆਨੰਦ ਹੀ ਕੁਝ ਹੋਰ ਹੁੰਦੈ। ਮੱਕੀ ਦੇ ਖੁਸ਼ਕ ਦਾਣੇ ਤਾਂ ਪੰਜਾਬੀ ਦੇ ਇੱਕ ਪੁਰਾਣੇ ਗੀਤ ਵਿਚ 'ਮਿੱਤਰ-ਮਾਹੀਏ' ਵਲੋਂ ਅਸਲੋਂ ਹੀ ਰੱਦ ਕਰ ਦਿਤੇ ਜਾਂਦੇ ਹਨ- 'ਨੀਂ ਮਿੱਤਰਾਂ ਨੇ ਨਹੀਂਉਂ ਚੱਬਣੇ ਤੇਰੀ ਖੁਸ਼ਕ ਮੱਕੀ ਦੇ ਦਾਣੇ!'

ਉਬਾਲ ਕੇ, ਗਰਮ ਰੇਤੇ ਵਿਚ ਭੁੰਨ ਕੇ, ਪਰਦੇ ਸਣੇ ਸਟੀਮ ਕਰ ਕੇ ਵੀ ਛੱਲੀਆਂ ਭੁੰਨੀਆਂ ਜਾਂਦੀਆਂ ਹਨ। ਹੁਣ ਤਾਂ ਕੁਕਿੰਗ ਗੈਸ ਉਪਰ ਵੀ ਭੁੰਨ ਲੈਂਦੇ ਹਨ। ਹੋਰ ਤਾਂ ਹੋਰ, ਕਈ ਵਿਕ੍ਰੇਤਾ ਤਾਂ ਮੱਖਣ ਲਗਾ ਕੇ ਵੀ ਵੱਖ-ਵੱਖ ਢੰਗ ਨਾਲ ਇਨ੍ਹਾਂ ਦੇ ਭੁੱਜੇ ਦਾਣੇ ਪਰੋਸਦੇ ਹਨ।

ਭਾਵੇਂ ਛੱਲੀਆਂ ਦੀ ਰੁੱਤ ਦੇ ਤਾਂ ਸਤੰਬਰ-ਅਕਤੂਬਰ ਦੇ ਮਹੀਨੇ ਹਨ ਪਰ ਮੱਕੀ ਦੀ ਇੱਕ ਵਿਸ਼ੇਸ਼ ਕਿਸਮ ਨੂੰ 'ਸਪਰਿੰਗ' ਰੁੱਤੇ ਬੀਜੇ ਜਾਣ ਕਾਰਨ ਹੁਣ ਛੱਲੀਆਂ ਮਈ ਮਹੀਨੇ ਵਿਚ ਹੀ ਰੇਹੜੀਆਂ ਉਪਰ ਵਿਕਣ ਲਗ ਪੈਂਦੀਆਂ ਹਨ। ਵੈਸੇ ਮੱਕੀ ਖਰੀਫ ਤੇ ਰਬੀ ਦੋਵਾਂ ਫਸਲੀ ਰੁਤਾਂ 'ਚ ਬੀਜੀ ਜਾਂਦੀ ਹੈ।

ਮਹਾਨਕੋਸ਼ ਵਿਚ ਇਸ ਨੂੰ ਸਾਉਣੀ ਦੀ ਫਸਲ ਕਿਹਾ ਗਿਆ ਹੈ ਅਤੇ ਛੱਲੀ ਦੀ ਪਰਿਭਾਸ਼ਾ 'ਮੱਕੀ ਦੀ ਕੁਕੜੀ, ਜਿਸ ਪੁਰ ਛੇਲਿ (ਛਿਲਕਾ) ਹੋਵੇ' ਕੀਤੀ ਗਈ ਹੈ। ਪਿੰਡਾਂ ਵਿਚ ਕੇਲੇ ਨੂੰ ਵੀ 'ਕੇਲਾ-ਛੱਲੀ' ਕਿਹਾ ਜਾਂਦਾ ਸੀ। ਗੱਠਵੇਂ ਜੁੱਸੇ ਵਾਲੇ ਗੱਭਰੂ ਦੇ ਪੱਟਾਂ ਦੇ ਪੱਠਿਆਂ ਨੂੰ ਵੀ 'ਛੱਲੀਆਂ' ਸਦ ਕੇ ਸਲਾਹਿਆ ਜਾਂਦਾ ਸੀ।

'ਬਰਿਟੇਨਿਕਾ ਡਾਟ ਕਾਮ' ਅਨੁਸਾਰ ਮੱਕੀ ਵਿਸ਼ਵ ਦੀਆਂ ਸਭ ਤੋਂ ਵੱਧ ਉਪਜਾਊ ਅਤੇ ਪ੍ਰਮੁੱਖ ਫਸਲਾਂ ਵਿਚ ਸ਼ੁਮਾਰ ਹੁੰਦੀ ਹੈ। ਇਹ ਫਸਲ ਦੁਨੀਆਂ ਵਿਚ ਕਰੀਬ ਹਰ ਮਹੀਨੇ ਕਿਤੇ ਨਾ ਕਿਤੇ ਪੱਕਦੀ ਹੈ!

ਬਰਤਾਨੀਆ ਵਾਲੇ ਇਸ ਨੂੰ 'ਮੇਜ਼' ਕਹਿੰਦੇ ਹਨ, ਭਾਰਤ ਵਿਚ ਇਸ ਨਾਮ ਤੋਂ ਇਲਾਵਾ ਇਸ ਨੂੰ 'ਇੰਡੀਅਨ ਕੌਰਨ' ਅਤੇ ਅਮਰੀਕਾ ਵਾਲੇ ਇਸ ਨੂੰ 'ਕੌਰਨ' ਕਹਿੰਦੇ ਹਨ।

ਮੰਨਿਆ ਜਾਂਦੈ ਕਿ ਦੱਖਣੀ ਮੈਕਸੀਕੋ ਦੇ ਮੂਲ ਨਿਵਾਸੀਆਂ ਨੇ ਲਗਭਗ 10, 000 ਸਾਲ ਪਹਿਲਾਂ ਸਭ ਤੋਂ ਪਹਿਲਾਂ ਇਸ ਦਾ ਘਰੇਲੂਕਰਨ ਕੀਤਾ। ਫਿਰ ਕਰਿਸਟੋਫਰ ਕੋਲੰਬਸ, ਹੋਰ ਯਾਤਰੀਆਂ ਅਤੇ ਬਸਤੀਵਾਦੀਆਂ ਨੇ ਇਸ ਨੂੰ ਯੂਰਪ ਵਿਚ ਪ੍ਰਚੱਲਿਤ ਕੀਤਾ, ਜਿਸ ਉਪਰੰਤ ਇਹ ਵਿਸ਼ਵ ਦੇ ਸਭ ਹਿਸਿਆਂ ਵਿਚ ਫੈਲ ਗਈ। ਇਸ ਨੂੰ ਲੰਮੇ ਘਾਹ, 'ਪੋਸੀ' ਨਾਮ ਦੇ ਪਰਿਵਾਰ ਦੇ ਅਨਾਜ ਅਤੇ ਖਾਣ ਵਾਲੇ ਦਾਣਿਆਂ ਦਾ ਪੌਦਾ ਮੰਨਿਆ ਜਾਂਦੈ।

ਇਹ ਮਾਨਵ ਭੋਜਨ, ਜਾਨਵਰਾਂ ਦੀ ਫੀਡ/ਚਾਰਾ, ਬਾਇਓਫਿਯੂਲ ਅਤੇ ਉਦਯੋਗਾਂ ਵਿਚ ਕੱਚੇ ਮਾਲ ਵਜੋਂ ਵਰਤੀ ਜਾਂਦੀ ਹੈ। ਸਟਾਰਚ ਵਜੋਂ ਇਸ ਦੀ ਵਰਤੋਂ ਅਨੇਕ ਪ੍ਰਕਾਰ ਨਾਲ ਹੁੰਦੀ ਹੈ। ਇਸ ਦੀ 'ਸੂਪ' ਵੀ ਬਣਦੀ ਹੈ ਤੇ ਇਸ ਨੂੰ ਸਲਾਦ



ਵਿਚ ਵੀ ਵਰਤਿਆ ਜਾਂਦੈ!

ਛੱਲੀਆਂ ਦੇ ਅਨੇਕਾਂ ਸਿਹਤ-ਵਰਧਕ ਲਾਭ ਹਨ। ਇਹ 'ਫਾਈਬਰ' ਦਾ ਬਹੁਤ ਹੀ ਵਧੀਆ ਸਰੋਤ ਹੈ। ਇਸ ਵਿਚ ਕਈ ਕਿਸਮ ਦੇ ਵਿਟਾਮਿਨ, ਮਿਨਰਲਜ਼ ਅਤੇ ਐਂਟੀਓਕਸੀਡੈਂਟਸ ਹੁੰਦੇ ਹਨ। ਇਹ ਪਾਚਨ-ਪ੍ਰਣਾਲੀ ਲਈ ਵੀ ਲਾਭਦਾਇਕ ਹੈ। ਛੱਲੀ ਕਬਜ਼ਕੁਸ਼ਾਂ ਹੁੰਦੀ ਹੈ। ਭੁੱਜੀ ਛੱਲੀ ਵਿਚ ਫੈਟ ਘੱਟ ਹੁੰਦਾ ਹੈ ਤੇ ਇਹ ਸਿਹਤਮੰਦ ਸਨੈਕ ਵਜੋਂ ਬਦਲ ਬਣ ਸਕਦੀ ਹੈ।

ਉਬਲੀ ਛੱਲੀ 'ਚੋਂ ਵਿਟਾਮਿਨ 'ਸੀ' ਅਤੇ 'ਬੀ' ਲਿੱਸੇ ਪੈ ਜਾਂਦੇ ਹਨ ਕਿਉਂਕਿ ਇਹ ਪੌਸ਼ਟਿਕ ਤੱਤ ਪਾਣੀ ਵਿਚ ਘੁਲਣਸ਼ੀਲ ਅਤੇ ਗਰਮੀ-ਅਸਥਿਰ ਹੁੰਦੇ ਹਨ। ਪਰ ਸਿੱਧੇ ਰੂਪ ਵਿਚ ਧੂੰਆਂ ਅਤੇ ਅੱਗ ਵੀ ਛੱਲੀ ਦੀ ਪੌਸ਼ਟਿਕਤਾ ਲਈ ਲਾਭਦਾਇਕ ਨਹੀਂ। ਇਸ ਲਈ ਛੱਲੀ ਭੁੰਨਣ ਲਈ ਜਾਲੀਦਾਰ ਜੁਗਾੜ ਹੇਠ ਕੋਲੇ/ਅੰਗਿਆਰ/ਗੋਹਟੇ ਭਖਾ ਕੇ ਹੀ ਛੱਲੀ ਭੁੰਨਣੀ ਚਾਹੀਦੀ ਹੈ।

ਮੱਕੀ ਚਿੱਟੀ ਵੀ ਹੁੰਦੀ ਹੈ ਅਤੇ ਪੀਲੀ ਵੀ। ਪਰ ਹੁਣ ਬਹੁਤੀ ਪੀਲੇ ਦਾਣਿਆਂ ਵਾਲੀ ਮੱਕੀ ਹੀ ਪ੍ਰਧਾਨ ਹੈ। ਲਾਲ, ਜਾਮਨੀ, ਨੀਲਾ ਇਸ ਦੇ ਹੋਰ ਰੰਗਾਂ ਵਿਚ ਸ਼ਾਮਿਲ ਹਨ। ਉਂਝ, ਚਿੱਟੀ ਮੱਕੀ ਵਧੇਰੇ ਮਿੱਠੀ ਹੁੰਦੀ ਹੈ। ਪਹਾੜੀ ਮੱਕੀ ਵੀ ਵਧ ਸੁਆਦਲੀ ਮੰਨੀ ਜਾਂਦੀ ਹੈ। ਪੰਜਾਬ ਵਿਚ ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ ਸਾਡੀ ਸਰਦੀਆਂ ਦੀ ਸਟੇਪਲ ਖ਼ੁਰਾਕ ਹੈ।

ਅਸੀਂ ਤਾਂ ਆਪ ਵੀ ਟਾਂਡਿਆਂ ਦੇ ਮੁਹਾਰੇ ਲਗਾਉਂਦੇ ਰਹੇ ਹਾਂ, ਲੱਕੜ ਦੀਆਂ ਨੋਕੀਲੀਆਂ ਕਿੱਲੀਆਂ ਨਾਲ ਛੱਲੀਆਂ ਪਰਦਿਆਂ 'ਚੋਂ ਕਢਦੇ ਰਹੇ ਹਾਂ ਅਤੇ ਛੱਲੀਆਂ ਛੜਦੇ ਵੀ ਰਹੇ ਹਾਂ। ਦੋ ਜਣੇ ਆਹਮੋ-ਸਾਹਮਣੇ ਭਾਰੇ ਡੰਡੇ ਲੈ ਕੇ ਖੜ੍ਹ ਜਾਂਦੇ ਤੇ ਵਾਰੋ-ਵਾਰੀ ਛੱਲੀਆਂ ਝੰਬਦੇ ਤੇ ਗੁੱਲਾਂ/ਤੁੱਕਿਆਂ ਨਾਲੋਂ ਦਾਣੇ ਅੱਡ ਕਰਦੇ। (ਇਥੋਂ ਈ ਮੁਹਾਵਰਾ ਬਣਿਐ-ਕਿਸੇ ਨੂੰ ਛੱਲੀਆਂ ਵਾਂਗ ਝੰਬਣਾ/ਕੁੱਟਣਾ)।

ਮੱਕੀ ਦੀ ਫਸਲ ਖੁਲ੍ਹੀ ਵਿੱਥ ਉਪਰ ਬੀਜੀ ਜਾਂਦੀ ਹੈ। ਕਹਿੰਦੇ ਹਨ ਕਿ 'ਕਣਕ, ਕਮਾਦੀ ਸੰਘਣੀ, ਵਿਥੇ ਵਿਥ ਕਪਾਹ/ਕੰਬਲ ਦੀ ਝੰਬ ਮਾਰ ਕੇ, ਮੱਕੀ ਵਿਚੀਂ ਲੰਘ ਜਾਹ' ਜਾਂ 'ਕਣਕ ਕਮਾਦੀ ਸੰਘਣੀ ਤੇ ਡਾਂਗੋ-ਡਾਂਗ ਕਪਾਹ, ਰਜਾਈ ਦੀ ਬੁੱਕਲ ਮਾਰ ਕੇ ਤੇ ਛੱਲੀਆਂ ਵਿਚ ਦੀ ਜਾਹ।'

ਸਾਡੇ ਇੱਕ ਖੇਤ ਵਿਚ ਸੱਤਰਵਿਆਂ ਦੇ ਸ਼ੁਰੂ 'ਚ ਖੇਤੀਬਾੜੀ ਮਹਿਕਮੇ ਨੇ ਮੱਕੀ ਦੀ ਇਕ ਨੁਮਾਇਸ਼ੀ ਫਸਲ ਬੀਜੀ ਸੀ। ਇਹ ਪੀ.ਐਲ.480 ਤਹਿਤ ਸਾਡੇ ਪਿੰਡ ਆਏ ਇਕ ਜੇਮਜ਼ ਪਾਲ ਠਿਬਿਡੋ ਨੇ ਲੁਧਿਆਣੇ 'ਤੋਂ ਆਪਣੇ ਇੱਕ ਹੋਰ ਅਮਰੀਕੀ ਸਾਥੀ ਦੀ ਮਦਦ ਨਾਲ ਬੀਜੀ ਸੀ। ਉਹ ਸਾਥੀ, ਜਿਸ ਦਾ ਨਾਮ ਤਾਂ ਯਾਦ ਨਹੀਂ, ਸ਼ਾਇਦ ਖੇਤੀਬਾੜੀ ਯੂਨੀਵਰਸਿਟੀ 'ਤੋਂ ਬੀਜ, ਖਾਦ, ਟਰੈਕਟਰ ਆਦਿ ਸਭ ਸਮਗਰੀ ਆਪ ਲੈ ਕੇ ਆਇਆ ਸੀ ਅਤੇ ਉਸ ਨੇ ਆਪ ਹੀ ਤੈਅਸ਼ੁਦਾ ਵਿੱਥਾਂ ਉਪਰ ਫਸਲ ਬੀਜੀ ਸੀ। ਯਕੀਨ ਜਾਣਿਓਂ, ਹਰ ਟਾਂਡੇ ਨੂੰ ਘਟੋ ਘਟ 2-2, ਨਹੀਂ ਤਾਂ 3-3 ਛੱਲੀਆਂ ਲਗੀਆਂ ਸਨ! ਤੇ ਉਹ ਵੀ ਡੱਕਰੇ ਵਰਗੀਆਂ! ਲੋਕ ਦੇਖ ਕੇ ਹੈਰਾਨ ਰਹਿ ਗਏ ਸਨ।

ਨਿਆਣੇ ਹੁੰਦਿਆਂ ਭੱਠੀ 'ਤੋਂ ਦਾਣੇ ਭੁੰਨਾਉਣ ਜਾਈਦਾ ਸੀ। ਪੱਕੀ ਮੱਕੀ ਦੇ ਦਾਣੇ ਖਿੜ ਖਿੜ ਖਿੱਲਾਂ ਬਣ ਜਾਂਦੇ ਸਨ। ਹੁਣ ਇਨ੍ਹਾਂ ਨੂੰ ਪੌਪ ਕੌਰਨ, ਕੌਰਨ ਫਲੇਕਸ ਆਦਿ ਕਹਿੰਦੇ ਹਨ, ਜੋ ਇੱਕ ਕੋਨ-ਨੁਮਾ ਲੰਮੂਤਰੇ ਜਿਹੇ ਪੈਕੇਟ ਦੇ ਰੂਪ ਵਿਚ ਜਾਂ ਲਿਫਾਫਿਆਂ ਵਿਚ 5-600 ਰੁਪਏ ਨੂੰ ਵਿਕਦੇ ਹਨ! ਅਸੀਂ ਆਭੂ ਦਾਣੇ ਵੀ ਕਢਵਾ ਲਈਦੇ ਸਨ, ਜਾਣੀ ਅੱਧ-ਪੱਕੇ ਨਰਮ ਨਰਮ ਦਾਣੇ। ਹੁਣ ਇੱਕ ਰਿਸ਼ਟ-ਪੁਸ਼ਟ ਅੱਧੀ ਛੱਲੀ ਦੇ ਬਰਾਬਰ ਸਵੀਟ-ਕੌਰਨ ਦਾ ਪੈਕੇਟ 70-90 ਰੁਪਏ ਦਾ ਵਿਕਦਾ ਹੈ, ਜਾਣੀ ਪੂਰੀ ਛੱਲੀ ਦੇ ਦੋ ਪੈਕੇਟ!

ਭੁੱਜੇ ਦਾਣੇ ਖਾਣ ਦਾ ਸ਼ਾਇਦ ਹੁਣ ਰਿਵਾਜ ਹੀ ਨਹੀਂ ਰਿਹਾ। ਸਾਡੇ ਵੇਲੇ ਤਾਂ ਮੱਕੀ, ਛੋਲਿਆਂ ਅਤੇ ਕਣਕ ਦੇ ਦਾਣੇ ਭੁੰਨਾਉਣ ਦਾ ਬਹੁਤ ਚਲਨ ਸੀ। ਹਰ ਪਿੰਡ 'ਚ ਇੱਕ-ਦੋ ਭੱਠੀਆਂ ਹੁੰਦੀਆਂ ਸਨ। ਚੇਤੇ ਹੈ ਨਾ ਸ਼ਿਵ ਕੁਮਾਰ ਬਟਾਲਵੀ ਦੇ ਗੀਤ ਦੀਆਂ ਸਤਰਾਂ-'ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ/ਭੱਠੀ ਵਾਲੀਏ!' (ਇੱਕ ਵੱਖਰੇ ਪ੍ਰਸੰਗ ਵਿਚ ਹਾਸ਼ਮ ਸ਼ਾਹ ਵੀ ਭੱਠੀਵਾਲਿਆਂ ਦਾ ਜ਼ਿਕਰ ਕਰਦੈ-'ਨਾਜ਼ਕ ਪੈਰ ਮਲੂਕ ਸੱਸੀ ਦੇ/ਮਹਿੰਦੀ ਨਾਲ ਸ਼ਿੰਗਾਰੇ/ਬਾਲੂ ਰੇਤ ਤਪੇ ਵਿਚ ਥਲ ਦੇ/ਜਿਉਂ ਜੌਂ ਭੁੰਨਣ ਭਠਿਆਰੇ…'!

ਬਹੁਤੇ ਮੱਕੀ ਅਤੇ ਛੋਲਿਆਂ ਦੇ ਦਾਣੇ ਹੀ ਭੁੰਨਵਾਈ ਦੇ ਸਨ ਪਰ ਕਣਕ ਦੇ ਭੁੱਜੇ ਦਾਣੇ ਗੁੜ ਮਿਲਾ ਕੇ ਖਾਣੇ ਤਾਂ ਮੌਜਾਂ ਲਗ ਜਾਂਦੀਆਂ ਸਨ।

ਸੰਕਟ ਸਮੇਂ ਦਾਣੇ ਆਪਣੇ ਆਪ ਵਿਚ ਪੂਰਨ ਖੁਰਾਕ ਹਨ, ਖਾਸ ਕਰਕੇ ਛੋਲੇ।

ਅਸਲ 'ਚ ਜੀਵਨ ਹੈ ਹੀ ਦਾਣਾ-ਪਾਣੀ ਦਾ ਖੇਲ! 1977 ਦੀ ਹਿੰਦੀ ਫਿਲਮ 'ਘਰੌਂਦਾ' ਵਿਚ ਇੱਕ ਗੀਤ ਹੈ-'ਏਕ ਅਕੇਲਾ ਇਸ ਸ਼ਹਿਰ ਮੇਂ, ਰਾਤ ਔਰ ਦੁਪਹਿਰ ਮੇਂ/ਆਬ-ਓ-ਦਾਨਾ ਢੂੰਡਤਾ ਹੈ, ਆਸ਼ੀਆਨਾ ਢੂੰਡਤਾ ਹੈ।' ਕਹਿੰਦੇ ਹਨ ਕਿ ਦਾਣੇ ਦਾਣੇ ਤੇ ਖਾਣੇ ਵਾਲੇ ਦਾ ਨਾਮ ਹੁੰਦੈ। 1961 ਦੀ ਪੰਜਾਬੀ ਫਿਲਮ 'ਗੁੱਡੀ' ਵਿਚ ਮੁਹੰਮਦ ਰਫੀ ਦਾ ਗਾਇਆ ਗੀਤ ਹੈ-'ਦਾਣਾ-ਪਾਣੀ ਖਿਚ ਕੇ ਲਿਆਉਂਦਾ ਕੌਣ ਕਿਸੇ ਦਾ ਖਾਂਦਾ ਹੋ!'

ਮੁਹਾਵਰਤਨ, ਜੇ ਕੋਈ ਬਹੁਤਾ ਤਿੜ-ਫਿੜ ਕਰੇ ਤਾਂ ਆਮ ਕਹਿ ਦਈਦੈ ਕਿ ਅਸੀਂ ਕਿਹੜਾ ਤੇਰੇ ਕੋਲੋਂ ਦਾਣੇ ਲੈਣੇ ਐਂ? ਕੋਈ ਭੁੱਖ-ਨੰਗ ਨਾਲ ਦੋ-ਚਾਰ ਹੋ ਰਿਹਾ ਹੋਵੇ ਤਾਂ ਕਹੀਦੈ ਕਿ ਇਸ ਦੇ ਤਾਂ ਦਾਣੇ ਵਿਕ ਗਏ ਹਨ। ਨੱਕ ਰਾਹੀਂ ਚਨੇ ਚਬਾਉਣਾ, ਥੋਥਾ ਚਨਾ ਬਾਜੇ ਘਨਾ, ਭੁੱਖ 'ਚ ਚਨੇ ਵੀ ਬਦਾਮ ਆਦਿ ਕੁਝ ਹੋਰ ਮੁਹਾਵਰੇ ਹਨ।

ਛੱਲੀਆਂ ਬਾਰੇ ਇਹ ਸਤਰਾਂ ਕਾਫੀ ਹਨ:

ਛੱਲੀਆਂ, ਛੱਲੀਆਂ, ਛੱਲੀਆਂ,
ਚੰਨ ਪ੍ਰਦੇਸੀ ਨੇ
ਮੈਨੂੰ ਮੇਲਾਂ ਮੁਹੱਬਤੀ ਘੱਲੀਆਂ!

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਪ੍ਰਤੀਕੂਲ ਪ੍ਰਸਥਿਤੀਆਂ ਦਾ ਬੜਾ ਹੀ ਪਿਆਰਾ ਜ਼ਿਕਰ ਹੈ-

ਕਬਹੂ ਖੀਰਿ ਖਾਡ ਘੀਉ ਨ ਭਾਵੈ॥
ਕਬਹੂ ਘਰ ਘਰ ਟੂਕ ਮਗਾਵੈ॥
ਕਬਹੂ ਕੂਰਨੁ ਚਨੇ ਬਿਨਾਵੈ॥(ਅੰਗ-1164)

(ਭਾਵ, ਜਿਨ੍ਹਾਂ ਨੂੰ ਕਦੀ ਖੀਰ, ਖੰਡ, ਘਿਉ ਵਰਗੇ ਚੰਗੇ ਪਕਵਾਨ ਚੰਗੇ ਨਹੀਂ ਸਨ ਲਗਦੇ, ਉਨ੍ਹਾਂ ਨੂੰ ਕਦੀ ਦਰ-ਦਰ ਰੋਟੀ ਦਾ ਟੁਕ ਮੰਗਣਾ ਪੈਂਦੇ ਅਤੇ ਛਾਣ/ਫਕ/ਤੂੜੀ 'ਚੋਂ ਛੋਲਿਆਂ ਦੇ ਦਾਣੇ ਚੁਗਣੇ ਪੈਂਦੇ ਹਨ)।

ਇੱਕ ਹੋਰ ਵੀ ਫੁਰਮਾਨ ਹੈ:

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥(ਅੰਗ-653)

ਖੈਰ, ਲੰਮੀਆਂ ਵਾਟਾਂ ਦੇ ਮੁਸਾਫਿਰਾਂ ਲਈ ਭੁੱਜੇ ਦਾਣੇ ਬੜੇ ਮੁਆਫਿਕ ਹੁੰਦੇ ਹਨ, ਬਹੁਤੇ ਭਾਰੇ ਵੀ ਨਹੀਂ ਹੁੰਦੇ ਪਰ ਪੇਟ-ਪੂਰਤੀ ਅਤੇ ਸਿਹਤ ਲਈ ਪੂਰੇ ਖਰੇ। ਇਸੇ ਲਈ ਤਾਂ ਇੱਕ ਪੁਰਾਣਾ ਪੰਜਾਬੀ ਗੀਤ ਹੈ:

ਲੈ ਜਾ ਛੱਲੀਆਂ ਭੁੰਨਾ ਲਈ ਦਾਣੇ ਵੇ ਮਿੱਤਰਾ ਦੂਰ ਦਿਆ!

---

## ਪੰਜਾਬ ਦੀ ਤਬਾਹੀ...

(ਸਫਾ 10 ਦਾ ਬਾਕੀ)

ਪ੍ਰਬੰਧਕ ਕਮੇਟੀਆਂ ਦਾ ਪ੍ਰਬੰਧ ਸਰਕਾਰੀ ਨਿਯਮਾਂ ਅਨੁਸਾਰ ਕਿਵੇਂ ਚਲਾਇਆ ਜਾ ਸਕਦਾ ਹੈ?

ਪਿੰਡਾਂ ਦੀ ਹਾਲਤ ਸਮਾਜਿਕ ਤੌਰ 'ਤੇ ਵੀ ਪੁੱਠੇ ਗੇੜ 'ਚ ਹੈ। ਰਿਸ਼ਤੇਦਾਰੀਆਂ, ਸੁੰਗੜ ਚੁੱਕੀਆਂ ਹਨ। ਬੱਚਿਆਂ, ਵਿਦਿਆਰਥੀਆਂ, ਨੌਜਵਾਨਾਂ ਉੱਤੇ ਆਪਣੀ ਮਾਂ-ਬੋਲੀ ਨਾਲੋਂ ਅੰਗਰੇਜ਼ੀ ਸਿੱਖਣ ਦਾ ਸ਼ੌਕ ਵਧਿਆ ਹੋਇਆ ਹੈ, ਕਿਉਂਕਿ ਉਹ ਆਇਲਟਸ ਪਾਸ ਕਰ ਕੇ, ਪਾਸਪੋਰਟ ਬਣਾ ਕੇ, ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਹ ਰੁਝਾਨ ਕੁਝ ਸਮਾਂ ਭਾਵੇਂ ਘਟਿਆ, ਪਰ ਨਿਰੰਤਰ ਜਾਰੀ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਵਿਚ ਵੱਡੀ ਪੱਧਰ 'ਤੇ ਦੂਜੇ ਸੂਬਿਆਂ ਦੇ ਵਿਦਿਆਰਥੀ, ਪੰਜਾਬੀਆਂ ਨਾਲੋਂ ਵੱਧ ਗਿਣਤੀ 'ਚ ਦਾਖਲਾ ਲੈਂਦੇ ਹਨ, ਉਹ ਵੀ ਖ਼ਾਸ ਕਰਕੇ ਪ੍ਰੋਫੈਸ਼ਨਲ ਕੋਰਸਾਂ ਵਿਚ। ਇਹੋ ਜਿਹੀ ਸਥਿਤੀ ਵਿਚ ਪੰਜਾਬ ਦਾ ਭਵਿੱਖ ਆਖਰ ਹੈ ਕੀ? ਕੌਣ ਫੜੇਗਾ ਪੰਜਾਬ ਦੀ ਬਾਂਹ? ਜਦੋਂ ਕਿ ਸਿਆਸਤਦਾਨ, ਸਮਾਜ ਸੇਵਾ ਛੱਡ ਚੁੱਕੇ ਹਨ। ਉਨ੍ਹਾਂ ਦਾ ਕਾਰੋਬਾਰ ਵੋਟ ਹਥਿਆਉਣਾ ਹੈ।

ਪੰਜਾਬ ਦੀ ਖੇਤੀ ਖੇਤਰ ਸੰਕਟ 'ਚ ਹੈ। ਵੱਡੀਆਂ ਹਾਈਵੇ ਸੜਕਾਂ ਬਣਾ ਕੇ ਪੰਜਾਬ ਦੀ ਵਾਹੀਯੋਗ ਜ਼ਮੀਨ, ਸਰਕਾਰੀ ਕਬਜ਼ੇ 'ਚ ਨਹੀਂ, ਕਾਰਪੋਰੇਟੀ ਕਬਜ਼ੇ 'ਚ ਕੀਤੀ ਜਾ ਰਹੀ ਹੈ, ਕਿਉਂਕਿ ਇਹ ਸਿਰਫ਼ ਨਿੱਜੀ ਅਤੇ ਵਪਾਰਕ ਹਿੱਤਾਂ ਲਈ ਵਰਤੀ ਜਾਣੀ ਹੈ।

ਫਿਰ ਪੰਜਾਬ ਦਾ ਕਿਸਾਨ ਕਿੱਥੇ ਜਾਏਗਾ? ਕੀ ਮਜ਼ਦੂਰ ਉਹ ਮਜ਼ਦੂਰ ਬਣੇਗਾ? ਇਨ੍ਹਾਂ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਦੇ ਮਾਲਜ਼ ਵਿਚ ਕੰਮ ਕਰੇਗਾ? ਕਾਰਖਾਨਿਆਂ 'ਚ ਮਜ਼ਦੂਰੀ ਕਰੇਗਾ? ਜਿੱਥੇ ਪਹਿਲਾਂ ਹੀ ਵੱਡੀ ਬੇਰੁਜ਼ਗਾਰੀ ਹੈ। ਖੇਤ ਮਜ਼ਦੂਰ ਕਿੱਥੇ ਰੁਲ਼ੇਗਾ?

ਪੰਜਾਬ ਦੀ ਤਬਾਹੀ ਲਈ ਜ਼ਿੰਮੇਵਾਰ ਸਾਰੇ ਕਾਰਕਾਂ ਦੀ ਨਿਸ਼ਾਨਦੇਹੀ ਸਮੇਂ ਦੀ ਮੰਗ ਹੈ। ਇਹ ਕਾਰਕ ਪੰਜਾਬ ਨੂੰ ਪੰਜਾਬ ਨਹੀਂ ਰਹਿਣ ਦੇਣਗੇ। ਇਹ ਕਾਰਕ ਸਿਆਸੀ ਹਵਸ ਕਾਰਨ, ਹੋਰ ਵੀ ਵੱਧ ਫੁੱਲ ਰਹੇ ਹਨ ਅਤੇ ਤੇਜ਼ੀ ਨਾਲ ਪਨਪ ਰਹੇ ਹਨ। ਪੰਜਾਬ ਦੀ ਬੋਲੀ ਪੰਜਾਬ 'ਚ ਵਧਣ ਦੀ ਥਾਂ ਘਰਾਂ, ਕਾਰੋਬਾਰਾਂ, ਸਰਕਾਰੀ ਦਫ਼ਤਰਾਂ 'ਚ ਛੁਟਿਆਈ ਜਾ ਰਹੀ ਹੈ। ਪੰਜਾਬ ਦਾ ਸੱਭਿਆਚਾਰ ਗਿੱਧੇ, ਭੰਗੜੇ ਤੇ ਗਾਣਿਆਂ ਤੱਕ ਸੀਮਤ ਕਰਨ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਪੰਜਾਬ ਨੂੰ ਰਾਜਧਾਨੀ ਰਹਿਤ, ਪਾਣੀਆਂ ਰਹਿਤ, ਵਾਹੀਯੋਗ ਜ਼ਮੀਨ ਰਹਿਤ, ਬੇਰੁਜ਼ਗਾਰੀ ਭਰਪੂਰ ਬਣਾਉਣ ਲਈ ਸਾਜ਼ਿਸ਼ਨ ਟਿੱਲ ਲਾਇਆ ਜਾ ਚੁੱਕਾ ਹੈ।

ਹਰਿਆ-ਭਰਿਆ ਪੰਜਾਬ ਮਧੋਲਿਆ ਜਾ ਚੁੱਕਾ ਹੈ। ਜਵਾਨੀ ਨੂੰ ਨਸ਼ਿਆਂ ਅਤੇ ਬੇਰੁਜ਼ਗਾਰੀ ਦੀ ਸਿਓਂਕ ਖਾ ਰਹੀ ਹੈ। ਆਓ ਸ਼ਨਾਖਤ ਕਰੀਏ! ਉਨ੍ਹਾਂ ਲੋਕਾਂ ਦੀ ਜੋ ਪੰਜਾਬ ਨੂੰ ਲੋੜ ਵੇਲੇ ਵਰਤਦੇ ਹਨ ਅਤੇ ਫਿਰ ਭੁੱਲ ਜਾਂਦੇ ਹਨ ਕਿ ਇਹ ਉਹੀ ਪੰਜਾਬੀ ਲੋਕ ਨੇ, ਜੋ ਸਰਹੱਦਾਂ 'ਤੇ ਦੇਸ ਦੀ ਰਾਖੀ ਕਰਦੇ ਹਨ। ਪੂਰੇ ਦੇਸ ਨੂੰ ਵੱਧ ਤੋਂ ਵੱਧ ਅੰਨ ਮੁਹੱਈਆ ਕਰਵਾਉਂਦੇ ਹਨ ਅਤੇ ਆਪ ਸ਼ਤੀਰਾਂ-ਲਟੈਣਾਂ ਨੂੰ ਜੱਫੇ ਪਾ ਕੇ ਦੇਸ ਨੂੰ ਭੁੱਖ ਤੋਂ ਕੋਹਾਂ ਦੂਰ ਰੱਖਦੇ ਹਨ।

---

## ਸ਼ਬਦਾਂ ਦੀ ਮਿਠਾਸ...

(ਸਫਾ 19 ਦਾ ਬਾਕੀ)

ਲਈ, ਸਾਹਿਤਕ ਸਕੂਲ ਸਥਾਪਤ ਕਰਨਾ ਬਹੁਤ ਜ਼ਰੂਰੀ ਹੈ ਜਿੱਥੇ ਕਿਤਾਬਾਂ ਦੇ ਘੇਰੇ ਵਿਚ ਨਵੇਂ ਵਿਚਾਰ ਪ੍ਰਫੁੱਲਤ ਹੋ ਸਕਣ। ਜਿਹੜੇ ਲੋਕ ਇਨਕਲਾਬ ਕਾਰਨ ਆਪਣੇ ਦਿਲ ਗੁਆ ਬੈਠੇ ਹਨ ਅਤੇ ਲਿਖਣ ਦੇ ਰਾਹ ਤੋਂ ਭਟਕ ਗਏ ਹਨ, ਉਨ੍ਹਾਂ ਨੂੰ ਆਤਮ-ਵਿਸ਼ਵਾਸ ਅਤੇ ਹਿੰਮਤ ਨਾਲ ਭਰਨ ਲਈ ਇੱਕ ਦਰਸ਼ਕ ਅਤੇ ਇੱਕ ਮੰਚ ਵਾਲਾ ਵਾਤਾਵਰਣ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ।

ਦਿਲ ਦੇ ਦਰਦ ਨੂੰ ਸ਼ਬਦਾਂ ਅਤੇ ਸੁਰਾਂ ਵਿਚ ਪਾਓ ਅਤੇ ਕੰਨਾਂ ਵਿਚ ਪਾਓ। ਇੱਕ ਲਹਿਰ ਨੇ ਜਨਮ ਲਿਆ ਹੈ। ਇਸ ਤਰ੍ਹਾਂ ਲਿਖੋ ਕਿ ਲੋਕਾਂ ਦੇ ਜੀਵਨ, ਗੱਲਾਂ ਕਰਨ ਅਤੇ ਚੱਲਣ-ਫਿਰਨ ਦੀਆਂ ਤਸਵੀਰਾਂ ਉਨ੍ਹਾਂ ਦੇ ਸਾਹਮਣੇ ਆਉਣ ਅਤੇ ਉਹ ਆਪਣੀਆਂ ਕਮੀਆਂ ਦੇਖ ਸਕਣ ਅਤੇ ਉਨ੍ਹਾਂ ਨੂੰ ਖੁਦ ਸੁਧਾਰ ਸਕਣ।

ਇਹ ਉਰਦੂ ਭਾਸ਼ਾ, ਜੋ ਅੱਠ ਸੌ ਸਾਲ ਤੋਂ ਵੱਧ ਪੁਰਾਣੀ ਹੈ ਅਤੇ ਇਸਨੇ ਬਹੁਤ ਸਾਰੇ ਮਨ ਅਤੇ ਯੁੱਗ ਦੇਖੇ ਹਨ, ਬਹੁਤ ਸਾਰੀਆਂ ਕਹਾਣੀਆਂ, ਹਾਲਾਤ ਅਤੇ ਘਟਨਾਵਾਂ ਵੇਖੀਆਂ ਹਨ। ਉਨ੍ਹਾਂ ਨੂੰ ਬਿਆਨ ਕਰਨ ਲਈ, ਅਜਿਹੇ ਲੇਖਕਾਂ ਦੀ ਲੋੜ ਹੈ ਜਿਨ੍ਹਾਂ ਕੋਲ ਵਰਤਮਾਨ ਵਿਚ ਭੂਤਕਾਲ ਅਤੇ ਭਵਿੱਖ ਨੂੰ ਪ੍ਰਤੀਬਿੰਬਤ ਕਰਨ ਦੀ ਯੋਗਤਾ ਹੋਵੇ। ਸਾਹਿਤ ਨੇ ਇੱਕ ਦੂਜੇ ਨੂੰ ਸਵੀਕਾਰ ਨਾ ਕਰਨ ਵਾਲੇ ਮਾਨਸਿਕ ਗਰੀਬੀ ਨਾਲ ਜੂਝ ਰਹੇ ਸਮਾਜ ਦੇ ਪੱਥਰਾਂ ਨੂੰ ਪੁੱਟਣ ਅਤੇ ਚੰਗੇ ਵਿਵਹਾਰ ਦੇ ਹੀਰੇ ਅਤੇ ਮੋਤੀ ਕੱਢਣ ਦੇ ਆਸਾਨ ਤਰੀਕੇ ਦਿਖਾਏ ਹਨ। ਹਰ ਕਿਤਾਬ ਅਤੇ ਸਾਹਿਤ ਦੀ ਲਿਖਤ ਇੱਕ ਅਜਿਹਾ ਦਾਣਾ ਹੈ ਜੋ ਇੱਕ ਸੁਆਦੀ ਫਲ ਬਾਰੇ ਦੱਸਦਾ ਹੈ ਜੋ ਰੂਹ ਨੂੰ ਮਿਠਾਸ ਨਾਲ ਭਰ ਦਿੰਦਾ ਹੈ। ਸਾਹਿਤ ਆਤਮਾ ਉੱਤੇ ਲੱਗੇ ਹੰਕਾਰ ਅਤੇ ਹੰਕਾਰ ਦੇ ਬਦਬੂਦਾਰ ਕੱਪੜਿਆਂ ਨੂੰ ਉਤਾਰ ਦਿੰਦਾ ਹੈ ਅਤੇ ਇੱਕ ਗਰੀਬ ਦਰਵੇਸ਼ ਦੇ ਖੁਸ਼ਬੂਦਾਰ ਤੱਪੜ ਨੂੰ ਪਹਿਨਾਉਂਦਾ ਹੈ। ਜਿੱਥੇ ਅਗਿਆਨਤਾ ਮਨੁੱਖੀ ਮਨ ਨੂੰ ਆਪਣੇ ਸੁਭਾਅ ਦੀ ਕੈਦ ਵਿਚ ਰੱਖਦੀ ਹੈ, ਉੱਥੇ ਸਾਹਿਤ ਹਮੇਸ਼ਾ ਚੇਤਨਾ ਨੂੰ ਆਜ਼ਾਦ ਕਰ ਕੇ ਜ਼ਮੀਰ ਦੇ ਜੱਜ ਅੱਗੇ ਹਾਜ਼ਰ ਹੁੰਦਾ ਹੈ। ਸਾਹਿਤ ਉਹ ਬ੍ਰਹਮ ਭਾਸ਼ਾ ਹੈ ਜਿਸ ਦੇ ਬੁਲਾਰਿਆਂ ਨੇ ਮਨੁੱਖਤਾ ਦੀ ਚੜ੍ਹਤ ਪ੍ਰਾਪਤ ਕੀਤੀ ਹੈ। ਇਸੇ ਲਈ ਹਰ ਚੰਗੇ ਸ਼ਬਦ ਨੂੰ ਦਾਨ ਦਾ ਦਰਜਾ ਪ੍ਰਾਪਤ ਹੈ। ਸ਼ੁੱਧ ਭਾਸ਼ਾ ਸਮਾਜ ਦੇ ਮਨਾਂ ਨੂੰ ਗੱਲਬਾਤ ਦੀ ਖੁਸ਼ਬੂ ਨਾਲ ਖੁਸ਼ਬੂਦਾਰ ਬਣਾਉਂਦੀ ਹੈ, ਇਸੇ ਲਈ ਹਰ ਮਨੁੱਖ ਦੀ ਕੀਮਤ ਉਸਦੀ ਜੀਭ ਦੇ ਹੇਠਾਂ ਰੱਖੀ ਗਈ ਹੈ। ਸਭ ਤੋਂ ਪਾਪੀ ਲੋਕ ਵੀ ਆਪਣੇ ਸ਼ਬਦਾਂ ਨੂੰ ਸਾਹਿਤ ਦੇ ਜੀਵਨ-ਰਹਿਤ ਨਾਲ ਸਿੰਜ ਕੇ ਆਪਣੀਆਂ ਯਾਦਾਂ ਆਪਣੇ ਪਿੱਛੇ ਛੱਡ ਗਏ ਹਨ। ਕਿਸੇ ਦੇ ਸ਼ਬਦਾਂ ਨੂੰ ਆਪਣੇ ਸ਼ਬਦਾਂ ਵਾਂਗ ਪੇਸ਼ ਕਰਨਾ ਕੋਈ ਅਸਾਧਾਰਨ ਸਥਿਤੀ ਨਹੀਂ ਹੈ। ਜਿਸ ਤਰ੍ਹਾਂ ਮਹਾਨ ਪੈਗੰਬਰ ਧਰਮ ਦੇ ਰਾਖੇ ਬਣੇ ਅਤੇ ਆਪਣੇ ਕੰਮਾਂ ਰਾਹੀਂ ਉਨ੍ਹਾਂ ਨੂੰ ਮਿਲਾਵਟ ਤੋਂ ਮੁਕਤ ਰੱਖਿਆ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੌਂਪਿਆ, ਉਹ ਮਨੁੱਖਤਾ ਦੀ ਦੁਨੀਆਂ ਵਿਚ ਹਮੇਸ਼ਾ ਲਈ ਕਾਇਮ ਰਹੇ। ਫਿਰ, ਜਿਸ ਤਰ੍ਹਾਂ ਗਰੀਬ ਅਤੇ ਦਰਵੇਸ਼ ਸੁਭਾਅ ਦੇ ਲੇਖਕਾਂ ਨੇ ਧਰਤੀ 'ਤੇ ਸਵਰਗੀ ਵਿਗਿਆਨਾਂ ਨੂੰ ਇਸ ਤਰ੍ਹਾਂ ਖਿੰਡਾ ਦਿੱਤਾ ਕਿ ਹਰ ਧਰਮ ਦੇ ਲੋਕ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਮਨੁੱਖਤਾ ਨੂੰ ਜੋੜਨ ਵਾਲੇ ਸਾਹਿਤ ਦੇ ਇਸ ਚਮਤਕਾਰ ਨੂੰ ਕਿਸੇ ਦਲੀਲ ਦੀ ਲੋੜ ਨਹੀਂ ਹੈ। ਇਸੇ ਲਈ ਇਸਲਾਮ ਦੇ ਵਿਆਖਿਆਕਾਰਾਂ ਨੇ ਪਹਿਲਾਂ ਹੀ ਕਿਹਾ ਸੀ, "ਇਹ ਨਾ ਦੇਖੋ ਕਿ ਇਹ ਕੌਣ ਕਹਿ ਰਿਹਾ ਹੈ, ਦੇਖੋ ਕਿ ਇਹ ਕੀ ਕਹਿ ਰਿਹਾ ਹੈ, ਤਾਂ ਜੋ ਤੁਸੀਂ ਉਨ੍ਹਾਂ ਲੋਕਾਂ ਵਿਚ ਗਿਣੇ ਜਾਵੋ ਜੋ ਸੱਚ ਨਾਲ ਸਹਿਮਤ ਹਨ।" ਸਾਹਿਤ ਨੇ ਅੱਗ ਬੁਝਾਊ ਬਿਆਨਬਾਜ਼ੀ ਦਾ ਵਿਰੋਧ ਕੀਤਾ ਅਤੇ ਆਪਣੀ ਗੱਲ ਧੀਮੀ ਅਤੇ ਮਿੱਠੀ ਸੁਰ ਵਿਚ ਪੇਸ਼ ਕੀਤੀ। ਇਸਨੂੰ ਇੱਕ ਪਲੇਟ ਵਿਚ ਰੱਖ ਕੇ, ਇਹ ਇਸਨੂੰ ਇਸ ਤਰੀਕੇ ਨਾਲ ਪੇਸ਼ ਕਰਦਾ ਹੈ ਕਿ ਸੁਣਨ ਵਾਲਾ ਤੁਹਾਡਾ ਬਣ ਜਾਂਦਾ ਹੈ। ਕੀ ਮੈਂ ਇਹ ਕਹਾਂ ਕਿ ਇਹ ਪਰਮਾਤਮਾ ਦੀ ਸ਼ਕਤੀ ਹੈ ਜਾਂ ਉਨ੍ਹਾਂ ਲੋਕਾਂ ਦੀ ਕਮਜ਼ੋਰੀ ਜੋ ਸਮਾਜ ਦੀ ਸੁੰਦਰਤਾ ਦੀ ਜ਼ਿੰਮੇਵਾਰੀ ਨਹੀਂ ਲੈਂਦੇ, ਕਿ ਇੱਥੇ ਗੁਲਾਮ ਕੁੜੀ ਰਾਣੀ ਬਣ ਗਈ ਹੈ ਅਤੇ ਰਾਣੀ ਆਪਣਾ ਮੂੰਹ ਲੁਕਾ ਕੇ ਕੋਨੇ ਵਿਚ ਬੈਠੀ ਹੈ। ਭਾਸ਼ਾ ਦਾ ਪ੍ਰਭਾਵ ਭਾਸ਼ਾ ਉੱਤੇ ਪੈਣ ਲੱਗ ਪਵੇਗਾ। ਤੁਹਾਨੂੰ ਵਿਗਿਆਨ ਅਤੇ ਸਾਹਿਤ ਦੀਆਂ ਲਾਇਬ੍ਰੇਰੀਆਂ ਦਾ ਵਿਸਤਾਰ ਕਰਨਾ ਚਾਹੀਦਾ ਹੈ, ਭਾਵੇਂ ਤੁਹਾਡੀ ਆਪਣੀ ਭਾਸ਼ਾ ਵਿਚ ਵੀ, ਕਲਾ ਫੈਕਟਰੀਆਂ ਚਲਾਉਣੀਆਂ ਚਾਹੀਦੀਆਂ ਹਨ, ਅਤੇ ਕਾਵ ਦੀਆਂ ਟਾਹਣੀਆਂ 'ਤੇ ਸ਼ਾਨ ਦੇ ਫੁੱਲਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਜੋ ਨਵੀਂ ਪੀੜ੍ਹੀਆਂ ਮਾਣਮੱਤੇ ਮਨੁੱਖਤਾ ਦਾ ਫੁੱਲਾਂ ਦਾ ਬਿਸਤਰਾ ਬਣਾ ਸਕਣ।

# ਸੁਰਿੰਦਰ ਗੀਤ ਦੇ ਕਾਵਿ-ਬੋਲਾਂ ਦੀ ਵਿਲੱਖਣਤਾ

ਸੁਰਿੰਦਰ ਗੀਤ (2 ਅਪ੍ਰੈਲ 1951) ਪੰਜਾਬੀ ਸ਼ਾਇਰੀ ਦੀ ਗੌਲਣਯੋਗ ਅਤੇ ਪ੍ਰਤਿਭਾਸ਼ਾਲੀ ਸ਼ਾਇਰਾ ਹੈ। ਜਨਮ ਉਸਦਾ ਪਿੰਡ ਬੀੜ-ਰਾਊਕੇ ਜ਼ਿਲ੍ਹਾ ਮੋਗਾ (ਪਹਿਲਾਂ ਫਿਰੋਜ਼ਪੁਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਮੋਗਾ ਸਰਕਾਰੀ ਸਕੂਲ 'ਤੋਂ ਹਾਸਲ ਕੀਤੀ ਅਤੇ ਡੀ.ਐਮ. ਕਾਲਜ ਮੋਗਾ ਤੋਂ ਪ੍ਰੀ ਮੈਡੀਕਲ ਕਰਨ ਉਪਰੰਤ ਉਹ ਖਾਲਸਾ ਕਾਲਜ ਫ਼ਾਰ ਵਿਮੈਨ ਲੁਧਿਆਣਾ ਬੀ.ਐਸ.ਸੀ ਮੈਡੀਕਲ ਕਰਨ ਅੱਪੜ ਗਈ। ਏਥੋਂ ਹੀ ਉਸ ਲੰਮੀ ਉਡਾਰੀ ਮਾਰੀ ਅਤੇ 1974 ਤੋਂ ਕੈਨੇਡਾ ਦੇ ਸ਼ਹਿਰ ਕੈਲਗਰੀ ਜਾ ਟਿਕੀ। ਪਿੰਡ, ਮੋਗੇ ਅਤੇ ਲੁਧਿਆਣੇ ਦੇ ਇਰਦ-ਗਿਰਦ ਵਿਚਰਦੀ ਦੇ ਅੰਦਰ ਕਿਤੇ ਕਵਿਤਾ ਵੱਸ ਗਈ। ਜਾਪਦੈ ਜਿਵੇਂ ਉਸਦਾ ਵਜੂਦ ਕਿਧਰੇ ਦੋ ਖਾਨਿਆਂ ਵਿਚ ਵੰਡਿਆ ਗਿਆ: ਇਕ ਖਾਨਾ ਉਹ ਸੀ ਜਿਸ ਉਸਨੂੰ ਇਲਮ ਤੇ ਤਾਲੀਮ (ਵਿਗਿਆਨ) ਨਾਲ ਜੋੜੀ ਰੱਖਿਆ ਅਤੇ ਦੂਸਰੇ ਵਿਚ ਜਜ਼ਬਾਤ, ਤਜਰਬੇ ਅਤੇ ਅਹਿਸਾਸ ਜਨਮਦੇ, ਪੁੰਗਰਦੇ ਅਤੇ ਜਵਾਨ ਹੁੰਦੇ ਰਹੇ। ਖੂਬਸੂਰਤੀ ਇਹ ਹੈ ਕਿ ਵਿਗਿਆਨ ਅਤੇ ਸੰਵੇਦਨਾ ਨੂੰ



**ਪ੍ਰੋਫ਼ੈਸਰ ਹਰਿਭਜਨ ਸਿੰਘ ਭਾਟੀਆ**
**(ਸਾਬਕਾ ਮੁੱਖੀ ਅਤੇ ਡੀਨ ਭਾਸ਼ਾਵਾਂ)**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

ਉਸ ਕਦੀ ਆਪਸ ਵਿਚ ਭਿੜਨ ਨਹੀਂ ਦਿੱਤਾ, ਸਗੋਂ ਇਕ ਦੂਸਰੇ ਦਾ ਸੰਗੀ ਸਾਥੀ ਬਣਾਈ ਰੱਖਿਆ। ਨਿੱਕੇ-ਨਿੱਕੇ ਕੋਮਲ ਅਹਿਸਾਸਾਂ ਨੂੰ ਪਕੜਦੀ ਸੁਰਿੰਦਰ ਉਨ੍ਹਾਂ ਨੂੰ ਹਰਫ਼ਾਂ ਦਾ ਲਿਬਾਸ ਪਹਿਨਾਉਣ ਲੱਗੀ। ਆਪਣੇ ਪਿੰਡ ਜੰਮਣ-ਭੋਇੰ ਅਤੇ ਆਲੇ-ਦੁਆਲੇ ਦੇ ਸਮੁੱਚੇ ਮਾਹੌਲ 'ਤੋਂ ਟੁੱਟਣ ਉਪਰੰਤ ਉਸਦੇ ਜਜ਼ਬਾਤ ਨੇ ਸਾਹ ਕੱਢਣਾ ਆਰੰਭ ਕੀਤਾ। ਉਸਦੇ ਬੋਲ ਲਫ਼ਜ਼ਾਂ ਦਾ ਲਿਬਾਸ ਪਹਿਣ ਕਾਗਜ਼ਾਂ ਦੀ ਧਰਤੀ ਉੱਪਰ ਲੱਥੇ ਤਾਂ ਸ਼ਾਇਰ ਸੁਰਜੀਤ ਪਾਤਰ ਨੇ ਉਨ੍ਹਾਂ ਨੂੰ ਪੁਸਤਕ ਵਿਚ ਸ਼ਿੰਗਾਰ ਕੇ ਸਾਥੋਂ ਦਿੱਤਾ। ਸੁਰਿੰਦਰ ਨਾਲ 'ਗੀਤ' ਲਫ਼ਜ਼। ਤਖ਼ੱਲਸ ਵੀ ਸੁਰਜੀਤ ਪਾਤਰ ਨੇ ਆਪਣੀ ਲਤੀਫ਼ ਨਜ਼ਰ ਨਾਲ ਜੋੜਿਆ। ਇਸ ਲਫ਼ਜ਼ ਨੇ ਜਿਵੇਂ ਸ਼ਾਇਰੀ ਦੀ ਦੁਨੀਆ ਨਾਲ ਉਸਦਾ ਚਿਰੰਜੀਵੀ ਨਹੀਂ ਸਗੋਂ ਸਦੀਵੀ ਰਿਸ਼ਤਾ ਹੀ ਜੋੜ ਦਿੱਤਾ। ਉਸਦਾ ਇਹ ਪਹਿਲਾ ਕਾਵਿ ਸੰਗ੍ਰਹਿ 'ਤੁਰੀ ਸਾਂ ਮੈਂ ਓਥੋਂ' (1996) ਸਾਹਮਣੇ ਆਇਆ ਅਤੇ ਮੁੜ ਉਸਦੀ ਕਲਮ ਪੂਰੀ ਸ਼ਿੱਦਤ ਨਾਲ ਅਗਾਂਹ ਸਰਕਦੀ ਰਹੀ। 'ਸੁਣ ਨੀ ਜਿੰਦੇ' (1999), 'ਚੰਦ ਸਿਤਾਰੇ ਮੇਰੇ ਵੀ ਨੇ' (2005), 'ਮੋਹ ਦੀਆਂ ਛੱਲਾਂ' (2011), 'ਕਾਨੇ ਦੀਆਂ ਕਲਮਾਂ' (2014), 'ਰੁੱਖ ਤੇ ਪੰਛੀ' (2017) ਅਤੇ 'ਸ਼ਬਦ ਸੁਨੱਖੇ' (2019) ਤੋਂ ਮਗਰੋਂ ਛਪ ਰਹੀ ਪੁਸਤਕ 'ਗੁਸਤਾਖ਼ ਹਵਾ' ਨੇ ਉਸਦੇ ਸ਼ਾਇਰੀ ਨਾਲ ਅਟੁੱਟ ਰਿਸ਼ਤੇ ਤੇ ਬੇਪਨਾਹ ਮੁਹੱਬਤ ਨੂੰ ਜ਼ਾਹਰ ਕਰ ਦਿੱਤਾ ਹੈ।

ਮੈਨੂੰ ਸੁਰਿੰਦਰ ਗੀਤ ਨੇ ਇਹ ਸਭ ਪੁਸਤਕਾਂ ਇਕ ਖ਼ੂਬਸੂਰਤ ਅਦਬੀ ਤੋਹਫ਼ੇ ਵਜੋਂ ਭੇਜੀਆਂ ਅਤੇ ਲੰਮਾ ਅਰਸਾ ਇਹ ਮੈਨੂੰ ਆਪਣੇ ਨੇੜੇ ਆਉਣ ਦੀਆਂ ਸੈਨਤਾਂ ਕਰਦੀਆਂ ਰਹੀਆਂ। ਅਖ਼ੀਰ ਮਿਲਦੀ ਫ਼ੁਰਸਤ ਦੇ ਪਲਾਂ ਵਿਚ ਮੈਂ ਇਨ੍ਹਾਂ ਦੇ ਸਾਹ ਸੁਣਨੇ ਸ਼ੁਰੂ ਕੀਤੇ। ਸੁਰਿੰਦਰ ਨੇ ਕਿਧਰੋਂ ਕਾਵਿ ਹੁਨਰ ਸਿੱਖਿਆ ਨਹੀਂ ਸਗੋਂ ਸ਼ਾਇਰੀ ਨਾਲ ਕਰੀਬੀ ਰਿਸ਼ਤੇ ਅਤੇ ਉਸਦੇ ਪੁਰਜ਼ੋਰ ਜਜ਼ਬਾਤ ਹੀ ਜਾਪਦੈ ਉਸ ਨੂੰ ਸ਼ਾਇਰੀ ਦੀਆਂ ਅਟਕਲਾਂ ਸਿਖਾਉਂਦੇ ਰਹੇ ਨੇ। ਉਸਦੀ ਸ਼ਾਇਰੀ ਨਾਲ ਨਿਕਟ ਰਿਸ਼ਤਾ ਜੋੜਨ ਵਾਲਿਆਂ ਨੂੰ ਮਸ਼ਵਰਾ ਹੈ ਕਿ ਉਸਨੂੰ ਹੁਣਵੇਂ ਸਮੇਂ ਬਿੰਦੂ ਉਪਰ ਟਿਕ ਕੇ ਨਾ ਪੜ੍ਹਨ; ਉਸਨੂੰ ਸਥਿਰ ਵਰਤਾਰੇ ਵਜੋਂ ਸਮਝਣ ਦੀ ਬਜਾਏ ਉਸਨੂੰ ਉਸਦੀ ਗਤੀ ਵਿਚ ਪਕੜਨ ਅਤੇ ਜਾਣਨ ਸਮਝਣ ਦਾ ਯਤਨ ਕਰਨ। ਅਜਿਹੇ ਯਤਨ ਸਦਕਾ ਉਸਦੀ ਸਰੋਕਾਰਾਂ ਉੱਪਰ ਵਧਦੀ ਪਕੜ, ਉਨ੍ਹਾਂ ਦੀਆਂ ਬਰੀਕੀਆਂ ਨੂੰ ਜਾਣਨ ਦੀ ਤੌਫ਼ੀਕ, ਉਸਦੀ ਕਲਾ ਨਿਪੁੰਨਤਾ ਦੀ ਮਜ਼ਬੂਤ ਪਕੜ ਅਤੇ ਉਸਦਾ ਲੋਕ-ਪੱਖੀ ਮਾਨਵੀ ਨਜ਼ਰੀਆ ਸਾਫ਼-ਸਫ਼ਾਫ਼ ਹੋ ਸਾਹਮਣੇ ਆ ਜਾਵੇਗਾ। ਸ਼ੁਰੂ ਤਾਂ ਕੀਤਾ ਸੀ ਉਸ ਇਕ ਭਾਂਤ ਦੀ ਭੁਰੇਵੇ ਦੀ ਭਾਵਨਾ, ਆਪਣੀ ਮਿੱਟੀ ਨਾਲ ਮੋਹ ਅਤੇ ਰਿਸ਼ਤਿਆਂ ਨਾਲ ਫ਼ਾਸਲੇ ਵਿਚੋਂ ਪੈਦਾ ਹੋਈ ਕਸਕ ਨੂੰ ਲਫ਼ਜ਼ੀ ਜਾਮਾ ਪਹਿਨਾਉਣ ਤੋਂ, ਪਰੰਤੂ ਸਹਿਜੇ ਸਹਿਜੇ ਉਸਦਾ ਅਨੁਭਵ ਡੂੰਘਾ ਅਤੇ ਵਿਸ਼ਾਲ ਰੂਪ ਧਾਰਦਾ ਗਿਆ। ਉਸਦੀ ਸ਼ਾਇਰੀ ਰਿਸ਼ਤਿਆਂ ਦੀ ਅਸਥਿਰਤਾ, ਮੋਹ ਦੀਆਂ ਛੱਲਾਂ, ਕੁਦਰਤ ਦੇ ਵਿਸਮਾਦੀ ਗੀਤਾਂ ਦੁਆਲੇ ਘੁੰਮਦੀ ਹੋਈ ਉਦਾਸੀ, ਪੀੜਾ ਅਤੇ ਬਿਰਹਾ ਦੇ ਭਾਵਾਂ ਨੂੰ ਜ਼ਬਾਨ ਦੇਂਦੀ ਹੋਈ ਪਰਵਾਸ ਦੇ ਤ੍ਰਾਸਦਿਕ ਅਨੁਭਵਾਂ, ਮਨੁੱਖੀ ਪਿਆਰ, ਨਿਰੰਤਰ ਵਿਹੂਲੇ ਹੁੰਦੇ ਜਾ ਰਹੇ ਵਾਤਾਵਰਣ, ਰਿਸ਼ਤਿਆਂ ਦੀ ਅਸਲੀਅਤ, ਔਰਤ ਦੇ ਮਸਲਿਆਂ, ਧਾਰਮਿਕ ਆਡੰਬਰ, ਸੱਚ ਤੇ ਨਿਆਂ, ਸਮਾਜਕ ਕ੍ਰਾਂਤੀ ਦੀ ਜ਼ਰੂਰਤ ਅਤੇ ਸਮਕਾਲੀ ਰਾਜਨੀਤੀ ਆਦਿ ਕਈ ਕੁਝ ਨੂੰ ਆਪਣੀ ਬੁੱਕਲ ਵਿਚ ਸਮੇਟਦੀ ਗਈ।

ਉਸਦੇ ਜਜ਼ਬਾਤ ਕਦੀ ਗ਼ਜ਼ਲਾਂ, ਕਦੀ ਗੀਤਾਂ ਅਤੇ ਕਦੀ ਨਜ਼ਮਾਂ ਵਿਚ ਢਲਦੇ ਗਏ। ਉਸਦੀ ਕਵਿਤਾ ਦੇ ਸਫ਼ਰ ਦੇ ਆਰੰਭ 'ਤੋਂ ਹੀ ਇਸਨੂੰ ਫਰੋਲਣਾ ਸ਼ੁਰੂ ਕਰੋ ਤਾਂ ਇਸ ਨੂੰ ਵਿੱਥਾਂ, ਵਿਤਕਰੇ, ਅਨਿਆਂ, ਨਾ-ਬਰਾਬਰੀ ਸਤਾਉਂਦੀ ਹੈ ਅਤੇ ਇਹ ਮੁੜ-ਮੁੜ ਮਾਨਵੀ ਮੁਹੱਬਤ ਤੇ ਸਾਂਝ ਦੇ ਇਰਦ ਗਿਰਦ ਘੁੰਮਦੀ ਹੈ। ਉਸਦੀ ਸ਼ਾਇਰੀ ਨਾਲ ਪੱਕਾ-ਪੀਡਾ ਨਾਤਾ ਜੋੜਨ ਲਈ ਕੁਝ ਮਿਸਾਲਾਂ ਦੀ ਜ਼ਰੂਰਤ ਹੈ:

ੳ. ਧਰਮਾਂ ਦੇ ਨਾਂ 'ਤੇ ਧਰਤ ਨੂੰ ਵੰਡਣਾ ਠੀਕ ਨਹੀਂ,
ਗੀਤ ਗ਼ਜ਼ਲ ਤੇ ਕਵਿਤਾ ਦੀ ਅਰਜ਼ੋਈ ਹੈ।

ਅ. ਇਸ ਤਰ੍ਹਾਂ ਤਾਂ ਹੈ ਨਹੀਂ, ਪਰ ਇਸ ਤਰ੍ਹਾਂ ਹੁਣ ਜਾਪਦਾ, ਬੇਵਫ਼ਾਵਾਂ-ਬੇਈਮਾਨਾਂ, ਚੋਰਾਂ ਦਾ ਭਗਵਾਨ ਹੈ।

ੲ. ਨਫ਼ਰਤ, ਹਿੰਸਾ, ਮਾਤਮ, ਸਾਡੇ ਸ਼ਹਿਰਾਂ ਦੇ ਨੇ ਵਾਸੀ
ਪਿਆਰ ਵਰਗੀ ਇਸ ਰੂਹ ਨੂੰ ਦੱਸੋ ਕਿਹੜੇ ਸ਼ਹਿਰ ਵਸਾਵਾਂ।

ਸ. ਅੱਜ ਦੇ ਯੁੱਗ ਵਿਚ ਅਕਲਾਂ ਮੂਹਰੇ ਇਹ ਧਰਤੀ ਅੱਜ ਹੋ ਗਈ ਛੋਟੀ ਪਰ ਇਸ ਧਰਤੀ ਦੀ ਬੁੱਕਲ ਵਿਚ ਨਿੱਤ ਨਵੇਂ ਕਈ ਲੱਖਾਂ ਮਰਦੇ ਜਿਸਦਾ ਕਾਰਨ ਕੇਵਲ ਰੋਟੀ ਰੋਟੀ ਤੋਂ ਖਾਲੀ ਢਿੱਡਾਂ ਲਈ ਹਰ ਗੱਲ ਖੋਟੀ।


ਹ. ਹਰ ਥਾਂ 'ਤੇ ਬੀਜ ਅੱਗ ਦਾ ਸੁੱਟਿਆ ਹਕੂਮਤਾਂ ਨੇ
ਗੁਲਮੋਹਰ ਬੀਜਣਾ ਮੈਂ ਗਿੱਠ ਵੀ ਜਮੀਂ ਬਚੀ ਨਾ।

ਕ. ਅੱਗ ਵਾਂਗੂ ਸਾੜਦੀ ਤੇ ਬਰਫ਼ਾਂ ਵਾਂਗੂੰ ਠਾਰਦੀ ਹੈ ਜ਼ਿੰਦਗੀ 'ਤੋਂ ਸੱਖਣੀ ਹੁਣ ਧਰਤੀ ਦੀ ਆਗੋਸ਼ ਹੈ।

ਖ. ਮਹਿਕ ਰਹੀ ਨਾ ਫੁੱਲਾਂ ਦੇ ਵਿਚ ਰੂਪ ਰਿਹਾ ਨਾ ਤਿਤਲੀ
ਤੇ ਨਕਲੀ ਫੁੱਲ ਤੇ ਨਕਲੀ ਤਿਤਲੀ ਵੇਖ ਸਜਾਈ ਜਾਂਦੇ ਲੋਕ।

ਇਹ ਨਮੂਨੇ ਉਸਦੇ ਸ਼ਾਇਰੀ ਦੇ ਵੱਖ-ਵੱਖ ਰੰਗਾਂ ਦੀ ਪਛਾਣ ਕਰਾਉਂਦੇ ਹਨ। ਸੁਰਿੰਦਰ ਗੀਤ ਦੀ ਸ਼ਾਇਰੀ ਪਰਵਾਸੀ ਸਾਹਿਤ/ਕਵਿਤਾ ਦੇ ਬਣੇ-ਬਣਾਏ ਚੌਖਟਿਆਂ ਜਿਵੇਂ ਭੂਹੇਰਵਾ, ਨਸਲੀ ਵਿਤਕਰਾ, ਪੀੜ੍ਹੀ ਪਾੜਾ ਅਤੇ ਸੱਭਿਆਚਾਰ ਤਨਾਉ ਆਦਿ 'ਤੋਂ ਬਾਹਰ ਸਰਕਦੀ ਹੈ। ਇੰਝ ਹੀ ਲਗਪਗ ਪੂਰੀ ਸਦੀ ਉੱਪਰ ਫੈਲੀ ਹੋਈ ਪੰਜਾਬੀ ਇਸਤਰੀ ਸ਼ਾਇਰਾਵਾਂ ਜਿਵੇਂ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਸ਼ਰਨ ਮੱਕੜ, ਕੁਲਦੀਪ ਕਲਪਨਾ ਅਤੇ ਮਹਿੰਦਰ ਕੌਰ ਗਿੱਲ ਆਦਿ ਦੁਆਰਾ ਸਿਰਜੀਆਂ ਪੈੜਾਂ ਉਪਰ ਉਹ ਅੱਖਾਂ ਮੁੰਦ ਕੇ ਹਰਗਿਜ਼ ਨਹੀਂ ਤੁਰੀ। ਉਸ ਔਰਤ ਦੇ ਸਰੋਕਾਰਾਂ ਨੂੰ ਛੋਹਿਆ ਹੈ ਪਰੰਤੂ ਉਸਨੂੰ ਮਰਦ ਨੂੰ ਕੌੜੀ ਕੁਸੈਲੀ ਜ਼ੁਬਾਨ ਵਿਚ ਗਾਲੀ-ਗੋਲਚ ਕਰਨ ਦੀ ਕਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਉਸ ਹਰੀਆਂ ਛਾਵਾਂ ਦੇ ਬਾਵਜੂਦ ਕਬਰਾਂ ਜੇਹੀ ਜ਼ਿੰਦਗੀ ਦੇ ਅਕਸ ਵੀ ਸ਼ਾਇਰੀ ਵਿਚ ਨਹੀਂ ਢਾਲੇ। ਉਸ ਔਰਤ ਦੀਆਂ ਭਾਵਨਾਵਾਂ, ਉਦਗਾਰਾਂ, ਸੁਪਨਿਆਂ ਅਤੇ ਉਸਦੀ ਮਾਨਵੀ ਹੋਂਦ ਦੇ ਮਹੱਤਵ ਨੂੰ ਮੁੜ-ਮੁੜ ਚਿਤਰਿਆ ਹੈ। ਔਰਤ ਅਤੇ ਮਰਦ ਦੋਵਾਂ ਲਈ ਬਰਾਬਰੀ ਅਤੇ ਨਿਆਂ ਭਰੇ ਮਾਨਵੀ ਜੀਵਨ ਦੀ ਜ਼ਰੂਰਤ ਨੂੰ ਉਹ ਮੁੜ-ਮੁੜ ਆਪਣੀ ਸ਼ਾਇਰੀ ਵਿਚ ਦ੍ਰਿੜ ਕਰਦੀ ਹੈ। ਉਸਦੀ ਔਰਤ ਦੀ ਆਜ਼ਾਦੀ ਅਤੇ ਖੁੱਲ੍ਹ ਵੀ ਮਾਨਵੀ ਸੀਮਾਵਾਂ ਤੇ ਆਦਰਸ਼ਾਂ ਦੇ ਅੰਦਰਵਾਰ ਵਿਚਰਦੀ ਹੈ। ਉਹ ਹਰ ਪ੍ਰਕਾਰ ਦੇ ਬੰਧਨਾਂ ਨੂੰ ਤੋੜਨ ਅਤੇ ਔਰਤ ਨੂੰ ਬਜ਼ਾਰੂ ਵਸਤ ਬਣਨ ਤੋਂ ਹੋੜਦੀ ਹੋਈ ਪੂਰੀ ਦ੍ਰਿੜਤਾ ਨਾਲ ਉਸਦੀ ਆਵਾਜ਼ ਨੂੰ ਕਾਵਿਕ ਬੋਲਾਂ ਵਿਚ ਢਾਲਦੀ ਹੈ:

ਪਰ ਅਸੀਂ ਔਰਤਾਂ ਬੇਜਾਨ ਨਹੀਂ ਸਾਮਾਨ ਨਹੀਂ ਮਾਲ ਨਹੀਂ
ਇਸਤੇਮਾਲ ਹੋਣਾ ਸਾਡਾ ਧਰਮ ਨਹੀਂ
ਇਸਤੇਮਾਲ ਹੋਣਾ ਸਾਡਾ ਕਰਮ ਨਹੀਂ
ਅਸੀਂ ਮਨੁੱਖ ਤਾਂ ਮਨੁੱਖਤਾ ਦਾ ਸੁੱਖ ਹਾਂ




ਗੁਸਤਾਖ਼ ਹਵਾ/11

ਸੁਰਿੰਦਰ ਗੀਤ ਦੀ ਹੁਣਵੀ ਸ਼ਾਇਰੀ ਦੇ ਸਰੋਕਾਰ ਪਰਵਾਸੀ ਮੁੱਦਿਆਂ, ਔਰਤ ਦੇ ਮਸਲਿਆਂ ਅਤੇ ਧਰਤੀ ਦੇ ਮੋਹ ਤੋਂ ਅਗਾਂਹ ਸਰਕ ਮਾਨਵੀ ਧਰਾਤਲ ਉੱਪਰ ਆ ਟਿਕੇ ਹਨ। ਇਸ ਧਰਾਤਲ ਉੱਪਰ ਟਿਕ ਉਹ ਮਜ਼ਲੂਮ ਦੇ ਹੱਕ ਵਿਚ ਅਤੇ ਜ਼ਾਲਮ ਤੇ ਜ਼ੁਲਮ ਦੇ ਖਿਲਾਫ਼ ਖੜ੍ਹਦੀ ਦਿਖਾਈ ਦੇਂਦੀ ਹੈ। ਉਸਦੇ ਸਰੋਕਾਰ ਹਰ ਹੱਸਾਸ ਮਾਨਵ ਦੇ ਸਰੋਕਾਰ ਹਨ ਚਾਹੇ ਉਹ ਧਰਤੀ ਦੇ ਕਿਸੇ ਵੀ ਕੋਨੇ ਉੱਪਰ ਵਿਚਰ ਰਿਹਾ ਹੋਵੇ ਅਤੇ ਚਾਹੇ ਉਸਦਾ ਸੰਬੰਧ ਕਿਸੇ ਵੀ ਜਾਤ, ਧਰਮ ਜਾਂ ਨਸਲ ਨਾਲ ਹੋਵੇ। ਉਸਦਾ ਸੁਪਨਾ ਹੈ: 'ਸੁੱਤੇ ਲੋਕ ਜਾਗਣ/ ਹਨੇਰਾ ਘਟੇ/ ਚਾਨਣ ਪਸਰੇ।' ਆਪਣੇ ਅਜਿਹੇ ਸਰੋਕਾਰਾਂ ਕਰਕੇ ਇਹ ਸ਼ਾਇਰੀ ਪੀੜਤ ਤੇ ਮਜ਼ਲੂਮ ਧਿਰ ਦੇ ਹਿਰਦਿਆਂ ਅੰਦਰ ਵੀ ਲੱਥ ਰਹੀ ਹੈ ਅਤੇ ਇਸ ਤਰੱਕੀ ਪਸੰਦ ਸੋਚ ਨਾਲ ਜੁੜੀਆਂ ਧਿਰਾਂ ਦੁਆਰਾ ਵੀ ਸਤਿਕਾਰੀ, ਸਨਮਾਨੀ ਅਤੇ ਸਲਾਹੀ ਜਾ ਰਹੀ ਹੈ। ਆਪਣੇ ਇਸ ਨਿਰੰਤਰ ਸਫ਼ਰ ਨੂੰ ਕਾਵਿਕ ਬੋਲਾਂ ਵਿਚ ਢਾਲਦੇ ਉਸ ਲਿਖਿਆ ਹੈ ਕਿ:

ਰਾਤ ਦਿਨੇ ਮੈਂ ਭੱਜੀ ਫਿਰਦੀ, ਪਰ ਉਹ ਹੱਥ ਨਾ ਆਉਂਦਾ,
ਮੈਨੂੰ ਟਿੱਚਰਾਂ ਕਰਦਾ ਫਿਰਦਾ ਮੇਰਾ ਹੀ ਪਰਛਾਵਾਂ।
(ਕਾਨੇ ਦੀਆਂ ਕਲਮਾਂ ਪੰਨਾ-25)

ਸੁਰਿੰਦਰ ਗੀਤ ਨੇ ਆਪਣੀ ਇਹ ਕਾਵਿ ਪੁਸਤਕ 'ਗੁਸਤਾਖ਼ ਹਵਾ' ਸਮਰਪਣ ਕੀਤੀ ਹੈ: 'ਮੇਰੇ ਸੁਪਨਿਆਂ ਦੀ ਧਰਤੀ ਪੰਜਾਬ ਦੇ ਨਾਂ....।' ਆਪਣੀ ਧਰਤੀ ਤੇ ਮਿੱਟੀ ਦਾ ਮੋਹ ਮੁੜ-ਮੁੜ ਉਸਦੇ ਕਾਵਿ ਬੋਲਾਂ ਵਿਚ ਨਵੇਂ ਤੇ ਸੱਜਰੇ ਬਿੰਬਾਂ ਵਿਚ ਢਲਦਾ ਦਿਖਾਈ ਦੇਂਦਾ ਹੈ। ਇਸ ਸਭ ਦੇ ਬਾਵਜੂਦ ਉਸਦੀ ਸ਼ਾਇਰੀ ਦਾ ਕੇਂਦਰ ਉਹ ਗੁਸਤਾਖ਼ ਹਵਾ ਹੈ ਜਿਸਨੇ ਸਮੁੱਚੀ ਮਾਨਵਜਾਤੀ ਦੇ ਜੀਵਨ ਨੂੰ ਦੁਖਦ ਤੇ ਪੀੜਾ ਭਰਪੂਰ ਬਣਾਇਆ ਹੋਇਆ ਹੈ। ਗੁਸਤਾਖ਼ ਹਵਾ ਦੇ ਕੇਂਦਰੀ ਪ੍ਰਤੀਕ ਰਾਹੀਂ ਉਹ ਅਜੋਕੇ 'ਅਪਾਹਜ ਸਮੇਂ' ਦੇ ਮਾਨਵ ਵਿਰੋਧੀ ਸਰੂਪ ਨੂੰ ਪਛਾਣਦੀ ਅਤੇ ਕਾਵਿਕ ਬੋਲਾਂ ਵਿਚ ਢਲਦਾ ਹੈ। ਇਸ ਅਪਾਹਜ ਸਮੇਂ ਵਿਚ ਲੋਕਾਈ ਦੀ ਪੀੜ ਤੇ ਦਰਦ ਉਸਦੇ ਚੇਤਨ-ਅਵਚੇਤਨ ਨੂੰ ਡੱਸਦਾ ਹੈ। ਪੂਰੇ ਵਿਸ਼ਵ ਵਿਚ ਫੈਲੀ ਅਫ਼ਰਾ-ਤਫ਼ਰਾ, ਮਾਇਆ ਦੀ ਸਰਦਾਰੀ, ਮੰਡੀ ਤੇ ਮੁਨਾਫ਼ੇ ਦੀ ਚੜ੍ਹਤ, ਕੁਦਰਤ ਦੇ ਵਿਨਾਸ਼ ਤੇ ਉਸ ਨਾਲ ਹੋ ਰਹੇ ਖਿਲਵਾੜ, ਕਾਰਪੋਰੇਟ ਘਰਾਣਿਆਂ ਦੇ ਅਸਲ ਚਿਹਰੇ ਨੂੰ ਬੇਨਕਾਬ ਕਰਨ ਤੋਂ ਉਹ ਰਤਾ ਵੀ ਗੁਰੇਜ਼ ਨਹੀਂਕਰਦੀ। ਉਹ ਗੀਤ ਗਾਉਂਦੀ ਹੈ ਮਾਨਵ ਦੀ ਆਜ਼ਾਦੀ, ਮੁਕਤੀ ਅਤੇ ਖ਼ੁਸ਼ਹਾਲੀ ਦੇ। ਹਾਕਮ ਧਿਰ ਦੇ ਸੋਹਲੇ ਗਾਉਣ ਨਾਲੋਂ ਇਹ ਸ਼ਾਇਰੀ ਕਵਿਤਾ ਨੂੰ ਪੁਕਾਰਦੀ ਹੈ ਤਾਂ ਕੇਵਲ ਇਸ ਲਈ ਕਿ ਕਵਿਤਾ ਤੂੰ ਆ ਪਰ ਇਸ ਤਰ੍ਹਾਂ ਆ...ਨੰਗਿਆਂ ਨੂੰ ਤਨ ਢਕਣ ਲਈ ਕੱਪੜਾ ਮਿਲੇ

ਗੁਸਤਾਖ਼ ਹਵਾ/12

ਤੂੰ ਲੋਕ ਰਾਜ ਦੀ ਆਵਾਜ਼ ਬਣ ਕੇ ਆ ਧਰਤੀ 'ਤੇ ਵੱਸਦੇ ਹਰ ਮਨੁੱਖ ਲਈ ਮਨੁੱਖਾ ਜੂਨ ਬਣ ਕੇ ਆ।
(ਗੁਸਤਾਖ਼ ਹਵਾ ਪੰਨਾ-11)

ਇਹ ਸ਼ਾਇਰੀ ਪੂਰੇ ਵਿਸ਼ਵ ਵਿਚਲੀ ਮਨੁੱਖਤਾ ਨੂੰ ਮਹਾਂਮਾਰੀ ਅਤੇ ਕੁਦਰਤੀ ਆਫ਼ਤਾਂ 'ਤੋਂ ਬਚਾਉਣ ਦੀ ਗੱਲ ਆਖਦੀ ਹੈ। ਇਸਦੇ ਸਰੋਕਾਰ ਕਿਸੇ ਇਕ ਬਿੰਦੂ ਉੱਪਰ ਸੁੰਗੜੇ ਸਿਮਟੇ ਦਿਖਾਈ ਨਹੀਂ ਦਿੰਦੇ ਸਗੋਂ ਪੂਰੀ ਮਨੁੱਖਤਾ ਦੇ ਦਰਦ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ। ਇਹ ਸ਼ਾਇਰੀ ਕਦੇ ਬੰਦੇ ਨੂੰ ਆਪਣੇ ਅੰਦਰ ਡੂੰਘਾ ਲੱਥ ਜਾਣ ਲਈ ਆਖਦੀ ਹੈ ਅਤੇ ਕਦੀ ਆਲੇ-ਦੁਆਲੇ ਅੱਖਾਂ ਖੋਲ੍ਹ ਕੇ ਲੁਕੇ ਪਾਸਾਰਾਂ ਦੇ ਅੰਦਰ ਝਾਕਣ ਲਈ ਪ੍ਰੇਰਦੀ ਹੈ। ਧਾਰਮਿਕ ਅਡੰਬਰ, ਦਹਿਸ਼ਤ ਅਤੇ ਪਿੰਡ ਕਈ ਵਾਰ ਉਸਦੀ ਸਿਮਰਤੀ 'ਚੋਂ ਨਿਕਲ ਉਸਦੇ ਕਾਵਿ ਸਰੋਕਾਰਾਂ ਦਾ ਹਿੱਸਾ ਬਣਦੇ ਦਿਖਾਈ ਦੇਂਦੇ ਹਨ। ਉਹ ਕਵਿਤਾ ਨੂੰ ਚਗਲੇ ਸਵਾਦਾਂ ਮਗਰ ਨੱਸਦੀ ਦੌੜਦੀ ਜਾਂ ਲਿਜਲਿਜ਼ੇ ਰੂਪ ਵਿਚ ਨਹੀਂ ਸਗੋਂ ਚਮਕਦੀ, ਲਿਸ਼ਕਦੀ ਅਤੇ ਦਮਦਾਰ ਵੇਖਣਾ ਲੋਚਦੀ ਹੈ। ਇਹ ਸ਼ਾਇਰੀ ਮੁੱਲਵਾਨ ਇਸ ਲਈ ਹੈ ਕਿਉਂਕਿ ਇਹ ਲੋਕਾਂ ਦੇ ਹੱਕਾਂ ਵਿਚ ਭੁਗਤਦੀ ਹੈ, ਸੁੱਤਿਆ ਨੂੰ ਹਲੂਣਦੀ ਹੈ ਅਤੇ ਜ਼ਮੀਰ ਨੂੰ ਜਗਾਉਂਦੀ ਹੈ। 'ਕਵਿਤਾ ਦੀ ਤਸੀਰ' ਨਜ਼ਮ ਵਿਚ ਉਸਦੀ, ਕਵਿਤਾ ਦਾ ਅਰਕ ਹਾਜ਼ਰ ਹੈ:

ਉਹ ਨਹੀਂ ਜਾਣਦੇ
ਕਿ ਸਾਡੀ ਕਵਿਤਾ ਵਿਚ
ਉਸ ਜ਼ਫ਼ਰਨਾਮੇ ਦੀ ਤਾਸੀਰ ਹੈ
ਜਿਸਨੂੰ ਪੜ੍ਹ ਕੇ
ਔਰੰਗਜ਼ੇਬ ਦੇ ਦਿਲਾਂ ਦੀ ਧੜਕਣ
ਰੁਕ ਜਾਂਦੀ ਹੈ। (ਗੁਸਤਾਖ਼ ਹਵਾ, ਪੰਨਾ-59)

'ਗੁਸਤਾਖ਼ ਹਵਾ' ਵਿਚਲੀ ਸ਼ਾਇਰੀ ਆਪਣੇ ਭਾਵ-ਪ੍ਰਗਟਾਵੇ ਲਈ ਸਿੱਖ ਇਤਿਹਾਸ ਦੇ ਜੁਝਾਰੂ ਤੇ ਲੋਕ-ਪੱਖੀ ਹਵਾਲਿਆਂ ਅਤੇ ਪੰਜਾਬੀ ਲੋਕਧਾਰਾ ਦੇ ਵੇਰਵਿਆਂ ਨੂੰ ਇਸਤੇਮਾਲ ਕਰਦੀ ਹੈ। ਇਸ ਸੰਗ੍ਰਹਿ ਵਿਚ ਲੰਮੀਆਂ ਲੰਮੀਆਂ ਕਵਿਤਾਵਾਂ ਨਹੀਂ, ਅਨੁਭਵ ਦੇ ਛਿਣ ਉੱਪਰ ਖਲੋਤੇ ਸਮੇਂ ਦੇ ਹਾਣੀ ਸਾਰ-ਗਰਭਿਤ ਬੋਲ ਹਨ। ਇਹ ਬੋਲ ਕਿਰਤ ਦੇ ਮਹੱਤਵ ਨੂੰ ਉਭਾਰਦੇ, ਮਜ਼ਲੂਮ ਅੰਦਰ ਦਮ ਭਰਦੇ ਅਤੇ ਲੁੱਟ ਤੇ ਹਿੰਸਾ ਤੋਂ ਮੁਕਤੀ ਹਾਸਲ ਕਰਨ ਲਈ ਪ੍ਰੇਰਦੇ ਦਿਖਾਈ ਦੇਂਦੇ ਹਨ। ਸੁਰਿੰਦਰ ਗੀਤ ਨੂੰ ਆਪਣਾ ਇਹ ਸਫ਼ਰ ਜਾਰੀ ਰੱਖਣਾ ਚਾਹੀਦਾ ਹੈ। ਆਮੀਨ !

# ਸੋਸ਼ਲ ਮੀਡੀਆ ਦੀ ਵਰਤੋਂ

ਸੋਸ਼ਲ ਮੀਡੀਆ ਤੋਂ ਜਿੰਨਾ ਹੋ ਸਕੇ ਬਚ ਕੇ ਚਲੋ, ਜੇ ਇਸ ਦੀ ਵਰਤੋਂ ਵੀ ਕਰਨੀ ਹੈ ਤਾਂ ਦਸ ਪੰਦਰਾਂ ਮਿੰਟ ਤੋਂ ਜ਼ਿਆਦਾ ਨਾ ਕਰੋ।

ਮੇਰੀ ਸਹੇਲੀ ਕਹਿੰਦੀ ਮੇਰੇ ਮੰਮੀ ਪਾਪਾ ਸਾਰਾ ਦਿਨ ਵਿਹਲੇ ਬੈਠੇ ਰੀਲਾਂ ਦੇਖਦੇ ਰਹਿੰਦੇ ਹਨ, ਦੋਨੋਂ ਰਿਟਾਇਰ ਹਨ। ਦੋਹਾਂ ਦੇ ਚੜ੍ਹਦੇ ਮਹੀਨੇ ਬੈਂਕ ਵਿਚ ਚੰਗੀ ਰਕਮ ਪੈ ਜਾਂਦੀ ਹੈ,

**ਅਰਸ਼ ਬਿੰਦੂ**

ਮੈਂ ਬਾਹਰੋਂ ਕੰਮ ਕਰ ਕੇ ਥੱਕੀ ਆਉਂਦੀ ਹਾਂ ਤਾਂ ਓਹ ਇਸ ਗੱਲ ਦੀ ਪਰਵਾਹ ਵੀ ਨਹੀਂ ਕਰਦੇ। ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਕਿ ਦੂਸਰਾ ਕੀ ਮਹਿਸੂਸ ਕਰਦਾ ਹੈ, ਦੂਜਾ ਸੁੱਤਾ ਪਿਆ ਹੈ ਜਾਂ ਕੁਝ ਪੜ੍ਹ ਰਿਹਾ ਹੈ, ਜਾਂ ਦੂਜੇ ਨੂੰ ਸ਼ਾਂਤੀ ਵੀ ਚਾਹੀਦੀ ਹੋ ਸਕਦੀ ਹੈ, ਉਨ੍ਹਾਂ ਨੇ ਕਦੇ ਬਿਠਾ ਕਿ ਮੈਨੂੰ ਇਹ ਨਹੀਂ ਪੁੱਛਿਆ ਕਿ ਤੂੰ ਠੀਕ ਹੈਂ? ਬੀਮਾਰ ਤਾਂ ਨਹੀਂ? ਤੇਰੀ ਜ਼ਿੰਦਗੀ 'ਚ ਕੀ ਚੱਲ ਰਿਹੈ? ਕਈ ਕਈ ਘੰਟੇ ਉਨ੍ਹਾਂ ਦਾ ਮੋਬਾਈਲ ਬੰਦ ਨਹੀਂ ਹੁੰਦਾ, ਅਵਾਜ਼ ਵੀ ਫੁੱਲ ਹੁੰਦੀ ਹੈ। ਉਹ ਕਦੇ ਹੱਸਦੇ ਨਜ਼ਰ ਆਉਂਦੇ ਹਨ, ਕਦੇ ਚੁੱਪ ਹੋ ਜਾਂਦੇ ਹਨ।

ਅਗਲੇ ਮਿੰਟ ਉਫ਼! ਇਹ ਕੀ ਹੋ ਗਿਆ ਇਹ ਕਹਿੰਦੇ ਦਿਸਦੇ ਨੇ, ਸੋਫੇ 'ਤੇ ਬੈਠ ਕੇ ਲੇਟ ਕੇ ਮੰਜੇ 'ਤੇ ਬੈੱਡ 'ਤੇ, ਉਹ ਸਾਰਾ ਦਿਨ ਰੀਲਾਂ ਦੇਖਦੇ ਹਨ ਜਾਂ ਪੁੱਠੀਆਂ-ਸਿੱਧੀਆਂ ਗੋਦੀ ਮੀਡੀਆ ਦੀਆਂ ਖ਼ਬਰਾਂ ਸੁਣਦੇ ਹਨ। ਉਸ ਨੂੰ ਲੱਗਦਾ ਹੈ ਕਿ ਉਸ ਨੇ ਉਨ੍ਹਾਂ ਨੂੰ ਮੋਬਾਇਲ ਦੀ ਟੈਕਨੀਕ ਸਿਖਾ ਕੇ ਗਲਤੀ ਕਰ ਲਈ ਹੈ। ਸਾਰਾ ਦਿਨ ਰੀਲਾਂ ਦੇਖਣ ਦਾ ਮਤਲਬ ਹੈ ਤੁਸੀਂ ਚੋਰੀਆਂ, ਡਾਕੇ, ਜੰਗ ਪਾਕਿਸਤਾਨ, ਹਿੰਦੁਸਤਾਨ, ਇਹ ਧਰਮ ਉਹ ਧਰਮ ਦੀਆਂ ਰੀਲਾਂ-ਵੀਡੀਓ ਦੇਖ ਰਹੇ ਹੋ ਜੋ ਚੁੱਪ-ਚਾਪ ਬਿਨਾਂ ਦਸਤਕ ਤੁਹਾਡੇ ਦਿਮਾਗ 'ਤੇ ਗਲਤ ਅਸਰ ਪਾ ਰਹੀਆਂ ਹਨ। ਹਰ ਇੱਕ ਮਿੰਟ ਬਾਅਦ ਰੀਲਾਂ ਤੁਹਾਡੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੀਆਂ ਨੇ ਤੁਹਾਡੇ ਵਿਚਾਰਾਂ ਨਾਲ ਖਿਲਵਾੜ ਕਰਦੀਆਂ ਨੇ, ਜਿਵੇਂ ਤੁਸੀਂ ਇੱਕ ਰੀਲ ਗੀਤ ਵਾਲੀ ਦੇਖੀ, ਦੂਸਰੀ ਕਤਲੋਗਾਰਤ ਵਾਲੀ, ਤੀਸਰੀ ਰਸੋਈ ਵਿਚ ਪੱਕ ਰਹੇ ਖਾਣੇ ਬਾਰੇ, ਪੰਜਵੀਂ ਫਲਾਣੀ ਥਾਂ ਹਮਲਾ ਹੋ ਗਿਆ, ਛੇਵੀਂ ਕੋਈ ਚੁਟਕਲਾ, ਸੱਤਵੀਂ ਕਿਸੇ ਥਾਂ ਐਕਸੀਡੈਂਟ ਦੀ,

ਹੁਣ ਤੁਸੀਂ ਆਪ ਦੱਸੋ ਕਿ ਪਿਛਲੇ ਸੱਤ ਮਿੰਟਾਂ ਵਿਚ ਤੁਹਾਡੇ ਦਿਮਾਗ ਨੇ ਕਿੰਨੇ ਭਾਵ ਬਦਲੇ...?ਹਰ ਵੇਲੇ ਮੱਥੇ 'ਤੇ ਤਿਓੜੀ ਦਿਸਣਾ, ਗੁੱਸਾ ਦਿਸਣਾ, ਅਸਹਿਜ ਮਹਿਸੂਸ ਕਰਨ ਦਾ ਮਤਲਬ ਇਹ ਹੈ ਕਿ ਸੋਸ਼ਲ ਮੀਡੀਆ ਨੇ ਤੁਹਾਡੇ ਦਿਮਾਗ ਨੂੰ ਵਸ ਵਿਚ ਕਰ ਲਿਆ ਹੈ।

ਨਤੀਜਾ ਤੁਸੀਂ ਹਰ ਇੱਕ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗਦੇ ਹੋ, ਤੁਹਾਨੂੰ ਆਪਣਿਆਂ 'ਤੇ ਵੀ ਸ਼ੱਕ ਹੋਣ ਲੱਗਦਾ ਹੈ। ਹਰ ਇੱਕ ਨਾਲ ਤੁਹਾਡਾ ਲੜਨ ਨੂੰ ਜੀਅ ਕਰਦੈ, ਅਚਾਨਕ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਬੀਪੀ ਵਧ ਗਿਆ ਜਾਂ ਘੱਟ ਹੈ, ਅਜੀਬ ਕਿਸਮ ਦਾ ਤਣਾਅ ਮਹਿਸੂਸ ਕਰਦੇ ਹੋ, ਕਦੇ ਰੋਣ ਨੂੰ ਜੀ ਕਰਦਾ ਹੈ ਕਦੇ ਹੱਸਣ ਨੂੰ, ਤਾਂ ਸਤਰਕ ਹੋ ਜਾਓ ਤੁਹਾਨੂੰ ਸੋਸ਼ਲ ਮੀਡੀਆ ਨੇ ਆਪਣੇ ਪੰਜੇ ਵਿਚ ਜਕੜ ਲਿਆ ਹੈ।

ਸੋਸ਼ਲ ਮੀਡੀਆ ਦੀਆਂ ਰੀਲਾਂ ਵੀਡੀਓਜ਼ ਦੇਖਣ ਦੀ ਥਾਂ ਤੁਸੀਂ ਕੋਈ ਫਿਲਮ ਦੇਖ ਲਵੋ ਕੋਈ ਕਿਤਾਬ ਪੜ੍ਹ ਲਵੋ, ਕਿਤਾਬ ਨਹੀਂ ਪੜ੍ਹੀ ਜਾਂਦੀ ਤਾਂ ਯੂ-ਟਿਊਬ ਉੱਤੇ ਕਿਤਾਬਾਂ ਦੀਆਂ ਆਡੀਓ ਵੀ ਪਈਆਂ ਹਨ ਉਹ ਸੁਣ ਸਕਦੇ ਹੋ। ਕਿਸੇ ਹੋਰ ਮੁਲਕ ਦੀ ਭਾਸ਼ਾ ਸਿੱਖਣ ਲੱਗ ਜਾਓ ਯੂ-ਟਿਊਬ 'ਤੇ ਕਲਾਸਾਂ ਲੱਗਦੀਆਂ, ਭਾਵੇਂ ਕਿ ਹੈ ਇਹ ਵੀ ਸੋਸ਼ਲ ਮੀਡੀਏ ਦਾ ਹਿੱਸਾ ਪਰ ਸਾਰਥਕ ਹੈ, ਚੰਗੀਆਂ ਕਿਤਾਬਾਂ ਬਾਰੇ ਚੰਗੀਆਂ ਫਿਲਮਾਂ ਬਾਰੇ ਆਪਣੇ ਵਿਚਾਰ ਫੇਸਬੁੱਕ 'ਤੇ ਸਾਂਝੇ ਕਰ ਸਕਦੇ ਹੋ, ਜਿਹੜੇ ਬਜ਼ੁਰਗ ਵਿਹਲੇ ਹਨ ਆਪਣੇ ਗਲੀ-ਗਵਾਂਢ ਦੇ ਨਿੱਕੇ ਬੱਚਿਆਂ ਨੂੰ ਗਲੀ ਵਿਚ ਇਕੱਠਾ ਕਰ ਕੇ ਆਪਣੀਆਂ ਕਹਾਣੀਆਂ ਸੁਣਾਓ। ਘਰ ਵਿਚ ਫੁੱਲ ਬੂਟੇ ਲਾਓ, ਪੰਛੀਆਂ ਲਈ ਆਲ੍ਹਣੇ ਬਣਾਉਣ, ਕਿਸੇ ਐਸੀ ਥਾਂ ਜਿੱਥੇ ਹਰਿਆਵਲ ਨਹੀਂ ਬੂਟੇ ਲਾਉਣ ਦੀ ਮੁਹਿੰਮ ਵਿੱਢ ਲਵੋ ਸਾਡੇ ਕੋਲ ਹਜ਼ਾਰਾਂ ਰਾਹ ਨੇ ਜਿਉਣ ਦੇ...ਇਕੱਲਤਾ ਦੇ।

ਜਿਸ ਤਰ੍ਹਾਂ ਦੇ ਦੇਸ਼ ਵਿਚ ਹਾਲਾਤ ਬਣ ਰਹੇ ਹਨ ਜੰਗ ਬਾਰੇ ਬੱਚਿਆਂ ਨੂੰ ਵੀ ਸਮਝਾਉਣਾ ਜ਼ਰੂਰੀ ਹੈ ਤੁਸੀਂ ਸਮਝਾਓ, ਦੱਸੋ ਜੰਗ ਮੁਲਕ ਦੇ ਸੱਤਾਧਾਰੀਆਂ ਦੀ ਸਿਆਸਤ ਨਾਲ ਲੱਗਦੀ ਹੈ, ਬਚਾਅ ਕਿਵੇਂ ਕਰਨਾ ਦੱਸੋ ਤਾਂ ਕਿ ਜੇ ਮਾੜੇ ਹਾਲਾਤ ਬਣਦੇ ਹਨ ਤਾਂ ਉਹ ਡਰਨ ਨਾ ਸਗੋਂ ਹਰ ਮੁਸ਼ਕਿਲ ਦਾ ਸਾਹਮਣਾ ਕਰਨ।

ਦੇਸ਼ ਵਿਚ ਪਹਿਲਾਂ ਹੀ ਬਹੁਤ ਡਰਾਉਣਾ ਮਾਹੌਲ ਪੈਦਾ ਹੋ ਚੁੱਕਿਆ ਹੈ ਇਸ ਲਈ ਨਾ ਤਾਂ ਆਪ ਆਪਣਾ ਦਿਮਾਗ ਖ਼ਰਾਬ ਕਰੋ ਨਾ ਦੂਜਿਆਂ ਦਾ ਹੋਣ ਦਿਓ। ਚੰਗੀਆਂ ਪੋਸਟਾਂ ਚੰਗੇ ਵਿਚਾਰ ਸ਼ੇਅਰ ਕਰੋ, ਜੇਕਰ ਤੁਹਾਡਾ ਕੋਈ ਬਜ਼ੁਰਗ, ਬੱਚਾ, ਰਿਸ਼ਤੇਦਾਰ ਅਜਿਹਾ ਕਰਦਾ ਵੀ ਹੈ ਤਾਂ ਓਸ ਨੂੰ ਪਿਆਰ ਨਾਲ ਸਮਝਾਓ।

ਵੈਸੇ ਰੀਲਾਂ ਮੈਂ ਵੀ ਦੇਖਦੀ ਹਾਂ ਪੰਜ-ਦਸ ਮਿੰਟ ਤੋਂ ਜ਼ਿਆਦਾ ਨਹੀਂ। ਸੋਸ਼ਲ ਮੀਡੀਆ 'ਤੇ ਜਿਹੜੇ ਵਿਹਲੜ ਕਿਸੇ ਵੀ ਪੋਸਟ ਉੱਤੇ ਬਿਨਾਂ ਸੋਚੇ-ਸਮਝੇ ਕਮੈਂਟ ਕਰਦੇ ਹਨ ਤੇ ਸੁਆਦ ਲੈਂਦੇ ਨੇ ਉਹ ਵੀ ਇਸ ਗੱਲ ਵੱਲ ਧਿਆਨ ਦੇਣ।

# ਬਠਲੂ ਚਮਿਆਰ

*ਕਹਾਣੀ 'ਬਠਲੂ ਚਮਿਆਰ' ਸੱਤਾ ਅਤੇ ਸਥਾਪਤੀ ਦੁਆਰਾ ਨਿਮਨ ਵਰਗ ਦੇ ਭਾਵੁਕ ਅਤੇ ਆਰਥਿਕ ਸ਼ੋਸ਼ਣ ਦਾ ਵਿਵੇਕ ਸਿਰਜਦੀ ਹੈ। ਕਹਾਣੀ ਵਿਚਲਾ ਸਰਪੰਚ ਜਾਂ ਪੰਚਾਇਤ ਮੈਂਬਰ ਵਿਸ਼ੇਸ਼ ਵਿਅਕਤੀ ਨਾ ਰਹਿ ਕੇ ਸੱਤਾ ਜਾਂ ਸਥਾਪਿਤ ਤਾਕਤਾਂ ਦੇ ਪ੍ਰਤੀਕ ਬਣਦੇ ਹਨ ਅਤੇ ਸੁੰਦਰ ਉਰਫ਼ 'ਬਠਲੂ ਚਮਿਆਰ' ਨਿਮਨ ਵਰਗ ਦਾ ਪ੍ਰਤੀਨਿਧ ਪਾਤਰ ਹੋ ਨਿੱਬੜਦਾ ਹੈ। ਇਸ ਤਰ੍ਹਾਂ ਦੋਹਵੇਂ ਧਿਰਾਂ ਆਪੋ-ਆਪਣੀ ਜਮਾਤ ਦੇ ਕਿਰਦਾਰ ਦੀ ਪ੍ਰਤੀਨਿਧਤਾ ਕਰਦੀਆਂ ਹਨ।*

**ਅਤਰਜੀਤ**

ਬਠਲੂ ਦਾ ਹੱਥ ਹਾਲੇ ਵੀ ਕਹੀ ਦੇ ਬਾਂਹੇ 'ਤੇ ਘੁੱਟਿਆ ਹੋਇਆ ਸੀ। ਲੱਗਦਾ ਸੀ ਉਹ ਹੁਣੇ ਉੱਠੇਗਾ ਤੇ ਕੋਲ ਪਏ ਬੱਠਲ ਨੂੰ ਭਰ ਕੇ ਸਿਰ ਉੱਤੇ ਧਰੇਗਾ। ਉਸਦੇ ਤੇਜ਼ ਚੱਲਦੇ ਸਾਹ ਤੇ ਵੱਖੀ 'ਤੇ ਘੁੱਟਿਆ ਦੂਜਾ ਹੱਥ, ਉਸਦੀ ਪਲ ਪਲ ਨਿੱਘਰਦੀ ਹਾਲਤ ਦੀ ਗਵਾਹੀ ਭਰਦਾ ਸੀ। ਉਸਨੇ ਫਿਰ ਉਠਣਾ ਚਾਹਿਆ, ਪਰ ਉਸਦੇ ਸਰੀਰ ਦੀ ਸਾਰੀ ਸਤਾ ਵੱਖੀ ਦੀ ਪੀੜ ਨੇ ਨਪੀੜ ਦਿੱਤੀ ਸੀ; ਉਹ ਉੱਠ ਨਾ ਸਕਿਆ। ਉਸਨੇ ਸਾਰੀ ਜ਼ਿੰਦਗੀ ਕਰੜੇ ਤੋਂ ਕਰੜਾ ਕੰਮ ਕੀਤਾ, ਪਰ ਜ਼ਿੰਦਗੀ 'ਚ ਉਹਨੇ ਕਦੇ ਹਾਰ ਨਾ ਮੰਨੀ-ਉਹ ਕਦੇ ਬੀਮਾਰ ਨਾ ਹੋਇਆ।

ਉਸਨੇ ਹੁਣ ਤੱਕ ਆਪਣੀ ਪੀੜ ਨੂੰ ਘੁੱਟੀਂ ਘੁੱਟੀਂ ਪੀ ਜਾਣਾ ਚਾਹਿਆ ਸੀ ਕਿ ਉਹਦੀ ਬੱਸ ਹੁੰਦੀ ਜਾਂਦੀ ਸੀ। ਉਸਦੀਆਂ ਹੂੰਗਰਾਂ ਪਲੋ-ਪਲੀ ਚੀਕਾਂ ਵਿਚ ਵਟ ਗਈਆਂ। ਉਸਨੇ ਉੱਠ ਕੇ ਟੋਏ ਵਿਚੋਂ ਬਾਹਰ ਆਉਣਾ ਚਾਹਿਆ, ਪਰ ਹਿੱਲ ਸਕਣ ਦੀ ਸਮਰੱਥਾ, ਉਸ ਵਿਚ ਬਾਕੀ ਨਹੀਂ ਸੀ। ਉਸ ਦੇ ਬੁੱਲ੍ਹ ਖੁਸ਼ਕ ਹੋ ਗਏ, ਗਲਾ ਸੁੱਕ ਗਿਆ ਤੇ ਵੱਖੀ ਦੀ ਪੀੜ, ਉਸਦੇ ਸਾਰੇ ਸਰੀਰ ਨੂੰ ਛੁਰੀ ਵਾਂਗ ਚੀਰਦੀ ਜਾ ਰਹੀ ਸੀ। ਸੁੰਨ-ਮਸੁੰਨੀ ਰੋੜਾਂ ਵਾਲੀ ਛਪੜੀ, ਜਿਵੇਂ ਉਸਦੀ ਹਾਲਤ 'ਤੇ ਸਿਸਕੀਆਂ ਭਰ ਰਹੀ ਸੀ।

ਜਿਵੇਂ ਜਿਵੇਂ ਪਤਾ ਲਗਦਾ ਗਿਆ, ਰਾਹ ਗੁਜ਼ਰਦੇ ਬੰਦੇ ਤੇ ਕੰਮ ਦੇ ਜ਼ੋਰ ਦੇ ਦਿਨਾਂ ਵਿਚ ਘਰੀਂ ਰਹਿ ਗਏ ਬੰਦੇ ਰੋੜਾਂ ਵਾਲੀ ਛਪੜੀ 'ਤੇ ਕੱਠੇ ਹੁੰਦੇ ਗਏ।

'ਪਾਟ ਗਿਆ ਓਏ ਕਾਲਜਾ...।' ਬਠਲੂ ਦੀ ਚੀਕ ਨਿਕਲ ਗਈ। ਕਿਸੇ ਨੇ ਕੋਲ ਪਿਆ ਬੱਠਲ ਅਤੇ ਕਹੀ ਲਾਂਭੇ ਕਰ ਦਿੱਤੇ ਤੇ ਉਸਨੂੰ ਥੋੜ੍ਹਾ ਕੁ ਠੀਕ ਕਰਕੇ, ਪੋਲੀ ਮਿੱਟੀ ਤੇ ਲਿਟਾ ਦਿੱਤਾ।

'ਗੱਲ ਕੀ ਹੋ ਗਈ?' ਕਿਸੇ ਨੇ ਪੁੱਛਿਆ।

'ਵੱਖੀ ਨੂੰ ਘੁੱਟਦੈ, ਪਤਾ ਨੀਂ ਕੀ ਹੋ ਗਿਆ?' ਕਿਸੇ ਨੇ ਜਵਾਬ ਦਿੱਤਾ।

'ਇੱਥੋਂ ਈ ਕੁੱਝ ਹੋ ਗਿਆ। ਇੱਥੋਂ ਅੱਗੇ ਵੀ ਕਈਆਂ ਨੂੰ ਧੱਕਾ ਵੱਜਿਆ। ਕਿਸੇ ਨੇ ਉਸਦਾ ਕੁੜਤਾ ਉਤਾਂਹ ਕਰ ਕੇ ਵੇਖਿਆ। ਖੱਬੀ ਵੱਖੀ ਨੀਲੀ ਹੋ ਰਹੀ ਸੀ। ਕੰਡ ਵਿਚ ਮੌਰਾਂ 'ਤੋਂ ਹੇਠਾਂ ਵੱਡਾ ਸਾਰਾ ਨੀਲ ਸੀ।

'ਆਹ ਵੇਖੋ ਐਥੇ ਕਰ ਕੇ ਈ ਵੱਜਿਐ ਧੱਫ਼ਾ। ਇੱਥੇ ਛਪੜੀ ਤੇ ਸ਼ੈ ਹੈਗੀ, ਕਈਆਂ ਨੇ ਵੇਖੀ ਐ,' ਖੇਮੀ ਅੰਬੋ ਨੇ ਮੌਰਾਂ ਤੇ ਵੇਖ ਕੇ ਆਖਿਆ।

'ਸੁੱਖ ਨਾਲ ਵਾਢੀ ਦੀ ਦਿਹਾੜੀ ਬਥੇਰੀ ਸੀ। ਕੀ ਥੁੜਿਆ ਪਿਆ ਸੀ ਮਿੱਟੀ ਦੇ ਘੋਲ ਬਿਨਾਂ? ਪਰ ਜਿਹੜੀ ਗਰਾਗਤ ਹੋਣੀ ਹੋਵੇ।'

'ਇਹਨੇ ਤਾਂ ਵਿਚਾਰੇ ਨੇ ਭਲੇ ਦੀ ਖ਼ਾਤਰ ਕਾਗ ਉਡਾਏ ਸੀ- ਕੀ ਪਤਾ ਸੀ ਬਈ ਗਲ ਨੂੰ ਫਰਾਹੇ ਪੈ ਜਾਣਗੇ। ਇਹਨੇ ਤਾਂ ਸੋਚਿਆ ਸੀ ਬਈ ਟੋਆ ਭਰ ਕੇ ਪਿੰਡ ਦਾ ਭਲਾ ਹੋ ਜੇ।'

ਗੱਲ ਇਹ ਸੀ, ਜੋ ਬਠਲੂ ਭਲੇ ਦੀ ਖ਼ਾਤਰ ਕਰਨਾ ਚਾਹੁੰਦਾ ਸੀ, ਜਿਸ ਦੇ ਬਦਲੇ ਅੱਜ ਉਸਦੀ ਜਾਨ ਨੂੰ ਬਣੀਆਂ ਹੋਈਆਂ ਸਨ। ਰੋੜਾਂ ਵਾਲੀ ਛਪੜੀ 'ਤੇ ਦਿਉਣ ਦੇ ਰਾਹ ਵਿਚਲਾ ਟੋਆ, ਜੋ ਮੀਂਹ ਦੀ ਖਾਰ ਨੇ ਪਾਇਆ ਸੀ, ਅੱਜ ਸਭ ਦੀ ਦੰਦ ਕਥਾ ਬਣ ਗਿਆ ਸੀ। ਅੱਜ ਤੋਂ ਸਿਰਫ਼ ਦੋ ਦਿਨ ਪਹਿਲਾਂ, ਇਹ ਸਿਰਫ਼ ਖਾਤਾ ਸੀ। ਦਸ ਬਾਰਾਂ ਫੁੱਟ ਡੂੰਘਾ, ਕਿਸੇ ਕਿਨਾਰੇ ਤੋਂ ਪੰਜ ਫੁੱਟ ਕਿਸੇ ਤੋਂ ਚਾਰ ਦੇ ਏੜ-ਗੇੜ ਵਿਚ। ਕਿਨਾਰੇ ਗਿਣਨ ਲੱਗੋ ਤਾਂ ਕੋਈ ਹਿਸਾਬ-ਕਿਤਾਬ ਵਿਚ ਆਉਣ ਵਾਲੀ ਗੱਲ ਨਹੀਂ ਸੀ, ਨਾ ਮੁਰੱਬਾ ਨਾ ਘਣ। ਚਿੱਬ-ਖੜਿੱਬਾ ਅਤੇ ਡਰਾਉਣਾ-ਡਰਾਉਣਾ।

ਪਿੰਡ ਨੀਵਾਂ ਹੋਣ ਕਰਕੇ, ਮੀਂਹ ਦਾ ਸਾਰਾ ਪਾਣੀ ਪਿੰਡ ਵੱਲ ਆਉਂਦਾ ਤੇ ਦਿਉਣ ਦਾ ਰਾਹ ਸੂਏ ਵਾਂਗ ਭਰਿਆ, ਪਹਿਲਾਂ ਇਸ ਛਪੜੀ ਵਿਚ ਦੈਂ-ਦੈਂ ਡਿਗਦਾ ਇਸਨੂੰ ਤਾਰੀ ਲਾ ਦਿੰਦਾ। ਛਪੜੀ ਦਾ ਕਿਨਾਰਾ ਖੁਰ-ਖੁਰ ਕੇ ਇਹ ਇੱਕ ਵੱਡਾ ਖਾਤਾ ਬਣ ਗਿਆ ਸੀ। ਇਸ ਦੇ ਨਾਲ ਰਾਹ, ਮਸਾਂ ਗੱਡੇ ਦੇ ਲੀਹੇ ਜਿੰਨਾ ਸੀ। ਕੋਲ ਦੀ ਲੰਘਦੇ ਲੋਕ ਚਰਚਾ ਛੇੜਦੇ, ਮੱਥਾ ਸਕੋੜਦੇ, ਇਸਦੇ ਭਰੇ ਜਾਣ ਦੀ ਲੋੜ ਮਹਿਸੂਸ ਕਰਦੇ, ਪੰਚਾਇਤ ਨੂੰ ਠੰਡੀਆਂ ਤੱਤੀਆਂ ਸੁਣਾਉਂਦੇ ਤੇ ਪਿੰਡ ਦੇ ਲੋਕਾਂ ਦੀ ਬੇਇਤਫ਼ਾਕੀ ਕਾਰਨ ਬਣੀ ਨਵੀਂ ਪੰਚਾਇਤ ਦੇ 'ਨਕਾਰੇਪਣ' ਤੇ ਨੱਕ ਬੁੱਲ੍ਹ ਕੱਢਦੇ, ਖਿਝਦੇ ਅੱਗੇ ਲੰਘ ਜਾਂਦੇ। ਸਿਵਿਆਂ ਕੋਲੋਂ ਲੰਘਦੇ ਕਿਸੇ ਡਰੂ ਤੇ ਅੰਧ-ਵਿਸ਼ਵਾਸੀ ਆਦਮੀ ਵਾਂਗ ਉਨ੍ਹਾਂ ਦੀ ਖਿਝ-ਖਿਝਾਈ ਪਰ੍ਹੇ ਜਾਣ ਨਾਲ ਹੀ ਵਾਹਿਗੁਰੂ ਵਾਹਿਗੁਰੂ ਦੇ ਜਾਪ ਵਾਂਗ ਠਰ ਜਾਂਦੀ। ਗੱਲ ਵਿਸਰ ਜਾਂਦੀ ਤੇ ਲੋਕ ਮੁੜ ਆਪੋ-ਆਪਣੇ ਧੰਦੀਂ ਜੁੜ ਜਾਂਦੇ।

ਇੱਕ ਰਾਤ ਨੇਰ੍ਹੇ ਵਿਚ, ਕੱਖਾਂ ਦਾ ਲੱਦਾ ਲਈ ਆਉਂਦਾ ਊਠ, ਇਸ ਵਿਚ ਡਿੱਗ ਪਿਆ ਤੇ ਮੂਹਰਲੀ ਲੱਤ ਬਾਹੂ ਕੋਲੋਂ ਟੁੱਟ ਗਈ। ਹਾਲੇ ਪਰਸੋਂ ਹੀ ਲਾਂਗੇ ਦਾ ਭਰਿਆ ਗੱਡਾ, ਇਸ ਵਿਚ ਪਾਸ ਮਾਰਨੋਂ ਮਸਾਂ ਬਚਿਆ ਸੀ।

'ਆਹ ਬੜੈ ਬਈ ਪਿੱਟਣਾ। ਇਹ ਜ਼ਰੂਰ ਲਊ ਕਿਸੇ ਨਾ ਕਿਸੇ ਦੀ ਜਾਨ- ਨਹੀਂ ਤਾਂ ਕਿਸੇ ਪਸ਼ੂ ਦਾ ਗੱਡਾ ਭੇਡਾ ਤਾਂ ਹੈ ਨੀਂ...' ਇਸ ਤਰ੍ਹਾਂ ਦੀ ਬੁੜ-ਬੁੜ ਦਾ ਪੰਚਾਇਤ 'ਤੇ ਕੀ ਅਸਰ ਹੋਇਆ- ਇਹ ਜਾਣੇ ਪੰਚਾਇਤ ਦੀ ਬਲਾ! ਉਸ ਦਾ ਕਾਰ-ਵਿਹਾਰ ਤਾਂ ਉਸ ਪੰਚਾਇਤੀ ਨਲਕੇ ਵਰਗਾ ਸੀ ਜਿਸ ਦੇ ਇੱਕ ਮਹੀਨੇ ਬਾਅਦ ਹੀ ਨਾ ਕਿੱਲ ਸੀ ਨਾ ਬੋਕੀ। ਡੰਡਾ ਖੌਰੇ ਕੋਈ ਲਾਹ ਕੇ ਲੈ ਗਿਆ ਸੀ। ਕਿਸੇ ਨੇ ਕਿਹਾ ਇਹ ਟੋਆ ਤਾਂ ਸਾਂਝਾ ਬਾਬਾ ਹੈ- ਸਾਂਝੇ ਬਾਬੇ ਨੂੰ ਕੌਣ ਰੋਂਦੈ। 'ਜੇ ਇਹ ਸਾਂਝਾ ਬਾਬਾ ਹੁੰਦਾ ਤਾਂ ਇਸਨੂੰ ਸਾਰੇ ਰੋਂਦੇ। ਆਪਣੇ ਆਪਣੇ ਢਿੱਡ ਦੀ ਬਣੀ ਏ ਜ਼ਮਾਨੇ 'ਚ ਇਸ ਬਾਬੇ ਨੂੰ ਕੌਣ ਰੋਵੇ? ਜੀਹਦਾ ਅਸਲ ਵਿਚ ਕੋਈ ਖਸਮ-ਗੁਸਾਈਂ ਹੈ ਹੀ ਨਹੀਂ?' ਇਹੋ ਜਿਹੀ ਗੱਲ ਕਹਿਣ ਵਾਲੇ 'ਤੇ ਕਈਆਂ ਨੇ ਨੱਕ ਬੁੱਲ ਚੜ੍ਹਾਏ ਹੋਣਗੇ।

ਲੋਕਾਂ ਦੇ ਲਲਾ-ਲਲਾ ਕਰਨ 'ਤੇ ਸਰਪੰਚ ਨੇ ਸੌ-ਪੰਜਾਹ ਖਰਚਣ ਦਾ 'ਪੁੰਨ ਨਾਲੋਂ ਫਲੀਆਂ ਵੱਧ' ਦਾ ਖ਼ਿਆਲ ਹੀ ਸੋਚ ਲਿਆ। ਠੱਲ੍ਹ ਬੰਨਣ ਤੇ ਟੋਆ ਪੂਰਨ ਦਾ, ਪੰਚਾਇਤ ਨੇ ਕਿਸੇ ਨੂੰ ਠੇਕਾ ਦੇਣਾ ਪ੍ਰਵਾਨ ਕਰ ਲਿਆ। ਦਸ ਬਾਰਾਂ ਦਿਨਾਂ 'ਚ ਠੱਲ੍ਹ ਬੱਝ ਗਈ। ਟੋਏ ਦਾ ਠੇਕਾ ਬਠਲੂ ਨੇ ਲੈ ਲਿਆ।

ਮਿੱਟੀ ਦਾ ਕੰਮ ਕਰਨ ਲਈ ਪਿੰਡ ਵਿਚ ਬਠਲੂ ਚਮਿਆਰ, ਸਭ ਤੋਂ ਵਾਧੂ ਸੀ। ਚਿਰ ਦੀ ਗੱਲ ਹੈ, ਜਦੋਂ ਪਿੰਡ ਵਿਚ ਗੁਰਦੁਆਰੇ ਵਾਲਾ ਟੋਭਾ ਪੁਟਦੇ ਸਨ, ਸੁੰਦਰ ਨੇ ਸਭ ਤੋਂ ਵੱਡਾ ਬੱਠਲ, ਗਿੱਲੀ ਤੇ ਚੀਕਣੀ ਮਿੱਟੀ ਦਾ, ਟੀਸੀ ਲਾਵਾਂ ਚੁੱਕਿਆ ਸੀ। ਤਮਾਸ਼ਬੀਨਾਂ ਨੇ ਟੀਸੀ ਤੇ ਡੱਕਾ ਗੱਡ ਕੇ, ਮੈਲੀ-ਕੁਚੈਲੀ ਲੀਰ ਦੀ ਝੰਡੀ ਕਰ ਦਿੱਤੀ ਸੀ। ਉਸ ਨੇ ਟੋਭੇ ਤੋਂ ਪੂਰਾ ਗੇੜਾ ਲਾਇਆ ਸੀ। 'ਇੱਕ ਗੇੜਾ ਹੋਰ ਲਾਮਾਂ?' ਫੂਕ 'ਚ ਆਇਆ ਸੁੰਦਰ, ਜਦੋਂ ਬੋਲਿਆ ਸੀ ਤਾਂ ਬੋਲ ਉਸਦੇ ਬੁੱਲ੍ਹਾਂ ਤੋਂ ਨਹੀਂ, ਸਗੋਂ ਘੰਡ ਤੋਂ ਵੀ ਹੇਠਾਂ, ਉਸਦੇ ਢਿੱਡ ਵਿਚ ਗਰਗਰਾਏ ਸਨ। ਨੰਗੇ ਪਿੰਡੇ ਮੁੜ੍ਹਕੋ-ਮੁੜ੍ਹਕੀ, ਸੁੰਦਰ ਹੌਂਕ ਰਿਹਾ ਸੀ। ਲੁਹਾਰ ਦੀ ਧੌਂਕਣੀ ਵਾਂਗ ਉਸਦਾ ਢਿੱਡ ਫੁੱਲਦਾ ਜਾਂਦਾ ਸੀ-ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਸੀ-ਫਿਰ ਵੀ ਉਹ ਗਰਰ-ਗਰਰ ਕਰ ਕੇ ਬੋਲਿਆ, 'ਇੱਕ ਗੇੜਾ ਹੋਰ ਲਾਮਾਂ?'

'ਵਾਹ ਉਇ ਬਠਲੂ! ਕੰਜਰ ਦਿਆ ਚਮਿਆਰਾ, ਹੱਦ ਕਰਤੀ ਆਹ ਤਾਂ!'

'ਬੜਾ ਜੋਧਰ ਚਮਿਆਰ ਆ ਬਈ!' ਲੋਕ ਉਸਦੇ ਦੁਆਲੇ ਜੁੜੇ ਥਾਪੀਆਂ ਦੇ ਰਹੇ ਸਨ।

'ਲੈ ਉਇ ਸੁੰਦਰਾ! ਗੁੜ ਖਾਹ। ਸਹੁਰਿਆ ਮੱਦੀਆ ਹੱਦ ਕਰ 'ਤੀ ਆਹ ਤਾਂ!' ਬਚਨ ਸਿਹੁੰ ਅਕਾਲੀ, ਪੁਟਾਵਿਆਂ ਨੂੰ ਹੱਲਾਸ਼ੇਰੀ ਦਿੰਦਾ, ਉਸ ਵੱਲ ਅਹੁਲਿਆ ਸੀ। ਅੱਧ ਸੇਰ ਦਾ ਵਾਰਾ ਗੁੜ, ਸੁੰਦਰ ਥਾਂਏ ਮਰੜ ਮਰੜ ਚੱਬ ਗਿਆ ਸੀ। ਢੋਲ ਵਾਲੇ ਨੇ ਸੁੰਦਰ ਦੇ ਨਾਂ 'ਤੇ ਢੋਲ ਕੁੱਟਿਆ ਤੇ ਪੁਟਾਵਿਆਂ ਨੇ ਖੁਸ਼ੀ 'ਚ ਕਿਲਕਾਰਾ ਮਾਰਿਆ ਸੀ। ਉਸ ਦਿਨ ਤੋਂ ਉਹਦੇ ਨਾਂ ਨਾਲੋਂ 'ਮੱਦੀ' ਸ਼ਬਦ ਲਹਿ ਗਿਆ ਸੀ, ਬਠਲੂ ਸ਼ਬਦ ਜੁੜ ਗਿਆ ਸੀ।

ਉਸਨੂੰ ਪੰਚਾਇਤ ਨੇ ਪੰਚਾਇਤ ਘਰ ਵਿਚ ਬੁਲਾਇਆ ਸੀ। ਉਹ ਹੁਕਮ-ਬੱਧੇ ਗੁਲਾਮ ਵਾਂਗ ਭੱਜਿਆ ਭੱਜਿਆ ਗਿਆ ਸੀ ਤੇ ਇਸ ਟੋਏ ਦਾ ਠੇਕਾ ਬਠਲੂ ਨੇ ਲੈ ਲਿਆ। ਉੱਕੇ-ਪੁੱਕੇ ਪੱਚੀ ਰੁਪਏ ਉਸ ਨੇ ਹੱਸ ਕੇ ਪਰਵਾਨ ਕਰ ਲਏ।

'ਕਿਉਂ ਬਠਲੂ ਖ਼ੁਸ਼ ਐਂ, ਊਂ ਤਾਂ...?' ਸਰਪੰਚ ਨੇ ਦਇਆ ਵਿਖਾਉਂਦਿਆਂ ਕਿਹਾ ਸੀ,

'ਸਰਦਾਰੋ ਤੁਸੀਂ ਖ਼ੁਸ਼ ਚਾਹੀਦੇ ਓ। ਮੇਰਾ ਕੀ ਐ?' ਉਸਨੇ ਹੱਥ ਜੋੜੇ ਸਨ।

'ਤੂੰ ਵੀ ਗਰੀਬ ਆਦਮੀ ਐਂ, ਚਲ ਸੇਰ ਗੁੜ ਦੇ ਦਿਆਂਗੇ ਚਾਹ-ਚਬਟੇ ਨੂੰ।' ਬਠਲੂ ਹੋਰ ਖਿੜ ਗਿਆ, 'ਸ਼ਾਬਾਸ਼ੇ ਸਰਦਾਰੋ! ਸਾਡੇ ਵੀ ਥੋਡੇ ਸਿਰ 'ਤੇ ਦਿਹਾੜੇ ਟੁੱਟ ਜਾਣਗੇ।'

'ਗਧੀਆਂ ਵਾਲਾ ਤਾਂ ਪੰਦਰਾਂ ਵੀਹਾਂ 'ਚ ਕਰਾ ਦਿੰਦਾ ਇਹ ਕੰਮ।' ਇੱਕ ਮੈਂਬਰ ਨੇ ਮੁੱਛਾਂ ਤੇ ਹੱਥ ਫੇਰਿਆ, ਜਿਵੇਂ ਉਹ ਬਠਲੂ 'ਤੇ ਹੋਰ ਅਹਿਸਾਨ ਕਰ ਰਿਹਾ ਸੀ। ਬਠਲੂ ਨੇ ਮੈਂਬਰ ਦੀਆਂ ਅੱਖਾਂ ਵਿਚਲੀ ਸ਼ੈਤਾਨੀ ਨੂੰ ਦਾਨਾਈ ਜਾਣਿਆ।

'ਬੰਬਰਾ ਮੈਂ ਕੋਈ ਭੱਜਿਆ ਪਚੈਤ ਤੋਂ, ਤੁਸੀਂ ਪੰਦਰਾਂ ਈ ਦੇ ਦਿਓ।' ਸੁੰਦਰ ਨੇ ਨਿਮਰਤਾ ਤੋਂ ਵੱਧ ਹੀਣਤਾ ਦੇ ਭਾਰ ਹੇਠ ਕਿਹਾ।

'ਕੋ ਨੀ! ਕੋ ਨੀ! ਤੂੰ ਜਾਹ ਕੰਮ ਕਰ। ਠੀਕ ਐ ਪੱਚੀ ਰੁਪਏ। ਉਕੇ-ਪੁਕੇ।' ਬਠਲੂ ਹੱਥ ਜੋੜੀ, ਪੁਠੇ ਪੈਰੀਂ, ਪਿੱਛੇ ਮੁੜਿਆ। ਠਿੱਬ-ਖੜਿੱਬੇ ਜੋੜੇ ਪਾਉਂਦਿਆਂ, ਉਸ ਨੇ ਖੁੱਚਾਂ ਤੋਂ ਥੋੜ੍ਹੀ ਹੇਠਾਂ ਲਮਕਦੀ ਧੋਤੀ, ਸੰਭਾਲੀ ਤੇ 'ਸਾਸਰੀਕਾਲ' ਆਖਦੇ ਹੀ ਪੰਚਾਇਤੀਆਂ ਵੱਲੋਂ ਮੂੰਹ ਭੁਆਇਆ।

ਉਸ ਨੇ ਮਗਰੋਂ ਪੰਚਾਇਤੀਆ ਦਾ ਠਹਾਕਾ- 'ਬਠਲੂ ਈ ਰਿਹਾ ਕੰਜਰ ਦਾ ਸਾਰੀ ਉਮਰ।' ਤੇ ਉਸ ਨੂੰ ਲੱਗਿਆ ਜਿਵੇਂ ਉਸ ਦੇ ਸਿਰੜੀ ਅਤੇ




ਮਿਹਨਤੀ ਹੋਣ ਦੀ ਜਿਵੇਂ ਉਸ ਨੇ ਵਡਿਆਈ ਕੀਤੀ ਹੋਵੇ। ਉਹ ਆਪ ਵੀ ਹੱਸ ਪਿਆ। ਸਰਦਾਰ ਦੇ ਧੰਨਵਾਦ ਵਿਚ ਉਸਦਾ ਲੂੰਅ-ਲੂੰਅ ਭਿੱਜਿਆ ਹੋਇਆ ਸੀ।

ਸੁੰਦਰ ਕਹੀ ਅਤੇ ਬੱਠਲ ਲੈ ਕੇ, ਛੱਪੜੀ 'ਤੇ ਅੱਪੜ ਗਿਆ। ਈਨੂੰ ਉਸ ਨੇ ਰੱਸੀ ਨਾਲ, ਸਿਰ 'ਤੇ ਕੱਸ ਕੇ ਬੰਨ੍ਹ ਲਿਆ। ਉਸਦੀਆਂ ਬੂਦਰੀਆਂ, ਪੱਗ ਦੇ ਉਧੜ-ਗੁਧੜੇ ਲੜਾਂ 'ਚੋਂ ਬਾਹਰ ਨਿਕਲੀਆਂ ਹੋਈਆਂ ਸਨ, ਜਿਵੇਂ ਉਸਨੂੰ ਟਿੱਚਰਾਂ ਕਰ ਰਹੀਆਂ ਹੋਣ। ਰਾਹ ਵਾਲੇ ਪਾਸਿਓਂ ਉਸ ਨੇ ਟੋਏ ਨੂੰ ਗਹੁ ਨਾਲ ਵੇਖਿਆ। ਉਹ ਵੇਖਦਾ ਰਿਹਾ, ਜਿਵੇਂ ਮਿਟੇ ਹੋਏ ਅੱਖਰਾਂ ਨੂੰ ਉਠਾਉਂਦਾ ਹੋਵੇ। ਉਹ ਕਿੰਨਾ ਚਿਰ ਵੇਖੀ ਗਿਆ। ਸਾਰੀ ਇਬਾਰਤ ਜਿਵੇਂ ਉਸਨੇ ਪੜ੍ਹ ਲਈ ਅਤੇ ਸਮਝ ਲਈ।

'ਸੁੰਦਰ ਸਿਆਂ! ਤੇਰਾ ਇਹ ਦੋ ਦਿਨਾਂ ਦਾ ਕੰਮ ਐ ਬੱਸ। ਪੱਚੀ ਰੁਪਈਏ ਖਰੇ ਹੋ ਜਾਣਗੇ। ਹਾੜ੍ਹੀ ਦੀ ਵਾਢੀ 'ਚ ਤਾਂ ਏਨੇ ਨਾ ਪੈਂਦੇ...। ਰੋਟੀ ਚਾਹ ਜ਼ਰੂਰ ਜੱਟ ਦੇ ਪੱਲਿਓਂ ਮਿਲਦੀ। ਫੇਰ ਵੀ ਫੈਦੈ ਏਥੇ। ਹਰੋ ਨੇ ਭਲਾ ਕੀ ਕਰਨਾ ਸੀ- ਬੱਠਲ ਤਾਂ ਮੈਂ ਆਪੇ ਬਥੇਰਾ ਚੁੱਕ ਲਿਆ ਕਰੂੰ...। ਮਣ ਸਵਾ ਮਣ ਮਿੱਟੀ ਦੀ ਕਿਹੜੀ ਗੱਲ ਐ? ਉਹ ਸੇਰ ਬੱਲੀਆਂ ਚੁਗ ਲਿਆਊ।'

ਉਹ ਆਪਣੇ ਆਪ ਨੂੰ ਦਿਲਬਰੀਆਂ ਦਿੰਦਾ, ਛਪੜੀ 'ਚ ਝੁਕਿਆ ਅਤੇ ਸਿਰ ਤੋਂ ਉੱਚੀ ਕਹੀ ਉਲਾਰ ਕੇ ਧਰਤੀ ਦੀ ਪਾਂਡੂ-ਹਿੱਕ 'ਤੇ ਮਾਰੀ। ਕਹੀ ਮਸਾਂ ਸੂਤ ਭਰ ਖੁਭੀ ਤੇ ਬੁੜ੍ਹਕ ਗਈ। ਇਵੇਂ ਖੌਝ-ਖਜਾਈ ਕਰਕੇ ਉਸਨੇ ਬੱਠਲ ਭਰਿਆ ਤੇ ਚੁੱਕ ਕੇ ਬਾਹਰ ਆਇਆ। ਟੋਏ ਵਿਚ ਗਰਦਾ-ਗੋਰ ਸੀ।

ਹੁਣ ਫਿਰ ਉਹ ਛਪੜੀ ਵਿਚ ਉਤਰ ਗਿਆ ਸੀ। ਇਸ ਵਾਰ ਉਸਨੇ ਬੱਠਲ ਪਰ੍ਹੇ ਰੱਖ ਦਿੱਤਾ ਤੇ ਪਾਂਡੋ ਮਿੱਟੀ ਪੁੱਟਣ ਲੱਗ ਪਿਆ। ਹਰ ਵਾਰ, ਕਹੀ ਸਿਰ ਤੋਂ ਉਲਾਰਦਾ ਤੇ 'ਹੁੱਪ' ਆਖਦਾ ਧਰਤੀ 'ਤੇ ਮਾਰਦਾ। ਹੌਲੀ ਹੌਲੀ ਮਿੱਟੀ ਦਾ ਢੇਰ ਬਣਨ ਲੱਗ ਪਿਆ। ਉਸਦੀ ਕਹੀ, ਪਾਂਡੋ ਦੀ ਤਹਿ ਨੂੰ ਪਾੜ ਚੁੱਕੀ ਸੀ। ਹੇਠਾਂ ਤੋਂ ਬਰੇਤਾ ਨਿਕਲ ਆਇਆ ਸੀ। ਉਸਦਾ ਕੰਮ ਸੌਖਾ ਹੋ ਗਿਆ। ਜਦ ਹਰੋ ਉਸਦੀ ਰੋਟੀ ਲੈ ਕੇ ਆਈ, ਉਸਨੇ ਗੱਡਾ ਮਿੱਟੀ ਦਾ ਪੁੱਟ ਦਿੱਤਾ ਸੀ। ਹਰੋ, ਉਸਦੇ ਕੋਲ ਪਾਣੀ ਦੀ ਮੱਘੀ ਅਤੇ ਰੋਟੀਆਂ ਰੱਖ ਕੇ, ਸਿਲੇਹਾਰਨਾਂ ਨਾਲ ਜਾ ਰਲੀ।

ਬਠਲੂ ਬਾਹਰ ਆਇਆ ਤਾਂ ਉਸਦੇ ਪਿੰਡੇ ਤੇ ਮੁੜ੍ਹਕੇ ਦੀਆਂ ਤਤੀਰੀਆਂ ਵਹਿ ਰਹੀਆਂ ਸਨ। ਲੱਤਾਂ ਉੱਤੇ ਮਿੱਟੀ ਜੰਮ ਕੇ ਵਿਚ ਵਿਚ ਮੁੜ੍ਹਕੇ ਨੇ ਡੂੰਘੀਆਂ ਲਕੀਰਾਂ ਵਾਹ ਦਿੱਤੀਆਂ ਸਨ। ਦੁਫਾੜ ਕੀਤੀਆਂ ਹੋਈਆਂ ਮਿਰਚਾਂ ਨਾਲ ਤਿੰਨ ਮੋਟੀਆਂ ਰੋਟੀਆਂ ਝੰਬ ਲਈਆਂ ਤੇ ਓਕ ਨਾਲ ਪਾਣੀ ਪੀ ਕੇ ਮੁੜ ਛਪੜੀ ਵਿਚ ਉਤਰ ਗਿਆ। ਉਸਨੇ ਥਾਪੜ-ਥਾਪੜ ਕੇ ਬੱਠਲ ਭਰਿਆ ਤੇ ਝੋਸੇ ਜਿਹੇ ਨਾਲ ਪਹਿਲਵਾਨ ਦੀ ਤਰ੍ਹਾਂ ਬਾਲਾ ਕੱਢ ਕੇ ਸਿਰ 'ਤੇ ਰੱਖ ਲਿਆ। ਮਿੱਟੀ ਕਿਰਦੀ-ਕਿਰਦੀ ਪਹਿਲਾਂ ਉਸਦੀ ਛਾਤੀ 'ਤੇ ਪਈ- ਫਿਰ ਦਾੜ੍ਹੀ, ਅੱਖਾਂ ਅਤੇ ਮੱਥੇ ਨੂੰ ਭਰ ਗਈ। ਛਪੜੀ 'ਚੋਂ ਬਾਹਰ ਨਿਕਲਦਾ ਉਹ 'ਬਠਲੂ ਸੁੰਦਰ' ਨਹੀਂ ਸੀ ਲਗਦਾ ਸਗੋਂ ਪ੍ਰੇਤ ਲਗਦਾ ਸੀ।

ਕੱਲ੍ਹ ਤੋਂ ਦੋ ਦਿਨ ਉਹ ਇਵੇਂ ਖਪਦਾ ਰਿਹਾ। ਕਦੀ ਮਿੱਟੀ ਪੁੱਟਣ ਲੱਗ ਪੈਂਦਾ, ਕਦੀ ਪੁੱਟੀ ਹੋਈ ਮਿੱਟੀ ਨੂੰ ਚੁੱਕ ਚੁੱਕ ਕੇ ਟੋਏ ਵਿਚ ਸੁੱਟਣ ਲੱਗ ਪੈਂਦਾ। ਲਗਦਾ ਸੀ ਛਪੜੀ ਵਿਚਲਾ ਟੋਆ, ਰਾਹ ਵਾਲੇ ਟੋਏ ਨਾਲੋਂ ਵੱਡਾ ਹੋ ਗਿਆ, ਪਰ ਰਾਹ ਵਾਲਾ ਟੋਆ, ਜਿਵੇਂ ਹਾਲੇ ਵੀ ਥੱਲੇ ਹੀ ਥੱਲੇ ਜਾ ਰਿਹਾ ਸੀ। ਮਿੱਟੀ ਪੋਲੀ ਨਿਕਲ ਆਉਣ ਕਰਕੇ ਉਸਦਾ ਕੰਮ ਸੌਖਾ ਹੋ ਗਿਆ ਸੀ। ਕਹੀ ਧਰਤੀ ਵਿਚ ਖਸਕ ਦੇਣੇ ਧਸ ਜਾਂਦੀ। ਉਹ ਨਾਲ ਦੀ ਨਾਲ ਬੱਠਲ ਭਰ ਕੇ ਸੁੱਟਣ ਲੱਗ ਪਿਆ। ਪਰ ਟੋਆ ਤਾਂ ਉਸ ਨਾਲ ਮਸ਼ਕਰੀ ਕਰੀ ਜਾ ਰਿਹਾ ਸੀ।

'ਕੀ ਦਿਹਾੜੀ ਕੀਤੀ ਐ ਬਠਲੂ?' ਪਿਛਲੇ ਪਹਿਰ ਦੀ ਰੋਟੀ ਲਿਜਾ ਰਹੇ ਸਰਬੂ ਨੇ ਪੁੱਛਿਆ ਸੀ।

'ਉਕੇ ਪੁਕੇ ਪੱਚੀ ਰੁਪਏ ਕੀਤੇ ਐ- ਭਮੇ ਕੈ ਦਿਨਾਂ 'ਚ ਭਰੇ। ਭਮੇ ਕੱਲ੍ਹ ਨੂੰ ਭਰਜੇ।'

'ਕੱਲ੍ਹ ਨੂੰ ਭਰ ਦੇਂਗਾ? ਦੋ ਦਿਨਾਂ 'ਚ ਤਾਂ ਨੀ ਭਰਨਾ ਇਹ।' ਸਰਬੂ ਬਿੰਦ ਕੁ ਪੈਰ ਮਲਦਾ ਰੁਕ ਗਿਆ ਸੀ।

'ਦੇਖਦਾ ਜਾਹ ਕੱਲ੍ਹ ਨੂੰ, ਦੁਪਹਿਰ ਨੂੰ ਭਰਦੂੰ। ਢੂਡ ਦਿਹਾੜੀ ਦਾ ਕੰਮ ਐ, ਮੇਰਾ ਇਹ ਤਾਂ!'

'ਕੰਜਰ ਦਿਆ ਚਮਿਆਰਾ ਮਿੱਟੀ ਦਾ ਕੰਮ ਐ। ਇਹ ਕਿਹੜਾ ਤੋਲੀ ਮਿਣੀ ਹੁੰਦੀ ਐ।'

'ਮੈਨੂੰ ਤਾਂ ਲਗਦੈ ਟੇਡਾ, ਫਸਾ ਲਿਆ ਸਰਪੰਚ ਨੇ, ਤੈਨੂੰ। ਦੋ ਤਿੰਨ ਸੌ ਕਮਾ ਲੂ, ਸਰਪੰਚ ਇਹਦੇ 'ਚੋਂ।'

'ਉਹ ਕਿਵੇਂ?' ਬਠਲੂ ਬੱਠਲ ਖਾਲੀ ਕਰਕੇ ਉਸ ਵੱਲ ਵੇਖਣ ਲੱਗ ਪਿਆ। ਉਸ ਨੇ ਢਿੱਡ ਖੁਰਕਦਿਆਂ, ਈਨੂੰ ਤੋਂ ਮਿੱਟੀ ਝਾੜੀ...। ਬੱਠਲ ਲੱਕ ਉੱਤੇ ਰੱਖ ਕੇ, ਉੱਪਰੋਂ ਦੀ ਬਾਹਾਂ ਵਲੀ, ਉਸ ਵੱਲ ਵੇਖਦਾ, ਉਹ ਖੜੋਤਾ ਰਿਹਾ।

'ਸੌ ਤੋਂ ਘੱਟ ਰਸੀਦ ਨੀਂ ਪਾਉਣੀ ਖਰਚ 'ਚ।'

ਬਠਲੂ ਦਾ ਦਿਲ ਧੜਕਿਆ ਪਰ ਉਹ ਸੰਭਲ ਗਿਆ।

'ਚਲ ਉਹਦਾ ਦੀਨ ਅਮਾਨ। ਆਪਾਂ ਤਾਂ ਨਗਰ ਦੀ ਸੇਵਾ ਕਰਨੀ ਐਂ।' 'ਬੱਸ ਤੈਨੂੰ ਦੱਸ 'ਤਾ ਪੰਗਾ ਲੈ ਲਿਆ ਤੂੰ।'

'ਪੰਗਾ ਕਾਹਦੈ? ਪੱਚੀ ਰੁਪਏ ਕਿਤੋਂ ਬਣਦੇ ਐ? ਆਪਣਾ ਕੰਮ ਤਾਂ ਸੇਵਾ ਕਰਨੈਂ।'

'ਸੇਵਾ! ਸੇਵਾ ਤਾਂ ਮੁਖ਼ਤ ਹੁੰਦੀ ਹੈ।'

'ਓਇ ਲੈ, ਨਾ ਦੇਵੇ ਪਚੈਤ, ਤਾਂ ਕੀ ਫ਼ਰਕ ਪੈਂਦੈ?'...ਤੇ ਉਸ ਤੋਂ ਮਗਰੋਂ ਉਹ ਆਪਣੇ ਆਪ ਨਾਲ ਗੱਲਾਂ ਕਰਦਾ ਰਿਹਾ।

'ਸੁੰਦਰ ਸਿਆਂ, ਨਗਰ ਨਾਲ ਕਾਹਦੀ ਅੜੀ-ਝੜੀ? ਪਚੈਤ, ਜਿਹੜਾ ਦੇ ਦੂ, ਉਹੀ ਬਥੇਰਾ। ਨਗਰ-ਖੇੜਾ ਵਸਦਾ ਰਹੇ, ਏਦੂੰ ਵੱਡਾ ਤਾਂ ਰੱਬ ਦਾ ਨਾਂ ਐ...'

'ਬਠਲੂ ਐਂ ਲਗਦੈ ਜਿਵੇਂ ਮਰਾਸੀਆਂ ਨਾਲ ਰਿਹਾ ਹੁੰਨੈਂ...ਬੜੀਆਂ ਅਸੀਸਾਂ ਦੇਣੀਆਂ ਆਉਂਦੀਆਂ' ਮਹੀਆਂ ਲਿਜਾ ਰਹੇ ਬੌਣੇ ਪਾਲੇ ਨੇ ਕਿਹਾ।

'ਹੋਰ ਸਰਦਾਰਾ! ਦਰਸ਼ੀਸ਼ਾਂ ਦੇਣੀਐ ਅਸੀਂ ਗਰੀਬਾਂ ਨੇ...ਨਗਰ ਦਾ ਦਿੱਤਾ ਖਾਨੇ ਆਂ।'

'ਪੱਚੀ ਰੁਪਏ ਤਾਂ ਥੋੜ੍ਹੇ ਆ ਬਈ। ਕਮ ਸੇ ਕਮ, ਚਾਰ ਦਿਨ ਤਾਂ ਲੱਗਣਗੇ ਤੇਰੇ। ਇਹ ਹਿਸਾਬ ਤਾਂ ਸਵਾ ਛੀ ਪਈ, ਦਿਹਾੜੀ।'

'ਮੇਰਾ ਤਾਂ ਇਹ ਖੱਬੇ ਹੱਥ ਦਾ ਕੰਮ ਐ, ਪਾਲਾ ਸਿਆਂ। ਕੱਲ੍ਹ ਨੂੰ ਵੇਖੀਂ ਰੰਗ।' ਬਠਲੂ ਨੇ ਹੁੱਬ ਕੇ ਕਿਹਾ। ਬੋਲਣ ਵਾਲੇ ਦੇ ਸ਼ਬਦਾਂ 'ਤੇ ਉਸਨੂੰ ਭਰੋਸਾ ਹੀ ਨਹੀਂ ਸੀ ਹੋ ਰਿਹਾ।

'ਸਾਰੀ ਉਮਰ ਬਠਲੂ ਈ ਰਿਹਾ। ਤੈਨੂੰ ਕੀਹਨੇ ਆਖਤਾ, ਬੀ ਦੋ ਦਿਨਾਂ 'ਚ ਭਰ ਦੇਂਗਾ। ਗਧੀਆਂ ਆਲੇ ਸੌ ਮੰਗਦੇ ਸੀ।' ਬਠਲੂ ਨੂੰ ਇੱਕ ਦਮ ਝਟਕਾ ਜਿਹਾ ਵੱਜਾ। ਉਸਨੂੰ ਕੱਲ ਹੀ ਪੰਚਾਇਤੀਆਂ ਨਾਲ ਹੋਈ ਗੱਲ ਬਾਤ ਦਾ ਚੇਤਾ ਆਇਆ। ਇੱਕ ਮੈਂਬਰ ਨੇ ਵੀ ਉਸਨੂੰ ਕਿਹਾ ਸੀ- 'ਸਾਰੀ ਉਮਰ ਬਠਲੂ ਈ ਰਿਹਾ'-ਤੇ ਮਗਰੋਂ ਉਹ ਉੱਚੀ ਉੱਚੀ ਹੱਸਦੇ ਸਨ। ਉਹ ਤਾਂ ਕਹਿੰਦਾ ਸੀ 'ਗਧੀਆਂ ਵਾਲੇ ਪੰਦਰਾਂ ਰੁਪਈਆਂ 'ਚ ਭਰ ਦੇਣਗੇ।'

'ਬਾਖਰੂ! ਬਾਖਰੂ! ਸੌ ਰੁਪਈਆ ਇਹ ਤਾਂ ਜਮਾ ਈ ਹਲਕਣ 'ਤੇ ਲੱਕ ਬੰਨ੍ਹਿਐ।' 'ਕੰਮ ਈ ਏਨੇ ਦੈ- ਹੋਰ ਕਿਸੇ ਨੇ ਇੱਧਰ ਮੂੰਹ ਨੀਂ ਕੀਤਾ, ਤੂੰ ਫਸ ਗਿਆ।' 'ਉਹ ਜਾਣੇ! ਬੰਦੇ ਦੀ ਜੁਬਾਨ ਵੀ ਹੁੰਦੀ ਐ ਕੁਛ।'

ਉਹ 'ਚੰਗਾ ਬਾਈ' ਆਖ ਕੇ ਤੁਰ ਗਿਆ। ਬਠਲੂ ਪਾਣੀ ਪੀ ਕੇ ਮੁੜ ਕੰਮ 'ਤੇ ਲੱਗ ਗਿਆ। ਉਹ ਕੰਮ ਵਿਚ ਏਨਾ ਮਸਤ ਸੀ ਕਿ ਉਸਨੂੰ ਪਤਾ ਵੀ ਨਾ ਲੱਗਾ ਕਿ ਸਰਪੰਚ ਉਸਦੇ ਕੋਲ ਕਦੋਂ ਆ ਗਿਆ।

'ਵਾਹ ਓਇ ਬਹਾਦਰਾ ਤੇਰੇ ਕਰ 'ਤੀਆਂ ਕਮਾਲਾਂ।' ਸਰਪੰਚ ਨੇ ਆਉਂਦਿਆਂ ਹੀ ਹੱਲਾਸ਼ੇਰੀ ਦਿੱਤੀ।

'ਸਰਪੰਚਾ ਸਾਲਾ ਐਂ ਲਗਦੈ ਬਈ ਟੋਆ ਤਾਂ ਥੱਲੇ ਈ ਥੱਲੇ ਜਈ ਜਾਂਦੈ। ਉੱਪਰ ਨੂੰ ਤਾਂ ਕੀ ਆਉਣਾ ਸੀ- ਇਹ ਤਾਂ...।' ਬਠਲੂ ਅੰਦਰ ਜਿਵੇਂ ਰੋ ਰਿਹਾ ਹੋਵੇ।

'ਨਹੀਂ! ਨਹੀਂ! ਦੇਖ ਤਾਂ ਸਹੀ ਕਿੰਨਾ ਭਰ ਗਿਆ। ਕਿੱਥੋਂ ਤਾਈਂ ਆ ਗਿਆ। ਮਿੱਟੀ ਦੇ ਕੰਮ ਦਾ ਪਤਾ ਨੀਂ ਲਗਦਾ ਹੁੰਦਾ', ਤੇ ਸਰਪੰਚ ਕਾਗਜ਼ ਵਿਚ ਵਲੇਟਿਆ ਪਾਈਆ ਗੁੜ ਉਸਦੇ ਹੱਥਾਂ ਤੇ ਸੁੱਟ ਤੁਰ ਗਿਆ। ਬਠਲੂ ਕਿੰਨਾਂ ਚਿਰ ਅਸੀਸਾਂ ਦੇਈ ਗਿਆ। ਗੁੜ ਖਾ ਕੇ, ਉਸ ਨੇ ਉਂਗਲਾਂ ਨਾਲ ਚਿੰਬੜੇ ਗੁੜ ਦੇ ਭੋਰੇ ਵੀ, ਜੀਭ ਨਾਲ ਚੱਟ ਲਏ ਤੇ ਉਪਰ ਅਸਮਾਨ ਵੱਲ ਦੇਖਣ ਲੱਗਾ।

ਪਤਾ ਨਹੀਂ ਅੰਤਰ ਆਤਮਾ ਨਾਲ, ਸਰਪੰਚ ਦੀ ਖ਼ੈਰ ਮੰਗਦਾ ਸੀ। ਉਸਨੇ ਦੋਵੇਂ ਹੱਥ ਜੋੜੇ, ਅੱਖਾਂ ਬੰਦ ਕੀਤੀਆਂ ਤੇ ਉਸਦੇ ਕੰਨਾਂ ਵਿਚ ਸਰਪੰਚ ਦੇ ਸ਼ਬਦ ਗੂੰਜੇ, 'ਬੰਦਾ ਕੌਣ ਐ ਕੁੱਝ ਕਰਨ ਆਲਾ? ਓਸ ਲੀਲੀ ਛਤਰੀ ਆਲੇ ਦੀ ਮਿਹਰ ਚਾਹੀਦੀ ਹੈ।' ਬਠਲੂ ਦਾ ਅੰਦਰਲਾ ਰੱਬ ਦੀ ਰਜ਼ਾ ਵਿਚ ਰੰਗਿਆ ਗਿਆ ਸੀ।

'ਸੱਤ ਐ ਮਹਾਰਾਜ!' ਬਠਲੂ ਨੇ ਉੱਚੀ ਸਾਰੀ ਕਿਹਾ, ਜਿਵੇਂ ਹੁਣ ਵੀ ਸਰਪੰਚ ਉਸਦੇ ਕੋਲ ਖੜਾ ਹੋਵੇ। 'ਬਾਖਰੂ' ਕਹਿ ਕੇ ਉਹ ਫੇਰ ਟੋਏ ਵਿਚ ਉੱਤਰ ਗਿਆ।

ਦੂਜੇ ਦਿਨ ਵੀ ਉਹ ਖਪਦਾ ਰਿਹਾ, ਮੁੜ੍ਹਕੋ-ਮੁੜ੍ਹਕੀ ਰੌਖਲਿਆ ਹੋਇਆ, ਹਾਲੋਂ ਬੇਹਾਲ। ਛਪੜੀ ਵਾਲੇ ਪੈਰੋ-ਪੈਰ ਡੂੰਘੇ ਹੋ ਰਹੇ ਟੋਏ ਵਿਚੋਂ ਨਿਕਲਣ ਲਈ, ਉਸ ਨੇ ਪੌਡੇ (ਪੈਰ ਧਰਨ ਦੀ ਥਾਂ) ਬਣਾ ਲਏ ਸਨ। ਬੜੀ ਫੁਰਤੀ ਨਾਲ ਟੋਏ ਵਿਚ ਉੱਤਰਦਾ, ਥਾਪੜ ਥਾਪੜ ਕੇ ਬੱਠਲ ਭਰਦਾ ਤੇ ਕਾਹਲੇ ਪੈਰੀਂ ਪੌਡੇ ਚੜ੍ਹਦਾ ਤੇ ਰਾਹ ਵਾਲੇ ਟੋਏ ਵਿਚ ਮਿੱਟੀ ਸੁੱਟ ਕੇ, ਭੰਬੀਰੀ ਵਾਂਗ ਮੁੜਦਾ। ਜਾਂਘੀਏ ਤੋਂ ਥੱਲੇ, ਉਸ ਦੇ ਲੋਹ-ਪੱਟਾਂ ਵਿਚ ਕੁੱਕੜੀਆਂ ਪੈਂਦੀਆਂ ਲਗਦੀਆਂ- ਬੇਸ਼ੱਕ ਇਹ ਉਸਦੀ ਮਜ਼ਬੂਤੀ ਕਰ ਕੇ ਇੰਨੀਆਂ ਨਹੀਂ ਸਨ, ਜਿੰਨੀਆਂ ਸਿਰ ਉਤਲੇ ਭਾਰ ਕਰ ਕੇ ਸਨ। ਗੱਲ ਹੁਣ ਸਾਰੇ ਪਿੰਡ ਵਿਚ ਫੈਲ ਗਈ ਸੀ। ਕੋਈ ਇਸਨੂੰ ਬਠਲੂ ਦੀ ਬਦਅਕਲੀ ਆਖਦਾ ਤੇ ਕੋਈ ਪੰਚਾਇਤ ਦਾ ਧੱਕਾ ਜਾਂ ਹੇਰਾ-ਫੇਰੀ। ਕੁੱਝ ਵੀ ਹੋਵੇ, ਬਠਲੂ ਪੂਰੀ ਸਿਦਕ ਦਿਲੀ ਅਤੇ ਸਬਰ ਸੰਜਮ ਨਾਲ ਕੰਮ ਨੂੰ ਜੁੱਟਿਆ ਹੋਇਆ ਸੀ।

'ਅੱਜ ਮੈਂ ਚੱਲਾਂ? ਬੱਲੀਆਂ ਨੂੰ ਨਹੀਂ ਜਾਂਦੀ...ਜਾਂ ਭੋਲੇ ਨੂੰ ਰੱਖ ਲੈ...ਮਦਦ ਕਰਾ ਦੂ।' ਹਰੋ ਨੇ ਅੰਤਾਂ ਦਾ ਓੜਕ ਕੀਤਾ ਸੀ ਪਰ ਉਸ ਨੇ ਇਸ ਗੱਲ ਨੂੰ ਗੌਲਿਆ ਨਹੀਂ ਸੀ। 'ਮੈਂ ਕੱਲਾ ਈ ਬਥੇਰਾਂ...ਸਾਰੇ ਟੱਬਰ ਨੇ ਕੀ ਕਰਨੈ ਓਥੇ।' ਬਠਲੂ ਨੇ ਪੂਰੇ ਹੌਸਲੇ ਨਾਲ ਕਿਹਾ- 'ਮੈਂ ਬਾਹਲੇ ਤੋਂ ਬਾਹਲਾ ਕੱਲ੍ਹ ਦੁਪਹਿਰ ਤੱਕ ਭਰਦੂੰ

*(ਬਾਕੀ ਅਗਲੇ ਸਫੇ 'ਤੇ)*

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

ਉਂਝ ਤਾਂ ਸਾਰਾ ਸਿੱਖ ਇਤਿਹਾਸ ਹੀ ਕੁਰਬਾਨੀਆਂ ਅਤੇ ਆਪਾ ਵਾਰ ਦੇਣ ਦੀ ਭਾਵਨਾ ਨਾਲ਼ ਭਰਿਆ ਪਿਆ ਹੈ। ਪਰੰਤੂ ਦੇਸ਼, ਕੌਮ, ਧਰਮ ਅਤੇ ਸਮਾਜ ਲਈ ਆਪਣਾ ਆਪਾ ਬਲੀਦਾਨ (ਅਰਪਿਤ) ਕਰ ਦੇਣ ਦੀ ਪਿਰਤ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਹੀ ਪਾਈ। ਉਹ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਤਖ਼ਤ ਉੱਤੇ ਬੈਠੇ ਗੁਰੂ ਨਾਨਕ ਜੋਤਿ ਦਾ ਪੰਜਵਾਂ ਸਰੂਪ ਸਨ, ਜੋ ਸਬਰ, ਸੰਤੋਖ, ਸ਼ੁਕਰ, ਦਇਆ, ਕੋਮਲਤਾ, ਬਲੀਦਾਨ ਅਤੇ ਭਾਣਾ ਮੰਨਣ ਦੀ ਸਾਖਿਆਤ ਮੂਰਤ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਮਨੁੱਖਤਾ ਲਈ ਉੱਚੀਆਂ ਅਤੇ ਸੱਚੀਆਂ-ਸੁੱਚੀਆਂ ਨੈਤਿਕ ਕਦਰਾਂ- ਕੀਮਤਾਂ ਸਥਾਪਤ ਕਰਨ ਲਈ ਸਦਾ ਸੁੱਖ, ਉਤਸ਼ਾਹ, ਪਿਆਰ, ਹਮਦਰਦੀ ਦਾ ਸੁਨੇਹਾ ਦਿੱਤਾ। ਇਸੇ ਤਰ੍ਹਾਂ ਕਿਸੇ ਨਾਲ਼ ਈਰਖਾ, ਦਵੈਸ਼, ਨਫ਼ਰਤ, ਬੇਗਾਨਗੀ, ਵੈਰ ਵਿਰੋਧ ਨਾ ਰੱਖਣ ਦੀ ਸਿੱਖਿਆ ਦਿੱਤੀ। ਇਹੋ ਉੱਤਮ ਗੁਣ ਆਪ ਦੀ ਸ਼ਖ਼ਸੀਅਤ ਦਾ ਮੂਲ਼ ਸੀ-

**ਡਾ. ਇਕਬਾਲ ਸਿੰਘ ਸਕਰੌਦੀ**
**ਫੋਨ: 84276-85020**

"ਬਿਸਰਿ ਗਈ ਸਭ ਤਾਤਿ ਪਰਾਈ।
ਜਬ ਤੇ ਸਾਧ ਸੰਗਤਿ ਮੋਹਿ ਪਾਈ॥
ਨਾ ਕੋ ਵੈਰੀ ਨਾਹੀ ਬੇਗਾਨਾ।
ਸਗਲ ਸੰਗ ਹਮ ਕੋ ਬਣ ਆਈ॥

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਜਨਮ ਪੰਦਰਾਂ ਅਪਰੈਲ 1563 ਈਸਵੀ (ਵਿਸਾਖ ਵਦੀ 7 ਸੰਮਤ 1620) ਨੂੰ ਚੌਥੇ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਦੀ ਪਵਿੱਤਰ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਦਾ ਵਿਆਹ ਕ੍ਰਿਸ਼ਨ ਚੰਦ ਦੀ ਸਪੁੱਤਰੀ ਬੀਬੀ ਗੰਗਾ ਦੇਵੀ ਦੇ ਨਾਲ਼ ਮਉ ਪਿੰਡ ਵਿਚ 1579 ਈਸਵੀ (23 ਹਾੜ ਸੰਮਤ 1636) ਵਿਚ ਹੋਇਆ। ਜਿਨ੍ਹਾਂ ਦੀ ਕੁੱਖੋਂ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ।

ਗੁਰੂ ਅਰਜਨ ਦੇਵ ਜੀ ਇੱਕ ਸਤੰਬਰ 1581 ਈਸਵੀ (2 ਅੱਸੂ ਸੰਮਤ 1638) ਨੂੰ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ 'ਤੇ ਬਿਰਾਜੇ। ਆਪ ਨੇ ਬੜੇ ਉੱਤਮ ਢੰਗ ਨਾਲ਼ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਸਿੱਖ ਧਰਮ ਦੇ ਕਾਰਜਾਂ ਨੂੰ ਪੂਰਿਆਂ ਕਰਨ ਲਈ ਆਪਣੇ ਸਿੱਖਾਂ ਵਿਚ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਦਸਵੰਧ ਕੱਢਣ ਦੀ ਪਿਰਤ ਪਾਈ।

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ, ਨਿਰਸਵਾਰਥ ਸੇਵਾ ਅਤੇ ਵਿਸ਼ਵ-ਵਿਆਪੀ ਪਿਆਰ ਦੇ ਪ੍ਰਤੀਕ, ਸ੍ਰੀ ਗੁਰੂ ਅਰਜਨ ਦੇਵ ਜੀ ਸਿਧਾਂਤਾਂ ਲਈ ਦ੍ਰਿੜ੍ਹਤਾ ਨਾਲ਼ ਖੜ੍ਹੇ ਰਹੇ, ਆਪਣਾ ਜੀਵਨ ਕੁਰਬਾਨ ਕੀਤਾ ਅਤੇ ਮਨੁੱਖਤਾ ਦੇ ਇਤਿਹਾਸ ਵਿਚ ਇੱਕ ਲਾਸਾਨੀ ਸ਼ਹਾਦਤ ਪ੍ਰਾਪਤ ਕੀਤੀ। ਆਪ ਜੀ ਦੀ ਸ਼ਹਾਦਤ ਦੁਨੀਆਂ ਦੇ ਧਰਮ ਇਤਿਹਾਸ ਅੰਦਰ ਇੱਕ ਇਨਕਲਾਬੀ ਮੋੜ ਸੀ। ਇਸ ਸ਼ਹਾਦਤ ਨੇ ਜਿੱਥੇ ਧਾਰਮਿਕ ਕੱਟੜਤਾ ਦੇ ਨਾਂ 'ਤੇ ਮਨੁੱਖੀ ਅੱਤਿਆਚਾਰ ਨੂੰ ਸਿਖ਼ਰਲੀ ਚੁਣੌਤੀ ਦਿੱਤੀ, ਉੱਥੇ ਮਾਨਵਤਾ ਨੂੰ ਜਬਰ ਦੇ ਮੁਕਾਬਲੇ ਲਈ ਭੈਅ ਮੁਕਤ ਵੀ ਕੀਤਾ।

ਸਿੱਖ ਇਤਿਹਾਸ ਅੰਦਰ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਦੀ ਪ੍ਰੇਰਨਾ ਅੱਜ ਵੀ ਹਰੇਕ ਸਿੱਖ ਲਈ ਰਾਹ ਦਸੇਰਾ ਬਣੀ ਹੋਈ ਹੈ। ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾਲ਼ ਟੱਕਰ ਲੈਣ, ਭਾਣਾ ਮੰਨਣ ਅਤੇ ਸਬਰ-ਸੰਤੋਖ ਅਤੇ ਦ੍ਰਿੜ੍ਹਤਾ ਨਾਲ਼ ਆਪਣੇ ਹੱਕਾਂ ਦੀ ਰੱਖਿਆ ਕਰ ਸਕਣ ਦਾ ਰਾਹ ਦਿਖਾ ਕੇ ਸਿੱਖੀ ਦੀਆਂ ਨੀਹਾਂ ਨੂੰ ਇੰਨਾ ਪੱਕਾ ਅਤੇ ਮਜ਼ਬੂਤ ਕਰ ਦਿੱਤਾ ਕਿ ਵਾਰ-ਵਾਰ ਝੁੱਲਦੇ ਜ਼ੁਲਮ ਦੇ ਝੱਖੜ, ਹਨ੍ਹੇਰੀਆਂ ਵੀ ਇਸ ਦਾ ਕੁਝ ਨਾ ਵਿਗਾੜ ਸਕੇ। ਉਨ੍ਹਾਂ ਦਾ ਸਭ ਤੋਂ ਵਿਲੱਖਣ ਅਤੇ ਮਹਾਨ ਕਾਰਜ ਆਦਿ ਗ੍ਰੰਥ ਦਾ ਸੰਕਲਨ ਕਰਨਾ ਸੀ, ਜਿਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਸੰਤਾਂ, ਸੂਫ਼ੀਆਂ, ਭਗਤਾਂ ਅਤੇ ਭੱਟਾਂ ਦੀ ਰਚਨਾ ਸ਼ਾਮਲ ਹੈ।



ਸ਼ਹੀਦ ਦੀ ਸ਼ਹਾਦਤ ਹਮੇਸ਼ਾ ਸੱਚ ਵਾਸਤੇ ਹੁੰਦੀ ਹੈ। ਇਸ ਕਰਕੇ ਸੱਚ ਅਤੇ ਸ਼ਹਾਦਤ ਦਾ ਰਿਸ਼ਤਾ ਵੀ ਅਟੁੱਟ ਹੈ। ਸਿੱਖ ਧਰਮ ਵਿਚ ਸੱਚ ਉੱਤੇ ਚੱਲਣ ਅਤੇ ਸੱਚ ਖ਼ਾਤਰ ਲੋੜ ਪੈਣ ਉੱਤੇ ਸ਼ਹਾਦਤ ਦੇਣ ਦਾ ਮਾਰਗ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਜਾਗਰ ਕੀਤਾ ਸੀ। ਆਪ ਜੀ ਨੇ ਗੁਰਬਾਣੀ ਅੰਦਰ ਹੁਕਮ ਕੀਤਾ -

"ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥"

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਪਹਿਲੇ ਪਾਤਸ਼ਾਹ ਦੇ ਦਰਸਾਏ ਇਸ ਮਾਰਗ ਨੂੰ ਹੋਰ ਪੱਕਿਆਂ ਕੀਤਾ। ਗੁਰੂ ਜੀ ਦਾ ਸਾਰਾ ਜੀਵਨ ਪਰਉਪਕਾਰ ਅਤੇ ਉੱਚੇ ਸੁੱਚੇ ਸਿਧਾਂਤਾਂ ਅਤੇ ਆਦਰਸ਼ਾਂ ਲਈ ਬਤੀਤ ਹੋਇਆ। ਆਪ ਦੇ ਗੁਣ, ਪਰਉਪਕਾਰ ਅਤੇ ਸਿਫ਼ਤਾਂ ਬੇਅੰਤ ਹਨ।

ਉਨ੍ਹਾਂ ਦੀ ਸ਼ਹਾਦਤ ਸਿੱਖ ਇਤਿਹਾਸ ਵਿਚ ਪਹਿਲੀ ਅਤੇ ਦੁਨੀਆਂ ਦੇ ਇਤਿਹਾਸ ਵਿਚ ਲਾਸਾਨੀ ਅਤੇ ਬੇਮਿਸਾਲ ਹੈ। ਉਨ੍ਹਾਂ ਦੀ ਸ਼ਹੀਦੀ ਦੇ ਅਸਲ ਕਾਰਨ ਜਹਾਂਗੀਰ ਬਾਦਸ਼ਾਹ ਦੀ ਧਾਰਮਿਕ ਕੱਟੜਤਾ ਅਤੇ ਤੰਗਦਿਲੀ ਸੀ। ਉਸ ਸਮੇਂ ਆਦਿ ਗ੍ਰੰਥ ਦਾ ਸੰਕਲਨ ਕਰਨ ਕਾਰਨ ਗੁਰੂ ਸਾਹਿਬ ਦਾ ਪ੍ਰਤਾਪ ਦਿਨੋਂ-ਦਿਨ ਵਧ ਰਿਹਾ ਸੀ। ਪਰੰਤੂ ਸਮੇਂ ਦੀ ਮੁਗ਼ਲ ਸਲਤਨਤ, ਉਸ ਦੇ ਤੁਅੱਸਬੀ ਬਾਦਸ਼ਾਹ ਅਤੇ ਕੱਟੜਪੰਥੀ ਠੇਕੇਦਾਰਾਂ ਲਈ ਗੁਰੂ ਜੀ ਦੀ ਵਧ ਰਹੀ ਚੜ੍ਹਤ ਨੂੰ ਬਰਦਾਸ਼ਤ ਕਰਨਾ ਮੁਸ਼ਕਲ ਹੋ ਚੁੱਕਾ ਸੀ। ਗੁਰੂ ਜੀ ਦੀ ਚੜ੍ਹਦੀ ਕਲਾ, ਬੇਬਾਕੀ ਨਾਲ਼ ਕੀਤੇ ਜਾਣ ਵਾਲ਼ੇ ਬਿਆਨ ਅਤੇ ਨਿਧੜਕ ਐਲਾਨ ਜਿੱਥੇ ਉਨ੍ਹਾਂ ਦੇ ਧਰਮ-ਕਰਮ ਦੀ ਵਿਲੱਖਣਤਾ, ਆਚਾਰ-ਸਦਾਚਾਰ ਦਾ ਨਿਆਰਾਪਨ, ਕਹਿਣੀ ਕਥਨੀ ਕਰਨੀ ਦੀ ਸੁਤੰਤਰਤਾ, ਸੁਭਾਅ ਵਿਚਲੀ ਨਿਰਭੈਤਾ ਅਤੇ ਸਿੱਖ ਲਹਿਰ ਦੇ ਅੱਗੇ ਵਧਣ ਦਾ ਸੂਚਕ ਸੀ, ਉੱਥੇ ਇਹ ਕਰਮ ਕਾਂਡੀ ਤੁਅੱਸਬੀ ਸ਼ਕਤੀਆਂ ਨੂੰ ਬਹੁਤ ਵੱਡੀ ਚੁਣੌਤੀ ਸੀ।

ਗੁਰੂ ਅਰਜਨ ਦੇਵ ਜੀ ਅਤੇ ਗੁਰੂ ਘਰ ਪ੍ਰਤੀ ਸੰਗਤਾਂ ਵਿਚ ਵਧ ਰਹੀ ਸ਼ਰਧਾ ਬਾਰੇ ਸੁਣਨਾ ਸਮੇਂ ਦੇ ਹਾਕਮਾਂ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨ ਨਹੀਂ ਸੀ। ਮੁਗ਼ਲ ਸ਼ਹਿਨਸ਼ਾਹ ਜਹਾਂਗੀਰ ਕਿਸੇ ਅਜਿਹੇ ਮੌਕੇ ਦੀ ਭਾਲ਼ ਵਿਚ ਸੀ ਕਿ ਉਹ ਦਿਨੋਂ ਦਿਨ ਵਧ ਰਹੀ ਸਿੱਖ ਲਹਿਰ ਨੂੰ ਪੂਰੀ ਤਰ੍ਹਾਂ ਕੁਚਲ ਦੇਵੇ। ਉਸ ਦੀ ਦਿਲੀ ਰੀਝ ਸੀ ਕਿ ਉਹ ਸਿੱਖਾਂ ਵਿਚ ਬਹੁਤ ਜ਼ਿਆਦਾ ਹਰਮਨ-ਪਿਆਰੇ ਗੁਰੂ ਅਰਜਨ ਦੇਵ ਨੂੰ ਜਾਂ ਤਾਂ ਮੁਸਲਮਾਨ ਧਰਮ ਵਿਚ ਸ਼ਾਮਲ ਕਰ ਲਵੇ। ਜੇਕਰ ਉਹ ਨਾ ਮੰਨੇ ਤਾਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ "ਤੁਜ਼ਕੇ-ਜਹਾਂਗੀਰੀ" ਵਿਚ ਕਰਦਾ ਹੋਇਆ ਲਿਖਦਾ ਹੈ-

"ਗੋਇੰਦਵਾਲ ਵਿਚ, ਜੋ ਕਿ ਬਿਆਸ ਨਦੀ ਦੇ ਕੰਢੇ ਸਥਿਤ ਹੈ, ਪੀਰਾਂ ਫ਼ਕੀਰਾਂ ਦੇ ਭੇਸ ਵਿਚ ਇੱਕ ਹਿੰਦੂ ਰਹਿੰਦਾ ਸੀ, ਜਿਸ ਦਾ ਨਾਮ ਅਰਜਨ ਸੀ। ਬਹੁਤ ਸਾਰੇ ਮੂਰਖ਼ ਹਿੰਦੂ ਅਤੇ ਮੁਸਲਮਾਨ ਉਸ ਦੇ ਬਹਿਕਾਵੇ ਵਿਚ ਆ ਚੁੱਕੇ ਸਨ। ਇਸ ਤੋਂ ਇਲਾਵਾ ਉਸ ਨੇ ਆਪਣੀ ਆਤਮਿਕ ਸ਼ਕਤੀ ਦਾ ਢੌਂਗ ਰਚਾਇਆ ਹੋਇਆ ਸੀ। ਬਹੁਤ ਸਾਰੇ ਲੋਕ ਸ਼ਰਧਾ ਵੱਸ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸੇ ਕਪਟ ਹੀ ਕਪਟ ਸੀ। ਕਪਟ ਦੇ ਪੁਜਾਰੀ ਉਸ ਉੱਤੇ ਪੂਰੀ ਸ਼ਰਧਾ ਰੱਖਦੇ ਸਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਸ਼ੈਤਾਨ (ਗੁਰੂ ਜੀ ਦੀ) ਝੂਠ ਦੀ ਦੁਕਾਨ ਚੱਲ ਰਹੀ ਸੀ। ਕਿੰਨੇ ਹੀ ਸਮੇਂ ਤੋਂ ਮੇਰੇ ਮਨ ਵਿਚ ਇਹ ਧਾਰਨਾ ਪੈਦਾ ਹੋ ਰਹੀ ਸੀ ਕਿ ਝੂਠ ਅਤੇ ਪਾਖੰਡ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ।"

ਉਪਰੋਕਤ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਗੁਰੂ ਸਾਹਿਬ ਨਾਲ਼ ਸਖ਼ਤ ਘ੍ਰਿਣਾ ਕਰਦਾ ਸੀ। ਉਹ ਉਨ੍ਹਾਂ ਨੂੰ ਮੁਸਲਮਾਨ ਧਰਮ ਵਿਚ ਸ਼ਾਮਲ ਕਰਨ ਜਾਂ ਫ਼ਿਰ ਮੌਤ ਦੇ ਘਾਟ ਉਤਾਰਨਾ ਚਾਹੁੰਦਾ ਸੀ। ਬਾਦਸ਼ਾਹ ਨੂੰ ਕੇਵਲ ਬਹਾਨੇ ਦੀ ਤਲਾਸ਼ ਸੀ। ਜਦੋਂ ਉਸ ਦੇ ਪੁੱਤਰ ਖ਼ੁਸਰੋ ਨੇ ਉਸ ਵਿਰੁੱਧ ਬਗ਼ਾਵਤੀ ਝੰਡਾ ਚੁੱਕ ਲਿਆ ਤਾਂ ਉਹ ਮੁਗ਼ਲ ਸੈਨਾਵਾਂ ਕੋਲੋਂ ਭੱਜ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆ ਗਿਆ ਸੀ। ਗੁਰੂ ਸਾਹਿਬ ਤਾਂ ਆਪਣੀ ਸ਼ਰਨ ਵਿਚ ਆਉਣ ਵਾਲ਼ੇ ਹਰੇਕ ਮਨੁੱਖ ਨੂੰ ਪਨਾਹ ਦਿੰਦੇ ਸਨ। ਬੱਸ ਬਾਗ਼ੀ ਪੁੱਤਰ ਖ਼ੁਸਰੋ ਦੀ ਮਦਦ ਕਰਨ ਕਾਰਨ ਬਾਦਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ। ਉਸ ਨੇ ਉਸੇ ਵੇਲੇ ਗੁਰੂ ਅਰਜਨ ਦੇਵ ਜੀ ਨੂੰ ਯਾਸਾ-ਏ-ਸਿਆਸਤ ਕਾਨੂੰਨ ਅਧੀਨ ਮੌਤ ਦੀ ਸਜ਼ਾ ਸੁਣਾ ਦਿੱਤੀ, ਜਿਸ ਦਾ ਭਾਵ ਹੈ ਕਿ ਗੁਰੂ ਨੂੰ ਤਸੀਹੇ ਦੇ ਕੇ ਮਾਰਨਾ ਅਤੇ ਉਨ੍ਹਾਂ ਦੇ ਖ਼ੂਨ ਦਾ ਇੱਕ ਵੀ ਕਤਰਾ ਧਰਤੀ ਉੱਤੇ ਨਾ ਡਿੱਗ ਪਾਏ।

ਇਸ ਤਰ੍ਹਾਂ ਮੁਗ਼ਲ ਸਮਰਾਟ ਜਹਾਂਗੀਰ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਉਨ੍ਹਾਂ ਨੂੰ ਸ਼ਹੀਦ ਕਰਨ ਲਈ ਕਈ ਪ੍ਰਕਾਰ ਦੇ ਅਕਹਿ ਅਤੇ ਅਸਹਿ ਤਸੀਹੇ ਦਿੱਤੇ ਗਏ। ਮਈ-ਜੂਨ ਮਹੀਨੇ ਦੀ ਅੱਗ ਵਰ੍ਹਾਉਂਦੀ ਗਰਮੀ ਵਿਚ ਉਨ੍ਹਾਂ ਨੂੰ ਉੱਬਲਦੀ ਦੇਗ਼ ਵਿਚ ਉਬਾਲਿਆ ਗਿਆ। ਤੱਤੀ ਤਵੀ ਉੱਤੇ ਬਿਠਾਇਆ ਗਿਆ। ਉਨ੍ਹਾਂ ਦੇ ਕੇਸਾਂ ਅਤੇ ਨੰਗੇ ਪਿੰਡੇ ਉੱਤੇ ਸੜਦੀ ਬਲ਼ਦੀ ਗਰਮ ਰੇਤ ਪਾਈ ਗਈ। ਪਰੰਤੂ ਗੁਰੂ ਅਰਜਨ ਦੇਵ ਜੀ ਨੇ ਸਭ ਕਸ਼ਟ ਬੜੇ ਸਹਿਜ ਰੂਪ ਵਿਚ ਸਹਾਰਦਿਆਂ ਇਸ ਨੂੰ ਨਿਰੰਕਾਰ ਦਾ ਭਾਣਾ ਸਮਝ ਕੇ ਆਪ ਬਿਲਕੁਲ ਅਡੋਲ ਬੈਠੇ ਰਹੇ। ਇਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ -

"ਤੇਰਾ ਭਾਣਾ ਮੀਠਾ ਲਾਗੈ।
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ॥"

ਵਾਹਿਗੁਰੂ ਦੀ ਰਜ਼ਾ ਅੰਮ੍ਰਿਤ ਵਰਗੀ ਮਿੱਠੀ ਹੈ ਅਤੇ ਨਾਨਕ ਉਸ ਦੇ ਨਾਮ ਨੂੰ ਸਦਾ ਮੰਗਦਾ ਹੈ।

ਲਗਾਤਾਰ ਛੇ ਦਿਨ ਅਸਹਿ ਤਸੀਹੇ ਸਹਿਣ ਉਪਰੰਤ ਉਨ੍ਹਾਂ ਨੇ ਰਾਵੀ ਦਰਿਆ ਵਿਚ ਇਸ਼ਨਾਨ ਕਰਨ ਦੀ ਇੱਛਾ ਪਰਗਟ ਕੀਤੀ। ਜਦੋਂ ਗੁਰੂ ਸਾਹਿਬ ਰਾਵੀ ਦੇ ਠੰਢੇ ਪਾਣੀ ਵਿਚ ਉੱਤਰੇ ਤਾਂ ਉਨ੍ਹਾਂ ਉੱਥੇ ਹੀ ਆਪਣੇ ਸੁਆਸ ਤਿਆਗ ਦਿੱਤੇ ਅਤੇ ਨਿਰੰਕਾਰ ਨਾਲ਼ ਜਾ ਮਿਲੇ। ਇਸ ਪ੍ਰਕਾਰ ਅਨੇਕਾਂ ਤਸੀਹੇ ਝੱਲਦੇ ਹੋਏ ਗੁਰੂ ਅਰਜਨ ਦੇਵ ਜੀ 1606 ਈਸਵੀ ਨੂੰ ਸ਼ਹੀਦ ਹੋ ਗਏ।

ਦੁਨੀਆਂ ਦੇ ਇਤਿਹਾਸ ਦੀ ਇਸ ਮਹਾਨ ਸ਼ਹਾਦਤ ਵਾਲ਼ੇ ਅਸਥਾਨ ਉੱਤੇ ਰਾਵੀ ਦਰਿਆ ਦੇ ਕੰਢੇ, ਲਾਹੌਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਸਥਿਤ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਬਲੀਦਾਨ ਦੇ ਦਿੱਤਾ। ਪਰੰਤੂ ਗੁਰੂ ਨਾਨਕ ਦੇਵ ਦੇ ਮਾਰਗ ਨੂੰ ਨਹੀਂ ਛੱਡਿਆ। ਉਨ੍ਹਾਂ ਨੂੰ ਸਮੁੱਚੇ ਸਿੱਖ ਜਗਤ ਵਿਚ ਨਿਮਰਤਾ ਦੇ ਪੁੰਜ ਵਜੋਂ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਬਹੁਤ ਨਿਮਰ ਅਤੇ ਸੰਤ ਸੁਭਾਅ ਦੇ ਮਾਲਕ ਸਨ। ਪਰੰਤੂ ਉਨ੍ਹਾਂ ਦੀ ਸ਼ਹਾਦਤ ਨੇ ਸਮੁੱਚੇ ਸਿੱਖ ਪੰਥ ਨੂੰ ਇੱਕ ਬਹਾਦਰ ਅਤੇ ਨਿਡਰ ਕੌਮ ਵਿਚ ਬਦਲ ਦਿੱਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖਾਂ ਵਿਚ ਜ਼ੁਲਮ ਜਬਰ ਵਿਰੁੱਧ ਸੰਘਰਸ਼ ਲਈ ਅਥਾਹ ਜੋਸ਼ ਭਰ ਦਿੱਤਾ। ਇਸ ਸ਼ਹਾਦਤ ਉਪਰੰਤ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਉਨ੍ਹਾਂ ਸਦਾ ਕਾਇਮ ਰਹਿਣ ਵਾਲ਼ਾ ਅਕਾਲ ਪੁਰਖੁ ਦਾ ਤਖ਼ਤ "ਸ੍ਰੀ ਅਕਾਲ ਤਖ਼ਤ" ਦੀ ਸਥਾਪਨਾ ਕੀਤੀ। ਉਨ੍ਹਾਂ ਵੱਲੋਂ ਮੀਰੀ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਨਾ, ਸ਼ਸਤਰ ਇਕੱਠੇ ਕਰਨਾ, ਕਿਲ੍ਹੇ ਬਣਵਾਉਣਾ, ਸ਼ਾਹੀ ਫੌਜ ਦਾ ਡਟ ਕੇ ਮੁਕਾਬਲਾ ਕਰਨਾ, ਉਨ੍ਹਾਂ ਨੂੰ ਕਰਾਰੀ ਹਾਰ ਦੇਣਾ ਇਸ ਸ਼ਹਾਦਤ ਦੇ ਫ਼ਲਸਰੂਪ ਅਮਲ ਵਿਚ ਆਏ ਸਨ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅੱਜ ਵੀ ਸਾਡੇ ਲਈ ਰਾਹ ਦਸੇਰਾ ਬਣੀ ਹੋਈ ਹੈ, ਜਿਸ ਰਾਹ ਉੱਤੇ ਚੱਲ ਕੇ ਅਸੀਂ ਆਪਣੇ ਸਿੱਖ ਧਰਮ ਦੇ ਸੁਨਹਿਰੀ ਅਸੂਲਾਂ ਖ਼ਾਤਰ ਜਬਰ ਜ਼ੁਲਮ ਦੇ ਟਾਕਰੇ ਲਈ ਸਦਾ ਤਤਪਰ ਰਹਿਣਾ ਹੈ। ਸੱਚ ਦੀ ਖ਼ਾਤਰ ਸਦਾ ਸੰਘਰਸ਼ਸ਼ੀਲ ਰਹਿਣਾ ਹੈ। ਝੂਠ, ਜ਼ੁਲਮ, ਅਨਿਆਂ ਦੀ ਜੜ੍ਹ ਪੁੱਟਣ ਲਈ ਹਮੇਸ਼ਾ ਅੱਗੇ ਤੋਂ ਅੱਗੇ ਵਧਣਾ ਹੈ।

---

***(ਪਿਛਲੇ ਸਫੇ ਦਾ ਬਾਕੀ)***

ਇਹ...ਪਰਵਾਹ ਨਾ ਕਰ।' ਕਹਿਣ ਨੂੰ ਤਾਂ ਉਸਨੂੰ ਹਰੋ ਦੀ ਗੱਲ ਠੀਕ ਲੱਗਣ ਲੱਗ ਪਈ ਸੀ।

'ਮੈਨੂੰ ਤਾਂ ਲਗਦੈ, ਐਮੇ ਗਿੱਲਾ ਪੀਹਣ ਪਾ ਲਿਐ ਪਚੈਤ ਮਗਰ ਲੱਗ ਕੇ। ਕੱਲ੍ਹ ਸਰਬੂ ਕਹਿੰਦਾ ਸੀ, ਸਰਪੰਚ ਨੇ ਸੌ ਤੋਂ ਘੱਟ ਰਸੀਤ ਨੀ ਪਾਉਣੀ, ਖਰਚੇ 'ਚ। ਹੱਡ ਤੂੰ ਤੁੜਾਈ ਜਾਨੈਂ। ਫੇਰ ਐਂ ਐਂ ਬੀ ਨਿਬੜ ਜਾਵੇ ਅੱਜ।' ਜਿਉਂ ਜਿਉਂ ਉਸਨੂੰ ਗੱਲਾਂ ਯਾਦ ਆਈ ਜਾਂਦੀਆਂ, ਉਸਦਾ ਦਿਲ ਬੈਠਦਾ ਜਾਂਦਾ ਸੀ। ਹਰੋ, ਮੈਲੀ ਜਿਹੀ ਚਾਦਰ ਵਿਚ ਕਣਕ ਝਾਰਨ ਵਾਲਾ ਝਾਰਨਾ ਚੁੱਕ ਕੇ, ਟਾਂਟਾਂ ਬੱਲੀਆਂ ਚੁਗਣ ਤੁਰ ਗਈ ਸੀ। ਸਭ ਕੁੱਝ ਬਠਲੂ ਦੀਆਂ ਅੱਖਾਂ ਅੱਗੇ ਘੁੰਮ ਗਿਆ...।

ਦੁਪਹਿਰ ਢਲਣ ਲੱਗੀ। ਉਸਨੂੰ ਲਗਦਾ, ਦਿਨ ਪਹਾੜ ਜੇਡਾ ਹੋ ਗਿਆ ਤੇ ਟੋਆ ਕਿਸੇ ਮਹਾਤਮਾ ਦਾ 'ਲੋਟਾ'। ਉਹ ਵਾਰ-ਵਾਰ ਅੱਖਾਂ ਉੱਤੇ ਹੱਥ ਦੀ ਛਤਰੀ ਬਣਾ ਕੇ ਸੂਰਜ ਵੱਲ ਵੇਖਦਾ। ਢਲੀ ਹੋਈ ਦੁਪਹਿਰ ਉਸ ਦੀ ਆਪਣੀ ਉਮਰ ਵਰਗੀ ਸੀ। ਅਸਮਾਨ ਉੱਤੇ ਟਾਵਾਂ-ਟਾਵਾਂ ਬੱਦਲ ਘੁੰਮ ਰਿਹਾ ਸੀ, ਉਸਦੇ ਫਿਕਰਾਂ ਭਰੇ ਸਾਹਾਂ ਦੀ ਹਵਾੜ ਵਰਗਾ। ਕਦੀ-ਕਦਾਈਂ ਹੀ, ਹਵਾ ਦਾ ਠੰਢਾ ਬੁੱਲਾ ਆਉਂਦਾ ਜੋ ਮੁੜ੍ਹਕੇ ਨਾਲ ਤਰ, ਉਸਦੇ ਪਿੰਡੇ ਨੂੰ ਪਲੋਸ ਜਾਂਦਾ...ਨਹੀਂ ਤਾਂ ਮੌਸਮ ਉਸਦੇ ਅੰਦਰੋਂ ਚਲਦੇ ਸਾਹਾਂ ਦੀ ਤਪਸ਼ ਜਿਹਾ ਸੀ।

ਕੱਲ੍ਹ ਉਸਦੇ ਦਿਮਾਗ਼ ਵਿਚ ਪੱਚੀ ਰੁਪਇਆਂ ਦੀ ਤਸਵੀਰ ਸੀ। ਕਿੰਨੇ ਈ ਟੋਏ ਮੁੰਦਣ ਦੀ ਸਕੀਮ। ਪੱਚੀ ਰੁਪਏ ਦੇ ਨੋਟਾਂ ਦੇ ਆਕਾਰ ਸੁੰਗੜ ਕੇ, ਅੱਜ ਅੱਕ ਦੀਆਂ ਕੁਕੜੀਆਂ 'ਚੋਂ ਉਡਦੇ ਫੰਬੇ ਬਣ ਗਏ ਸਨ। ਹੁਣ ਤਾਂ ਉਸ ਦੇ ਦਿਮਾਗ ਵਿਚ ਕੰਮ ਦੇ ਖ਼ਤਮ ਹੋਣ ਦਾ ਵਕਤ ਸੀ। ਅੱਖਾਂ ਅੱਗੇ, ਨਾ ਅੱਟਿਆ ਜਾਣ ਵਾਲਾ ਲੋਟਾ ਸੀ।

ਉਹ ਪਾਣੀ ਪੀਣ ਲਈ ਮੱਘੀ ਕੋਲ ਬੈਠ ਗਿਆ। ਪਾਣੀ ਪੀ ਕੇ ਉਸਦਾ, ਉਠਣ ਨੂੰ ਜੀਅ ਨਹੀਂ ਸੀ ਕਰਦਾ। ਮਨ ਮਾਰ ਕੇ ਉਹ ਉਠਿਆ ਤੇ ਮੁੜ ਟੋਏ ਵਿਚ ਉੱਤਰ ਗਿਆ। ਹਾਲੇ ਵੀ ਉਸਦਾ ਦਮ ਲੈਣ ਨੂੰ ਜੀਅ ਕਰਦਾ ਸੀ। ਹੋਰ ਬੱਠਲ ਭਰਨ ਦੀ ਉਸਨੂੰ ਹਿੰਮਤ ਨਾ ਪਈ। ਬਰੇਤੇ ਦੀ ਢੇਰੀ 'ਤੇ ਉਹ ਖੁਭ ਕੇ ਬੈਠ ਗਿਆ...ਬਰੇਤਾ ਜਿਵੇਂ ਉਸਦੀ ਪੀੜ ਚੁਗ ਰਿਹਾ ਹੋਵੇ। ਉਹ ਆਰਾਮ ਨਾਲ ਕਹੀ ਦੇ ਬਾਂਹੇ ਉੱਤੇ ਸਿਰ ਰੱਖ ਕੇ, ਚਮਕਦੇ ਰੇਤ ਨੂੰ ਵੇਖੀ ਗਿਆ। ਉਸਦੇ ਹੱਡ ਦੁਖ ਰਹੇ ਸਨ...ਸਿਰ ਉੱਤੇ ਹੁਣ ਵੀ ਬੱਠਲ ਟਿਕਿਆ ਲਗਦਾ ਸੀ। ਗਰਦਨ ਆਕੜੀ ਹੋਈ। ਖਬਰੇ ਥਕੇਵੇਂ ਨੂੰ ਭੁਲਾਉਣ ਲਈ ਹੀ ਉਸਨੇ ਪੈਰਾਂ ਉੱਤੇ ਰੇਤਾ ਪਾਉਣਾ ਸ਼ੁਰੂ ਕੀਤਾ। ਬਚਪਨ ਦੀ 'ਰਾਜੇ ਦੀ ਘੋੜੀ ਸੂਣ ਵਾਲੀ' ਖੇਡ ਬਠਲੂ ਦੇ ਯਾਦ ਆਈ। ਨਾ ਰਾਜੇ ਦੀ ਘੋੜੀ ਅੱਖਾਂ ਮੀਟ ਕੇ ਸੂਈ ਤੇ ਨਾ ਅੱਖਾਂ ਖੁਲ੍ਹੀਆਂ ਰੱਖ ਕੇ। ਉਹ ਤਾਂ ਇੱਕ ਖੇਡ ਸੀ ਤੇ ਬਠਲੂ ਜੀਵਨ ਨੂੰ ਹੀ ਇੱਕ ਖੇਡ ਸਮਝਦਾ ਰਿਹਾ ਸੀ। 'ਬਠਲੂ ਹੀ ਰਿਹਾ'...ਪੰਚ ਦੇ ਬੋਲ ਉਸਨੂੰ ਫਿਰ ਚੇਤੇ ਆਏ। ਉਸਨੂੰ ਲੱਗਿਆ ਕਿ ਮਿੱਟੀ ਨੇ ਉਸਦੇ ਪੈਰ ਫੜ ਲਏ ਹਨ। ਅਚੇਤ ਹਾਲਤ ਵਿਚ ਹੀ ਉਸਨੇ ਮਿੱਟੀ 'ਤੋਂ ਪੈਰ ਛੁਡਾਉਣ ਦਾ ਯਤਨ ਕੀਤਾ, ਪਰ ਮਿੱਟੀ, ਉਸਦੇ ਪੈਰਾਂ ਨੂੰ ਛੱਡ ਹੀ ਨਹੀਂ ਸੀ ਰਹੀ। ਇਸੇ ਅਵਸਥਾ ਵਿਚ ਉਹ ਜ਼ੋਰ ਲਾਈ ਗਿਆ।

'ਬੱਸ ਸੁੰਦਰਾ ਤੂੰ ਸੱਚੀਂ ਬਠਲੂ ਰਿਹਾ। ਹੁਣ ਦੱਸ ਕੀ ਕਰੇਂਗਾ? ਇਹ ਮਿੱਟੀ ਨੀ ਹੁਣ ਤੈਨੂੰ ਛੱਡਣ ਲੱਗੀ।' ਉਸਨੇ ਵਿਸ਼ਵਾਸ ਨਾਲ ਆਪਣੇ ਆਪ ਨੂੰ ਕਿਹਾ। ਰਾਹ ਜਾਂਦੇ ਪਸ਼ੂਆਂ 'ਚੋਂ ਗਾਂ ਦੇ ਰੰਭਣ ਦੀ ਆਵਾਜ਼ ਸੁਣ ਕੇ, ਉਸਦੀ ਸੁਰਤ ਪਰਤੀ ਤੇ ਉਹ ਕਹੀ ਨੂੰ ਪੀਣ ਵਾਲੇ ਪਾਸਿਓਂ ਚੁੱਕ ਕੇ ਖੜ੍ਹਾ ਹੋ ਗਿਆ। ਉਸਦੇ ਪੈਰਾਂ ਉਤਲਾ ਰੇਤਾ, ਬਿਰਨ ਬਿਰਨ ਕਿਰ ਗਿਆ। ਨਾਲ ਹੀ ਉਸਨੂੰ ਜਾਪਿਆ ਜਿਵੇਂ ਉਸਦਾ ਆਪਾ ਹੀ ਬਿਖਰ ਗਿਆ ਹੋਵੇ। ਜਿਵੇਂ ਕਹੀ ਦੇ ਨਾਲ ਉਹ ਆਪ ਵੀ ਪੁੱਠਾ ਹੋ ਗਿਆ ਹੋਵੇ।

'ਬਾਖਰੂ! ਸੱਚਿਆ ਪਾਅਸ਼ਾ ਕਰਦੇ ਫ਼ਤੇ ਮੋਰਚਾ।' ਉਸਨੇ ਕਹੀ ਨੂੰ ਉੱਪਰ ਉਲਾਰਿਆ ਤੇ ਸਾਰੇ ਜ਼ੋਰ ਦੀ ਕਹੀ ਬਰੇਤੇ ਵਿਚ ਧਸਾ ਦਿੱਤੀ। ਇਸਦਾ, ਉਸਨੂੰ ਮਗਰੋਂ ਪਤਾ ਲੱਗਾ ਕਿ ਬਰੇਤੇ ਉੱਤੇ ਏਨਾ ਜ਼ੋਰ ਲਾਉਣ ਦੀ ਲੋੜ ਨਹੀਂ ਸੀ। ਬੱਠਲ ਭਰ ਕੇ ਚੁੱਕਿਆ ਤੇ ਪੌਂਡਿਆਂ 'ਚ ਪੈਰ ਅੜਾਉਂਦਾ, ਉਹ ਬਾਹਰ ਆਇਆ। ਗੋਡਿਆਂ 'ਤੇ ਭਾਰ ਦੇ ਕੇ ਉਹ ਲੱਤਾਂ ਨੂੰ ਲੱਦਾ ਲਈ ਆਉਂਦੇ ਊਠ ਵਾਂਗ ਅਕੜਾ ਕੇ ਚੁੱਕਦਾ ਸੀ। ਨਵੀਂ ਡਿੱਗੀ ਮਿੱਟੀ ਦਾ ਚਿੰਨ੍ਹ ਟੋਏ ਵਿਚੋਂ ਲੱਭਣਾ ਮੁਸ਼ਕਲ ਦਿੱਸ ਰਿਹਾ ਸੀ। ਉਹ ਖੜ੍ਹਾ ਵੇਖਦਾ ਰਿਹਾ। ਗਰਦ ਟੋਏ 'ਚੋਂ ਬਾਹਰ ਆ ਕੇ ਉਸਦੀ ਘਸਮੈਲੀ, ਖਿਲਰੀ-ਪੁਲਰੀ ਦਾਹੜੀ ਵਿਚ ਉਲਝ ਕੇ ਦਮ ਤੋੜ ਰਹੀ ਸੀ। ਇਸੇ ਤਰ੍ਹਾਂ ਦੀ ਇੱਕ ਗਰਦ, ਉਸਦੇ ਅੰਦਰੋਂ ਉਠਦੀ ਲਗਦੀ ਸੀ, ਪਰ ਇਸਦਾ ਦਮ ਨਹੀਂ ਸੀ ਟੁੱਟਦਾ, ਸਗੋਂ ਇਹ ਬਠਲੂ ਦਾ ਦਮ ਘੁੱਟ ਰਹੀ ਸੀ।

ਅੱਧ-ਪੂਰਿਆ ਟੋਆ, ਹਰ ਬੱਠਲ ਸੁੱਟਣ ਤੋਂ ਬਾਅਦ, ਉਸਨੂੰ ਡੂੰਘਾ ਹੋਈ ਜਾਂਦਾ ਲੱਗਿਆ।

'ਇਹ ਨੀ ਭਰਿਆ ਜਾਂਦਾ ਅੱਜ ਸੁੰਦਰਾ'...ਉਸਨੇ ਘੰਟਾ ਕੁ ਦਿਨ ਖੜੇ ਨਾਲ, ਆਪ ਹੀ ਢੇਰੀ ਢਾਹ ਦਿੱਤੀ। ਕੰਮ ਛੱਡ ਕੇ ਉਹ ਬੈਠ ਗਿਆ। ਉਸਦਾ ਜੀਅ ਕਾਹਲਾ ਪੈਣ ਲੱਗ ਪਿਆ ਕਿ ਉਹ ਟਿੰਡ ਫੌੜ੍ਹੀ ਚੁੱਕ ਕੇ, ਘਰ ਨੂੰ ਤੁਰ ਜਾਵੇ ਤੇ ਪੰਚਾਇਤ ਨੂੰ ਆਖ ਦੇਵੇ, ਉਸ 'ਤੋਂ ਨਹੀਂ ਭਰਿਆ ਜਾਂਦਾ। ਆਪੇ ਭਰਵਾ ਲੈਣ ਜੀਹਤੋਂ ਮਰਜ਼ੀ। ਪਲ ਹੀ ਪਲ ਉਸਨੇ ਆਪਣੇ ਆਪ ਨੂੰ ਪੰਚਾਇਤ ਘਰ ਵਿਚ ਖੜੋਤਾ ਮਹਿਸੂਸ ਕੀਤਾ।

'ਸੁੰਦਰਾ ਅੱਜ ਤਾਈਂ ਤੈਂ ਕਦੇ ਢੇਰੀ ਨੀ ਢਾਹੀ, ਔਖੇ ਤੋਂ ਔਖੇ ਕੰਮ ਮੂਹਰੇ। ਅੱਜ ਤੈਨੂੰ ਕੀ ਹੋ ਗਿਆ? ਭੈਣ ਦੀ ਮਰਾਵੇ, ਕੱਲ੍ਹ ਨੂੰ ਭਰਜੂ, ਅੱਜ ਨਾ ਸਹੀ, ਨਾਂ ਨੂੰ ਲੀਕ ਕਿਉਂ ਲਵਾਉਣ ਲੱਗਿਐਂ?' ਉਸ ਨੇ ਆਪਣੇ ਆਪ ਨੂੰ ਦਿਲਬਰੀ ਦਿੱਤੀ- 'ਬੰਦੇ ਦੀ ਜ਼ਬਾਨ ਵੀ ਹੁੰਦੀ ਐ ਕੁਛ! ਫੇਰ ਅਤਬਾਰ ਨੀ ਰਹਿੰਦਾ ਬੰਦੇ ਦਾ!' ਆਪਣੇ ਹੀ ਅਬੋਲ ਸ਼ਬਦਾਂ ਨੇ ਉਸਨੂੰ ਟੁੰਬਿਆ। ਉਹ ਝਈ ਲੈ ਕੇ ਉੱਠਿਆ।

'ਖਾਜਾ ਬਲੀ- ਕਰ ਦੇ ਭਲੀ।' ਟੋਏ ਵਿਚ ਉਤਸ਼ਾਹ ਨਾਲ ਉੱਤਰਦਿਆਂ ਉਸਨੇ ਟੋਏ ਨੂੰ ਹੀ ਨਮਸਕਾਰ ਕੀਤੀ। ਪੂਰੇ, ਜਿਗਰੇ ਨਾਲ ਉਸਨੇ ਥਾਪੜ ਕੇ ਬੱਠਲ ਭਰਿਆ ਤੇ ਹੁੱਪ ਕਹਿ ਕੇ ਪਹਿਲਵਾਨ ਦੀ ਤਰ੍ਹਾਂ ਬਾਲਾ ਕੱਢਿਆ ਤੇ ਸਿਰ 'ਤੇ ਰੱਖ ਕੇ, ਪੌਂਡੇ ਚੜ੍ਹਦਾ ਬਾਹਰ ਆ ਗਿਆ। ਪੌਂਡੇ ਚੜ੍ਹਦਿਆਂ ਉਸਨੂੰ ਖੱਬੀ ਵੱਖੀ ਵਿਚ ਮੱਠਾ ਜਿਹਾ ਦਰਦ ਮਹਿਸੂਸ ਹੋਇਆ। ਬੁੱਲ੍ਹਾਂ ਨੂੰ ਦੰਦਾਂ ਵਿਚ ਘੁੱਟ ਕੇ ਉਹ ਬਾਹਰ ਆ ਗਿਆ। ਉਸਦੇ ਪੁੜੇ ਪਿੱਛੇ ਵੱਲ ਨਿਕਲੇ ਹੋਏ ਤੇ ਛਾਤੀ ਹੋਰ ਅਗਾਂਹ ਵੱਲ ਨੂੰ ਉੱਭਰੀ ਹੋਈ ਸੀ। ਉਸਦੇ ਸਿਰੜੀ ਸੁਭਾਅ ਵਾਲੇ ਜੁੱਸੇ ਦਾ ਪ੍ਰਭਾਵ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ ਲਗਦਾ। ਰਾਹ ਵਾਲੇ ਟੋਏ ਤੀਕ ਅੱਪੜਦਿਆਂ ਖੱਬੀ ਵੱਖੀ ਵਿਚ ਹੀ ਇੱਕ ਚੀਸ ਹੋਰ ਉੱਠੀ। ਉਸਨੇ ਜੀਭ ਦੰਦਾਂ ਵਿਚ ਨਪੀੜ ਲਈ ਤੇ ਬੱਠਲ ਟੋਏ 'ਚ ਢੇਰੀ ਕਰ ਦਿੱਤਾ- ਪਰ ਬੱਠਲ ਹੱਥੋਂ ਨਿਕਲ ਗਿਆ ਤੇ ਟੋਏ ਵਿਚ ਜਾ ਪਿਆ।

ਉਹ ਟੋਏ ਵਿਚ ਉਤਰਿਆ। ਦਰਦ ਵਧਦਾ ਜਾਂਦਾ ਸੀ। ਮਗਜ਼ ਨੂੰ ਚੜ੍ਹਦੀ ਗਰਦ ਨੂੰ ਉਹਨੇ ਨਾ ਗੌਲਿਆ। ਬੱਠਲ ਚੁੱਕ ਕੇ ਸਿੱਧਾ ਹੋ ਗਿਆ। ਟੋਆ ਮੋਟੇ ਪੱਟ ਤਾਈਂ ਡੂੰਘਾ ਰਹਿ ਗਿਆ ਸੀ। ਸਾਫ਼ ਸੀ ਕਿ ਅੱਜ ਕੰਮ ਨਹੀਂ ਸੀ ਮੁੱਕਣਾ।

'ਚਲੋ ਕੱਲ੍ਹ ਨੂੰ ਨਬੇੜ ਲਊਂ,' ਉਹਨੇ ਸੋਚਿਆ। ਬਾਹਰ ਨਿਕਲਦਿਆਂ, ਇੱਕ ਹੋਰ ਜ਼ੋਰ ਦੀ ਕਸਕ ਉੱਠੀ ਤੇ ਉਹ ਕੱਠਾ ਜਿਹਾ ਹੋ ਗਿਆ। ਉਸ ਨੇ ਮੱਘੀ ਕੋਲ ਖੜੋਤਿਆਂ, ਬੱਠਲ ਸੁੱਟ ਦਿੱਤਾ। ਕਿੰਨਾ ਚਿਰ ਬੱਠਲ, ਟੰਨ ਟੰਨ ਕਰਦਾ ਰਿਹਾ, ਆਪਣੇ ਹਮਨਾਮ ਤੇ ਹਮੇਸ਼ਾਂ ਦੇ ਸਾਥੀ ਦੀ ਹਾਲਤ ਦੀ ਖਿੱਲੀ ਉਡਾਉਂਦਿਆਂ ਵਾਂਗ।

ਪਾਣੀ ਪੀ ਕੇ ਉਹ ਫਿਰ ਉਠਿਆ ਤੇ ਬੱਠਲ ਚੁੱਕ ਕੇ ਟੋਏ 'ਚ ਚਲਾ ਗਿਆ। ਕਹੀ ਚੁੱਕੀ ਤਾਂ ਪਹਿਲੇ ਟੱਕ ਹੀ, ਫੇਰ ਜ਼ੋਰ ਦੀ ਚੀਕਾਂ ਕਢਾਉਂਦੀ ਚੀਸ ਉੱਠੀ। 'ਹਾਏ' ਉਸਦੇ ਮੂੰਹੋਂ ਜ਼ੋਰ ਦੀ ਨਿਕਲਿਆ ਤੇ ਮੁੜ ਦਰਦ ਵਧਦਾ ਗਿਆ। ਹੱਥ ਵਿਚ ਕਹੀ ਦਾ ਬਾਹਾਂ ਫੜੀ ਉਹ ਟੋਏ ਵਿਚ ਡਿੱਗ ਪਿਆ।

ਪੀੜ ਨੂੰ ਪੀਣ ਵਰਗਾ ਪ੍ਰਭਾਵ, ਹਾਲੇ ਵੀ ਉਸਦੇ ਮੱਥੇ ਤੇ ਉੱਭਰਿਆ ਹੋਇਆ ਸੀ। ਕਹੀ ਦਾ ਬਾਹਾਂ, ਹਾਲੇ ਵੀ ਉਸਦੇ ਹੱਥ ਵਿਚ ਸੀ। ਲਗਦਾ ਸੀ, ਉਹ ਹੁਣੇ ਉਠ ਕੇ, ਮਿੱਟੀ ਨਾਲ ਦੋ ਹੱਥ ਕਰਨ ਨੂੰ ਤਿਆਰ ਸੀ।

ਉਸ ਦੀਆਂ ਚੀਕਾਂ ਸੁਣ ਕੇ ਲੋਕ ਕੱਠੇ ਹੋਈ ਜਾਂਦੇ ਸਨ। ਉਸਨੂੰ ਟੋਏ ਤੋਂ ਬਾਹਰ ਕੱਢ ਲਿਆ ਗਿਆ। ਖੇਸ ਉੱਤੇ ਪਾ ਕੇ ਹਰ ਕੋਈ ਮੂੰਹ ਆਈ ਆਖ ਰਿਹਾ ਸੀ।

'ਛੱਪੜ 'ਚ ਸ਼ੈ ਹੈ ਗੀ...ਅੱਗੇ ਕੈ ਹੇਲੇ ਹੋਏ ਐ।'

'ਜੁਆਕਾਂ ਦੇ ਕਰਮਾਂ ਨੂੰ ਇਹਨੂੰ ਤਾਂ ਕੁਛ ਨਾ ਹੋਵੇ ਵਿਚਾਰੇ ਨੂੰ। ਇਹ ਤਾਂ ਪਿੰਡ ਦੀ ਗਊ ਸੀ।'

'ਤਾਂ ਹੀ ਤਾਂ ਪੱਚੀਆਂ 'ਚ ਫਸਾ ਲਿਆ ਵਿਚਾਰੇ ਨੂੰ।'

'ਰੱਬ ਦੇ ਘਰ ਵੀ ਨਿਆਂ ਨੀਂ! ਹੇ ਬਾਖਰੂ ਸੁੱਖ ਵਰਤਾ।'

'ਗਰੀਬ ਮੁੱਢੋਂ ਇਹੀ ਸੋਚਦਾ ਆਇਐ!' ਕਿਸੇ ਨੇ ਕਿਹਾ, ਜਿਸਦਾ ਖ਼ਾਸ ਅਸਰ ਨਹੀਂ ਹੋਇਆ।

ਪਿੰਡ ਦਾ ਡਾਕਟਰ ਆਇਆ, ਪਸਲੀਆਂ ਅਤੇ ਮੌਰਾਂ ਹੇਠਲਾ ਨੀਲ ਵੇਖ ਕੇ ਆਖ ਗਿਆ:

'ਦਿਲ ਦੀ ਨਾੜੀ ਫਟਗੀ ਲਗਦੀ ਐ।'

ਟੀਕਾ ਲਾ ਕੇ ਉਹ ਤੁਰਦਾ ਹੋਇਆ। ਲੋਕਾਂ ਦੀ ਭੀੜ ਵਿਚ ਗੁੱਛਾ-ਮੁੱਛਾ ਹੋਇਆ ਬਠਲੂ ਹਿੱਕ ਵਿਚ ਗੋਡੇ ਦੇਈ ਪਿਆ ਸੀ। ਉਸਦੀਆਂ ਚੀਕਾਂ ਅਸਮਾਨ ਨੂੰ ਪਾੜ ਰਹੀਆਂ ਸਨ।

ਕਿਸੇ ਸ਼ੈ ਵੱਲੋਂ ਧੱਕਾ ਮਾਰਨ ਦੀ ਚਰਚਾ ਜ਼ੋਰਾਂ 'ਤੇ ਸੀ।

# ਅਮਲੀ ਦਾ 'ਸਵੰਬਰ'

ਵਿਅੰਗ

ਪਿੰਡ ਦੇ ਬੋਹੜ ਹੇਠ ਅਮਲੀਆਂ ਦੀ ਮਹਿਫ਼ਲ ਸਜੀ ਹੋਈ ਸੀ। ਕਿਸੇ ਹੱਥ ਨਸਵਾਰ ਦੀ ਡੱਬੀ ਅਤੇ ਕਿਸੇ ਹੱਥ ਜਰਦੇ ਦੀ ਪੁੜੀ ਫੜੀ ਹੋਈ ਸੀ। ਫ਼ੱਤੂ ਅਮਲੀ ਦੇ ਨਸ਼ੇ ਦੀ ਸੂਈ ਖ਼ਤਰੇ ਵਾਲ਼ੇ ਨਿਸ਼ਾਨ ਤੱਕ ਪਹੁੰਚੀ ਹੋਈ ਸੀ। ਉਸ ਦੇ ਨਾਲ਼ ਬੈਠਾ ਸੱਘਾ ਵੀ ਊਂਘੀ ਜਾ ਰਿਹਾ ਸੀ। ਪਤਾ ਨਹੀਂ ਉਸ ਨੇ ਕੀ ਖਾ ਲਿਆ ਸੀ...?

-'ਲੈ ਬਈ ਗੱਲ ਸੁਣੋ, ਇੱਕ..!' ਗੀਟਣ ਨੇ ਜਰਦਾ ਬੁੱਲ੍ਹਾਂ ਵਿਚ ਧਰਦਿਆਂ ਸਾਰਿਆਂ ਨੂੰ ਕੰਨ ਜਿਹੇ ਕੀਤੇ। ਪਿੱਛੋਂ ਉਸ ਨੇ ਝਾਫ਼ੇ ਵਰਗੀ ਦਾਹੜੀ 'ਤੇ ਬੜੀ ਬੇਕਿਰਕੀ ਨਾਲ਼ ਹੱਥ ਰਗੜਿਆ ਸੀ। ਰੇਗਮਾਰ ਵਾਂਗ!

-'ਬੋਲ...?' ਗਿੱਦੜ ਹੁਆਂਕਣ ਵਾਂਗ ਸਾਰੇ ਇਕ ਦਮ ਬੋਲੇ।

-'ਸਾਡੇ ਆਲ਼ੇ ਪਾੜ੍ਹੇ ਛੋਕਰੀ ਦੇਣੇ ਨੇ ਉਹ ਛੱਜ ਜਿਆ ਲੁਆ ਲਿਆ ਕੋਠੇ 'ਤੇ, ਤੇ ਅੱਜ ਕੱਲ੍ਹ ਹੋਰ ਈ ਪ੍ਰੋਗਰਾਮ ਦੇਂਹਦੈ ਨਿੱਤ ਟੈਲੀਬੀਜਨ 'ਤੇ...!'

'ਕਿਹੜੇ..?'

-'ਦੇਖੀਂ ਕਿਤੇ ਕਲੋਟੇ ਜੇ ਪ੍ਰੋਗਰਾਮ ਦੇਖ ਕੇ ਕਿਤੇ ਤੂੰ ਵੀ ਨਾ ਵਿਗੜ ਜੀਂ..?' ਦਲੀਪ ਡਰਿਆਂ ਵਾਂਗ ਬੋਲਿਆ।



-'ਇਕ ਤਾਂ ਆਉਂਦਾ ਹੁੰਦਾ ਸੀ ਰਾਖੀ ਕਾ ਸਬੰਬਰ..!' ਕਿਸੇ ਟੀ. ਵੀ. ਦੇ ਸ਼ੌਕੀਨ ਨੇ ਕਿਹਾ।

**ਸ਼ਿਵਚਰਨ ਜੱਗੀ ਕੁੱਸਾ**
**ਫੋਨ: +44-78533-17891**

-'ਕੀਹਦਾ ਸਤੰਬਰ..?' ਬੋਲ਼ੇ ਨੇ ਅੱਭੜਵਾਹਿਆਂ ਵਾਂਗ ਪੁੱਛਿਆ।

-'ਸਤੰਬਰ ਨ੍ਹੀ ਉਏ ਗਿੱਡਲ਼ਾ..! ਸਬੰਬਰ..! ਸਬੰਬਰ..!!' ਧੂਤੂ ਨੇ ਉਸ ਦੀ ਧੌਣ 'ਤੇ ਧੱਫ਼ੀ ਜਿਹੀ ਮਾਰੀ।

-'ਉਹ ਕੀ ਹੁੰਦੈ..?' ਗੱਲ ਅਮਲੀ ਦੇ ਸਿਰ ਉਪਰੋਂ ਰਾਕਟ ਵਾਂਗ ਲੰਘ ਗਈ।

-'ਉਹ ਹੁੰਦੈ, ਜਦੋਂ ਵੱਡੇ ਲੋਕ, ਰਾਜੇ-ਮਹਾਰਾਜੇ ਕੁੜੀਆਂ ਦਾ ਬਿਆਹ ਕਰਦੇ ਐ, ਤਾਂ ਸਵੰਬਰ ਰਚਾਉਂਦੇ ਐ ਚਾਚਾ...!' ਇੱਕ ਪਾਸੇ ਤਖ਼ਤਪੋਸ਼ 'ਤੇ ਬੈਠਾ ਪਾੜ੍ਹਾ ਬੋਲਿਆ।

-'ਬੜੇ ਘਤਿੱਤੀ ਐ ਬਈ ਫ਼ੇਰ ਤਾਂ..!

-'ਉਏ ਛੋਛੇ ਕਰਦੇ ਐ, ਛੋਛੇ..! ਨਛੀਬ ਹੁੰਦੀਐਂ, ਤਾਂ ਛੋਛੇ ਕਰਦੇ ਐ..! ਛਿਆਣੇ ਕਹਿੰਦੇ ਨੀ..? ਬਈ ਜੀਹਦੇ ਘਰੇ ਦਾਣੇ, ਓਹਦੇ ਕਮਲ਼ੇ ਵੀ ਛਿਆਣੇ..! ਜੇ ਰੱਬ ਇਕ ਅੱਧੀ ਛਾਨੂੰ ਬਗਛ ਦਿੰਦਾ, ਮੈਂ ਤਾਂ ਛੈਕਲ 'ਤੇ ਬਿਠਾ ਕੇ ਈ ਲੈ ਆਉਂਦਾ..! ਪਰ ਖ਼ਛਮਾਂ ਨੂੰ ਖਾਣੇ ਨੇ ਬਿਆਹ ਆਲ਼ੀ ਲੀਕ ਈ ਨ੍ਹੀ ਵਾਹੀ ਛਾਡੀ ਕਿਛਮਤ 'ਚ..! ਛਾਡੇ ਵਾਰੀ ਪਤਾ ਨ੍ਹੀ ਪਤੰਦਰ ਨੂੰ ਕੀ ਮਰੋੜੇ ਲੱਗੇ ਵੇ ਹੀ, ਪੱਟ ਹੋਣੇ ਲੋਕ ਦੋ-ਦੋ ਲਈ ਬੈਠੇ ਐ...!'

-'ਕੀ ਗੱਲਾਂ ਚੱਲ ਰਹੀਐਂ..?' ਦੂਰੋਂ ਆਉਂਦੇ ਸੁੱਚੇ ਨੇ ਆਪਣਾ ਚਾਦਰਾ ਗੋਡਿਆਂ ਦੇ ਸੰਨ੍ਹ ਵਿਚ ਲੈਂਦਿਆਂ ਪੁੱਛਿਆ। ਤੁਰਦੇ ਦੇ ਉਸ ਦੇ ਹੱਡਾਂ ਦੇ ਜੜਾਕੇ ਪੈਂਦੇ ਸਨ।

-'ਤੇਰੇ ਸਵੰਬਰ ਰਚਾਉਣ ਦੀਆਂ ਸਕੀਮਾਂ ਕਰਦੇ ਐਂ...!' ਪਾੜ੍ਹੇ ਨੇ ਉੱਤਰ ਦਿੱਤਾ।

-'ਕੀ ਰਚਾਉਣ ਦੀਆਂ..?'

-'ਤੇਰੇ ਵਿਆਹ ਦੀਆਂ, ਚਾਚਾ..!'

-'ਤੇਰੇ ਮੂੰਹ ਘਿਉ ਸ਼ੱਕਰ ਉਏ ਜਿਉਣ ਜੋਕਰਿਆ...! ਸਦਕੇ ਜਾਵਾਂ ਤੇਰੇ...! ਗੱਲ ਸੁਣ ਕੇ ਮੈਂ ਤਾਂ ਡਰ ਈ ਗਿਆ ਸੀ..!'

-'ਕਿਉਂ ਚਾਚਾ..? ਡਰ ਕਾਹਤੋਂ ਗਿਆ ਸੀ..?'

-'ਮੈਂ ਸੋਚਿਆ ਕਿਤੇ ਕੰਜਰ ਮੇਰੇ ਦਾਹ-ਛਛਕਾਰ ਦੀਆਂ ਤਿਆਰੀਆਂ ਕਰਦੇ ਐ...!' ਸੁੱਚਾ ਹਲਕਾ ਜਿਹਾ ਹੋ ਕੇ ਬੋਲਿਆ।

ਹਾਸੜ ਮੱਚ ਗਈ।

-'ਲੈ ਬਈ ਅਮਲੀਓ..! ਥੋਨੂੰ ਕੁਛ ਨਾ ਕੁਛ ਜ਼ਰੂਰ ਕਰਨਾ ਚਾਹੀਦੈ..! ਜੇ ਚੱਲੋਂਗੇ, ਤਾਂ ਹੀ ਪਹੁੰਚੋਂਗੇ..! ਨਹੀਂ ਬੈਠਿਆਂ-ਬਿਠਾਇਆਂ ਥੋਨੂੰ ਕੁਛ ਨੀ ਮਿਲਣਾ...! ਛੜੇ ਈ ਮਰਜੋਂਗੇ..!'

-'ਕੀ ਕਰੀਏ..? ਨਾ ਕੋਈ ਬੱਸ ਚੱਲਦੈ, ਤੇ ਨਾ ਕਿਤੇ ਹੱਥ ਅੜਦੈ, ਤੀਮੀਂ ਤਾਂ ਸਾਡੇ ਕੋਲ਼ੋਂ ਫ਼ਰਲਾਂਗ ਦੀ ਵਿੱਥ ਪਾ ਕੇ ਲੰਘਦੀ ਐ..! ਅਸੀਂ ਤਾਂ ਕੋਹੜੀਆਂ ਨਾਲੋਂ ਭੈੜ੍ਹੇ ਹੋਏ ਪਏ ਐਂ..!'

-'ਚਾਚਾ, ਤੁਸੀਂ ਕਰੋ ਹਿੰਮਤ..! ਤੁਸੀਂ ਇੱਕ ਅੱਧੇ ਅਮਲੀ ਦਾ ਸਵੰਬਰ ਰਚਾਓ, ਮੱਦਦ ਥੋਡੀ ਮੈਂ ਕਰੂੰ..!' ਪਾੜ੍ਹੇ ਨੇ ਹਿੱਕ ਥਾਪੜ ਦਿੱਤੀ।

-'ਹੁਣ ਤੱਕ ਤਾਂ ਕੀਤੀ ਨ੍ਹੀ..! ਮੂੰਹ 'ਤੇ ਤਾਂ ਸਾਡੇ ਪੈਂਤੀ ਵੱਜੇ ਪਏ ਐ, ਹੁਣ ਐਸ ਉਮਰ 'ਚ ਸਤੰਬਰ ਰਚਾਉਂਦੇ ਚੰਗੇ ਲੱਗਾਂਗੇ...?' ਸੱਘੇ ਦਾ ਕਾਲਜਾ ਡੋਲਿਆ।

-'ਚੰਗੇ ਲੱਗਣ ਨੂੰ ਅੱਗੇ ਕਿਹੜਾ ਆਪਾਂ ਨੂੰ ਸਿਰੋਪੇ ਪੈਂਦੇ ਆ..? ਤੁਸੀਂ ਸਤੰਬਰ ਕਰਾਉਣ ਆਲੇ ਬਣੋ...। ਮਸਾਂ ਰੇੜ੍ਹਾ ਰਾਹ 'ਤੇ ਆਉਣ ਲੱਗਿਐ...।'

-'ਸਤੰਬਰ ਨ੍ਹੀ ਚਾਚਾ, ਸਵੰਬਰ ਹੁੰਦੈ...!'

-'ਚੱਲ ਕੁਛ ਹੋਇਆ, ਕਰਨਾ ਤਾਂ ਕੁੱਤ-ਪੌਅ ਈ ਐ...!'

-'ਚਲੋ, ਦੇਰ ਆਏ ਦਰੁਸਤ ਆਏ..! ਜੋ ਕੰਮ ਪਹਿਲਾਂ ਨਹੀਂ ਹੋ ਸਕਿਆ, ਉਹ ਹੁਣ ਕਰ ਲਓ...!'

-'ਸਾਰਿਆਂ ਦਾ ਕਿਵੇਂ ਹੋਊ..?' ਸੁੱਚੇ ਨੂੰ ਸਹੇ ਨਾਲੋਂ ਪਹੇ ਦਾ ਡਰ ਪੈ ਗਿਆ।

-'ਅਜੇ ਇੱਕ ਦਾ ਰਚਾ ਕੇ ਦੇਖ ਲਓ, ਬਾਕੀਆਂ ਦਾ ਬੰਦੋਬਸਤ ਫ਼ੇਰ ਕਰਲਾਂਗੇ...!'

ਖ਼ੈਰ, ਸਕੀਮ ਬਣ ਗਈ। ਅਮਲੀ ਵੀ ਸਹਿਮਤ ਹੋ ਗਏ। ਸੱਘੇ ਨੂੰ ਨਹਾਉਣ ਦੀ ਤਿਆਰੀ ਹੋ ਗਈ, 'ਕੰਜਰ ਤਿੰਨ ਮਹੀਨਿਆਂ ਤੋਂ ਨ੍ਹਾਤਾ ਨ੍ਹੀ, ਇਹਨੂੰ ਮਲ-ਮਲ ਕੇ ਨੁਹਾਓ ਪਹਿਲਾਂ...! ਇਹਦੇ ਕੋਲ਼ੇ ਤਾਂ ਸਾਲਾ ਕੋਈ ਕੁੱਤਾ ਨੀ ਬਹਿੰਦਾ, ਤੀਮੀ ਕੀ ਬੈਠੂ..? ਜਦੋਂ ਸਾਲੇ 'ਚੋਂ ਭੈੜ੍ਹਾ ਜਿਆ ਮੁਛਕ ਆਇਆ, ਅਗਲੀ ਤਾਂ ਸੁੰਘ ਕੇ ਈ ਪੱਤੇ ਤੋੜ'ਜੂ..!' ਧੂਤੂ ਨੇ ਆਖਿਆ।

-'ਨਹਾਉਣ 'ਤੋਂ ਪਹਿਲਾਂ ਮੇਰੇ ਗੋਲੀ ਮਾਰ ਦਿਓ, ਖਸਮੋਂ..!' ਸੱਘਾ ਪਿੱਟਿਆ। ਉਹ ਨਹਾਉਣ 'ਤੋਂ ਤੀਰ ਵਾਂਗ ਚੱਲਦਾ ਸੀ।

-'ਨਾਲ਼ੇ ਸਾਲੇ ਦਾ ਸਤੰਬਰ ਬਣਾਉਨੇ ਐਂ, ਨਾਲੇ ਹੁਣ ਸਾਲਾ ਨ੍ਹਾਉਣ ਤੋਂ ਵੀ ਭੱਜਦੈ..!'

-'ਗਧੇ ਨੂੰ ਦਿੰਦੇ ਸੀ ਨੂਣ, ਕਹਿੰਦਾ ਮੇਰੇ ਕੰਨ ਪਾੜਦੇ ਐ..! ਚੱਲ ਖੜ੍ਹਾ ਹੋ..!' ਧੂਹ ਕੇ ਅਮਲੀ ਯੂਨੀਅਨ ਉਸ ਨੂੰ ਪਸ਼ੂਆਂ ਵਾਲੇ ਵਾੜੇ ਲੈ ਗਈ ਅਤੇ ਪਿੱਟਦੇ ਕੁਰਲਾਉਂਦੇ ਅਮਲੀ ਨੂੰ ਮਲ-ਮਲ ਸਾਬਣ ਨਾਲ ਨਹਾਉਣਾ ਸ਼ੁਰੂ ਕਰ ਦਿੱਤਾ। ਕੋਈ ਝਾਵਾਂ ਲੈ ਕੇ ਅਮਲੀ ਦੇ ਗਿੱਟੇ ਰਗੜ ਰਿਹਾ ਸੀ ਅਤੇ ਕੋਈ ਕੂਹਣੀਆਂ! ਪਰ ਅਮਲੀ, 'ਓਏ ਮੇਰੇ ਕੁਤਕੁਤੀਆਂ ਨਾ ਕੱਢੋ..!' ਦਾ ਰਾਗ ਅਲਾਪ ਰਿਹਾ ਸੀ।

-'ਉਏ ਆਹ ਹੇਠੋਂ ਘਸਮੈਲ਼ਾ ਜਿਆ ਕੀ ਨਿਕਲ਼ਦਾ ਆਉਂਦੈ..?' ਅਮਲੀ ਦੀ ਮੈਲ਼ ਥੱਲਿਓਂ ਉਨ੍ਹਾਂ ਨੂੰ ਕੁਝ ਨਜ਼ਰੀਂ ਪਿਆ।

-'ਉਏ ਕੰਜਰ ਦਿਓ, ਇਹ ਤਾਂ ਬਨੈਣ ਐਂ...! ਸਾਲਾ ਨ੍ਹਾਤਾ ਚਾਨਣੀ ਦਿਵਾਲੀ ਦਾ ਹੋਊ..! ਪਤਾ ਨ੍ਹੀ ਕਦੋਂ ਦਾ ਪਾਈ ਫ਼ਿਰਦੈ..!' ਜੂਪੇ ਕਾਣੇ ਨੇ ਖਿੱਚ ਕੇ ਅਮਲੀ ਦੀ ਬੁਨੈਣ ਲਾਹੁੰਦਿਆਂ ਕਿਹਾ, 'ਦੇਖ ਸਾਲੇ ਨੂੰ ਬਨੈਣ ਪਾਈ ਦਾ ਵੀ ਪਤਾ ਨ੍ਹੀ ਚੱਲਿਆ..! ਕਿੱਡਾ ਦਲਿੱਦਰੀ ਐ..!'

-'ਤੂੰ ਤਾਂ ਮੈਂ ਕਹਿੰਨੈ ਨਿੱਤ ਪੰਜ ਛਨਾਨਾ ਕਰਦਾ ਹੋਵੇਂਗਾ..? ਮੇਰੇ ਮੂੰਹੋਂ ਕੁਛ ਹੋਰ ਨਿਕਲ ਚੱਲਿਆ ਸੀ..!'

-'ਸਤੰਬਰ ਤੇਰਾ ਮਨਾਉਣ ਲੱਗੇ ਐਂ, ਮੇਰਾ ਨ੍ਹੀ, ਸਾਲਾ ਮਲੰਗ..!'

-'ਉਏ ਖਸਮੋਂ ਮੈਨੂੰ ਤਾਂ ਕਾਂਬਾ ਲੱਗਣ ਲੱਗ ਪਿਆ, ਭੋਰਾ ਮਾਵਾ ਦਿਓ..!' ਅਮਲੀ ਦੇ ਦੰਦ ਟੋਕੇ ਵਾਲ਼ੀ ਮਸ਼ੀਨ ਵਾਂਗ ਵੱਜੀ ਜਾ ਰਹੇ ਸਨ।

-'ਸਾਲਿਆ ਕਾਂਬਾ ਲੱਗਣਾ ਈ ਸੀ..! ਰਜਾਈ ਦੇ ਭਾਰ ਜਿੰਨੀ ਤਾਂ ਤੇਰੇ

'ਤੋਂ ਮੈਲ ਲਾਹ'ਤੀ, ਜੇ ਕਾਂਬਾ ਨਾ ਲੱਗੇ ਤਾਂ ਕੀ ਸੁਆਹ ਕਰੇ..?'

ਅਮਲੀ ਯੂਨੀਅਨ ਨੇ ਅਮਲੀ ਨੂੰ ਨੁਹਾ-ਧੁਆ ਕੇ ਰੰਦੇ ਬਾਲੇ ਵਰਗਾ ਕੱਢ ਲਿਆ। ਸਰ੍ਹੋਂ ਦਾ ਤੇਲ ਲਾ ਕੇ ਅਮਲੀ ਚੋਪੜੇ ਸਿੰਗਾਂ ਵਾਲੀ ਮੱਝ ਵਾਂਗ ਲਿਸ਼ਕਣ ਲੱਗ ਪਿਆ।

-'ਇੱਕ ਵਾਰੀ ਤਾਂ ਕੰਜਰ ਚਲਕੋਰ ਮਾਰਨ ਲੱਗ ਪਿਆ...!'

-'ਕਿਸੇ ਨੂੰ ਧੁਣਖ਼ਵਾਅ ਨਾ ਕਰਦੇ...!' ਸਾਰੇ ਹੱਸ ਪਏ।

ਪਟੜੀ ਫ਼ੇਰ ਸਾਰੇ ਅਮਲੀਆਂ ਨੂੰ ਅਮਲੀ ਦੇ ਸਵੰਬਰ ਬਾਰੇ 'ਢੰਡੋਰਾ' ਪਿਟਵਾ ਦਿੱਤਾ ਅਤੇ ਛੁੱਡੀਆਂ-ਛੁਡਾਈਆਂ, ਅੱਧਖੜ੍ਹ ਵਿਧਵਾ ਬੀਬੀਆਂ ਨੂੰ ਵੀ ਕਨਸੋਅ ਕਰ ਦਿੱਤੀ ਗਈ।

ਅਮਲੀ ਦੇ ਐਡਰੈੱਸ 'ਤੇ 25-25 ਪੈਸੇ ਦੇ 'ਦੇਸੀ' ਕਾਰਡ ਆਉਣ ਲੱਗ ਪਏ। ਜਦ ਡਾਕੀਆ ਕਾਰਡ ਦੇਣ ਆਇਆ ਕਰੇ ਤਾਂ ਅਮਲੀ ਬੇਪ੍ਰਵਾਹ ਹੋਇਆ ਆਖ ਦਿਆ ਕਰੇ, 'ਇਹ 'ਕਾਟ' ਮੇਰਾ ਨ੍ਹੀ, ਕਿਸੇ ਦਾ ਹੋਰ ਹੋਣੈਂ ਭਾਈ..! ਮੈਨੂੰ ਤਾਂ ਸਾਰੀ ਉਮਰ ਕੁਰਕੀ ਦੇ ਕਾਗਤਾਂ ਤੋਂ ਬਿਨਾਂ ਕਿਸੇ ਕੰਜਰ ਦੀ ਚਿੱਠੀ ਨ੍ਹੀ ਆਈ...!'

ਪਰ ਪਾੜ੍ਹਾ ਕਾਰਡ ਪੜ੍ਹ ਕੇ ਅਮਲੀ ਦੀਆਂ ਬਣਨ ਵਾਲ਼ੀਆਂ 'ਪਤਨੀਆਂ' ਲਈ ਸਮਾਂ 'ਮੁਕੱਰਰ' ਕਰਨ ਲੱਗ ਪਿਆ।

ਸਭ ਤੋਂ ਪਹਿਲਾਂ ਵਾਰੀ ਆਈ ਚੇਤੋ ਦੀ। ਚੇਤੋ ਨੂੰ ਆਪਣੇ ਘਰ ਆਈ ਦੇਖ ਕੇ ਅਮਲੀ ਕੱਟਰੂ ਵਾਂਗ ਧੁਰਲੀ ਜਿਹੀ ਮਾਰ ਕੇ ਮੰਜੀ 'ਤੋਂ ਉਠਿਆ। ਪਰ ਪਾੜ੍ਹੇ ਨੇ ਫੜ ਕੇ ਬਿਠਾ ਲਿਆ, 'ਸ਼ਾਂਤੀ..! ਸ਼ਾਂਤੀ ਚਾਚਾ..! ਸ਼ਾਂਤੀ..!'

-'ਨਾਂ ਬੜਾ ਹਾਲ੍ਹੇ ਦੈ ਬਈ..? ਸ਼ਾਂਤੀ...! ਹਾਏ ਸ਼ਾਂਤੀ..! ਮੈਨੂੰ ਤਾਂ ਇਹੀ ਮਨਜ਼ੂਰ ਐ..! ਕੀੜੀ ਲਈ ਨੂਠਾ ਈ ਦਰਿਆ ਐ ਭਾਈ ਪਾੜ੍ਹਿਆ..!' ਅਮਲੀ ਦੇ ਮਨ ਨੂੰ ਵੀ 'ਸ਼ਾਂਤੀ' ਆ ਗਈ ਸੀ।

-'ਇਹਦਾ ਨਾਂ ਸ਼ਾਂਤੀ ਨੀ ਪਤੰਦਰਾ..! ਮੈਂ ਤਾਂ ਤੈਨੂੰ ਸ਼ਾਂਤੀ ਰੱਖਣ ਵਾਸਤੇ ਹੱਥ ਜੋੜਦੈਂ..! ਤੂੰ ਜਰੈਂਦ ਕਰ, ਅਜੇ ਹੋਰ ਬਹੁਤ ਆਉਣਗੀਆਂ, ਤੂੰ ਆਪਦੇ ਕੁੱਤੇ ਜੇ ਫ਼ੇਲ੍ਹ ਨਾ ਕਰ..!' 'ਹੋਰ' ਸੁਣ ਕੇ ਅਮਲੀ ਦੀ ਧਰਨ ਟਿਕਾਣੇ ਆ ਗਈ ਅਤੇ ਉਹ ਸਾਊ ਬਲ਼ਦ ਵਾਂਗ ਮੰਜੀ 'ਤੇ ਫ਼ਿਰ ਬਿਰਾਜ ਗਿਆ, 'ਬਾਹਲ਼ੀਆਂ ਤੋਂ ਵੀ ਕੀ ਕਰਾਉਣੈ..? ਇੱਕੋ ਈ ਸੌ ਅਰਗੀ ਸੀ..!' ਉਸ ਨੇ ਸੋਚਿਆ।

ਪਾੜ੍ਹੇ ਨੇ ਚੇਤੋ ਦੀ 'ਇੰਟਰਵਿਊ' ਕਰਨੀ ਸ਼ੁਰੂ ਕਰ ਦਿੱਤੀ।

-'ਕੀ ਨਾਂ ਐਂ ਜੀ ਆਪਣਾ..?'

-'ਵੇ ਭਾਈ, ਬੇਬੇ ਨੇ ਤਾਂ ਰੀਝ ਨਾਲ਼ ਹਰਚੇਤ ਕੁਰ ਰੱਖਿਆ ਸੀ, ਪਰ ਟੁੱਟ ਪੈਣੇ ਲੋਕਾਂ ਨੇ ਚੇਤੋ-ਚੇਤੋ ਈ ਆਖਣਾ ਸ਼ੁਰੂ ਕਰ'ਤਾ..! ਊਂ ਮੇਰਾ ਚੇਤਾ ਵੀ ਚੰਗੈ ਭਾਈ, ਸ਼ੈਂਤ ਇਸ ਕਰਕੇ ਮੈਨੂੰ ਚੇਤੋ ਦੱਸਦੇ ਹੋਣ...?'

-'ਕਿੰਨੀ ਉਮਰ ਐ ਜੀ ਤੁਹਾਡੀ..?' ਪਾੜ੍ਹਾ ਕਾਪੀ 'ਤੇ ਪੈੱਨ ਚਲਾ ਰਿਹਾ ਸੀ।

-'ਵੇ ਉਮਰ-ਅਮਰ ਦਾ ਤਾਂ ਭਾਈ ਮੈਨੂੰ ਪਤਾ ਨ੍ਹੀ, ਪਰ ਮੇਰੀ ਬੇਬੇ ਦੱਸਦੀ ਸੀ ਬਈ ਮੇਰਾ ਜਨਮ ਹੱਲੇ-ਗੁੱਲੇ ਵੇਲੇ ਦੈ..! ਜਦੋਂ ਮਾਰ-ਮਰਾਈ ਹੋਈ ਸੀ..! ਕਹਿੰਦੇ ਮੀਂਹ-ਮੂੰਹ ਵੀ ਬਾਹਵਾ ਪਏ ਸੀ ਓਸ ਵਰ੍ਹੇ...!' ਚੇਤੋ ਨੇ ਤੁਰੰਤ ਉੱਤਰ ਮੋੜਿਆ।

-'ਠੀਕ ਐ..! ਤੁਹਾਡਾ ਸਰੀਰ ਅਜੇ ਵੀ ਹੱਟਾ-ਕੱਟਾ ਪਿਐ, ਕੋਈ ਯੋਗਾ ਬਗੈਰਾ ਕਰਦੇ ਹੁੰਨੇ ਐਂ..?'

-'ਵੇ ਮੈਂ ਜੋਗਾ ਕਿੱਥੇ ਕਰਨਾ ਸੀ, ਭਾਈ..? ਮੈਂ ਤਾਂ 'ਕੱਲਾ ਬਖਤੌਰਾ ਈ ਕੀਤਾ ਸੀ, ਖੌਂਸੜੇ 'ਤੋਂ ਡਰਦਾ ਘਰੋਂ ਭੱਜਿਆ, ਟੁੱਟ ਪੈਣਾਂ ਹੁਣ ਤੱਕ ਨ੍ਹੀ ਬਹੁੜਿਆ..! ਮੇਰੇ ਚਲਾਏ ਹਾਥੀ ਤਾਂ ਭਾਈ ਅਜੇ ਅਸਮਾਨੋਂ ਨ੍ਹੀ ਮੁੜੇ..! ਮੈਂ ਤਾਂ ਡੂਮਣੇ ਮਖਿਆਲ਼ ਤੋਂ ਵੀ ਭੈੜੀ ਐਂ...!' ਚੇਤੋ ਦੇ ਦੱਸਣ 'ਤੇ ਅਮਲੀ ਨੂੰ ਦੌਰਾ ਪੈਣ ਵਾਲਾ ਹੋ ਗਿਆ। ਪਰ ਪਾੜ੍ਹੇ ਦੇ ਗੁੱਝਾ ਗੋਡਾ ਦੱਬਣ 'ਤੇ ਉਹ ਫ਼ਿਰ ਸੁਰਤ ਫੜ ਗਿਆ।

-'ਘਰ ਦੇ ਕੰਮ ਕਾਰ 'ਚ ਕਿੰਨੇ ਕੁ ਨਿਪੁੰਨ ਓਂ..?'

-'ਵੇ ਪੁੰਨ-ਪੰਨ ਦਾ ਤਾਂ ਭਾਈ ਮੈਨੂੰ ਚੇਤਾ ਨ੍ਹੀ, ਪਰ ਤੂੰ ਇਉਂ ਦੇਖਲਾ, ਬਈ ਮੈਂ ਸਾਡੇ ਅੜਬ ਵਹਿੜਕੇ ਨੂੰ ਧੌਣੋਂ ਫੜ ਕੇ ਵਿਹੜੇ 'ਚ ਸਿੱਟ ਲੈਨੀ ਆਂ, ਬੰਦਾ ਤਾਂ ਕਿਹੜੇ ਬਾਗ ਦੀ ਮੂਲ਼ੀ ਐ..? ਮੈਂ ਤਾਂ ਗੋਡਿਆਂ ਥੱਲੇ ਲੈ ਕੇ ਪੂਰੇ ਸੌ ਦੀ ਗਿਣਤੀ ਕਰਵਾਉਨੀ ਐਂ..! ਇੱਕ ਦਿਨ ਸਾਡੇ ਘਰੇ ਚੋਰ ਆ ਗਿਆ, ਮੇਰੇ ਘਰਆਲ਼ਾ ਤਾਂ ਊਂ ਸਤਮਾਂਹਾਂ ਜਿਐ, ਚੋਰ ਦੀ ਪੈੜ-ਚਾਲ ਸੁਣ ਕੇ ਮਿਰਗੀ ਆਲਿਆਂ ਮਾਂਗੂੰ ਡਰਦਾ ਈ ਛਾਪਲ ਗਿਆ...ਤੇ ਮੈਂ ਔਤਾਂ ਦੇ ਜਾਣੇ ਚੋਰ ਨੂੰ ਭੁਆਂਟਣੀ ਦੇ ਕੇ ਸਿੱਟ ਲਿਆ ਤੇ ਉਤੇ ਬਹਿਗੀ ਆਪ..! ਮੇਰੇ ਘਰਆਲਾ ਗਲ ਜਾਣਾ ਸਾਡੇ ਆਲੇ-ਦੁਆਲੇ ਗੇੜੇ ਕੱਢਦਾ ਭੱਜਿਆ ਫ਼ਿਰੇ...! ਹੋਰ ਤਾਂ ਉਹਨੂੰ ਕੁਛ ਸੁੱਝੇ ਨਾ, ਉਹ ਤਾਂ ਸਾਡੇ ਦੁਆਲੇ ਪਾਈ ਫ਼ਿਰੇ ਘੁਕਾਹਟ..! ਮੈਂ ਕਿਹਾ ਸਿਵਿਆਂ ਨੂੰ ਜਾਣਿਆਂ, ਗੇੜੇ ਜੇ ਕਾਹਨੂੰ ਕੱਢੀ ਜਾਨੈਂ...? ਤੂੰ ਔਤਰੀ ਪੁਲਸ ਨੂੰ ਬੁਲਾ ਕੇ ਲਿਆ, ਘਰਆਲਾ ਆਖੀ ਜਾਵੇ, ਅਖੇ ਮੈਨੂੰ ਚੱਪਲੀਆਂ ਨੀ ਲੱਭਦੀਆਂ..! ਤੇ ਚੋਰ ਔਖੇ ਜੇ ਸਾਹ ਲੈ ਕੇ ਕਹਿੰਦਾ, ਬਾਈ ਜੀ ਤੁਸੀਂ ਮੇਰੀਆਂ ਚੱਪਲੀਆਂ ਈ ਪਾ'ਜੋ, ਨਹੀਂ ਥੋਡੀ ਘਰਾਂਆਲੀ ਮੈਨੂੰ ਗੱਡੀ ਚਾੜ੍ਹਦੂਗੀ..! ਮੈਂ ਤਾਂ ਐਨੀ ਘੈਂਟ ਐਂ ਭਾਈ ਮੁੰਡਿਆ..!'

-'ਪਾੜ੍ਹਿਆ..! ਆਹ ਸਤੰਬਰ ਤਾਂ ਮੈਨੂੰ ਖ਼ਤਰਨਾਕ ਲੱਗਦੈ..! ਇਹਦੇ ਕਾਰੇ ਤਾਂ ਮੈਨੂੰ ਭੀਮ ਸੈਨ ਆਲੇ ਲੱਗਦੇ ਐ..! ਕਿਤੇ ਮੇਰੀ ਅਰਦਾਸ ਨਾ ਕਰਵਾਉਣੀ ਪੈ'ਜੇ ਥੋਨੂੰ..?' ਵਿਚ ਦੀ ਅਮਲੀ ਬੋਲਿਆ। ਚੇਤੋ ਦੀਆਂ ਗੱਲਾਂ ਸੁਣ-ਸੁਣ ਕੇ ਉਸ ਦੇ ਹੌਲ ਪਈ ਜਾ ਰਹੇ ਸਨ ਅਤੇ ਬਲੱਡ ਘਟਦਾ ਜਾ ਰਿਹਾ ਸੀ।

-'ਤੂੰ ਚੁੱਪ ਕਰ, ਚਾਚਾ..!' ਪਾੜ੍ਹੇ ਨੇ ਗੁੱਝਾ ਝਿੜਕਿਆ, 'ਤੁਸੀਂ ਆਪਣੇ ਪਤੀ ਦੀ ਸੇਵਾ ਕਰਨ ਦੀ ਵੀ ਇੱਛਾ ਰੱਖਦੇ ਹੋਵੋਂਗੇ?'

-'ਵੇ ਸੇਵਾ-ਸੂਵਾ ਦੀ ਸੁਣ ਲੈ ਭਾਈ..! ਜੇ ਤਾਂ ਰਿਹਾ ਚੰਗਾ, ਫ਼ੇਰ ਤਾਂ ਨਹਾਊਂ-ਧੁਆਊਂ ਵੀ, ਤੇ ਓਸ ਗੱਲ ਦੇ ਆਖਣ ਮਾਂਗੂੰ...!'

-'ਪਾੜ੍ਹਿਆ ਇਹ ਵੀ ਨ੍ਹਾਉਣ ਧੋਣ 'ਤੇ ਆਗੀ...!' ਅਮਲੀ ਨੇ ਵਿਚ ਦੀ ਫ਼ਿਰ ਵਾਢ ਪਾਈ। ਨਹਾਉਣਾ ਉਸ ਲਈ ਮਰਨ ਬਰਾਬਰ ਸੀ।

-'ਚਾਚਾ ਤੂੰ ਚੁੱਪ ਰਹਿ..! ਸਾਡਾ ਚਾਚਾ ਨ੍ਹਾਉਣ-ਧੋਣ ਤੋਂ ਚੱਲਦੈ...!' ਪਾੜ੍ਹੇ ਨੇ ਹੱਸ ਕੇ ਕਿਹਾ।

-'ਨ੍ਹਾਊ ਕਿਵੇਂ ਨ੍ਹੀ ਇਹ..? ਮੈਂ ਪੁਲਸ ਵਾਲਿਆਂ ਮਾਂਗੂੰ ਮੂਧਾ ਨਾ ਸਿੱਟਲੂੰ ਇਹਨੂੰ ਔਤਾਂ ਦੇ ਜਾਣੇ ਨੂੰ...! ਇਹ ਤਾਂ ਫ਼ਿਰੂ ਵਿਹੜੇ 'ਚ ਹੋਲੀ ਖੇਡਦਾ...!'

-'ਪਾੜ੍ਹਿਆ, ਮੈਂ ਤੈਨੂੰ ਕਿਹੈ ਬਈ ਇਹ ਸਤੰਬਰ ਖ਼ਤਰੇ ਆਲੈ..! ਕਿਤੇ ਮੇਰਾ ਨਾ ਗੁੱਗਾ ਪੂਜ ਦੇ...।' ਅਮਲੀ ਪਰਾਲ ਹੋਇਆ ਪਿਆ ਸੀ।

-'ਤੂੰ ਚੁੱਪ ਕਰਜਾ ਪਿਉ ਮੇਰਿਆ..! ਤੇਰੇ ਕਿਹੜਾ ਆਨੰਦ ਕਾਰਜ ਹੋਈ ਜਾਂਦੇ ਐ..?' ਪਾੜ੍ਹੇ ਨੇ ਅਮਲੀ ਨੂੰ ਦੱਬਵੀਂ ਅਵਾਜ਼ ਨਾਲ਼ ਝਿੜਕ ਕੇ ਮੁਲਾਕਾਤ ਨੂੰ ਅੱਗੇ ਤੋਰਿਆ, 'ਹਾਂ ਜੀ, ਤੁਹਾਡਾ ਪਿਛਲੇ ਵਿਆਹ ਦਾ ਕੋਈ ਚੰਗਾ ਤਜ਼ਰਬਾ..?'

-'ਕੋਈ ਬਹੁਤਾ ਚੰਗਾ ਨ੍ਹੀ ਭਾਈ..! ਇੱਕ ਆਰੀ ਮੇਰੇ ਆਲ਼ਾ ਬਖ਼ਤੌਰਾ ਪੀ ਕੇ ਆ ਗਿਆ, ਤੇ ਜਦੋਂ ਉਹ ਪੀ ਕੇ ਆ ਜਾਂਦਾ ਸੀ ਤਾਂ ਮੈਨੂੰ ਉਹਦਾ ਬੜਾ ਮੋਹ ਆਉਂਦਾ ਸੀ...! ਜਾਣੀਦੀ ਦਿਲ ਕਰਦਾ ਸੀ ਬੁੱਕਲ਼ 'ਚ ਬਿਠਾ ਕੇ ਲੋਰੀਆਂ ਦੇਵਾਂ...। ਜਾਣੀਦੀ ਬਾਹਲ਼ਾ ਈ ਮੋਹ ਜਿਆ ਆਉਂਦਾ ਸੀ ਉਹਦਾ...।'

-'ਆਉਣਾ ਹੀ ਹੋਇਆ..! ਪੀ ਕੇ ਬੰਦਾ ਊਂ ਈ ਸੋਲਾਂ ਕਲਾਂ ਸੰਪੂਰਨ ਹੋ ਜਾਂਦੈ..!' ਅਮਲੀ ਫ਼ੇਰ ਬੋਲ ਪਿਆ।

-'ਤੇ ਭਾਈ ਉਹ ਤਾਂ ਪੀ ਕੇ ਬਣਨ ਲੱਗ ਪਿਆ ਮੇਰੇ 'ਤੇ ਜੱਜ..! ਤੇ ਲੱਗਿਆ ਹਾਅਤ-ਹੂਤ ਕਰਨ..! ਕਦੇ ਬੱਕਰੇ ਜੇ ਬੁਲਾਉਣ ਲੱਗ'ਜੇ, ਤੇ ਕਦੇ ਗਧੇ ਮਾਂਗੂੰ ਫ਼ਰਾਟਾ ਜਿਆ ਮਾਰਿਆ ਕਰੇ..!'

-'ਫ਼ੇਰ..?'

-'ਫ਼ੇਰ ਕੀ..? ਮੈਂ ਉਹਦੇ ਕਿਹੜਾ ਸਿੰਗ ਚੋਪੜਨੇ ਸੀ? ਮੈਂ ਫੜ ਕੇ ਸਿੱਟ ਲਿਆ ਕੱਟੇ ਆਲੀ ਖੁਰਨੀ 'ਚ..! ..ਤੇ ਮਾਰ-ਮਾਰ ਕੂਹਣੀਆਂ ਉਪਰਲੀ ਸਾਰੀ ਦੰਦਬੀੜ੍ਹ ਤੋੜ'ਤੀ, ਘਰੋਂ ਭੱਜਣ ਤੱਕ ਬਲਦ ਮਾਂਗੂੰ ਹੇਠਲੀ ਦੰਦਬੀੜ੍ਹ ਨਾਲ ਈ ਲੰਗਰ ਝੁਲਸਦਾ ਰਿਹੈ...!' ਆਖ ਕੇ ਚੇਤੋ ਕਮਲਿਆਂ ਵਾਂਗ ਹੱਸੀ।

-'ਪਾੜ੍ਹਿਆ, ਤੂੰ ਕਿਸੇ ਨੂੰ ਹੋਰ ਚਿੱਠੀ-ਚਪੱਠੀ ਪਾ..! ਇਹਨੂੰ ਚਾਹ-ਚੂਹ ਪਿਆ ਕੇ ਘਰੋਂ ਤੋਰ, ਇਹ ਤਾਂ ਬਾਹਲ਼ੀ ਮਾਰਨਖੰਡੀ ਲੱਗਦੀ ਐ...!' ਚੇਤੋ ਦੀਆਂ 'ਪ੍ਰਾਪਤੀਆਂ' ਸੁਣ ਸੁਣ ਕੇ ਅਮਲੀ ਦੇ ਦੰਦ ਜੁੜਦੇ ਜਾ ਰਹੇ ਸਨ।

ਅਗਲੇ ਦਿਨ ਵਾਰੀ ਆਈ ਜੰਗ ਕੌਰ ਦੀ!

-'ਥੋਡਾ ਨਾਂ ਬੜਾ ਖਾੜਕੂ ਐ ਜੰਗ ਕੌਰ ਜੀ...?' ਪਾੜ੍ਹੇ ਨੇ ਗੱਲ ਸ਼ੁਰੂ ਕੀਤੀ।

-'ਮਾੜੇ ਧੀੜੇ ਨਾਂ ਨਾਲ ਭਾਈ ਬੰਦੇ ਸੂਤ ਨ੍ਹੀ ਆਉਂਦੇ ਤੇ ਨਾ ਅੱਗ ਲੱਗੜੀ ਦੁਨੀਆਂ ਜਿਉਣ ਦਿੰਦੀ ਐ...! ਨਾਂ ਤਾਂ ਮੇਰਾ ਸੁਖਚੈਨ ਕੁਰ ਸੀ, ਪਰ ਭਾਈ ਹਾਲਾਤਾਂ ਨੇ ਜੰਗ ਕੁਰ ਬਣਾ'ਤੀ...!'

-'ਰੋਟੀ-ਰਾਟੀ-?'

-'ਮੈਂ ਤਾਂ ਰੋਟੀ ਵੀ ਪਕਾਊਂ ਤੇ ਦਾਲ-ਸਬਜ਼ੀ ਵੀ ਬਣਾਊਂ..! ਖੀਰ ਵੀ ਬਣਾਊਂ ਤੇ ਪ੍ਰਛਾਦ ਵੀ ਛਕਾਊਂ...। ...ਤੇ ਜੇ ਖ਼ਸਮਾਂ ਨੂੰ ਖਾਣਾ ਪੀ ਕੇ ਕਹੂ ਮੈਨੂੰ ਬੋਤਲ 'ਚੋਂ ਆਬਦੇ ਹੱਥ ਨਾਲ 'ਪੇਕ' ਪਾ ਕੇ ਦੇਹ, ਫ਼ੇਰ ਭਾਈ ਓਸ ਗੱਲ ਦੇ ਆਖਣ ਮਾਂਗੂੰ ਬੰਦੇ ਦਾ ਪੁੱਤ ਵੀ ਬਣਾਊਂ...!'

-'ਤੁਸੀਂ ਸੁਭਾਅ ਦੇ ਬਹੁਤ ਕੌੜ ਲੱਗਦੇ ਓ...?'

-'ਵੇ ਮੇਰੇ ਅਰਗੀ ਸੁਭਾਅ ਦੀ ਕੂੰਨੀ ਤਾਂ ਤੈਨੂੰ ਦਿਨੇ ਦੀਵਾ ਲੈ ਕੇ ਨ੍ਹੀ ਲੱਭਣੀ..! ਮੈਂ ਤਾਂ ਆਬਦੇ ਘਰਆਲੇ ਨੂੰ ਡੋਡੇ ਪੀਸ ਪੀਸ ਪਿਆਉਂਦੀ ਰਹੀ ਐਂ..!'

-'ਫ਼ੇਰ ਤਾਂ ਸਿਆਣੀ ਐਂ ਬਈ ਪਾੜ੍ਹਿਆ..! ਸਦਕੇ ਜਾਵਾਂ..!' ਅਮਲੀ ਖੁਸ਼ ਹੋ ਗਿਆ।

-'ਉਨ੍ਹਾਂ ਦੀ ਮੌਤ ਕਿਵੇਂ ਹੋਈ..?' ਪਾੜ੍ਹੇ ਨੇ ਕੁਝ ਪੜ੍ਹਦਿਆਂ ਪੁੱਛਿਆ।

-'ਵੇ ਭਾਈ..! ਇੱਕ ਦਿਨ ਉਹਦਾ ਸਰੀਰ ਮਾੜੇ ਇੰਜਣ ਮਾਂਗੂੰ ਟੱਸ ਜੀ ਨਾ ਫੜੇ..! ਮੰਜੀ 'ਤੇ ਬੈਠਾ ਧੂੰਆਂ ਜਿਆ ਮਾਰੀ ਜਾਵੇ..! ਮੈਂ ਉਹਨੂੰ ਦੋ ਤਿੰਨ ਡੋਡਿਆਂ ਦੇ ਗਿਲਾਸ ਉਬਾਲ਼ ਕੇ ਪਿਆ'ਤੇ, ਬਈ ਕੀ ਆ ਮੋਸ਼ਨੂ ਈ ਫੜ'ਲੇ..! ਪਰ ਕਾਹਨੂੰ, ਜਿਹੜੇ ਲਾਹੌਰ ਨਿਕੰਮੇ, ਓਹ ਅੰਬਰਸਰ ਵੀ ਨਿਕੰਮੇ..! ਤਿੰਨ ਗਿਲਾਸ ਪੀ ਕੇ ਉਹ ਤਾਂ ਫ਼ੇਰ ਮਾਊਂ ਮਾਂਗੂੰ ਅੱਖਾਂ ਜੀਆਂ ਮੀਚੀ ਜਾਵੇ...! ਮੈਂ ਆ ਦੇਖਿਆ ਨਾ ਤਾਅ, ਅਧੀਆ ਦਾਰੂ ਦਾ ਅੰਦਰ ਮਾਰਿਆ, ਜਿਵੇਂ ਗਧੇ ਨੂੰ ਧੱਕੇ ਨਾਲ਼ ਮੂੰਹ ਪੱਟ ਕੇ ਦਿੰਦੇ ਐ..! ਖਸਮਾਂ ਨੂੰ ਖਾਣੇ ਨਸ਼ੇ ਦੀ ਐਹੋ ਜੀ ਪੁੱਠ ਚੜ੍ਹੀ, ਉਹ ਤਾਂ ਉਠ ਕੇ ਲੱਗ ਪਿਆ ਮੈਨੂੰ ਗੁੜ ਮਾਂਗੂੰ ਭੰਨਣ...! ਕੁੱਟ ਕੇ ਉਹਨੇ ਤਾਂ ਬਣਾ'ਤੀ ਮੇਰੀ ਗਿੱਦੜਪੀੜ੍ਹੀ..! ਮੇਰੇ ਤਾਂ ਪਾਅ'ਤੇ ਓਹਨੇ ਰੋਭੜੇ..! ..ਤੇ ਮੈਂ ਵੀ ਬਣਗੀ ਫ਼ੇਰ ਜੰਗ ਕੁਰ...! ਮੈਂ ਚੱਕਿਆ ਫ਼ੌਹੜਾ, ਤੇ ਪੁੜਪੜੀ 'ਚ ਪਾਅਤਾ ਚਿੱਬ...! ਪੂਰਤਾ ਸੰਖ...! ਬੋਲਤੀ ਸੋ ਨਿਹਾਲ..! ਤੇ ਚੱਕ ਮੇਰੇ ਭਾਈ, ਉਹ ਤਾਂ ਮਾੜੇ ਬੋਤੇ ਮਾਂਗੂੰ 'ਦਾਅੜ' ਦੇਣੇ ਡਿੱਗਿਆ, ਤੇ ਮੁੜ ਨ੍ਹੀ ਉਠਿਆ...! ਪ੍ਰਲੋਕ ਸਿਧਾਰ ਗਿਆ...।'

-'ਤੀਮੀਂ ਮੈਨੂੰ ਇਹ ਵੀ ਖੜੱਪਾ ਸੱਪ ਈ ਲੱਗਦੀ ਐ, ਪਾੜ੍ਹਿਆ...! ਸ਼ਿਵ ਜੀ ਮਹਾਰਾਜ ਆਲ਼ੇ ਵਰੰਟ ਨਾਲ਼ ਈ ਚੱਕੀ ਫ਼ਿਰਦੀ ਐ..! ਧਿਆਨ ਨਾਲ਼ ਮੇਰਾ ਬੀਰ...! ਮੇਰਾ ਸਤੰਬਰ ਬਣਾਉਂਦੇ ਬਣਾਉਂਦੇ ਕਿਤੇ ਮੇਰਾ 'ਖੰਡ ਪਾਠ ਨਾ ਖੋਲ੍ਹਣਾਂ ਪਵੇ...? ਕਰਦੇ ਫ਼ਿਰੋਂਗੇ ਲੱਕੜਾਂ ਦਾ ਪ੍ਰਬੰਧ...!' ਅਮਲੀ ਵਿਚ ਦੀ ਫ਼ਿਰ ਵਾਰੀ ਲੈ ਗਿਆ। ਉਹ ਸਹਿਮ ਨਾਲ਼ ਠੱਕੇ ਦੀ ਮਾਰੀ ਬੱਕਰੀ ਵਾਂਗ 'ਕੱਠਾ ਜਿਹਾ ਹੋਇਆ, ਕੰਬੀ ਜਾ ਰਿਹਾ ਸੀ।

-'ਤੂੰ ਚੁੱਪ ਵੀ ਕਰ ਚਾਚਾ..!' ਪਾੜ੍ਹਾ ਅਮਲੀ ਨੂੰ ਖਿਝ ਕੇ ਪਿਆ।

-'ਤੁਹਾਨੂੰ ਘਰਵਾਲ਼ੇ ਦੀ ਮੌਤ ਦਾ ਕੋਈ ਅਫ਼ਸੋਸ..?' ਉਸ ਨੇ ਅਗਲਾ ਸੁਆਲ ਕੀਤਾ।

-'ਵੇ ਤੁਰ ਗਿਆਂ ਦਾ ਕਾਹਦਾ ਮਸੋਸ ਭਾਈ...? ਜਦੋਂ ਥੇਹ ਹੋਣੇ ਨੇ ਉਹਨੇ ਨ੍ਹੀ ਪਿੱਛੇ ਮੁੜ ਕੇ ਦੇਖਿਆ, ਮੈਂ ਕਾਹਨੂੰ ਆਬਦੀ ਜਾਨ ਨੂੰ ਤੋੜਾਖੋਹੀ ਲਾਵਾਂ...? ਮੈਂ ਤਾਂ ਓਸ ਗੱਲ ਦੇ ਆਖਣ ਮਾਂਗੂੰ ਚੰਗਾ ਖਾਨੀ ਐਂ, ਤੇ ਟੀਟਣੇ ਕੱਢਦੀ ਐਂ..! ਜੇ ਉਹ ਮਰ ਗਿਆ, ਇੱਕ ਅੱਧਾ ਕਿਤੋਂ ਹੋਰ ਮਿਲਜੂ..! ਛੈਕੰਲ ਦਾ ਟੈਰ ਤੇ ਘਰਆਲ਼ਾ ਬਾਹਲਾ ਚਿਰ ਨੀ ਰੱਖਣੇ ਚਾਹੀਦੇ, ਦੁੱਖ ਈ ਦਿੰਦੇ ਐ ਗੜ੍ਹੀ ਦੇ ਜਾਣੇ..!' ਉਸ ਨੇ ਬੜੇ ਮਜਾਜ ਨਾਲ ਕਿਹਾ ਅਤੇ ਫ਼ੇਰ ਉਚੀ-ਉਚੀ ਹੱਸੀ।

-'ਚਲੋ ਠੀਕ ਐ ਜੰਗ ਕੌਰ ਜੀ..! ਸਾਡੇ ਕੋਲ਼ੇ ਅਜੇ ਹੋਰ ਵੀ ਉਮੀਦਵਾਰ ਹੈਗੀ ਐਂ..! ਅਸੀਂ ਤੁਹਾਨੂੰ ਚਿੱਠੀ ਪੱਤਰ ਪਾਵਾਂਗੇ..!'

-'ਵੇ ਭਾਈ ਇੱਕ ਗੱਲ ਦੱਸ...?'

-'ਪੁੱਛੋ...!' ਪਾੜ੍ਹੇ ਨੇ ਕਾਪੀ ਬੰਦ ਕਰ ਲਈ।

-'ਮੈਨੂੰ ਵਿਆਹ ਕਰਨ ਆਲਾ ਮੇਰਾ ਲਾੜਾ ਤਾਂ ਦਿਖਾਇਆ ਨ੍ਹੀ..! ...ਕਿ ਬਿਆਹ ਕਰਵਾਉਣ ਆਲਾ ਤੂੰ ਈ ਐਂ...?' ਜੰਗ ਕੌਰ ਪਾੜ੍ਹੇ ਦੇ ਸੁਨੱਖੇ ਮੂੰਹ ਵੱਲ ਕਿਸੇ ਅਰਮਾਨ ਨਾਲ ਝਾਕਦੀ ਬੋਲੀ। ਉਸ ਅੰਦਰ ਖ਼ੁਸ਼ੀ ਦੀਆਂ ਘੰਟੀਆਂ ਖੜਕੀ ਜਾ ਰਹੀਆਂ ਸਨ।

ਪਾੜ੍ਹਾ ਉੱਚੀ-ਉੱਚੀ ਹੱਸ ਪਿਆ।

-'ਨਹੀਂ ਜੀ...! ਵਿਆਹ ਮੈਂ ਨਹੀਂ, ਐਹਨਾਂ ਨੇ ਕਰਵਾਉਣੈ..!' ਉਸ ਨੇ ਭਿੱਜੇ ਪਠੋਰੇ ਵਾਂਗ ਮੁਰਕੜੀ ਜਿਹੀ ਮਾਰੀ ਬੈਠੇ ਅਮਲੀ ਵੱਲ ਹੱਥ ਕਰਕੇ ਦੱਸਿਆ। ਹੱਥ ਕਰਨ 'ਤੇ ਅਮਲੀ ਨੇ ਠੂਹੇਂ ਵਰਗੀ ਮੁੱਛ ਨੂੰ 'ਠੋਲ੍ਹਾ' ਮਾਰਿਆ।

-'ਐਹਨੇ..?' ਉਸ ਨੇ ਅਮਲੀ ਵੱਲ ਦੇਖ ਕੇ ਨੱਕ ਚਾੜ੍ਹਿਆ।

-'ਹਾਂ ਜੀ..!' ਪਾੜ੍ਹਾ ਬੋਲਿਆ।

-'ਵੇ ਇਹਦੇ ਮੂੰਹ 'ਤੇ ਤਾਂ ਮੈਂ ਧੌੜੀ ਦੀ ਜੁੱਤੀ ਨੀ ਮਾਰਦੀ..!' ਉਸ ਨੇ ਅਮਲੀ ਵੱਲ ਦੇਖ ਕੇ ਬੁੱਲ੍ਹ ਟੇਰੇ, 'ਇਹ ਤਾਂ ਹੋਰ ਈ ਖੱਖਰ ਖਾਧਾ, ਜੁੱਬੜ ਜਿਐ..! ਵੇ ਮੇਰਾ ਤਾਂ ਕੋਈ ਮੂਤ ਨੀ ਉਲੰਘਦਾ, ਮੈਂ ਐਸ ਬਿੱਜੂ ਨਾਲ਼ ਬਿਆਹ ਕਰਵਾਊਂ..? ਇਹਦੇ ਨਾਲ ਬਿਆਹ ਕਰਵਾਉਂਦੀ ਐ ਮੇਰੀ ਜੁੱਤੀ..! ਖ਼ਸਮਾਂ ਨੂੰ ਖਾਣਾਂ ਕਿਵੇਂ ਝਾਕਦੈ, ਬੋਕ..!' ਤੇ ਉਹ 'ਦੰਮ-ਦੰਮ' ਕਰਦੀ ਬਾਹਰ ਨਿਕਲ਼ ਗਈ।

ਪਾੜ੍ਹਾ ਠੱਗਿਆਂ ਵਾਂਗ ਝਾਕ ਰਿਹਾ ਸੀ।


ਅਮਲੀ ਦੇ ਜ਼ਿਹਨ ਵਿਚ ਭੰਬੂਤਾਰੇ ਨੱਚ ਰਹੇ ਸਨ।

-'ਲੈ ਕਰਵਾ ਲਓ ਸਤੰਬਰ ਭੈਣ ਦੇ...ਮੇਰੇ ਮੂੰਹੋਂ ਹੋਰ ਕੁਛ ਨਿਕਲ ਚੱਲਿਆ ਸੀ...! ਅੱਗੇ ਪਿੰਡ ਦੀਆਂ ਭਰਜਾਈਆਂ 'ਤੋਂ ਤੇਈਕਤ ਹੁੰਦੀ ਸੀ, ਹੁਣ ਸਾਲ਼ਿਆਂ ਨੇ ਬਾਹਰਲੀਆਂ ਤੀਮੀਆਂ ਤੋਂ ਵੀ ਜੱਖਣਾਂ ਪਟਵਾਉਣੀ ਸ਼ੁਰੂ ਕਰ'ਤੀ, ਸਾਲ਼ੇ ਸਤੰਬਰ ਦੇ..! ਮੈਂ ਨੀ ਕਰਾਉਣਾ ਸਤੰਬਰ ਸਤੁੰਬਰ..!'

ਘੋਰ ਨਿਰਾਸ਼ ਹੋਇਆ ਅਮਲੀ ਸੱਥ ਵੱਲ ਨੂੰ ਤੁਰ ਪਿਆ।

ਨਹਾਤਾ ਹੋਣ ਕਾਰਨ ਉਸ ਦੀ ਠੰਢ ਅਜੇ ਤੱਕ ਨਹੀਂ ਉਤਰੀ ਸੀ।

# ਫ਼ਿਲਮ ਲੋਕ



## ਰਕੁਲਪ੍ਰੀਤ ਸਿੰਘ

### ਅਸਫਲਤਾ ਹੀ ਸਫ਼ਲਤਾ ਵਲ ਲਿਜਾਂਦੀ ਹੈ

ਆਪਣੀ ਸਖ਼ਤ ਮਿਹਨਤ ਨਾਲ ਡਰੱਗ ਵਿਵਾਦ ਦੇ ਚਲਦਿਆਂ ਵੀ ਰਕੁਲਪ੍ਰੀਤ ਨੇ ਆਪਣੀ ਪਛਾਣ ਨੂੰ ਖੋਰਾ ਨਹੀਂ ਲੱਗਣ ਦਿੱਤਾ। ਅਸਫ਼ਲਤਾ ਹਮੇਸ਼ਾ ਕਾਮਯਾਬ ਬਣਨ ਲਈ ਉਤਸ਼ਾਹਿਤ ਕਰਦੀ ਹੈ। ਇਹ ਵਿਚਾਰ ਰਕੁਲ ਦਾ ਹੈ। ਤੇਲਗੂ ਤੇ ਹਿੰਦੀ ਫ਼ਿਲਮਾਂ ਦੀ ਇਹ ਅਦਾਕਾਰਾ ਆਖ ਰਹੀ ਹੈ ਕਿ ਸਫ਼ਲਤਾ ਦੇ ਸਵਾਦ ਦਾ ਮਜ਼ਾ ਹੀ ਤਦ ਆਉਂਦਾ ਹੈ ਜਦ ਅਸਫ਼ਲ ਹੋ ਕੇ ਥੱਕ ਗਏ, ਅੱਕ ਗਏ ਹੋਵੋ। ਓ.ਟੀ.ਟੀ. 'ਤੇ ਰਕੁਲ ਦੀ ਫ਼ਿਲਮ 'ਮੇਰੇ ਹਸਬੈਂਡ ਕੀ ਬੀਵੀ' ਆਈ ਹੈ। ਉਧਰ ਰਮੇਸ਼ ਤੌਰਾਨੀ ਦੀ ਤਿਆਰੀ ਮੁਕੰਮਲ ਹੈ ਤੇ 'ਰੇਸ-4' ਕਿਸੇ ਵੀ ਵੇਲੇ ਸੈੱਟ 'ਤੇ ਜਾ ਸਕਦੀ ਹੈ। ਇਸ 'ਚ ਸੈਫ਼ ਅਲੀ ਖਾਨ ਦੀ ਵਾਪਸੀ ਹੋ ਰਹੀ ਹੈ ਤੇ ਰਕੁਲਪ੍ਰੀਤ ਇਸ ਫ਼ਿਲਮ ਦਾ ਹਿੱਸਾ ਬਣ ਰਹੀ ਹੈ। ਮੁੰਬਈ ਫੈਸ਼ਨ ਵੀਕ-2025 'ਤੇ ਰਕੁਲ ਨੇ ਇਸ਼ਾਰਿਆਂ 'ਚ ਇਹ ਗੱਲ ਆਖ ਦਿੱਤੀ ਹੈ ਕਿ ਸੌ ਫ਼ੀਸਦੀ ਉਹ 'ਰੇਸ-4' ਦਾ ਹਿੱਸਾ ਹੋਵੇਗੀ। ਰਕੁਲ ਨੇ ਕਿਹਾ ਕਿ ਬਾਕੀਆਂ ਦਾ ਤਾਂ ਪਤਾ ਨਹੀਂ ਪਰ ਉਸ ਨੂੰ ਆਪਣੇ ਵਿਆਹ ਦਾ ਬਹੁਤ ਚਾਅ ਸੀ ਤੇ ਉਹ ਆਪ ਡਿਜ਼ਾਈਨਰ ਅਰਪਿਤਾ ਮਹਿਤਾ ਕੋਲ ਗਈ ਸੀ। ਜਿਹੜਾ ਲਹਿੰਗਾ ਰਕੁਲ ਨੇ ਪਹਿਨਣਾ ਸੀ, ਉਸ ਨੂੰ 680 ਘੰਟਿਆਂ 'ਚ ਤਿਆਰ ਕੀਤਾ ਗਿਆ। ਮਤਲਬ ਕਿ ਫੇਰਿਆਂ ਵੇਲੇ, ਡੋਲੀ ਵੇਲੇ, ਸਹੁਰੇ ਘਰ, ਅਗਲੇ ਦਿਨ ਤੇ ਸੁਹਾਗਰਾਤ ਦੇ ਪਹਿਰਾਵੇ ਸਭ ਰਕੁਲ ਨੇ ਆਪ ਦਿਲਚਸਪੀ ਲੈ ਕੇ ਆਪਣੇ ਤਰੀਕੇ ਨਾਲ ਬਣਵਾਏ। ਸ਼ਾਇਦ ਰਕੁਲ ਇਸ ਗੱਲ 'ਤੇ ਚਲ ਰਹੀ ਸੀ ਕਿ ਹੁੰਦਾ ਕੀਹਨੂੰ ਨਹੀਂ ਆਪਣੇ ਵਿਆਹ ਦਾ ਚਾਅ। ਪੈਂਤੀ ਸਾਲ ਦੀ ਰਕੁਲਪ੍ਰੀਤ ਸਿੰਘ ਗੋਲਫ਼ ਦੀ ਖਿਡਾਰਨ ਵੀ ਰਹੀ ਹੈ। ਦੱਖਣ ਭਾਰਤ ਦੀ ਫ਼ਿਲਮ 'ਗਿਲੀ' ਨਾਲ ਪਰਦੇ 'ਤੇ ਆਈ ਰਕੁਲ ਨੇ ਗਿਆਰਾਂ ਸਾਲ ਪਹਿਲਾਂ 'ਯਾਰੀਆਂ' ਨਾਲ ਹਿੰਦੀ ਫ਼ਿਲਮਾਂ 'ਚ ਪ੍ਰਵੇਸ਼ ਕੀਤਾ ਸੀ। ਰਕੁਲ ਸਿਆਣੀ ਔਰਤ ਵੀ ਬਣ ਗਈ ਹੈ। ਹੁਣ ਉਹ ਕੁਝ ਨੁਕਤੇ ਦੱਸ ਰਹੀ ਹੈ। ਕੁਦਰਤ ਨਾਲ ਜੁੜੋ ਤੇ ਖ਼ੁਸ਼ ਰਹੋ, ਪੌਸ਼ਟਿਕ ਭੋਜਨ ਖਾਓ, ਖ਼ੁਦ ਨੂੰ ਸ਼ਾਂਤ ਕਰਨ ਲਈ 'ਧਿਆਨ' ਕਰੋ। ਜਦ ਮਨ ਕਹੇ ਤਾਂ ਕਿਸੇ ਮੂਰਖ ਦੀ ਤਰ੍ਹਾਂ ਪੰਜ ਮਿੰਟ ਲਗਾਤਾਰ ਹੱਸਦੇ ਰਹੋ। ਇਸ ਨਾਲ ਮਨ ਨੂੰ ਅਪਾਰ ਊਰਜਾ ਤੇ ਖ਼ੁਸ਼ੀ ਮਿਲੇਗੀ। ਹੈਰਾਨ ਹੋਵੋਗੇ ਕਿ ਰਕੁਲਪ੍ਰੀਤ ਕੌਫ਼ੀ 'ਚ ਦੇਸੀ ਘਿਓ ਪਾ ਕੇ ਪੀਂਦੀ ਹੈ। ਜੈਕੀ ਭਗਨਾਨੀ ਨਾਲ ਸਫ਼ਲ ਵਿਆਹੁਤਾ ਜੀਵਨ ਬਤੀਤ ਕਰ ਰਹੀ ਫੌਜੀ ਪਰਿਵਾਰ ਦੀ ਇਸ ਧੀ ਰਕੁਲਪ੍ਰੀਤ ਨੇ 'ਆਪ੍ਰੇਸ਼ਨ ਸੰਧੂਰ' ਦੀ ਪ੍ਰਸੰਸਾ ਕਰਦੇ ਕਿਹਾ ਕਿ ਉਸ ਦੇ ਪਿਤਾ ਫ਼ੌਜੀ ਸਨ ਤੇ ਫ਼ੌਜੀਆਂ ਦੀ ਬਦੌਲਤ ਅਸੀਂ ਰਾਤ ਦੀ ਨੀਂਦ ਆਰਾਮ ਨਾਲ ਸੌਂਦੇ ਹਾਂ ਤੇ ਸਾਡੇ 'ਚ ਦੇਸ਼ ਪਿਆਰ ਦੀ ਭਾਵਨਾ ਜ਼ਰੂਰ ਹੋਣੀ ਹੈ।



## ਹੁਣ ਫ਼ੇਰ ਕਈ ਫ਼ਿਲਮਾਂ 'ਚ ਨਜ਼ਰ ਆਉਣਗੇ ਸੰਨੀ ਦਿਓਲ

'ਗਦਰ 2' (2023) ਤੋਂ ਬਾਅਦ ਤੋਂ ਹੀ ਸੰਨੀ ਦਿਓਲ ਦੇ ਚਾਹੁਣ ਵਾਲੇ ਉਨ੍ਹਾਂ ਨੂੰ ਵੱਡੇ ਪਰਦੇ 'ਤੇ ਦੇਖਣ ਲਈ ਬਹੁਤ ਉਤਸਾਹਿਤ ਹਨ। ਫ਼ਿਲਮ 'ਗਦਰ 2' (2023)ਹਿਟ ਹੋਈ ਸੀ। ਫਿਲਮ ਨੇ 500 ਕਰੋੜ ਤੋਂ ਵਧੇਰੇ ਦਾ ਕੁਲੈਕਸ਼ਨ ਕਰਦੇ ਹੋਏ ਟਿਕਟ ਖਿੜਕੀ ਤੇ ਤਹਿਲਕਾ ਮਚਾ ਦਿੱਤਾ ਸੀ। ਉਸ ਤੋਂ ਬਾਅਦ 2024 ਵਿਚ ਉਨ੍ਹਾਂ ਦੀ ਕੋਈ ਵੀ ਫ਼ਿਲਮ ਰਿਲੀਜ਼ ਨਹੀਂ ਹੋਈ। ਇਸ ਸਾਲ 10 ਅਪ੍ਰੈਲ ਨੂੰ ਰਿਲੀਜ਼ ਹੋਈ 'ਜਾਟ' ਰਾਹੀਂ ਉਹ ਇਕ ਵਾਰ ਫਿਰ ਆਪਣੇ ਪ੍ਰਸੰਸਕਾਂ ਦੇ ਰੂ-ਬ-ਰੂ ਹੋਏ। ਆਪਣੇ 42 ਸਾਲ ਦੇ ਕਰੀਅਰ ਵਿਚ ਪਹਿਲੀ ਵਾਰ ਉਨ੍ਹਾਂ ਨੇ ਇਸ ਫ਼ਿਲਮ ਰਾਹੀਂ ਦੱਖਣ ਭਾਰਤ ਦੇ ਨਿਰਦੇਸ਼ਕ ਨਾਲ ਕੰਮ ਕੀਤਾ ਹੈ। ਹੁਣ 'ਜਾਣ' (2025) ਤੋਂ ਬਾਅਦ ਸਨੀ ਦਿਓਲ ਇਕੋ ਸਮੇਂ ਕਈ ਪ੍ਰਾਜੈਕਟਾਂ 'ਚ ਮਸਰੂਫ਼ ਹਨ। ਉਹ ਆਮਿਰ ਖਾਨ ਦੇ ਪ੍ਰੋਡਕਸ਼ਨ ਹਾਊਸ ਵਿਚ ਬਣ ਰਹੀ 'ਲਾਹੌਰ 1947' 'ਚ ਨਜ਼ਰ ਆਉਣਗੇ। ਵੰਡ ਦੇ ਦਰਦ ਨੂੰ ਸਿਲਵਰ ਸਕ੍ਰੀਨ 'ਤੇ ਉਤਾਰਨ ਵਾਲੀ ਰਾਜ ਕੁਮਾਰ ਸੰਤੋਸ਼ੀ ਦੇ ਡਾਇਰੈਕਸ਼ਨ 'ਚ ਬਣ ਰਹੀ ਇਸ ਫਿਲਮ 'ਚ ਸੰਨੀ ਦਿਓਲ ਦੇ ਸਾਹਮਣੇ ਪ੍ਰੀਟੀ ਜ਼ਿੰਟਾ ਹੈ।

ਅਨਿਲ ਸ਼ਰਮਾ ਦੀ ਤਰ੍ਹਾਂ ਰਾਜ ਕੁਮਾਰ ਸੰਤੋਬੀ ਵੀ ਸੰਨੀ ਦਿਓਲ ਲਈ ਕਾਫੀ ਲੱਕੀ ਡਾਇਰੈਕਟਰ ਰਹੇ ਹਨ। ਉਨ੍ਹਾਂ ਦੇ ਨਿਰਦੇਸ਼ਨ ਵਿਚ ਬਣੀਆਂ ਦੋ ਫ਼ਿਲਮਾਂ 'ਘਾਇਲ' ਅਤੇ 'ਦਾਮਨੀ' ਲਈ ਸੰਨੀ ਨੇ ਨੈਸ਼ਨਲ ਐਵਾਰਡ ਜਿੱਤੇ ਸਨ। ਜੇਕਰ ਕਿਹਾ ਜਾਵੇ ਕਿ ਰਾਜਕੁਮਾਰ ਸੰਤੋਸ਼ੀ-ਸੰਨੀ ਦਿਓਲ ਇੰਡਸਟਰੀ ਦੀ ਸਭ ਤੋਂ ਸਫਲ ਐਕਟਰ-ਡਾਇਰੈਕਟਰ ਜੋੜੀ ਵਿਚੋਂ ਇਕ ਹਨ, ਤਾਂ ਕੁਝ ਗ਼ਲਤ ਨਹੀਂ ਹੋਵੇਗਾ। ਸੰਨੀ ਦਿਓਲ ਵਿਵੇਕ ਚੌਹਾਨ ਵਲੋਂ ਬਣਾਈ ਜਾ ਰਹੀ ਫ਼ਿਲਮ 'ਬਾਪ' ਵੀ ਕਰ ਰਹੇ ਹਨ। ਇਸ ਫ਼ਿਲਮ ਵਿਚ ਸੰਨੀ ਲੀਡ ਰੋਲ ਵਿਚ ਹਨ, ਜਦ ਕਿ ਜੈਕੀ ਸ਼ਰਾਫ, ਸੰਜੈ ਦੱਤ ਅਤੇ ਮਿਥੁਨ ਚੱਕਰਵਰਤੀ ਵਰਗੇ ਸਟਾਰ ਵੀ ਉਨ੍ਹਾਂ ਦੇ ਨਾਲ ਨਜ਼ਰ ਆਉਣਗੇ। ਇਸ ਫ਼ਿਲਮ ਤੋਂ ਵੀ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਕਾਫੀ ਉਮੀਦਾਂ ਹਨ। ਇਕ ਰਿਟਾਇਰਡ ਪੁਲਿਸ ਅਫ਼ਸਰ ਦੀ ਕਹਾਣੀ 'ਤੇ ਮਲਿਆਲਮ ਫ਼ਿਲਮ 'ਜੋਸਫ਼' ਦੇ ਹਿੰਦੀ ਰੀਮੇਕ 'ਸੂਰੀਆ' ਵਿਚ ਸੰਨੀ ਦੇ ਸਾਹਮਣੇ ਪਹਿਲੀ ਵਾਰ ਹੀਰੋਇਨ ਚਿੱਤਰਾਂਗਦਾ ਸਿੰਘ ਨਜ਼ਰ ਆਵੇਗੀ। ਫ਼ਿਲਮ ਨੂੰ ਪੀ. ਪਦਮਕੁਮਾਰ ਨਿਰਦੇਸ਼ਤ ਕਰ ਰਹੇ ਹਨ। ਸੰਨੀ ਦਿਓਲ ਜੇ.ਪੀ. ਦੱਤਾ ਦੀ 1997 'ਚ ਆਈ ਫ਼ਿਲਮ 'ਬਾਰਡਰ' ਦੇ ਵਿਸਥਾਰ 'ਬਾਰਡਰ-2' ਵਿਚ ਵੀ ਨਜ਼ਰ ਆਉਣਗੇ। ਇਸ ਨੂੰ ਅਨੁਰਾਗ ਸਿੰਘ ਨਿਰਦੇਸ਼ਤ ਕਰ ਰਹੇ ਹਨ। ਇਸ ਫ਼ਿਲਮ ਵਿਚ ਵਰੁਣ ਧਵਨ, ਦਲਜੀਤ ਦੋਸਾਂਝ, ਅਹਾਨ ਸ਼ੈੱਟੀ ਸਟਾਰ ਪ੍ਰਮੁੱਖ ਹਨ। ਨਿਤੇਸ਼ ਤਿਵਾਰੀ ਵਲੋਂ ਬਣਾਏ ਜਾ ਰਹੇ ਬਿਗ ਬਜਟ ਪ੍ਰੋਜੈਕਟ 'ਰਾਮਾਇਣ ਪਾਰਟ-1' ਵਿਚ ਸੰਨੀ ਦਿਓਲ ਪਹਿਲੀ ਵਾਰ ਪਵਨ ਪੁੱਤਰ ਹਨੂੰਮਾਨ ਦੇ ਰੋਲ ਵਿਚ ਨਜ਼ਰ ਆਉਣਗੇ। ਫ਼ਿਲਮ ਵਿਚ ਰਣਬੀਰ ਕਪੂਰ ਭਗਵਾਨ ਸ੍ਰੀ ਰਾਮ ਅਤੇ ਸਾਈ ਪੱਲਵੀ ਮਾਤਾ ਸੀਤਾ ਦੇ ਕਿਰਦਾਰ ਵਿਚ ਹੈ। ਇਹ ਫ਼ਿਲਮ 2026 ਵਿਚ ਰਿਲੀਜ਼ ਹੋਵੇਗੀ।



## ਯਾਦ ਰਹੇਗਾ ਪਧਿਆਣੇ ਵਾਲਾ ਮੁਕੁਲ ਦੇਵ

'ਜਾਦੂਭਰੀ ਆਂਖੋਂ ਵਾਲੀ ਸੁਨੋ ਤੁਮ ਐਸੇ ਮੁਝੇ ਦੇਖਾ ਨਾ ਕਰੋ...' ਗੀਤ ਬੜੇ ਹੀ ਖ਼ੂਬਸੂਰਤ, ਗੋਰੇ ਚਿੱਟੇ, ਉੱਚੇ ਲੰਮੇ ਤੇ ਭੂਰੀਆਂ ਅੱਖਾਂ ਵਾਲੇ ਹੀਰੋ 'ਤੇ ਫ਼ਿਲਮਾਇਆ ਗਿਆ ਸੀ। ਇਸ ਹੀਰੋ ਨੂੰ ਦੇਖ ਕੇ ਮਨ ਖ਼ੁਸ਼ ਹੋ ਜਾਂਦਾ ਹੈ। ਇਹ ਗੀਤ 'ਮੁਕੁਲ ਦੇਵ' ਤੇ ਅਦਾਕਾਰਾ 'ਸੁਸ਼ਮਿਤਾ ਸੇਨ' 'ਤੇ ਫ਼ਿਲਮ 'ਦਸਤਕ' ਲਈ ਫ਼ਿਲਮਾਇਆ ਗਿਆ ਸੀ। ਜਦ ਮੁਕੁਲ ਦੇਵ ਦੀ ਅਚਾਨਕ ਹੋਈ ਮੌਤ ਬਾਰੇ ਪਤਾ ਲੱਗਾ ਤਾਂ ਉਸ ਦੇ ਚਾਹੁਣ ਵਾਲਿਆਂ ਦੀਆਂ ਅੱਖਾਂ ਨਮ ਹੋ ਗਈਆਂ। ਪਿਤਾ ਹਰੀ ਦੇਵ ਤੇ ਮਾਤਾ ਅਨੂਪ ਦੇਵ ਦੇ ਸਪੁੱਤਰ ਮੁਕੁਲ ਦੇਵ ਨਾਲ ਕੁਝ ਸਮਾਂ ਪਹਿਲਾਂ ਗੱਲ ਕਰਨ ਦਾ ਮੌਕਾ ਮਿਲਿਆ ਤਾਂ ਉਸ ਨੇ ਦੱਸਿਆ ਕਿ ਉਹ ਜ਼ਿਲ੍ਹਾ ਜਲੰਧਰ ਦੇ ਕਸਬਾ ਆਦਮਪੁਰ ਦੇ ਨੇੜਲੇ ਪਿੰਡ ਪਧਿਆਣਾ ਦਾ ਰਹਿਣ ਵਾਲਾ ਹੈ। ਮੁਕੁਲ ਨੂੰ ਜਦ ਪੁੱਛਿਆ ਕਿ ਉਸ ਨੂੰ ਖ਼ਾਲੀ ਸਮੇਂ 'ਚ ਕੀ ਕਰਨਾ ਪਸੰਦ ਹੈ ? ਤਾਂ ਉਸ ਨੇ ਦੱਸਿਆ ਕਿ ਉਸ ਦੀ ਰੁਚੀ ਸੰਗੀਤ 'ਚ ਹੈ। ਫਿਰ ਕੁਝ ਰੁਕ ਕੇ ਕਿਹਾ ਗਾਇਕ ਸੁਰੇਸ਼ ਵਾਡਕਰ ਦੀ ਗਾਇਕੀ ਉਸ ਨੂੰ ਬੜੀ ਪਸੰਦ ਹੈ। ਜਦ ਪੁੱਛਿਆ ਗਿਆ ਕਿ ਕੋਈ ਗੀਤ ਇਸ ਤਰ੍ਹਾਂ ਦਾ ਹੈ, ਜਿਸ 'ਚ ਉਨ੍ਹਾਂ ਲਈ ਸੁਰੇਸ਼ ਵਾਡਕਰ ਸਾਹਿਬ ਦੀ ਆਵਾਜ਼ ਲਈ ਗਈ ਹੋਵੇ ਤਾਂ ਉਸ ਦਾ ਜਵਾਬ ਸੀ ਕਿ ਅਜੇ ਤੱਕ ਉਸ ਨੂੰ ਅਜਿਹਾ ਕੋਈ ਗੀਤ ਨਹੀਂ ਮਿਲਿਆ। ਉਨ੍ਹਾਂ ਦੀ ਗੜਕਵੀਂ ਆਵਾਜ਼ ਬਾਰੇ ਪੁੱਛਿਆ ਕਿ ਤੁਹਾਡੀ ਆਵਾਜ਼ ਬੜੀ ਪ੍ਰਭਾਵਸ਼ਾਲੀ ਹੈ ਤਾਂ ਉਹ ਮੁਸਕਰਾਉਂਦੇ ਹੋਏ ਬੋਲੇ ਮੈਂ ਕੁਝ ਪੀਂਦਾ ਹਾਂ ਤੇ ਇਸੇ ਕਰਕੇ ਮੇਰੀ ਆਵਾਜ਼ ਪ੍ਰਭਾਵ ਛੱਡਦੀ ਹੈ, ਫਿਰ ਉਨ੍ਹਾਂ ਜ਼ੋਰ-ਜ਼ੋਰ ਦੀ ਹੱਸਣਾ ਸ਼ੁਰੂ ਕਰ ਦਿੱਤਾ। ਦਰਅਸਲ 'ਮੁਕੂਲ' ਪੇਸ਼ੇ ਪੱਖੋਂ ਪਾਇਲਟ ਸਨ ਤੇ ਇਸ ਪੇਸ਼ੇ 'ਚ ਉਨ੍ਹਾਂ ਨੂੰ ਕੁਝ ਸਮੱਸਿਆਵਾਂ ਦਰਪੇਸ਼ ਆਈਆਂ ਤਾਂ ਉਨ੍ਹਾਂ ਇਹ ਪੇਸ਼ਾ ਛੱਡ ਦਿੱਤਾ ਸੀ। ਫਿਰ ਮੁਕੁਲ ਦੀ ਖ਼ੂਬਸੂਰਤੀ ਕੰਮ ਆ ਗਈ ਤੇ ਉਹ ਮਾਡਲ ਬਣ ਗਿਆ। ਇਸ ਨਾਲ ਉਸ ਦੀ ਆਰਥਿਕ ਸਮੱਸਿਆ ਦਾ ਹੱਲ ਵੀ ਹੋ ਗਿਆ। ਮੁਕੁਲ ਨੂੰ ਇਸੇ ਦੌਰਾਨ ਕੁਝ ਸੀਰੀਅਲਾਂ ਦੇ ਆਫ਼ਰ ਵੀ ਹੋਏ, ਜੋ ਮੁਕੁਲ ਨੇ ਸਵੀਕਾਰ ਕਰ ਲਏ। ਚੰਗੇ ਜੁੱਸੇ ਦੇ ਮਾਲਕ ਹੋਣ ਦੇ ਬਾਵਜੂਦ ਮੁਕੁਲ ਨੂੰ ਵੀ ਹੀਰੋ ਦੇ ਤੌਰ ਦੇ ਫ਼ਿਲਮਾਂ ਮਿਲਣੀਆਂ ਬੰਦ ਜੇ ਹੋਈਆਂ ਤਾਂ ਉਸ ਨੇ ਫ਼ਿਲਮਾਂ 'ਚ ਚਰਿੱਤਰ ਦੇ ਭੂਮਿਕਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜੀ ਫ਼ਿਲਮ 'ਜੱਟ ਯਮਲਾ ਪਗਲਾ ਦੀਵਾਨਾ' 'ਚ ਵੀ ਨਾਇਕ ਧਰਮਿੰਦਰ ਨੇ ਵੀ ਉਸ ਨੂੰ ਹਲਕੀ-ਜਾ ਫੂਲਕੀ ਭੂਮਿਕਾ ਦਿੱਤੀ ਸੀ, ਜਿਸ ਨੂੰ ਨਿਭਾ ਕੇ ਉਸ ਨੇ ਕਮਾਲ ਕਰ ਦਿੱਤੀ ਸੀ। ਉਸ ਨੇ ਹਿੰਦੀ ਫ਼ਿਲਮਾਂ ਤੋਂ ਇਲਾਵਾ 7 ਪੰਜਾਬੀ ਫ਼ਿਲਮਾਂ 'ਸ਼ਰੀਕ', 'ਜ਼ੋਰਾਵਰ', ਵਿੱਚ ਵਧੀਆ ਅਦਾਕਾਰੀ ਲਈ ਮੁਕੁਲ ਨੂੰ ਯਾਦ ਰੱਖਿਆ ਜਾਵੇਗਾ।

## 'ਬਿੱਗ ਬੌਸ 18' ਵਾਲੀ ਅਦਾਕਾਰਾ ਚੁਮ ਦਰੰਗ

16 ਅਕਤੂਬਰ 1991ਨੂੰ ਅਰੁਣਾਚਲ ਪ੍ਰਦੇਸ਼ ਦੇ ਪਾਸੀਘਾਟ ਦੇ ਇਕ ਜਨਜਾਤੀ ਪਰਿਵਾਰ ਵਿਚ ਪੈਦਾ ਹੋਈ ਮਾਡਲ ਅਦਾਕਾਰਾ, ਸਮਾਜਿਕ ਕਾਰਕੁੰਨ ਅਤੇ ਉਦਯੋਗਪਤੀ ਚੁਮ ਦਰੰਗ ਆਪਣੀ ਅਸਾਧਾਰਨ ਖ਼ੂਬਸੂਰਤੀ, ਬਹੁਮੁਖੀ ਪ੍ਰਤਿਭਾ ਅਤੇ ਮਜ਼ਬੂਤ ਸ਼ਖ਼ਸੀਅਤ ਲਈ ਜਾਣੀ ਜਾਂਦੀ ਹੈ। ਸਾਲ 2017 ਦੀ 'ਮਿਸ ਏਸ਼ੀਆ ਵਰਲਡ ਕੌਮਾਂਤਰੀ ਪ੍ਰਤੀਯੋਗਤਾ' ਵਿਚ ਉਸ ਨੇ 'ਮਿਸ ਇੰਟਰਨੈੱਟ ਸਬ-ਟਾਈਟਲ ਜਿੱਤਿਆ। ਉਸੇ ਸਾਲ ਹੋਈ 'ਮਿਸ ਤਿਆਰਾ ਇੰਡੀਆ ਇੰਟਰਨੈਸ਼ਨਲ' ਪ੍ਰਤੀਯੋਗਤਾ ਵਿਚ ਉਸ ਨੇ ਮੁੱਖ ਇਨਾਮ ਦੇ ਨਾਲ 'ਮਿਸ ਸਪੋਰਟਸ ਗੀਅਰ' ਅਤੇ 'ਮਿਸ ਬੈਸਟ ਨੈਸ਼ਨਲ ਕਾਸਟਿਊਮ ਵਰਗੇ ਉਪ-ਇਨਾਮ ਵੀ ਆਪਣੇ ਨਾਂਅ ਕੀਤੇ। ਅਮੇਜ਼ਨ ਪ੍ਰਾਈਮ ਵੀਡੀਓ ਦੀ ਵੈੱਬ ਸੀਰੀਜ਼ 'ਪਾਤਾਲ ਲੋਕ' ਵਿਚ ਚੂਮ ਦਰੰਗ ਨੇ ਚੀਨੀ ਕੁੜੀ ਦੀ ਛੋਟੀ ਭੂਮਿਕਾ ਨਿਭਾਈ। 19 ਇਸ ਤੋਂ ਬਾਅਦ ਉਹ ਐਕਟਰ ਰਾਜ ਕੁਮਾਰ ਰਾਓ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ ਬਧਾਈ ਦੋ' ਵਿਚ ਭੂਮੀ ਪੇਡਨੇਕਰ ਦੀ ਗੋਮੋਜੀਨਸ ਪ੍ਰੇਮਿਕਾ ਚੇਨਾਕੀ ਦੀ ਭੂਮਿਕਾ ਵਿਚ ਨਜ਼ਰ ਆਈ। ਆਲੀਆ ਭੱਟ ਦੀ ਮੁੱਖ ਭੂਮਿਕਾ ਵਾਲੀ ਸੰਜੈ ਲੀਲਾ ਭੰਸਾਲੀ ਦੀ ਫ਼ਿਲਮ 'ਗੰਗੂਬਾਈ ਕਾਠਿਆਵਾੜੀ' ਵਿਚ ਚੁਮ ਦਰੰਗ ਨੇ ਇਕ ਛੋਟਾ ਪਰ ਮਜ਼ਬੂਤ ਕਿਰਦਾਰ ਨਿਭਾਇਆ, ਜਿਸ ਨੂੰ ਕਾਫ਼ੀ ਪਸੰਦ ਕੀਤਾ ਗਿਆ। ਚੂਮ ਦਰੰਗ ਨੇ ਪਿਛਲੇ ਸਾਲ 'ਬਿੱਗ ਬੌਸ 18'' ਵਿਚ ਇਕ 'ਅੰਡਰਡਾਂਗ' ਦੇ ਰੂਪ ਵਿਚ ਹਿੱਸਾ ਲਿਆ। ਇਸ ਰਿਆਲਿਟੀ ਸ਼ੋਅ ਵਿਚ ਉਹ ਬਿਨਾਂ ਕਿਸੇ ਵੱਡੇ ਪੀ.ਆਰ. ਸਮਰਥਨ ਜਾਂ ਫੈਨਬੇਸ ਦੇ, ਆਪਣੀ ਪ੍ਰਮਾਣਿਕਤਾ, ਭਾਵਨਾਤਮਕ ਗਹਿਰਾਈ ਅਤੇ ਦ੍ਰਿੜ੍ਹ ਸੰਕਲਪ ਤੋਂ ਉਹ ਦਰਸ਼ਕਾਂ ਦਾ ਦਿਲ ਜਿੱਤਣ ਵਿਚ ਕਾਮਯਾਬ ਰਹੀ। ਉਹ ਸ਼ੋਅ ਵਿਚ ਚੌਥੀ ਰਨਰ-ਅਪ ਬਣੀ। ਚੁਮ ਇਕ ਐਕਟਰ ਹੋਣ ਦੇ ਨਾਲ-ਨਾਲ ਇਕ ਉਦਯੋਗਪਤੀ ਵੀ ਹੈ, ਉਸ ਦਾ ਪਾਸੀਘਾਟ ਵਿਚ 'ਕੈਫੇ ਚੂ' ਨਾਂਅ ਨਾਲ ਇਕ ਕੈਫ਼ੇ ਹੈ ਜੋ ਸਥਾਨਕ ਲੋਕਾਂ ਅਤੇ ਸੈਲਾਨੀਆਂ 'ਚ ਕਾਫ਼ੀ ਹਰਮਨ ਪਿਆਰਾ ਹੈ।



# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

**Fremont Office: 86 Pilgrim Loop, Fremont CA 94539**
**Tel: 510-440-9292**

Visit us @ www.jassigill.com for hot listings

## Recent Sales

1. 776 Vereda ct San Jose CA 95123
2. 8455 Peachtree Ave Newark CA 94560
3. 2125 Neptune Rd Livermore CA 94550
4. 2169 Charger Dr San Jose CA 95131
5. 9550 Appaloosa Pl Elk Grove CA 95624
6. 9810 Bobcat Ct Gilroy CA 95020
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 106 Coralflower Ln, San Ramon, CA 94582

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20